GS CPA, INC.
ਤੁਹਾਡੀਆਂ ਸਭ ਅਕਾਊਂਟਿੰਗ ਤੇ ਟੈਕਸ ਲੋੜਾਂ ਲਈ
Gurpreet Singh, CPA, MBA
Certified Public Accountant
5450 Lafayette Road, Suite#3,
Indianapolis, IN 46254
Ph:317-248-4802
Fax: 317-800-7947
e-mail: info@gscpainc.com Website: www.gscpainc.com

10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ
AMANTEL.COM
$25 'ਚ 2600 ਮਿੰਟ (43.5 ਘੰਟੇ)
ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ
24/7 Customer Service
ਟੌਲ ਫਰੀ ਨੰਬਰ 'ਤੇ ਕਾਲ ਕਰੋ
ਜਿੰਨੀ ਦੇਰ ਗੱਲਾਂ ਕਰੋਗੇ ਉਨੇ ਹੀ ਮਿੰਟ ਕੱਟੇ ਜਾਣਗੇ
1-888-652-6268,732-983-4332/4333

PJ Insurance, Inc.
5450 Lafayette Road, Suite # 3, Indianapolis, IN 46254
For All Your Insurance Needs.
Life, Health & Disability insurance
Home, Auto, Commercial, Worker Comp, Business
General Liability & other
"Ask us for new Obamacare health insurance quote"
Contact: Satvir K. Singh
Office Manager
Ph:317-248-4802
Email: info@pjinsuranceinc.com



USPS - PP 1 | Fifteenth Year of Publication | ਮਿਡਵੈਸਟ ਐਡੀਸ਼ਨ | Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 15, Issue 19, May 10, 2014 | 20451 N Plum Grove Rd., Palatine, IL 60074 | Ph:847-359-0746, Fax:847-705-9388


# 'ਆਪ' ਨੇ ਉਲਟਾਈ ਗਿਣਤੀ-ਮਿਣਤੀ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਵਿਚ ਲੋਕ ਸਭਾ ਚੋਣਾਂ ਤੋਂ ਬਾਅਦ ਸਾਰੀਆਂ ਸਿਆਸੀ ਧਿਰਾਂ ਦੇ ਸਾਹ ਸੂਤੇ ਹੋਏ ਹਨ। ਰਵਾਇਤੀ ਧਿਰਾਂ ਆਪੋ-ਆਪਣੀ ਜਿੱਤ ਦੇ ਦਾਅਵੇ ਤਾਂ ਕਰ ਰਹੀਆਂ ਹਨ ਪਰ ਆਮ ਆਦਮੀ ਪਾਰਟੀ (ਆਪ) ਕਿਸ ਦੇ ਵੋਟ ਬੈਂਕ ਨੂੰ ਖੋਰਾ ਲਾਏਗੀ, ਇਸ ਬਾਰੇ ਸਾਰੇ ਖਾਮੋਸ਼ ਹਨ। ਦਿਲਚਸਪ ਗੱਲ ਇਹ ਹੈ ਕਿ ਆਮ ਆਦਮੀ ਪਾਰਟੀ ਨੂੰ ਪੰਜਾਬ ਵਿਚ ਮਿਲੇ ਹੁੰਗਾਰੇ ਨੇ ਰਵਾਇਤੀ ਸਿਆਸੀ ਧਿਰਾਂ ਨੂੰ ਫਿਕਰਾਂ ਵਿਚ ਪਾ ਦਿੱਤਾ ਹੈ।

ਲੋਕ ਸਭਾ ਚੋਣਾਂ ਦਾ ਬਿਗਲ ਵੱਜਦਿਆਂ ਮੈਦਾਨ ਵਿਚ ਉਤਰਨ ਦੀ ਪਹਿਲ ਕਰਦਿਆਂ ਅਕਾਲੀ-ਭਾਜਪਾ ਗੱਠਜੋੜ ਨੇ ਇਹ ਪ੍ਰਭਾਵ ਦੇਣ ਦੀ ਕੋਸ਼ਿਸ਼ ਕੀਤੀ ਕਿ ਖਿੰਡੀ ਹੋਈ ਕਾਂਗਰਸ ਸਣੇ ਕੋਈ ਵੀ ਹੋਰ ਸਿਆਸੀ ਧਿਰ ਉਨ੍ਹਾਂ ਨੂੰ ਟੱਕਰ ਦੇਣ ਦੇ ਸਮਰੱਥ ਨਹੀਂ। ਅਕਾਲੀ ਦਲ ਨੇ ਸਭ ਤੋਂ ਉਮੀਦਵਾਰਾਂ ਦਾ ਐਲਾਨ ਕਰ ਕੇ ਪ੍ਰਚਾਰ ਮੁਹਿੰਮ ਨੂੰ ਪੂਰੀ ਤਰ੍ਹਾਂ ਮਘਾ ਲਿਆ। ਕਾਂਗਰਸ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੀਆਂ ਨਾਕਾਮੀਆਂ ਗਿਣਾ ਕੇ ਵੋਟਰਾਂ ਦਾ ਧਿਆਨ ਖਿੱਚਣ ਵਿਚ ਵੀ ਸਫਲ ਰਿਹਾ।

ਇਸੇ ਦੌਰਾਨ ਕਾਂਗਰਸ ਹਾਈ ਕਮਾਨ ਨੇ ਕੈਪਟਨ ਅਮਰਿੰਦਰ ਸਿੰਘ, ਸੁਨੀਲ ਜਾਖੜ, ਅੰਬਿਕਾ ਸੋਨੀ ਨੂੰ ਚੋਣ ਮੈਦਾਨ ਵਿਚ ਉਤਾਰ ਕੇ ਅਕਾਲੀ-ਭਾਜਪਾ ਗੱਠਜੋੜ ਸਣੇ ਸਭ ਨੂੰ ਹੈਰਾਨ ਕਰ ਦਿੱਤਾ। ਕਾਂਗਰਸ ਨੇ ਪੀਪਲਜ਼ ਪਾਰਟੀ ਆਫ ਪੰਜਾਬ ਨਾਲ ਸਮਝੌਤਾ ਕਰ ਕੇ ਮਨਪ੍ਰੀਤ ਸਿੰਘ ਬਾਦਲ ਨੂੰ ਬਾਦਲਾਂ ਦੇ ਗੜ੍ਹ ਬਠਿੰਡਾ ਵਿਚ ਉਤਾਰਿਆ। ਕਾਂਗਰਸ ਦੀ ਇਹ ਰਣਨੀਤੀ ਕਾਰਗਰ ਸਾਬਤ ਹੋਈ ਤੇ ਕੁਝ ਦਿਨਾਂ ਵਿਚ ਹੀ ਹਵਾ ਦਾ ਰੁਖ਼ ਅਕਾਲੀ ਭਾਜਪਾ ਗੱਠਜੋੜ ਖਿਲਾਫ਼ ਵੇਖਣ ਨੂੰ ਮਿਲਿਆ। ਪੰਜਾਬ ਵਿਚ ਜ਼ਬਰਦਸਤ ਸੱਤਾ ਵਿਰੋਧੀ ਲਹਿਰ ਵੇਖਣ ਨੂੰ ਮਿਲੀ ਪਰ ਇਸ ਦਾ ਲਾਹਾ ਕੌਣ ਹਾਸਲ ਕਰੇਗਾ, ਇਸ ਬਾਰੇ ਅਜੇ ਭੇਤ ਬਰਕਰਾਰ ਹੈ। ਇਹ ਗੁੰਝਲਦਾਰ ਹਾਲਤ ਆਮ ਆਦਮੀ ਪਾਰਟੀ ਨੇ ਬਣਾਈ ਹੈ। ਦਿੱਲੀ ਤੋਂ ਬਾਅਦ ਸ਼ਾਇਦ ਪੰਜਾਬ ਹੀ ਅਜਿਹਾ ਸੂਬਾ ਹੈ, ਜਿੱਥੇ ਆਮ ਆਦਮੀ ਪਾਰਟੀ ਨੇ ਵੋਟਰਾਂ ਦਾ ਖੂਬ ਧਿਆਨ ਖਿੱਚਿਆ। ਪੰਜਾਬ ਦੀਆਂ ਦੋਵੇਂ ਰਵਾਇਤੀ ਧਿਰਾਂ ਪਹਿਲਾਂ ਆਮ ਆਦਮੀ ਪਾਰਟੀ ਵੱਲੋਂ ਹਾਸਲ ਕੀਤੀਆਂ ਜਾਣ ਵਾਲੀਆਂ ਵੋਟਾਂ ਨੂੰ ਆਪੋ-ਆਪਣੇ ਲਈ ਫਾਇਦੇਮੰਦ ਦੱਸ ਰਹੀਆਂ ਸਨ ਪਰ 'ਆਪ' ਨੂੰ ਮਿਲੇ ਹੁੰਗਾਰੇ ਮਗਰੋਂ ਸਭ ਦੇ ਸਾਹ ਸੂਤੇ ਗਏ ਹਨ।

ਆਮ ਆਦਮੀ ਪਾਰਟੀ ਨੇ ਪੰਜਾਬ ਦੇ ਸਾਰੇ 13 ਹਲਕਿਆਂ ਤੋਂ ਆਪਣੇ ਉਮੀਦਵਾਰ ਖੜ੍ਹੇ ਕੀਤੇ। ਪਾਰਟੀ ਵੱਲੋਂ ਤਿੰਨ ਵਕੀਲਾਂ, ਤਿੰਨ ਕਲਾਕਾਰਾਂ, ਤਿੰਨ ਅਧਿਆਪਕਾਂ, ਦੋ ਡਾਕਟਰਾਂ ਨੂੰ ਚੋਣ ਮੈਦਾਨ ਵਿਚ ਉਤਾਰਿਆ ਗਿਆ। ਪਾਰਟੀ ਲੀਡਰਸ਼ਿਪ ਭਾਵੇਂ ਸਾਰੇ ਪੰਜਾਬ ਵਿਚ ਆਪਣੇ ਉਮੀਦਵਾਰਾਂ ਦੇ ਹੱਕ ਵਿਚ ਲਹਿਰ ਚੱਲਣ ਦੇ ਦਾਅਵੇ ਕਰ ਰਹੀ ਹੈ ਪਰ ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਪਾਰਟੀ ਵੱਲੋਂ ਪੰਜ ਹਲਕਿਆਂ ਵਿਚ ਰਵਾਇਤੀ ਰਾਜਸੀ ਧਿਰਾਂ ਨੂੰ ਬਰਾਬਰ ਦਾ ਮੁਕਾਬਲਾ ਦਿੱਤਾ ਗਿਆ ਹੈ। ਇਨ੍ਹਾਂ ਵਿਚ ਸੰਗਰੂਰ, ਪਟਿਆਲਾ, ਲੁਧਿਆਣਾ, ਗੁਰਦਾਸਪੁਰ ਅਤੇ ਫ਼ਰੀਦਕੋਟ ਸ਼ਾਮਲ ਹਨ।

ਅਕਾਲੀ-ਭਾਜਪਾ ਗੱਠਜੋੜ ਤੇ ਕਾਂਗਰਸ ਦੇ ਆਗੂ ਪਹਿਲਾਂ 'ਆਪ' ਦੇ ਉਮੀਦਵਾਰਾਂ ਨੂੰ ਆਪੋ-ਆਪਣੇ ਲਈ ਫਾਇਦੇਮੰਦ ਦੱਸਦੇ ਸਨ। ਹੁਕਮਰਾਨ ਧਿਰ ਦੀ ਦਲੀਲ ਸੀ ਕਿ 'ਆਪ' ਦੇ ਉਮੀਦਵਾਰਾਂ ਨੂੰ ਸੱਤਾ ਵਿਰੋਧੀ ਵੋਟ ਪਵੇਗੀ। ਇਹੀ ਵੋਟ ਕਾਂਗਰਸ ਨੂੰ ਪੈਣੀ ਸੀ। ਉਹ ਇਹ ਵੀ ਤਰਕ ਦਿੰਦੇ ਸਨ ਕਿ ਜਿਵੇਂ 2012 ਦੀਆਂ ਵਿਧਾਨ ਸਭਾ

(ਬਾਕੀ ਸਫਾ 6 'ਤੇ)

## ਦਿੱਲੀ ਤੋਂ ਬਾਅਦ ਪੰਜਾਬ 'ਚ ਫੇਰਿਆ ਝਾੜੂ




## ਨੌਜਵਾਨਾਂ ਦੀ 'ਆਪ' ਨੂੰ ਗਲਵੱਕੜੀ

**ਅੰਮ੍ਰਿਤਸਰ:** ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਰਾਜਨੀਤੀ ਵਿਗਿਆਨ ਵਿਭਾਗ ਵੱਲੋਂ ਕਰਵਾਏ ਗਏ ਚੋਣ ਸਰਵੇਖਣ ਵਿਚ ਕਿਹਾ ਗਿਆ ਹੈ ਕਿ ਅੰਮ੍ਰਿਤਸਰ ਲੋਕ ਸਭਾ ਹਲਕੇ ਵਿਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਨੂੰ ਪਈਆਂ ਵੋਟਾਂ ਕਾਂਗਰਸ ਨਾਲੋਂ ਭਾਜਪਾ ਉਮੀਦਵਾਰ ਨੂੰ ਜ਼ਿਆਦਾ ਨੁਕਸਾਨ ਪਹੁੰਚਾ ਸਕਦੀਆਂ ਹਨ। ਸਰਵੇਖਣ ਵਿਚ ਇਹ ਵੀ ਕਿਹਾ ਗਿਆ ਹੈ ਕਿ ਪਹਿਲੀ ਵਾਰ ਵੋਟ ਪਾਉਣ ਵਾਲੇ ਵੋਟਰਾਂ ਨੇ ਕਾਂਗਰਸ ਤੇ ਭਾਜਪਾ ਨੂੰ ਵੋਟ ਪਾਉਣ ਦੀ ਥਾਂ 'ਆਪ' ਨੂੰ ਵੋਟ ਪਾਉਣ ਨੂੰ ਪਹਿਲੀ ਦਿੱਤੀ ਹੈ। ਚੋਣ ਸਰਵੇਖਣ ਵਿਚ ਸ਼ਹਿਰ ਦੇ ਦੋ ਸੌ ਵੋਟਰਾਂ ਨੂੰ ਸ਼ਾਮਲ ਕੀਤਾ ਗਿਆ। ਇਨ੍ਹਾਂ ਦੋ ਸੌ ਵੋਟਰਾਂ ਵਿਚ 82 ਉਹ ਵੋਟਰ ਸ਼ਾਮਲ ਹਨ ਜਿਨ੍ਹਾਂ ਐਤਕੀਂ ਪਹਿਲੀ ਵਾਰ ਆਪਣੇ ਵੋਟ ਦੇ ਹੱਕ ਦੀ ਵਰਤੋਂ ਕੀਤੀ। ਸਰਵੇਖਣ ਅਨੁਸਾਰ ਪਹਿਲੀ ਵਾਰ ਵੋਟ ਪਾਉਣ ਵਾਲਿਆਂ ਵਿਚੋਂ 36.5 ਫੀਸਦ ਦਾ ਇਹ ਕਹਿਣਾ ਸੀ ਕਿ ਉਨ੍ਹਾਂ ਨੇ 'ਆਪ' ਦੇ ਉਮੀਦਵਾਰ ਨੂੰ ਵੋਟ ਪਾਈ ਹੈ ਜਦੋਂਕਿ 28.04 ਫੀਸਦ ਨੇ ਕਾਂਗਰਸ ਤੇ 16 ਫੀਸਦ ਨੇ ਭਾਜਪਾ ਨੂੰ ਵੋਟ ਪਾਏ ਜਾਣ ਦਾ ਖੁਲਾਸਾ ਕੀਤਾ। ਸਰਵੇਖਣ ਵਿਚ ਕਿਹਾ ਗਿਆ ਹੈ ਕਿ 2012 ਵਿਚ ਹੋਈਆਂ ਵਿਧਾਨ ਸਭਾ ਦੀਆਂ ਚੋਣਾਂ ਦੇ ਮੁਕਾਬਲੇ ਇਸ ਵਾਰ ਭਾਜਪਾ-ਅਕਾਲੀ ਗੱਠਜੋੜ ਨੂੰ ਘੱਟ ਵੋਟਾਂ ਪਈਆਂ ਹਨ।

## ਹੈਰਾਨੀਜਨਕ ਹੋਣਗੇ ਨਤੀਜੇ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਲੋਕ ਸਭਾ ਚੋਣਾਂ ਦੌਰਾਨ ਪੰਜਾਬ ਦੇ ਸਿਆਸੀ ਭਵਿੱਖ ਵਿਚ ਵੱਡੀ ਤਬਦੀਲੀ ਦੇ ਪ੍ਰਤੱਖ ਸੰਕੇਤ ਵੇਖਣ ਨੂੰ ਮਿਲੇ ਹਨ। ਦੋਵੇਂ ਮੁੱਖ ਰਵਾਇਤੀ ਪਾਰਟੀਆਂ ਨਾਲ ਦਹਾਕਿਆਂ ਤੋਂ ਜੁੜੀਆਂ ਵੋਟਾਂ ਖਿੰਡਣ ਤੇ ਨੌਜਵਾਨ ਵੋਟਰਾਂ ਅੰਦਰ ਤਬਦੀਲੀ ਦੀ ਚਾਹ ਨੇ ਨਵੀਂ ਚਰਚਾ ਛੇੜੀ ਹੈ। ਮੀਡੀਆ ਰਿਪੋਰਟਾਂ ਅਨੁਸਾਰ ਇਸ ਵਾਰ ਪਰਿਵਾਰਾਂ ਵਿਚ ਵੀ ਵੋਟਾਂ ਵੰਡੀਆਂ ਗਈਆਂ ਤੇ ਦੇਸ਼ ਦੇ ਅਹਿਮ ਮੁੱਦੇ ਭਾਰੂ ਰਹੇ।

ਪੰਜਾਬ ਵਿਚ ਪਹਿਲੀ ਵਾਰ ਵੋਟਰਾਂ ਦੇ ਬਦਲੇ ਤੇਵਰਾਂ ਤੋਂ ਅੰਦਾਜ਼ਾ ਲਾਇਆ ਜਾ ਰਿਹਾ ਹੈ ਕਿ ਇਸ ਵਾਰ ਚੋਣ ਨਤੀਜੇ ਹੈਰਾਨੀਜਨਕ ਹੀ ਹੋਣਗੇ। ਲੋਕ ਸਭਾ ਚੋਣਾਂ ਦੌਰਾਨ ਕੁੱਲ 1,95,27,114 ਵੋਟਰਾਂ ਵਿਚੋਂ 18 ਤੋਂ 39 ਸਾਲ ਦੇ ਨੌਜਵਾਨ ਵੋਟਰਾਂ ਦੀ ਗਿਣਤੀ 97,79,398 ਬਣਦੀ ਹੈ ਜੋ ਕੁੱਲ ਵੋਟਾਂ ਦਾ 48 ਫੀਸਦ ਹਨ। ਇਨ੍ਹਾਂ 48 ਫੀਸਦ ਵੋਟਰਾਂ ਅੰਦਰ ਪੀੜ੍ਹੀ-ਦਰ-ਪੀੜ੍ਹੀ ਕਿਸੇ ਇਕ ਪਾਰਟੀ ਦੇ ਲੜ ਲੱਗਣ ਦੀ ਰਵਾਇਤ ਦੇ ਉਲਟ ਆਪਣੀ ਸੋਚ ਅਨੁਸਾਰ ਵੋਟ ਪਾਉਣ ਦੀ ਚਾਹ ਸੀ। ਇਸ ਵਰਗ ਦੇ ਵੋਟਰਾਂ ਵਿਚ ਸੋਸ਼ਲ ਮੀਡੀਆ ਦੀ ਭੂਮਿਕਾ ਦਾ ਅਸਰ ਰਿਹਾ। ਪੰਜਾਬ ਅੰਦਰ

(ਬਾਕੀ ਸਫਾ 6 'ਤੇ)


Dhade & Associates, PC
Immigration Lawyers
WE FIGHT FOR YOUR RIGHTS!
ਤੁਹਾਡਾ ਆਪਣਾ ਪੰਜਾਬੀ ਇਮੀਗਰੇਸ਼ਨ ਵਕੀਲ
*ਪ੍ਰੋਫੈਸ਼ਨਲ ਵੀਜ਼ੇ (ਡਾਕਟਰ, ਇੰਜੀਨੀਅਰ ਆਦਿ)
*ਗਰੀਨ ਕਾਰਡ *ਸਿਟੀਜ਼ਨਸ਼ਿਪ *ਅਡਜਸਟਮੈਂਟ ਆਫ ਸਟੇਟਸ
*ਡੀਪੋਰਟੇਸ਼ਨ *ਰਿਫਿਊਜ਼ੀ ਕੇਸ *ਅਸੀਂ ਤੁਹਾਡੀਆਂ ਅਮਰੀਕਾ ਅਤੇ ਕੈਨੇਡਾ ਵਿਚ ਸਭੇ ਇਮੀਗਰੇਸ਼ਨ ਲੋੜਾਂ ਪੂਰੀਆਂ ਕਰ ਸਕਦੇ ਹਾਂ
*ਅਸੀਂ ਕੈਨੇਡਾ ਦੀ ਇਮੀਗਰੇਸ਼ਨ 6 ਤੋਂ 12 ਮਹੀਨੇ 'ਚ ਕਰ ਸਕਦੇ ਹਾਂ
Ph:248-254-3441
Fax:(248) 254-3443 www.eagle.pro, Email: info@eagle.pro
Herman Singh Dhade
Immigration Lawyer
7071 Orchard Lake Rd, Suite 320, W. Bloomfield, MI 48322

World Wide Travel
www.fly2world.com
Bombay $960*
Amritsar $1075*
Delhi $975*
DETROIT 734 838 9998
CHICAGO 312 224 8800
*ਰੇਟ ਸ਼ਿਕਾਗੋ ਤੋਂ ਰਾਊਂਡ ਟ੍ਰਿਪ ਅਤੇ ਟੈਕਸ ਸਮੇਤ ਹਨ।
*ਰੇਟ ਬਿਨਾ ਨੋਟਿਸ ਦਿਤੇ ਵਾਪਸ ਲਏ ਜਾ ਸਕਦੇ ਹਨ। ਹੋਰ ਕਈ ਸ਼ਰਤਾਂ ਵੀ ਲਾਗੂ ਹੁੰਦੀਆਂ ਹਨ। ਹੋਰ ਜਾਣਕਾਰੀ ਲਈ ਉਪਰ ਦਿੱਤੇ ਫੋਨ ਨੰਬਰਾਂ 'ਤੇ ਕਾਲ ਕਰੋ।

Exceed Insurance Agency, Inc.
An Independent Insurance Agency

Home
Auto
Business
Life
Retirement Solutions


Insurance


Home


Auto


Business


Commercial



Life



Retirement

Call Randeep Chawla

317-523-3691

Exceed Insurance Agency, Inc.
An Independent Insurance Agency
HOME | AUTO | BUSINESS | LIFE | RETIREMENT SOLUTIONS

Office Toll Free: 1-855-539-2333
Direct Office: 317-291-6300
Office Fax: 317-293-9691
E-Fax: 1-866-652-9039
Inquiries: Info@exceedinsurance.com
Visit: www.exceedinsurance.com


# ਸਾਲ 2050 ਤੱਕ ਬਦਲ ਜਾਵੇਗਾ ਵਲੈਤ

**ਲੰਡਨ:** ਬਰਤਾਨੀਆ ਵਿਚ ਘੱਟ-ਗਿਣਤੀ ਨਸਲਾਂ ਦੀ ਆਬਾਦੀ 2050 ਤੱਕ ਦੁੱਗਣੀ ਵਧ ਕੇ ਦੇਸ਼ ਦੀ ਕੁੱਲ ਆਬਾਦੀ ਦੇ ਇਕ ਤਿਹਾਈ ਹਿੱਸੇ ਤੱਕ ਪੁੱਜ ਜਾਵੇਗੀ। ਇਹ ਖੁਲਾਸਾ ਇਕ ਨਵੇਂ ਅਧਿਐਨ ਵਿਚ ਹੋਇਆ ਹੈ।

'ਯੂ.ਕੇ. 'ਜ਼ ਪਾਲਿਸੀ ਐਕਸਚੇਂਜ' ਨਾਮੀ ਸੰਸਥਾ ਨੇ ਜਾਰੀ ਕੀਤੇ 'ਏ ਪੋਰਟਰੇਟ ਆਫ ਮਾਡਰਨ ਬ੍ਰਿਟੇਨ' ਕਿਤਾਬਚੇ ਵਿਚ ਦੇਸ਼ ਦੇ ਪੰਜ ਸਭ ਤੋਂ ਵੱਡੇ ਘੱਟ-ਗਿਣਤੀ ਸਮੂਹਾਂ ਭਾਰਤੀਆਂ, ਪਾਕਿਸਤਾਨੀਆਂ, ਬੰਗਲਾਦੇਸ਼ੀਆਂ, ਕਾਲੇ ਅਫਰੀਕੀਆਂ ਅਤੇ ਕਾਲੇ ਕੈਰੇਬਿਆਈਆਂ ਦੀ ਵੱਡੀ ਤਸਵੀਰ ਪੇਸ਼ ਕੀਤੀ ਹੈ। ਇਸ ਮੁਤਾਬਕ ਭਾਰਤੀ ਭਾਈਚਾਰਾ ਪੂਰੇ ਬਰਤਾਨੀਆ ਵਿਚ ਫੈਲਿਆ ਹੋਇਆ ਹੈ ਜਦਕਿ ਦੂਜੀਆਂ ਨਸਲੀ ਘੱਟ-ਗਿਣਤੀਆਂ ਮੁੱਖ ਤੌਰ 'ਤੇ ਲੰਡਨ, ਮਾਨਚੈਸਟਰ ਅਤੇ ਬਰਮਿੰਘਮ ਵਿਚ ਵਸਦੀਆਂ ਹਨ। ਉੱਚਤਮ ਪੇਸ਼ੇਵਰ ਭਾਈਚਾਰਿਆਂ ਵਿਚ ਵੀ ਭਾਰਤੀਆਂ ਦੀ ਚੋਖੀ ਤਦਾਦ ਹੈ। ਭਾਰਤੀ ਭਾਈਚਾਰੇ ਨੂੰ ਛੱਡ ਕੇ ਲਗਪਗ ਸਾਰੇ ਘੱਟ-ਗਿਣਤੀਆਂ ਸਮੂਹਾਂ ਵਿਚ ਬੇਰੁਜ਼ਗਾਰੀ ਦੀ ਦਰ ਕੌਮੀ ਔਸਤ ਨਾਲੋਂ ਦੁੱਗਣੀ ਹੈ। 24 ਫੀਸਦ ਪਾਕਿਸਤਾਨੀ ਟੈਕਸੀ ਚਾਲਕ ਹਨ ਅਤੇ ਲਗਪਗ ਅੱਧੇ ਬੰਗਲਾਦੇਸ਼ੀ ਰੈਸਟੋਰੈਂਟਾਂ ਵਿਚ ਕੰਮ ਕਰਦੇ ਹਨ। 43 ਫੀਸਦ ਭਾਰਤੀ ਹੁਨਰਮੰਦ ਕਿੱਤਿਆਂ ਵਿਚ ਹਨ। ਬਰਤਾਨੀਆ ਦੇ ਪੰਜ ਸਭ ਤੋਂ ਵੱਡੇ ਘੱਟ-ਗਿਣਤੀ ਭਾਈਚਾਰਿਆਂ ਦੀ ਕੁੱਲ ਸੰਖਿਆ 80 ਲੱਖ ਬਣਦੀ ਹੈ ਜੋ ਦੇਸ਼ ਦੀ ਕੁੱਲ ਆਬਾਦੀ ਦਾ 14 ਫੀਸਦ ਹੈ। ਰਿਪੋਰਟ ਵਿਚ ਮਰਦਮਸ਼ੁਮਾਰੀ, ਅਕਾਦਮਿਕ ਅਤੇ ਮਤਦਾਨ ਦੇ ਅੰਕੜਿਆਂ ਦੀ ਪੜਚੋਲ ਕਰਨ ਤੋਂ ਬਾਅਦ ਪਾਇਆ ਗਿਆ ਹੈ ਕਿ ਪਿਛਲੇ ਦਹਾਕੇ ਦੌਰਾਨ ਘੱਟ-ਗਿਣਤੀ ਸਮੂਹਾਂ ਦੀ ਕੁੱਲ ਸੰਖਿਆ ਦੁੱਗਣੀ ਹੋ ਗਈ ਹੈ ਜਦਕਿ ਗੋਰਿਆਂ ਦੀ ਵਸੋਂ ਲਗਪਗ ਪਹਿਲਾਂ ਜਿੰਨੀ ਹੈ ਅਤੇ ਇਸ ਲਿਹਾਜ਼ ਨਾਲ ਇਸ ਸਦੀ ਦੇ ਮੱਧ ਤੱਕ ਘੱਟ ਗਿਣਤੀ ਵਸੋਂ 20 ਤੋਂ 30 ਫੀਸਦ ਵਾਧਾ ਹੋਣ ਦਾ ਅਨੁਮਾਨ ਹੈ।

ਅਧਿਐਨਕਾਰਾਂ ਦੀ ਦਲੀਲ ਹੈ ਕਿ ਵੱਖ-ਵੱਖ ਕਾਲੇ ਤੇ ਘੱਟ-ਗਿਣਤੀ ਨਸਲੀ ਸਮੂਹਾਂ (ਬੀ.ਐਮ.ਈ.) ਦਰਮਿਆਨ ਸਪਸ਼ਟ ਅਤੇ ਵਾਜਬ ਮਤਭੇਦ ਹਨ ਜਿਨ੍ਹਾਂ ਨੂੰ ਸਿਆਸਤਦਾਨਾਂ ਨੂੰ ਮੁਖ਼ਾਤਬ ਹੋਣਾ ਚਾਹੀਦਾ ਹੈ। ਉਨ੍ਹਾਂ ਇਹ ਵੀ ਧਿਆਨ ਦਿਵਾਇਆ ਕਿ ਲਗਪਗ ਸਾਰੇ ਕਾਲੇ ਤੇ ਘੱਟ-ਗਿਣਤੀ ਨਸਲੀ ਸਮੂਹ ਲੇਬਰ ਪਾਰਟੀ ਦੀ ਹਮਾਇਤ ਕਰਦੇ ਹਨ ਅਤੇ ਪ੍ਰਧਾਨ ਮੰਤਰੀ ਡੇਵਿਡ ਕੈਮਰੌਨ ਦੀ ਕਨਜ਼ਰਵੇਟਿਵ ਪਾਰਟੀ ਲਈ ਇਹ ਚਿੰਤਾ ਦਾ ਵਿਸ਼ਾ ਹੋਵੇਗਾ।

# ਲੁਧਿਆਣਾ ਦੇ ਡਾਕਟਰ ਦੀ ਅਮਰੀਕੀ ਅਕਾਦਮੀ ਲਈ ਚੋਣ

**ਲੁਧਿਆਣਾ:** ਅਮਰੀਕਾ ਵਿਖੇ ਰਹਿ ਰਹੇ ਲੁਧਿਆਣਾ ਦੇ ਵਿਗਿਆਨੀ ਡਾ. ਸ਼ਿਵ ਇੰਦਰ ਸਿੰਘ ਗਰੇਵਾਲ ਨੂੰ ਯੂ.ਐਸ. ਨੈਸ਼ਨਲ ਅਕਾਦਮੀ ਆਫ ਸਾਇੰਸਿਜ਼ ਲਈ ਚੁਣਿਆ ਗਿਆ ਹੈ। ਇਸ ਅਕਾਦਮੀ ਲਈ ਚੁਣੇ ਜਾਣਾ ਬੜੇ ਮਾਣ ਵਾਲੀ ਗੱਲ ਹੈ, ਕਿਉਂਕਿ ਨੋਬੇਲ ਪੁਰਸਕਾਰ ਜਿੱਤਣ ਵਾਲੇ ਅਤੇ ਦੁਨੀਆਂ ਦੇ ਆਲ੍ਹਾ ਵਿਗਿਆਨੀਆਂ ਨੂੰ ਇਸ ਅਕਾਦਮੀ ਲਈ ਚੁਣਿਆ ਜਾਂਦਾ ਹੈ।

ਇਹ ਅਕਾਦਮੀ ਅਮਰੀਕਾ ਨੂੰ ਵਿਗਿਆਨ ਅਤੇ ਤਕਨਾਲੋਜੀ ਸਬੰਧੀ ਸਲਾਹ ਦੇਣ ਦਾ ਕੰਮ ਕਰਦੀ ਹੈ। ਇਸੇ ਹਫਤੇ ਡਾ.ਗਰੇਵਾਲ ਨੂੰ ਅਮਰੀਕਨ ਅਕਾਦਮੀ ਆਫ ਆਰਟਸ ਅਤੇ ਸਾਇੰਸਿਜ਼ ਲਈ ਵੀ ਚੁਣਿਆ ਗਿਆ ਹੈ। ਇਹ ਅਕਾਦਮੀ 1780 ਵਿਚ ਸਥਾਪਤ ਕੀਤੀ ਗਈ ਸੀ।

ਡਾ. ਗਰੇਵਾਲ ਨੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿਚੋਂ ਐਮ.ਐਸਸੀ. 1989 ਵਿਚ ਕੀਤੀ ਸੀ। ਫਿਰ ਉਹ ਯੂਨੀਵਰਸਿਟੀ ਆਫ ਕੈਂਬਰਿਜ (ਯੂ.ਕੇ.) ਵਿਚ ਪੀਐਚ.ਡੀ. ਕਰਨ ਲਈ ਚਲੇ ਗਏ। ਇਸ ਤੋਂ ਬਾਅਦ ਉਹ ਯੂ.ਐਸ. ਨੈਸ਼ਨਲ ਕੈਂਸਰ ਇੰਸਟੀਚਿਊਟ ਅਮਰੀਕਾ ਵਿਚ ਚਲੇ ਗਏ। ਫਿਰ ਉਨ੍ਹਾਂ ਕੁਝ ਸਮਾਂ ਕੋਲਡ ਸਪਰਿੰਗ ਹਾਰਬਰ ਲੈਬਾਰਟਰੀ ਵਿਚ ਬਤੌਰ ਫੈਕਲਟੀ ਮੈਂਬਰ ਕੰਮ ਕੀਤਾ। 2003 ਵਿਚ ਉਹ ਕਰੋਮੋਸੋਮ ਬਾਇਆਲੋਜੀ ਸੈਕਸ਼ਨ ਦੇ ਮੁਖੀ ਵਜੋਂ ਨੈਸ਼ਲ ਕੈਂਸਰ ਇੰਸਟੀਚਿਊਟ ਵਿਚ ਵਾਪਿਸ ਆ ਗਏ।

ਡਾ. ਗਰੇਵਾਲ ਨੇ ਐਪੀਜੈਨਿਟਿਕਸ ਦੇ ਖੇਤਰ ਵਿਚ ਖੋਜ ਕੀਤੀ ਹੈ। ਮਨੁੱਖੀ ਵਿਕਾਸ ਵਿਚ ਇਸ ਦਾ ਅਹਿਮ ਯੋਗਦਾਨ ਹੁੰਦਾ ਹੈ। ਐਪੀਜੈਨਿਟਿਕਸ ਵਿਚ ਹੋਣ ਵਾਲੀ ਗੜਬੜ ਨਾਲ ਕੈਂਸਰ ਵਰਗੀਆਂ ਬਿਮਾਰੀਆਂ ਜਨਮ ਲੈਂਦੀਆਂ ਹਨ। ਉਨ੍ਹਾਂ ਨੂੰ 2004 ਵਿਚ ਨਿਊਕੌਂਬ ਕਲੀਵਲੈਂਡ ਪੁਰਸਕਾਰ, 2005 ਵਿਚ ਨੈਸ਼ਨਲ ਇੰਸਟੀਚਿਊਟ ਆਫ ਹੈੱਲਥ ਮੈਰਿਟ ਐਵਾਰਡ ਅਤੇ 2006 ਵਿਚ ਨੈਸ਼ਨਲ ਇੰਸਟੀਚਿਊਟ ਆਫ ਹੈੱਲਥ ਡਾਇਰੈਕਟਰਜ਼ ਐਵਾਰਡ ਮਿਲ ਚੁੱਕਾ ਹੈ। ਇਸ ਸਮੇਂ ਉਹ ਨੈਸ਼ਨਲ ਇੰਸਟੀਚਿਊਟ ਆਫ ਹੈੱਲਥ, ਵਾਸ਼ਿੰਗਟਨ ਵਿਚ ਬਾਇਓਕੈਮਿਸਟਰੀ ਤੇ ਮੌਲੀਕਿਊਲਰ ਬਾਇਆਲੋਜੀ ਲੈਬਾਰਟਰੀ ਦੇ ਮੁਖੀ ਵਜੋਂ ਕੰਮ ਕਰ ਰਹੇ ਹਨ।

## ਡਰੱਗ ਮਾਫੀਆ ਦੀ ਲੜਾਈ 'ਚ ਮੋਗੇ ਦਾ ਨੌਜਵਾਨ ਹਲਾਕ

**ਮੋਗਾ:** ਕੈਨੇਡਾ ਦੇ ਸ਼ਹਿਰ ਓਂਟਾਰੀਓ ਵਿਚ ਚੱਲ ਰਹੀ ਮਾਫੀਆ ਦੀ ਲੜਾਈ ਦੌਰਾਨ ਮੋਗਾ ਵਾਸੀ ਰਿਤੇਸ਼ ਠਾਕੁਰ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ ਗਿਆ। ਇਹ ਘਟਨਾ ਐਤਵਾਰ ਦੀ ਹੈ। ਰਿਤੇਸ਼ ਠਾਕੁਰ ਕੈਨੇਡਾ ਦੇ ਮਿਸੀਸਾਗਾ ਸ਼ਹਿਰ ਵਿਚ ਰਹਿ ਰਿਹਾ ਸੀ।

ਪੁਲਿਸ ਅਨੁਸਾਰ ਰਿਤੇਸ਼ ਠਾਕੁਰ ਡਰੱਗ ਸਰਗਨਾ ਸੀ ਅਤੇ ਪੁਲਿਸ ਨੇ ਗਿਆਰਾਂ ਮਹੀਨੇ ਪਹਿਲਾਂ ਬਹੁ-ਕਰੋੜੀ ਡਰੱਗ ਸਕੈਂਡਲ ਦੇ ਸਬੰਧ ਵਿਚ ਉਸ ਨੂੰ ਗ੍ਰਿਫਤਾਰ ਕੀਤਾ ਸੀ। ਇਸ ਮਾਮਲੇ ਵਿਚ ਠਾਕੁਰ ਦੇ ਨਾਲ ਫਲਿਪਸ ਕੋਲਾਰੋਸ (33) ਵੈਨਕੂਵਰ, ਗੁਰਸ਼ਰਨ ਸਿੰਘ (29) ਮਿਸੀਸਾਗਾ ਤੇ ਕਿਊਬਕ ਵਾਸੀ ਦਮਿੱਤਰੀ ਅਲੈਕਸੀਓ ਨੂੰ ਗ੍ਰਿਫਤਾਰ ਕੀਤਾ ਸੀ। ਗੁਰਸ਼ਰਨ ਤੇ ਰਿਤੇਸ਼ ਇਕੱਠੇ ਰਹਿੰਦੇ ਸਨ। ਇਨ੍ਹਾਂ ਕੋਲੋਂ ਕੈਨੇਡੀਅਨ ਪੁਲਿਸ ਨੇ 62 ਕਿਲੋਗ੍ਰਾਮ ਕੁਕੀਨ, ਤਿੰਨ ਕਿਲੋਗ੍ਰਾਮ ਕ੍ਰਿਸਟਲ ਮੈਥਾਮੈਫਟਾਮਾਈਨ ਤੇ ਹੋਰ ਨਸ਼ੇ ਫੜੇ ਸਨ। ਇਸ ਦੀ ਮਾਰਕੀਟ ਕੀਮਤ 65 ਲੱਖ ਡਾਲਰ ਦੇ ਕਰੀਬ ਸੀ। ਮੁੱਢਲੀ ਜਾਂਚ ਅਨੁਸਾਰ ਠਾਕੁਰ ਨੂੰ ਹਾਈਵੇ ਨੰਬਰ-7 ਉੱਤੇ ਵੈਸਟਨ ਰੋਡ ਓਂਟਾਰੀਓ ਵਿਖੇ ਸ਼ਾਪਿੰਗ ਮਾਲ ਦੀ ਪਾਰਕਿੰਗ ਵਿਚ ਗੋਲੀ ਮਾਰੀ ਗਈ।

## ਦਿਗਵਿਜੇ ਸਿੰਘ ਨੇ ਟੀ.ਵੀ. ਪੱਤਰਕਾਰ ਨਾਲ ਸਬੰਧ ਦੀ ਗੱਲ ਕਬੂਲੀ

**ਨਵੀਂ ਦਿੱਲੀ:** ਕਾਂਗਰਸ ਦੇ ਮੁੱਖ ਸਕੱਤਰ ਦਿਗਵਿਜੇ ਸਿੰਘ ਨੇ ਮਹਿਲਾ ਪੱਤਰਕਾਰ ਅੰਮ੍ਰਿਤਾ ਰਾਏ ਨਾਲ ਆਪਣੇ ਰਿਸ਼ਤੇ ਦੀ ਗੱਲ ਕਬੂਲ ਲਈ ਹੈ।

ਸੋਸ਼ਲ ਮੀਡੀਆ 'ਤੇ ਇਸ ਬਾਰੇ ਚਰਚਾ ਵਧਣ ਤੋਂ ਬਾਅਦ ਦਿਗਵਿਜੇ ਸਿੰਘ ਨੇ ਟਵੀਟ ਕੀਤਾ ਤੇ ਅੰਮ੍ਰਿਤਾ ਰਾਏ ਨਾਲ ਆਪਣੇ ਰਿਸ਼ਤੇ ਨੂੰ ਕਬੂਲ ਕਰ ਲਿਆ। ਉਨ੍ਹਾਂ ਇਹ ਵੀ ਕਿਹਾ ਕਿ ਅੰਮ੍ਰਿਤਾ ਰਾਏ ਨਾਲ ਰਿਸ਼ਤਾ ਕਬੂਲਣ ਵਿਚ ਉਨ੍ਹਾਂ ਨੂੰ ਕੋਈ ਝਿਜਕ ਨਹੀਂ ਹੈ।


Personalized Service-Committed To Quality

Purchase and Refinance Your Home Loans.



Pre approval in one day, no cost, no obligation.

Conventional, ARM, Jumbo, FHA, VA, USDA & HARP Loan Programs

ਆਪਣਾ ਘਰ ਖਰੀਦਣ ਜਾਂ ਘਰ ਉਪਰ ਲੋਨ ਰੀਫਾਇਨਾਂਸ ਕਰਾਉਣ ਲਈ ਸੰਪਰਕ ਕਰੋ

AMRIK P. SINGH
Mortgage Loan Originator
NMLS # 232904

C&R MORTGAGE CORP.
NMLS # 227317

7788 N. Milwaukee Ave.
Niles, IL 60714
Ph: 847-966-6700
Fax: 847-966-6723

EQUAL HOUSING LENDER
Illinois Residential Mortgage Licensee.

Cell 312-608-0006
Email: asingh@candrmortgage.com
Website: www.candrmortgage.com

# ਸਿੰਘ ਸਾਹਿਬਾਨ ਵੱਲੋਂ ਮੰਤਰੀ ਮਜੀਠੀਆ ਤਨਖਾਹੀਆ ਕਰਾਰ

**ਅੰਮ੍ਰਿਤਸਰ:** ਸ੍ਰੀ ਅਕਾਲ ਤਖ਼ਤ ਤੋਂ ਪੰਜ ਸਿੰਘ ਸਾਹਿਬਾਨ ਵੱਲੋਂ ਗੁਰੂ ਗੋਬਿੰਦ ਸਿੰਘ ਜੀ ਦੇ ਇਕ ਸ਼ਬਦ ਦੀ ਤੁਕ ਬਦਲਣ ਦੇ ਦੋਸ਼ ਵਿਚ ਘਿਰੇ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਪੰਜਾਂ ਤਖ਼ਤਾਂ 'ਤੇ ਲੰਗਰ ਦੀ ਹੱਥੀਂ ਤੇ ਮਾਇਕ ਸੇਵਾ ਕਰਨ, ਸ੍ਰੀ ਅਕਾਲ ਤਖ਼ਤ ਵਿਖੇ ਅਖੰਡ ਪਾਠ ਕਰਾਉਣ, ਤਿੰਨ ਦਿਨ ਲੰਗਰ ਵਿਚ ਸੰਗਤਾਂ ਦੇ ਜੂਠੇ ਭਾਂਡੇ ਸਾਫ਼ ਕਰਨ ਤੇ ਗੁਰਬਾਣੀ ਸੁਣਨ ਦੀ ਤਨਖਾਹ (ਧਾਰਮਿਕ ਸੇਵਾ) ਲਾਈ ਹੈ। ਇਸ ਦੌਰਾਨ ਪੰਜ ਸਿੰਘ ਸਾਹਿਬਾਨ ਨੇ ਸਮੂਹ ਤਖ਼ਤਾਂ ਦੇ ਜਥੇਦਾਰਾਂ ਨੂੰ ਆਖਿਆ ਕਿ ਸ੍ਰੀ ਅਕਾਲ ਤਖ਼ਤ ਤੋਂ ਮਜੀਠੀਆ ਨੂੰ ਲਾਈ ਗਈ ਤਨਖਾਹ ਨੂੰ ਹੀ ਸਾਰੇ ਤਖ਼ਤ ਪ੍ਰਵਾਨ ਕਰਨ।

ਸ੍ਰੀ ਅਕਾਲ ਤਖ਼ਤ ਦੇ ਆਰਜ਼ੀ ਬਣਾਏ ਗਏ ਸਕੱਤਰੇਤ ਵਿਖੇ ਪੰਜ ਸਿੰਘ ਸਾਹਿਬਾਨ ਦੀ ਹੋਈ ਇਕੱਤਰਤਾ ਵਿਚ ਮਜੀਠੀਆ ਨੂੰ ਅਕਾਲ ਤਖ਼ਤ ਦੀ ਫਸੀਲ ਤੋਂ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਤਨਖਾਹ ਸੁਣਾਈ। ਇਸ ਮੌਕੇ ਪੰਜ ਸਿੰਘ ਸਾਹਿਬਾਨ ਉਪਰ ਫਸੀਲ 'ਤੇ ਖੜ੍ਹੇ ਸਨ ਤੇ ਮਜੀਠੀਆ ਹੇਠਾਂ ਗਲ ਵਿਚ ਪੱਲਾ ਪਾ ਕੇ ਹੱਥ ਜੋੜ ਕੇ ਖੜ੍ਹਾ ਸੀ। ਸਿੰਘ ਸਾਹਿਬ ਨੇ ਦੱਸਿਆ ਕਿ ਮਜੀਠੀਆ ਨੇ 25 ਅਪਰੈਲ ਨੂੰ ਅੰਮ੍ਰਿਤਸਰ ਇਕ ਚੋਣ ਜਲਸੇ ਦੌਰਾਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਬਦ 'ਦੇਹਿ ਸ਼ਿਵਾ ਬਰ ਮੋਹਿ ਇਹ' ਦੀ ਇਕ ਤੁਕ 'ਨਿਸ਼ਚੈ ਕਰ ਅਪਨੀ ਜੀਤ ਕਰੋਂ" ਨੂੰ ਬਦਲ ਦਿੱਤਾ ਸੀ।

ਇਸ ਵਿਚ ਬਦਲਾਅ ਕਰਦਿਆਂ ਉਸ ਨੇ 'ਨਿਸ਼ਚੈ ਕਰ ਜੇਤਲੀ ਕੀ ਜੀਤ ਕਰੋ' ਨਾ ਸਿਰਫ਼ ਖੁਦ ਆਖਿਆ ਸਗੋਂ ਹਾਜ਼ਰ ਲੋਕਾਂ ਕੋਲੋਂ ਵੀ ਇਹ ਅਖਵਾਇਆ। ਇਸ ਤੋਂ ਬਾਅਦ ਸੰਗਤਾਂ ਵੱਲੋਂ ਭਾਰੀ ਗਿਣਤੀ ਵਿਚ ਸ਼ਿਕਾਇਤ ਕੀਤੀ ਗਈ ਸੀ ਤੇ ਸੰਗਤਾਂ ਇਸ ਗਲਤੀ ਲਈ ਉਸ ਨੂੰ ਸਜ਼ਾ ਲਾਉਣ ਦੀ ਮੰਗ ਕਰ ਰਹੀਆਂ ਸਨ। ਮਜੀਠੀਆ ਨੇ ਜਦੋਂ ਆਪਣੀ ਗਲਤੀ ਦਾ ਅਹਿਸਾਸ ਕੀਤਾ, ਉਸ ਨੇ ਖੁਦ ਪੇਸ਼ ਹੋ ਕੇ ਮੁਆਫੀਨਾਮਾ ਵੀ ਦਿੱਤਾ। ਇਸ ਮੁਆਫੀਨਾਮੇ ਨੂੰ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਵਿਚਾਰਿਆ ਗਿਆ। ਮਗਰੋਂ ਮਜੀਠੀਆ ਨੂੰ ਸੱਦਿਆ ਗਿਆ ਜਿਨ੍ਹਾਂ ਨੇ ਇਕੱਤਰਤਾ ਵਿਚ ਆਪਣੀ ਗਲਤੀ ਮੰਨੀ ਤੇ ਪੰਜ ਸਿੰਘ ਸਾਹਿਬਾਨ ਵੱਲੋਂ ਲਾਈ ਜਾਣ ਵਾਲੀ ਤਨਖਾਹ ਨੂੰ ਵੀ ਪੂਰਾ ਕਰਨ ਲਈ ਵਚਨਬੱਧਤਾ ਪ੍ਰਗਟਾਈ ਹੈ। ਇਸ ਬਾਰੇ ਉਸ ਨੂੰ ਤਖ਼ਤ ਸ੍ਰੀ ਪਟਨਾ ਸਾਹਿਬ,



ਤਖ਼ਤ ਸ੍ਰੀ ਹਜ਼ੂਰ ਸਾਹਿਬ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਤੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਵਿਖੇ ਖੁਦ ਹਾਜ਼ਰ ਹੋ ਕੇ ਲੰਗਰ ਦੀ ਹੱਥੀਂ ਤੇ ਮਾਇਕ ਸੇਵਾ ਕਰਨ ਲਈ ਹੁਕਮ ਦਿੱਤੇ ਹਨ। ਉਨ੍ਹਾਂ ਸਪਸ਼ਟ ਕੀਤਾ ਕਿ ਉਹ ਘੱਟੋ ਘੱਟ ਇਕ ਦਿਨ ਇਹ ਸੇਵਾ ਜ਼ਰੂਰ ਕਰਨਗੇ ਤੇ ਇਸ ਤੋਂ ਵਧੇਰੇ ਉਹ ਆਪਣੀ ਮਰਜ਼ੀ ਨਾਲ ਜਿੰਨੇ ਵੀ ਦਿਨ ਚਾਹੁਣ ਸੇਵਾ ਕਰ ਸਕਦੇ ਹਨ। ਅੰਤ ਵਿਚ ਸ੍ਰੀ ਅਕਾਲ ਤਖ਼ਤ ਵਿਖੇ ਹਾਜ਼ਰ ਹੋ ਕੇ ਅਖੰਡ ਪਾਠ ਕਰਵਾਉਣ, ਤਿੰਨ ਦਿਨ ਇਥੇ ਲੰਗਰ ਵਿਚ ਸੰਗਤਾਂ ਦੇ ਜੂਠੇ ਭਾਂਡੇ ਸਾਫ਼ ਕਰਨ ਤੇ ਗੁਰਬਾਣੀ ਸੁਣਨ ਦੀ ਤਨਖਾਹ ਲਾਈ ਹੈ। ਇਸ ਤੋਂ ਇਲਾਵਾ ਆਪਣੀ ਸਮਰੱਥਾ ਮੁਤਾਬਕ ਲੰਗਰ ਵਿਚ ਮਾਇਕ ਸੇਵਾ ਕਰਨ ਲਈ ਵੀ ਹਦਾਇਤ ਕੀਤੀ ਹੈ।

ਮਗਰੋਂ ਖਿਮਾ ਯਾਚਨਾ ਦੀ ਅਰਦਾਸ ਲਈ 501 ਰੁਪਏ ਤੇ 101 ਰੁਪਏ ਦੀ ਦੇਗ ਕਰਾਉਣ ਲਈ ਆਖਿਆ ਗਿਆ ਹੈ। ਸਿੰਘ ਸਾਹਿਬਾਨ ਨੇ ਬਾਕੀ ਤਖ਼ਤਾਂ ਦੇ ਜਥੇਦਾਰਾਂ ਨੂੰ ਵੀ ਸਮੁੱਚੇ ਤੌਰ 'ਤੇ ਇਹ ਤਨਖਾਹ ਨੂੰ ਪ੍ਰਵਾਨ ਕਰਨ ਲਈ ਆਖਿਆ ਹੈ। ਇਸ ਬਾਰੇ ਉਨ੍ਹਾਂ 19 ਨਵੰਬਰ 2003 ਨੂੰ ਪੰਜ ਸਿੰਘ ਸਾਹਿਬਾਨ ਵੱਲੋਂ ਪਾਸ ਹੋਏ ਮਤੇ ਦਾ ਹਵਾਲਾ ਵੀ ਦਿੱਤਾ ਹੈ, ਜਿਸ ਵਿਚ ਪੰਜ ਸਿੰਘ ਸਾਹਿਬਾਨ ਵੱਲੋਂ ਪ੍ਰਵਾਨ ਕੀਤਾ ਗਿਆ ਸੀ ਕਿ ਸ੍ਰੀ ਅਕਾਲ ਤਖ਼ਤ ਨੂੰ ਛੱਡ ਕੇ ਬਾਕੀ ਚਾਰ ਤਖ਼ਤ ਸਿਰਫ਼ ਆਪਣੇ ਖੇਤਰੀ ਮਾਮਲੇ ਹੀ ਵਿਚਾਰਨਗੇ। ਜਦੋਂਕਿ ਪੰਥਕ ਮਾਮਲੇ ਸਿਰਫ਼ ਤੇ ਸਿਰਫ਼ ਸ੍ਰੀ ਅਕਾਲ ਤਖ਼ਤ ਵਿਖੇ ਹੀ ਵਿਚਾਰੇ ਜਾਣਗੇ।

ਦੱਸਣਯੋਗ ਹੈ ਕਿ ਤਖ਼ਤ ਸ੍ਰੀ ਹਜ਼ੂਰ ਸਾਹਿਬ ਵੱਲੋਂ ਇਸੇ ਮਾਮਲੇ ਵਿਚ ਮਜੀਠੀਆ ਨੂੰ ਤਨਖਾਹੀਆ ਕਰਾਰ ਦੇ ਦਿੱਤਾ ਗਿਆ ਸੀ। ਮਗਰੋਂ ਸ੍ਰੀ ਮਜੀਠੀਆ ਵੱਲੋਂ ਭੇਜੇ ਗਏ ਮੁਆਫੀਨਾਮੇ ਨੂੰ ਵੀ ਉਨ੍ਹਾਂ ਸਵੀਕਾਰ ਕਰ ਲਿਆ ਤੇ ਹਦਾਇਤ ਕੀਤੀ ਹੈ ਕਿ ਉਹ ਉਥੇ ਹਾਜ਼ਰ ਹੋ ਕੇ ਤਨਖਾਹ ਲਗਵਾਏ ਤੇ ਤਨਖਾਹ ਪੂਰੀ ਕਰਨ ਮਗਰੋਂ ਉਸ ਨੂੰ ਮੁਆਫ ਕੀਤਾ ਜਾਵੇਗਾ। ਇਸ ਕਾਰਵਾਈ ਮਗਰੋਂ ਮਜੀਠੀਆ ਨੇ ਆਖਿਆ ਕਿ ਉਨ੍ਹਾਂ ਕੋਲੋਂ ਅਣਜਾਣੇ ਵਿਚ ਇਹ ਗਲਤੀ ਹੋ ਗਈ ਸੀ ਜਿਸ ਲਈ ਉਨ੍ਹਾਂ ਖੁਦ ਹੀ ਮੁਆਫੀ ਮੰਗੀ ਹੈ।

ਪੰਜ ਸਿੰਘ ਸਾਹਿਬਾਨ ਵੱਲੋਂ ਜੋ ਧਾਰਮਿਕ ਸੇਵਾ ਲਾਈ ਗਈ ਹੈ, ਉਹ ਉਸ ਨੂੰ ਖਿੜੇ ਮੱਥੇ ਪ੍ਰਵਾਨ ਕਰਦੇ ਹਨ ਤੇ ਛੇਤੀ ਹੀ ਇਹ ਸੇਵਾ ਸ਼ੁਰੂ ਕਰ ਦੇਣਗੇ। ਅਕਾਲ ਤਖ਼ਤ ਵਿਖੇ ਪੇਸ਼ ਹੋਣ ਸਮੇਂ ਉਨ੍ਹਾਂ ਨਾਲ ਯੂਥ ਅਕਾਲੀ ਦਲ ਦੇ ਕਈ ਆਗੂ ਵੀ ਹਾਜ਼ਰ ਸਨ। ਇਕੱਤਰਤਾ ਤੋਂ ਬਾਅਦ ਸਿੰਘ ਸਾਹਿਬ ਨੇ ਆਖਿਆ ਕਿ ਗੁਰਦੁਆਰਾ ਸ਼ਹੀਦਾਂ ਵਿਖੇ ਕੀਰਤਨ ਰੋਕ ਕੇ ਭਾਸ਼ਣ ਦੇਣ ਦੇ ਮਾਮਲੇ ਵਿਚ ਜੇਕਰ ਸਬੂਤ ਵਜੋਂ ਕੋਈ ਸੀ.ਡੀ ਆਦਿ ਪੇਸ਼ ਕਰਦਾ ਹੈ ਤਾਂ ਇਸ ਮਾਮਲੇ ਵਿਚ ਵੀ ਮਜੀਠੀਆ ਖਿਲਾਫ਼ ਕਾਰਵਾਈ ਹੋ ਸਕਦੀ ਹੈ।

## ਗਿਆਨੀ ਇਕਬਾਲ ਸਿੰਘ ਨੂੰ ਮੀਟਿੰਗ ਵਿਚਾਲੇ ਛੱਡ ਕੇ ਜਾਣਾ ਪਿਆ

**ਅੰਮ੍ਰਿਤਸਰ:** ਇਥੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਸ਼ਾਮਲ ਹੋਣ ਲਈ ਆਏ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਇਕਬਾਲ ਸਿੰਘ ਦੀ ਸ਼ਮੂਲੀਅਤ 'ਤੇ ਇਤਰਾਜ਼ ਕੀਤੇ ਜਾਣ ਕਾਰਨ ਉਨ੍ਹਾਂ ਨੂੰ ਮੀਟਿੰਗ ਵਿਚਾਲੇ ਹੀ ਛੱਡ ਕੇ ਜਾਣਾ ਪਿਆ। ਦੂਜੇ ਪਾਸੇ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਆਖਿਆ ਕਿ ਸਿਹਤ ਠੀਕ ਨਾ ਹੋਣ ਕਾਰਨ ਗਿਆਨੀ ਇਕਬਾਲ ਸਿੰਘ ਨੂੰ ਮੀਟਿੰਗ ਵਿਚਾਲੇ ਛੱਡਣੀ ਪਈ ਹੈ। ਮਿਲੇ ਵੇਰਵਿਆਂ ਮੁਤਾਬਕ ਜਦੋਂ ਇਕੱਤਰਤਾ ਸ਼ੁਰੂ ਹੋਣ ਲੱਗੀ ਤਾਂ ਉਥੇ ਹਾਜ਼ਰ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਬਲਵੰਤ ਸਿੰਘ ਨੰਦਗੜ੍ਹ ਵੱਲੋਂ ਇਤਰਾਜ਼ ਪ੍ਰਗਟਾਇਆ ਗਿਆ। ਉਨ੍ਹਾਂ ਆਖਿਆ ਕਿ ਤਖ਼ਤ ਸ੍ਰੀ ਪਟਨਾ ਸਾਹਿਬ ਦੀ ਪ੍ਰਬੰਧਕੀ ਕਮੇਟੀ ਵੱਲੋਂ ਗਿਆਨੀ ਇਕਬਾਲ ਸਿੰਘ ਨੂੰ ਪਹਿਲਾਂ ਮੁਅੱਤਲ ਤੇ ਮਗਰੋਂ ਬਰਖ਼ਾਸਤ ਕਰ ਦਿੱਤਾ ਗਿਆ ਹੈ। ਇਸ ਲਈ ਬਰਖ਼ਾਸਤ ਕੀਤੇ ਗਏ ਜਥੇਦਾਰ ਨੂੰ ਮੀਟਿੰਗ ਵਿਚ ਸ਼ਾਮਲ ਨਹੀਂ ਕੀਤਾ ਜਾਣਾ ਚਾਹੀਦਾ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇਕਰ ਗਿਆਨੀ ਇਕਬਾਲ ਸਿੰਘ ਨੂੰ ਇਕੱਤਰਤਾ ਵਿਚ ਸ਼ਾਮਲ ਕੀਤਾ ਗਿਆ ਤਾਂ ਉਹ ਇਕੱਤਰਤਾ ਛੱਡ ਕੇ ਚਲੇ ਜਾਣਗੇ।



ਇਸ ਦੌਰਾਨ ਉਹ ਕੁਝ ਸਮੇਂ ਲਈ ਇਕੱਤਰਤਾ ਛੱਡ ਕੇ ਉਪਰ ਗਿਆਨੀ ਗੁਰਬਚਨ ਸਿੰਘ ਦੇ ਗ੍ਰਹਿ ਵਿਖੇ ਵੀ ਚਲੇ ਗਏ। ਉਨ੍ਹਾਂ ਨੂੰ ਮਨਾਉਣ ਲਈ ਮੀਟਿੰਗ ਵਿਚ ਹਾਜ਼ਰ ਅੰਤ੍ਰਿੰਗ ਕਮੇਟੀ ਮੈਂਬਰ ਭਾਈ ਰਜਿੰਦਰ ਸਿੰਘ ਮਹਿਤਾ ਤੇ ਹੋਰਨਾਂ ਵੱਲੋਂ ਜ਼ੋਰ ਲਾਇਆ ਗਿਆ। ਅਖ਼ੀਰ ਗਿਆਨੀ ਇਕਬਾਲ ਸਿੰਘ ਨੂੰ ਮਨਾਇਆ ਗਿਆ ਤੇ ਉਹ ਇਕੱਤਰਤਾ ਵਿਚਾਲੇ ਹੀ ਛੱਡ ਕੇ ਚਲੇ ਗਏ। ਸ. ਮਜੀਠੀਆ ਦੇ ਮਾਮਲੇ ਨੂੰ ਵਿਚਾਰਨ ਲਈ ਪੰਜ ਸਿੰਘ ਸਾਹਿਬਾਨ ਦੀ ਇਸ ਇਕੱਤਰਤਾ ਵਿਚ ਗਿਆਨੀ ਇਕਬਾਲ ਸਿੰਘ ਦੀ ਥਾਂ ਅਕਾਲ ਤਖ਼ਤ ਦੇ ਹੈੱਡ ਗ੍ਰੰਥੀ ਗਿਆਨੀ ਗੁਰਮੁਖ ਸਿੰਘ ਨੂੰ ਸੱਦਿਆ ਗਿਆ।

ਇਕੱਤਰਤਾ ਤੋਂ ਪਹਿਲਾਂ ਤਖ਼ਤ ਸ੍ਰੀ ਪਟਨਾ ਸਾਹਿਬ ਪ੍ਰਬੰਧਕੀ ਕਮੇਟੀ ਦੇ ਸੁਪਰਡੈਂਟ ਅਵਤਾਰ ਸਿੰਘ ਨੇ ਗਿਆਨੀ ਗੁਰਬਚਨ ਸਿੰਘ ਨਾਲ ਮੁਲਾਕਾਤ ਕਰਕੇ ਉਨ੍ਹਾਂ ਨੂੰ ਪ੍ਰਬੰਧਕੀ ਕਮੇਟੀ ਵੱਲੋਂ ਗਿਆਨੀ ਇਕਬਾਲ ਸਿੰਘ ਨੂੰ ਬਰਖ਼ਾਸਤ ਕਰਨ ਵਾਲਾ ਪੱਤਰ ਸੌਂਪਿਆ। ਇਸ ਪੱਤਰ ਵਿਚ ਜਾਂਚ ਕਮੇਟੀ ਦੀ ਰਿਪੋਰਟ ਦਾ ਹਵਾਲਾ ਦਿੰਦਿਆਂ ਦੱਸਿਆ ਗਿਆ ਹੈ ਕਿ ਜਾਂਚ ਕਮੇਟੀ ਦੀ ਰਿਪੋਰਟ ਦੇ ਆਧਾਰ 'ਤੇ ਗਿਆਨੀ ਇਕਬਾਲ ਸਿੰਘ ਨੂੰ ਜਥੇਦਾਰ ਦੇ ਅਹੁਦੇ ਤੋਂ ਹਮੇਸ਼ਾ ਲਈ ਬਰਖ਼ਾਸਤ ਕਰ ਦਿੱਤਾ ਗਿਆ ਹੈ।

ਪ੍ਰਬੰਧਕੀ ਕਮੇਟੀ ਨੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੂੰ ਅਪੀਲ ਕੀਤੀ ਹੈ ਕਿ ਭਵਿੱਖ ਵਿਚ ਗਿਆਨੀ ਇਕਬਾਲ ਸਿੰਘ ਨੂੰ ਇਕੱਤਰਤਾ ਵਿਚ ਸ਼ਾਮਲ ਨਾ ਕੀਤਾ ਜਾਵੇ ਤੇ ਤਖ਼ਤ ਸ੍ਰੀ ਪਟਨਾ ਸਾਹਿਬ ਦੀ ਨੁਮਾਇੰਦਗੀ ਵਾਸਤੇ ਪ੍ਰਬੰਧਕੀ ਕਮੇਟੀ ਨੂੰ ਸੂਚਿਤ ਕੀਤਾ ਜਾਵੇ। ਇਸ ਪੱਤਰ ਦੀਆਂ ਕਾਪੀਆ ਹੋਰ ਸਿੰਘ ਸਾਹਿਬਾਨ ਸਮੇਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੂੰ ਵੀ ਭੇਜੀਆਂ ਗਈਆਂ ਹਨ। ਦੂਜੇ ਪਾਸੇ ਗਿਆਨੀ ਗੁਰਬਚਨ ਸਿੰਘ ਨੇ ਇਹ ਮੰਨਣ ਤੋਂ ਇਨਕਾਰ ਕੀਤਾ ਹੈ ਕਿ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਗਿਆਨੀ ਇਕਬਾਲ ਸਿੰਘ ਦੀ ਬਤੌਰ ਜਥੇਦਾਰ ਸ਼ਮੂਲੀਅਤ 'ਤੇ ਇਤਰਾਜ਼ ਹੋਇਆ ਹੈ। ਉਨ੍ਹਾਂ ਆਖਿਆ ਕਿ ਗਿਆਨੀ ਇਕਬਾਲ ਸਿੰਘ ਦੀ ਸਿਹਤ ਅਚਨਚੇਤੀ ਖਰਾਬ ਹੋ ਗਈ ਸੀ, ਜਿਸ ਕਾਰਨ ਉਹ ਮੀਟਿੰਗ ਵਿਚਾਲੇ ਛੱਡ ਕੇ ਚਲੇ ਗਏ।


Inventory of Houses on market is getting low. When are you going to buy your home? Interest rate are still Low. Buy Now!




Madan Khatri

Call Madan Khatri 847-530-1550
www.PropertyZoo.com
Recognized as the 2013 Multi-Family Broker of the Year by the MORe* MLS Board Committee.
Interest Rates could move up!
Buy A Home anywhere in Metro NOW !!
Top Producer at the Prudential Office in 2013!
*A Broker who can work with you from Beginning to End, Call Now!*
Prudential at 25 Turner Ave, Elk Grove Village, IL

Sistar Mortgage
Minimizing Cost, Maximizing Investment
www.SistarMortgage.com



Balbir (Bill) Grewal, Loan Officer
*Residential & Commercial Loans*
(734) 330-8859 Mobile
(586) 802-7385 Fax
Balbir.Grewal@SistarMortgage.com
**Refinance up to 125% value of the house.*
*Loans Available In Most States!*
>100% FHA Financing >Residential (Purchase & *Refinance) >Self Employed >Cash Out Refinance >Investment Property Loans >Jumbo Loans >Commercial Property With Business or Business Only



ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
$25 2,500 Minutes
ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ।
✓ ਵਧੀਆ, ਸਾਫ਼ ਆਵਾਜ਼
✓ ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ
✓ ਬਗੈਰ ਪਿੰਨ ਤੋਂ ਵਰਤੋ
✓ ਸਪੀਡ ਵਾਲੇ ਨੰਬਰ ਸੈਟ ਕਰੋ
Limited Time Offer. Restrictions & Additional Fees Apply.
800.914.1013 • 408.659.9400

# ਐਤਕੀਂ ਵੋਟ ਦੀ ਸ਼ਕਤੀ ਬਾਰੇ ਜਾਗਰੂਕ ਹੋਈਆਂ ਪੰਜਾਬਣਾਂ

**ਚੰਡੀਗੜ੍ਹ:** ਇਸ ਵਾਰ ਲੋਕ ਸਭਾ ਚੋਣਾਂ ਵਿਚ ਔਰਤਾਂ ਨੇ ਵੋਟਾਂ ਪਾਉਣ ਵਿਚ ਮਰਦਾਂ ਨੂੰ ਪਛਾੜ ਦਿੱਤਾ ਹੈ। ਸੂਬੇ ਦੀਆਂ 13 ਸੀਟਾਂ ਲਈ ਕੁੱਲ 70.89 ਫ਼ੀਸਦੀ ਵੋਟਾਂ ਪਈਆਂ। ਇਸ ਵਿਚੋਂ ਮਹਿਲਾਵਾਂ ਦੀਆਂ 71.11 ਤੇ ਮਰਦਾਂ ਦੀਆਂ 70.77 ਫ਼ੀਸਦੀ ਵੋਟਾਂ ਹਨ। ਸਾਲ 2009 ਦੀਆਂ ਲੋਕ ਸਭਾ ਚੋਣਾਂ ਦੌਰਾਨ ਔਰਤਾਂ ਦੀਆਂ ਭੁਗਤੀਆਂ ਵੋਟਾਂ ਦੀ ਪ੍ਰਤੀਸ਼ਤਤਾ ਮਰਦਾਂ ਦੇ ਮੁਕਾਬਲੇ ਘੱਟ ਸੀ। ਪੰਜ ਸਾਲ ਪਹਿਲਾਂ 70.44 ਫ਼ੀਸਦੀ ਮਰਦਾਂ ਤੇ 69.55 ਫ਼ੀਸਦੀ ਮਹਿਲਾਵਾਂ ਨੇ ਵੋਟਾਂ ਪਾਈਆਂ ਸਨ। ਉਦੋਂ ਕੁੱਲ ਪ੍ਰਤੀਸ਼ਤਤਾ 70 ਫ਼ੀਸਦੀ ਸੀ।

ਇਸ ਵਾਰੀ ਹੁਸ਼ਿਆਰਪੁਰ ਲੋਕ ਸਭਾ ਹਲਕੇ ਵਿਚ ਸਭ ਤੋਂ ਜ਼ਿਆਦਾ ਮਹਿਲਾਵਾਂ ਦੀਆਂ ਵੋਟਾਂ ਭੁਗਤੀਆਂ। ਇਸ ਹਲਕੇ ਵਿਚ 62.75 ਫ਼ੀਸਦੀ ਮਰਦ ਤੇ 67.84 ਫ਼ੀਸਦੀ ਮਹਿਲਾਵਾਂ ਨੇ ਵੋਟਾਂ ਪਾਈਆਂ। ਆਨੰਦਪੁਰ ਸਾਹਿਬ ਹਲਕਾ ਇਸ ਮਾਮਲੇ ਵਿਚ ਦੂਜੇ ਨੰਬਰ 'ਤੇ ਹੈ। ਅੰਮ੍ਰਿਤਸਰ ਤੇ ਲੁਧਿਆਣਾ ਦੋ ਹਲਕੇ ਅਜਿਹੇ ਹਨ ਜਿਥੇ ਮਰਦਾਂ ਦੀਆਂ ਵੋਟਾਂ ਜ਼ਿਆਦਾ ਪਈਆਂ।

ਅੰਮ੍ਰਿਤਸਰ ਵਿਚ 69.56 ਫ਼ੀਸਦੀ ਮਰਦ ਤੇ 67.45 ਫ਼ੀਸਦੀ ਔਰਤਾਂ ਨੇ ਵੋਟਾਂ ਪਾਈਆਂ। ਬਠਿੰਡਾ ਵਿਚ ਸੂਬਾਈ ਔਸਤ ਤੋਂ ਜ਼ਿਆਦਾ ਵੋਟਾਂ ਪਈਆਂ। ਇਸ ਹਲਕੇ ਵਿਚ 77.48 ਫ਼ੀਸਦੀ ਵੋਟਾਂ ਪਈਆਂ। ਇਥੋਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਪਰਿਵਾਰ ਤੇ ਉਨ੍ਹਾਂ ਦੇ ਭਤੀਜੇ ਮਨਪ੍ਰੀਤ ਸਿੰਘ ਬਾਦਲ ਦਾ ਵੱਕਾਰ ਦਾਅ 'ਤੇ ਲੱਗਾ ਹੋਇਆ ਹੈ।

ਲੁਧਿਆਣਾ ਵਿਚ ਮਹਿਲਾ ਵੋਟਾਂ ਦੇ ਘੱਟ ਪੈਣ ਕਾਰਨ ਸਨਅਤੀ ਮਜ਼ਦੂਰਾਂ ਦੀਆਂ ਵੋਟਾਂ ਮੰਨੀਆਂ ਜਾਂਦੀਆਂ ਹਨ। ਇਨ੍ਹਾਂ ਤੱਥਾਂ ਤੋਂ ਇਹ ਵੀ ਦੇਖਿਆ ਗਿਆ ਹੈ ਕਿ ਸ਼ਹਿਰੀ ਵਿਧਾਨ ਸਭਾ ਹਲਕਿਆਂ ਵਿਚ ਵੋਟਾਂ ਘੱਟ ਪਈਆਂ ਜਦੋਂ ਕਿ ਦਿਹਾਤੀ ਹਲਕਿਆਂ ਵਿਚ ਜ਼ਿਆਦਾ ਵੋਟ ਪਏ। ਸ਼ਹਿਰੀ ਖੇਤਰਾਂ ਵਿਚ ਪ੍ਰਤੀਸ਼ਤਤਾ 70 ਫ਼ੀਸਦੀ ਤੋਂ ਹੇਠਾਂ ਤੇ ਦਿਹਾਤੀ ਹਲਕਿਆਂ ਵਿਚ ਜ਼ਿਆਦਾਤਰ ਥਾਵਾਂ 'ਤੇ 70 ਫ਼ੀਸਦੀ ਤੋਂ ਉਪਰ ਪ੍ਰਤੀਸ਼ਤਤਾ ਰਹੀ।

ਤਿੰਨ ਵਿਧਾਨ ਸਭਾ ਹਲਕੇ ਅਜਿਹੇ ਹਨ ਜਿਥੇ ਵੋਟਾਂ 80 ਫ਼ੀਸਦੀ ਤੋਂ ਜ਼ਿਆਦਾ ਪਈਆਂ। ਇਨ੍ਹਾਂ ਵਿਚ ਬੁਢਲਾਡਾ 82.37 ਫ਼ੀਸਦੀ, ਸਰਦੂਲਗੜ੍ਹ 81.23 ਫ਼ੀਸਦੀ ਤੇ ਸੁਨਾਮ ਵਿਚ 81.84 ਫ਼ੀਸਦੀ ਵੋਟਾਂ ਪਈਆਂ। ਅੰਮ੍ਰਿਤਸਰ ਪੱਛਮੀ ਹਲਕੇ ਵਿਚ 60.57 ਫ਼ੀਸਦੀ ਹੀ ਵੋਟ ਪਏ ਜੋ ਸਾਰੇ ਪੰਜਾਬ ਤੋਂ ਘੱਟ ਪ੍ਰਤੀਸ਼ਤਤਾ ਹੈ। ਵੋਟ ਪ੍ਰਤੀਸ਼ਤਤਾ ਤੋਂ ਇਹ ਵੀ ਦੇਖਿਆ ਗਿਆ ਹੈ ਕਿ ਜਿਨ੍ਹਾਂ ਹਲਕਿਆਂ ਵਿਚ ਮਹਿਲਾ ਉਮੀਦਵਾਰ ਮੁਕਾਬਲੇ ਵਿਚ ਸਨ, ਉਥੇ ਵੀ ਔਰਤਾਂ ਮਰਦਾਂ ਨਾਲੋਂ ਜ਼ਿਆਦਾ ਵੋਟਾਂ ਨਹੀਂ ਪਾ ਸਕੀਆਂ।

ਪਟਿਆਲਾ ਵਿਚ ਔਰਤਾਂ ਦੀ ਪ੍ਰਤੀਸ਼ਤਤਾ 70.88 ਅਤੇ ਮਰਦਾਂ ਦੀ ਪ੍ਰਤੀਸ਼ਤਤਾ 71.54 ਰਹੀ। ਇਥੋਂ ਵਿਦੇਸ਼ ਰਾਜ ਮੰਤਰੀ ਪ੍ਰਨੀਤ ਕੌਰ ਮੈਦਾਨ ਵਿਚ ਹਨ। ਫਰੀਦਕੋਟ ਤੋਂ 71.86 ਫ਼ੀਸਦੀ ਮਰਦ ਤੇ 71.01 ਫ਼ੀਸਦੀ ਮਹਿਲਾਵਾਂ ਨੇ ਵੋਟਾਂ ਪਾਈਆਂ। ਇਥੋਂ ਅਕਾਲੀ ਦਲ ਦੀ ਸਿਟਿੰਗ ਐਮ.ਪੀ ਪਰਮਜੀਤ ਕੌਰ ਗੁਲਸ਼ਨ ਮੈਦਾਨ ਵਿਚ ਹਨ। ਇਸੇ ਤਰ੍ਹਾਂ ਬਠਿੰਡਾ ਵਿਚ ਮਰਦਾਂ ਦੇ ਮੁਕਾਬਲੇ ਵਿਚ ਮਾਮੂਲੀ ਫ਼ਰਕ ਨਜ਼ਰ ਆਇਆ ਹੈ। ਇਸ ਹਲਕੇ ਵਿਚ 77.57 ਫ਼ੀਸਦੀ ਮਰਦਾਂ ਤੇ 77.38 ਫ਼ੀਸਦੀ ਮਹਿਲਾਵਾਂ ਨੇ ਵੋਟਾਂ ਪਾਈਆਂ। ਵੋਟ ਪ੍ਰਤੀਸ਼ਤਤਾ ਨੂੰ ਸਾਰੀਆਂ ਹੀ ਪਾਰਟੀਆਂ ਦੇ ਉਮੀਦਵਾਰਾਂ ਵੱਲੋਂ ਆਪੋ ਆਪਣੇ ਪੱਖ ਵਿਚ ਭੁਗਤਨ ਦਾ ਦਾਅਵਾ ਕੀਤਾ ਜਾ ਰਿਹਾ ਹੈ। ਕਈ ਹਲਕਿਆਂ ਵਿਚ ਜਿੱਤ ਦੀ ਆਸ ਲਾਈ ਬੈਠੇ ਉਮੀਦਵਾਰਾਂ ਦੀਆਂ ਚਿੰਤਾਵਾਂ ਵੀ ਵਧ ਗਈਆਂ ਹਨ।



## ਕਿੱਥੇ ਕਿੰਨੀਆਂ ਵੋਟਾਂ ਭੁਗਤੀਆਂ

ਗੁਰਦਾਸਪੁਰ ਵਿਚ 1042208 (70.22 ਫ਼ੀਸਦੀ), ਅੰਮ੍ਰਿਤਸਰ 1007159 (68.51 ਫ਼ੀਸਦੀ), ਖਡੂਰ ਸਾਹਿਬ 1039580 (67.10 ਫ਼ੀਸਦੀ), ਜਲੰਧਰ 1040655 (67.25 ਫ਼ੀਸਦੀ), ਹੁਸ਼ਿਆਰਪੁਰ 960321 (65.29 ਫ਼ੀਸਦੀ), ਆਨੰਦਪੁਰ ਸਾਹਿਬ 1087021 (69.94 ਫ਼ੀਸਦੀ), ਲੁਧਿਆਣਾ 1101906 (70.27 ਫ਼ੀਸਦੀ), ਫ਼ਤਹਿਗੜ੍ਹ ਸਾਹਿਬ 1031595 (74.05 ਫ਼ੀਸਦੀ), ਫ਼ਰੀਦਕੋਟ 1031416 (71.44 ਫ਼ੀਸਦੀ), ਫ਼ਿਰੋਜ਼ਪੁਰ 1105129 (72.79 ਫ਼ੀਸਦੀ), ਬਠਿੰਡਾ 1176498 (77.48 ਫ਼ੀਸਦੀ), ਸੰਗਰੂਰ 1099505 (77.78 ਫ਼ੀਸਦੀ) ਤੇ ਪਟਿਆਲਾ ਵਿਚ 1120203 (71.21 ਫ਼ੀਸਦੀ) ਵੋਟਾਂ ਪਈਆਂ।

## ਚੋਣ ਕਮਿਸ਼ਨ ਦੀ ਉਮੀਦ ਤੋਂ ਉਲਟ ਰਹੇ ਅੰਕੜੇ

ਚੋਣ ਕਮਿਸ਼ਨ ਨੂੰ ਇਸ ਵਾਰੀ 75 ਤੋਂ 80 ਫ਼ੀਸਦੀ ਦੇ ਦਰਮਿਆਨ ਵੋਟਾਂ ਪੈਣ ਦੀ ਉਮੀਦ ਸੀ। ਕਮਿਸ਼ਨ ਵੱਲੋਂ ਇਸ ਵਾਰੀ ਵੋਟ ਭੁਗਤਾਉਣ ਲਈ ਕੀਤੇ ਭਰਵੇਂ ਪ੍ਰਚਾਰ ਦੇ ਬਾਵਜੂਦ ਮਹਿਜ਼ ਇਕ ਫ਼ੀਸਦੀ ਦਾ ਵਾਧਾ ਹੋਇਆ। ਚੋਣ ਅਧਿਕਾਰੀਆਂ ਦਾ ਕਹਿਣਾ ਹੈ ਕਿ ਵੋਟ ਪ੍ਰਤੀਸ਼ਤਤਾ ਮਿਥੇ ਗਏ ਟੀਚੇ ਤੱਕ ਨਾ ਪਹੁੰਚਣ ਦਾ ਕਾਰਨ ਕਣਕ ਦੀ ਵਾਢੀ ਦੇਰੀ ਨਾਲ ਸ਼ੁਰੂ ਹੋਣਾ ਹੀ ਸਮਝਿਆ ਜਾ ਰਿਹਾ ਹੈ।

ਤਾਜ਼ਾ ਅੰਕੜਿਆਂ ਮੁਤਾਬਕ ਸੰਗਰੂਰ ਲੋਕ ਸਭਾ ਹਲਕਾ ਵੋਟਾਂ ਪੈਣ ਦੇ ਮਾਮਲੇ ਵਿਚ ਨੰਬਰ ਇਕ ਹੈ ਤੇ ਬਠਿੰਡਾ ਵੀ ਇਸ ਹਲਕੇ ਦੇ ਨਜ਼ਦੀਕ ਹੀ ਹੈ। ਸੰਗਰੂਰ ਵਿਚ 77.78 ਫ਼ੀਸਦੀ ਤੇ ਬਠਿੰਡਾ ਵਿਚ 77.48 ਫ਼ੀਸਦੀ ਵੋਟ ਪਏ। ਹੁਸ਼ਿਆਰਪੁਰ ਵਿਚ ਸਭ ਤੋਂ ਘੱਟ 65.29 ਫ਼ੀਸਦੀ ਵੋਟਾਂ ਪਈਆਂ। ਪੰਜਾਬ ਵਿਚ ਹੁਸ਼ਿਆਰਪੁਰ ਜ਼ਿਲ੍ਹਾ ਵੱਧ ਪੜ੍ਹੇ ਲਿਖੇ ਲੋਕਾਂ ਦਾ ਮੰਨਿਆ ਜਾਂਦਾ ਹੈ। ਇਹ ਦੇਖਿਆ ਗਿਆ ਹੈ ਕਿ ਜਿਨ੍ਹਾਂ ਪਾਰਲੀਮਾਨੀ ਹਲਕਿਆਂ ਵਿਚ ਉਮੀਦਵਾਰਾਂ ਦਾ ਵੱਕਾਰ ਦਾਅ 'ਤੇ ਲੱਗਾ ਹੋਇਆ ਸੀ, ਉਥੇ ਵੋਟਾਂ ਜ਼ਿਆਦਾ ਪਈਆਂ।

# ਆਮ ਆਦਮੀ ਪਾਰਟੀ ਨੂੰ ਪੰਜਾਬ ਵਿਚ ਵੱਡੀ ਉਮੀਦ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਦੇ ਆਗੂਆਂ ਵੱਲੋਂ ਲੋਕ ਸਭਾ ਚੋਣਾਂ ਦੌਰਾਨ ਪੰਜਾਬ ਦੇ ਵੋਟਰਾਂ ਤੋਂ ਮਿਲੇ ਸਮਰਥਨ ਪਿੱਛੋਂ ਚੋਣ ਨਤੀਜਿਆਂ ਵਿਚ ਵੱਡਾ ਉਲਟ-ਫੇਰ ਹੋਣ ਦੇ ਦਾਅਵੇ ਵੀ ਕੀਤੇ ਜਾਣ ਲੱਗ ਪਏ ਹਨ। ਪਾਰਟੀ ਦੀ ਲੀਡਰਸ਼ਿਪ ਪੰਜਾਬ ਦੀਆਂ ਸਾਰੀਆਂ ਸੀਟਾਂ ਉੱਤੇ ਵੋਟਰਾਂ ਦੇ ਮਿਲੇ ਹੁੰਗਾਰੇ ਤੋਂ ਉਤਸ਼ਾਹਤ ਹੈ। ਜਿਨ੍ਹਾਂ ਹਲਕਿਆਂ ਵਿਚ ਪਾਰਟੀ ਨੂੰ ਖੁਦ ਬਹੁਤੇ ਸਮਰਥਨ ਦੀ ਆਸ ਨਹੀਂ ਸੀ, ਉਨ੍ਹਾਂ ਹਲਕਿਆਂ ਵਿਚੋਂ ਵੀ ਪਾਰਟੀ ਲੀਡਰਸ਼ਿਪ ਕੋਲ ਪਹੁੰਚੀਆਂ ਰਿਪੋਰਟਾਂ ਨੇ ਉਨ੍ਹਾਂ ਨੂੰ ਢਾਰਸ ਬੰਨ੍ਹਾਈ ਹੈ।

ਪਾਰਟੀ ਨੇ ਹੋਰਾਂ ਸੂਬਿਆਂ ਵਿਚ ਚੋਣ ਪ੍ਰਚਾਰ ਲਈ ਵੱਖ-ਵੱਖ ਟੀਮਾਂ ਬਣਾਈਆਂ ਹਨ। ਭਗਵੰਤ ਮਾਨ ਅਮੇਠੀ ਤੇ ਵਾਰਾਣਸੀ ਤੋਂ ਬਾਅਦ ਉਤਰਾਖੰਡ ਦੇ ਨੈਨੀਤਾਲ ਹਲਕੇ ਵਿਚ ਵੀ ਚੋਣ ਪ੍ਰਚਾਰ ਕਰਨਗੇ। ਜੱਸੀ ਜਸਰਾਜ, ਐਡਵੋਕੇਟ ਹਰਵਿੰਦਰ ਸਿੰਘ ਫੂਲਕਾ, ਐਡਵੋਕੇਟ ਹਿੰਮਤ ਸਿੰਘ ਸ਼ੇਰਗਿੱਲ ਤੇ ਕੁਝ ਹੋਰ ਉਮੀਦਵਾਰਾਂ ਨੂੰ ਹਿਮਾਚਲ ਪ੍ਰਦੇਸ਼ ਭੇਜਿਆ ਗਿਆ ਹੈ। ਉਧਰ, ਆਮ ਆਦਮੀ ਪਾਰਟੀ ਨੇ ਹੁਕਮਰਾਨ ਅਕਾਲੀ-ਭਾਜਪਾ ਗੱਠਜੋੜ ਉੱਤੇ ਚੋਣਾਂ ਵਿਚ ਸ਼ਰੇਆਮ ਧਾਂਦਲੀਆਂ ਕਰਨ ਦਾ ਦੋਸ਼ ਲਾਉਂਦਿਆਂ ਚੋਣ ਕਮਿਸ਼ਨ ਕੋਲੋਂ ਸਾਰੇ ਮਾਮਲਿਆਂ ਦੀ ਜਾਂਚ ਦੀ ਮੰਗ ਕੀਤੀ ਹੈ। ਪਾਰਟੀ ਨੇ ਪਟਿਆਲਾ ਹਲਕੇ ਤੋਂ 'ਆਪ' ਦੇ ਉਮੀਦਵਾਰ ਡਾ. ਧਰਮਵੀਰ ਗਾਂਧੀ ਉੱਤੇ ਅਕਾਲੀ-ਭਾਜਪਾ ਵਰਕਰਾਂ ਵੱਲੋਂ ਕੀਤੇ ਹਮਲੇ ਦੀ ਨਿੰਦਾ ਕੀਤੀ ਹੈ। ਪਾਰਟੀ ਦੇ ਸੂਬਾਈ ਕਨਵੀਨਰ ਸੁਮੇਲ ਸਿੰਘ ਸਿੱਧੂ ਤੇ ਬੁਲਾਰੇ ਪ੍ਰੋ. ਮਨਜੀਤ ਸਿੰਘ ਨੇ ਦੋਸ਼ ਲਾਇਆ ਕਿ ਹੁਕਮਰਾਨ ਗੱਠਜੋੜ ਪੰਜਾਬ ਵਿਚ 'ਆਪ' ਨੂੰ ਮਿਲੇ ਹੁੰਗਾਰੇ ਤੋਂ ਬੁਖਲਾ ਗਿਆ ਹੈ ਤੇ ਥਾਂ-ਥਾਂ ਚੋਣ ਧਾਂਦਲੀਆਂ ਕੀਤੀਆਂ ਹਨ।

ਡਾ. ਗਾਂਧੀ ਉੱਤੇ ਕੀਤੇ ਹਮਲੇ ਤੋਂ ਹੁਕਮਰਾਨ ਧਿਰ ਦੀ ਬੁਖਲਾਹਟ ਸਾਫ਼ ਝਲਕਦੀ ਹੈ। ਉਨ੍ਹਾਂ ਦੱਸਿਆ ਕਿ ਖਡੂਰ ਸਾਹਿਬ ਹਲਕੇ ਵਿਚ 'ਆਪ' ਦੇ ਚੋਣ ਏਜੰਟ ਦੀ ਮਾਰਕੁੱਟ ਕੀਤੀ ਗਈ।ਇਸੇ ਤਰ੍ਹਾਂ ਸੰਗਰੂਰ ਵਿਚ ਵੀ ਪਾਰਟੀ ਵਰਕਰਾਂ ਦੀ ਕੁੱਟਮਾਰ ਕੀਤੀ ਗਈ। ਬਠਿੰਡਾ ਹਲਕੇ ਦੇ ਗੋਨਿਆਣਾ ਵਿਚ ਸ਼ਰੇਆਮ ਪੈਸੇ ਵੰਡ ਰਹੇ ਹੁਕਮਰਾਨ ਧਿਰ ਦੇ ਸਮਰਥਕਾਂ ਨੂੰ 'ਆਪ' ਦੇ ਵਲੰਟੀਅਰਾਂ ਦੀ ਸ਼ਿਕਾਇਤ ਦੇ ਬਾਵਜੂਦ ਪੁਲਿਸ ਨੇ ਗ੍ਰਿਫ਼ਤਾਰ ਨਹੀਂ ਕੀਤਾ।

# ਵੋਟਾਂ ਪੈਣ ਪਿੱਛੋਂ ਪੰਜਾਬ ਕਾਂਗਰਸ ਦੇ ਹੌਸਲੇ ਬੁਲੰਦ

## ਡਰੱਗ ਮਾਫੀਏ ਦਾ ਕੇਸ ਇਕ ਵਾਰ ਫਿਰ ਚੁੱਕਿਆ; ਸੀ.ਬੀ.ਆਈ. ਜਾਂਚ ਮੰਗੀ

**ਚੰਡੀਗੜ੍ਹ:** ਲੋਕ ਸਭਾ ਚੋਣਾਂ ਮਗਰੋਂ ਕਾਂਗਰਸ ਦੇ ਹੌਸਲੇ ਬੁਲੰਦ ਹੋ ਗਏ ਹਨ। ਇਸ ਲਈ ਕਾਂਗਰਸ ਨੇ ਸੂਬੇ ਵਿਚਲੇ ਡਰੱਗ ਮਾਫੀਏ ਦਾ ਮੁੱਦਾ ਹੁਣ ਸੁਪਰੀਮ ਕੋਰਟ ਵਿਚ ਉਠਾ ਕੇ ਇਸ ਦੀ ਪੜਤਾਲ ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਤੋਂ ਕਰਵਾਉਣ ਦੀ ਮੰਗ ਕਰਨ ਦਾ ਫੈਸਲਾ ਕੀਤਾ ਹੈ। ਇਸ ਦੇ ਨਾਲ ਹੀ ਕਾਂਗਰਸ ਨੇ ਬਾਦਲ, ਕੈਰੋਂ ਤੇ ਮਜੀਠੀਆ ਪਰਿਵਾਰਾਂ ਦੇ ਕਾਰੋਬਾਰ ਦੀ ਜਾਂਚ ਕਿਸੇ ਸਿਟਿੰਗ ਜੱਜ ਤੋਂ ਕਰਵਾਉਣ ਦੀ ਮੰਗ ਕੀਤੀ ਹੈ।



ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਸਾਬਕਾ ਮੁੱਖ ਮੰਤਰੀ ਤੇ ਚੋਣ ਪ੍ਰਚਾਰ ਕਮੇਟੀ ਦੀ ਚੇਅਰਪਰਸਨ ਬੀਬੀ ਰਜਿੰਦਰ ਕੌਰ ਭੱਠਲ ਨਾਲ ਇਕ ਸਾਂਝੀ ਪ੍ਰੈਸ ਕਾਨਫਰੰਸ ਵਿਚ ਐਲਾਨ ਕੀਤਾ ਕਿ ਭਾਵੇਂ ਕੌਮਾਂਤਰੀ ਡਰੱਗ ਮਾਫੀਆ ਦੇ ਸਰਗਨੇ ਜਗਦੀਸ਼ ਭੋਲਾ ਨਾਲ ਪੰਜਾਬ ਦੇ ਮੰਤਰੀ ਬਿਕਰਮ ਸਿੰਘ ਮਜੀਠੀਆ ਦੇ ਸਬੰਧਾਂ ਦੇ ਮਾਮਲੇ ਦੀ ਸੀ.ਬੀ.ਆਈ ਤੋਂ ਜਾਂਚ ਕਰਵਾਉਣ ਬਾਰੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਉਨ੍ਹਾਂ ਦੀ ਗੱਲ ਨਹੀਂ ਸੀ ਸੁਣੀ ਗਈ, ਫਿਰ ਵੀ ਹੁਣ ਉਹ ਸੁਪਰੀਮ ਕੋਰਟ ਦਾ ਦਰ ਖੜਕਾਉਣ ਲਈ ਦ੍ਰਿੜ੍ਹ ਹਨ। ਉਨ੍ਹਾਂ ਦੋਸ਼ ਲਾਇਆ ਕਿ ਪਿਛਲੇ ਦਿਨੀਂ ਕਰੋੜਾਂ ਰੁਪਏ ਦੀ ਹੈਰੋਇਨ ਸਮੇਤ ਫੜਿਆ ਗਿਆ ਇਕ ਡਰੱਗ ਸਮੱਗਲਰ ਗੁਰਦਾਸਪੁਰ ਜ਼ਿਲ੍ਹੇ ਦਾ ਅਕਾਲੀ ਆਗੂ ਨਿਕਲਿਆ।

ਇਸ ਮੌਕੇ ਉਨ੍ਹਾਂ ਕੁਝ ਫੋਟੋਆਂ ਦਿਖਾਉਂਦਿਆ ਦੱਸਿਆ ਕਿ ਗੁਰਦਾਸਪੁਰ ਦੇ ਪ੍ਰਮੁੱਖ ਅਕਾਲੀ ਆਗੂਆਂ ਨਾਲ ਇਹ ਡਰੱਗ ਸਮੱਗਲਰ ਲੋਕ ਸਭਾ ਚੋਣਾਂ ਦੌਰਾਨ ਸਟੇਜਾਂ ਸਾਂਝੀਆਂ ਕਰਦਾ ਰਿਹਾ ਹੈ। ਇਸ ਤੋਂ ਸਾਫ਼ ਹੋ ਗਿਆ ਹੈ ਕਿ ਹਰੇਕ ਪਾਸੇ ਡਰੱਗ ਮਾਫੀਆ ਨਾਲ ਹੁਕਮਰਾਨ ਪਾਰਟੀ ਦੇ ਆਗੂ ਜੁੜੇ ਹੋਏ ਹਨ।

ਉਨ੍ਹਾਂ ਮੰਗ ਕੀਤੀ ਕਿ ਬਾਦਲ, ਕੈਰੋਂ ਅਤੇ ਮਜੀਠੀਆ ਪਰਿਵਾਰਾਂ ਦੇ ਲੰਮੇ-ਚੌੜੇ ਕਾਰੋਬਾਰਾਂ ਦੀ ਜਾਂਚ ਕਿਸੇ ਸਿਟਿੰਗ ਜੱਜ ਤੋਂ ਕਰਵਾਈ ਜਾਵੇ। ਜੇਕਰ ਸਰਕਾਰ ਨੇ ਉਨ੍ਹਾਂ ਦੀ ਇਹ ਮੰਗ ਨਾ ਮੰਨੀ ਤਾਂ ਉਹ ਇਸ ਮਾਮਲੇ ਵਿਚ ਵੀ ਅਦਾਲਤੀ ਕਾਰਵਾਈ ਦਾ ਸਹਾਰਾ ਲੈਣਗੇ। ਸ. ਬਾਜਵਾ ਨੇ ਦਾਅਵਾ ਕੀਤਾ ਕਿ ਇਸ ਵਾਰ ਕਾਂਗਰਸ ਪੰਜਾਬ ਵਿਚਲੀਆਂ ਸਾਰੀਆਂ 13 ਸੀਟਾਂ ਜਿੱਤੇਗੀ। ਲੋਕ ਸਭਾ ਚੋਣਾਂ ਦੌਰਾਨ ਪੰਜਾਬ ਵਿਚ ਅਕਾਲੀ-ਭਾਜਪਾ ਗੱਠਜੋੜ ਵਿਰੁੱਧ ਵਿਆਪਕ ਰੋਹ ਦੇਖਿਆ ਗਿਆ ਜਿਸ ਕਾਰਨ ਇਸ ਵਾਰ ਕਾਂਗਰਸ ਹੂੰਝਾ ਫੇਰ ਜਿੱਤ ਹਾਸਲ ਕਰੇਗੀ। ਉਨ੍ਹਾਂ ਨੇ ਪਟਿਆਲਾ ਹਲਕੇ ਤੋਂ 'ਆਪ' ਦੇ ਉਮੀਦਵਾਰ ਡਾਕਟਰ ਧਰਮਵੀਰ ਗਾਂਧੀ ਉਪਰ ਅਕਾਲੀਆਂ ਵੱਲੋਂ ਕੀਤੇ ਹਮਲੇ ਦੀ ਸਖ਼ਤ ਨਿਖੇਧੀ ਕੀਤੀ। ਉਨ੍ਹਾਂ ਦੋਸ਼ ਲਾਇਆ ਕਿ ਇਸ ਵਾਰ ਅਕਾਲੀ ਦਲ ਨੇ ਚੋਣਾਂ ਦੌਰਾਨ ਨੋਟਾਂ ਤੇ ਹਕੂਮਤੀ ਤੰਤਰ ਦੀ ਖੁੱਲ੍ਹ ਕੇ ਵਰਤੋਂ ਕੀਤੀ ਹੈ। ਦੂਜੇ ਪਾਸੇ ਇਨ੍ਹਾਂ ਚੋਣਾਂ ਦੌਰਾਨ ਸਰਕਾਰ ਨੂੰ ਡਰੱਗ ਤੇ ਰੇਤ ਮਾਫੀਏ ਦਾ ਮੁੱਦਾ ਬੜਾ ਮਹਿੰਗਾ ਪਿਆ ਹੈ।

ਉਨ੍ਹਾਂ ਕਿਹਾ ਕਿ 16 ਮਈ ਨੂੰ ਚੋਣਾਂ ਦੇ ਨਤੀਜਿਆਂ ਦਾ ਐਲਾਨ ਹੋਣ ਦੇ ਨਾਲ ਹੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਰਾਜ ਦੇ ਪਤਨ ਦੀ ਸ਼ੁਰੂਆਤ ਹੋ ਜਾਵੇਗੀ। ਸ. ਬਾਦਲ ਨੇ ਸਿੱਖ ਸ਼ਾਸਕ ਮਹਾਰਾਜਾ ਰਣਜੀਤ ਸਿੰਘ ਦੀ ਤਰ੍ਹਾਂ ਲੋਕ ਹਿਤੈਸ਼ੀ ਸਰਕਾਰ ਬਣਾਉਣ ਦਾ ਵਾਅਦਾ ਕੀਤਾ ਸੀ ਪਰ ਪਿਛਲੇ ਸੱਤ ਸਾਲਾਂ ਦੌਰਾਨ ਇਨ੍ਹਾਂ ਨੇ ਪੂਰੀ ਤਰ੍ਹਾਂ ਉਲਟ ਕੰਮ ਕੀਤਾ ਹੈ। ਸੂਬੇ ਵਿਚ ਮਤਦਾਨ ਦੇ ਆ ਰਹੇ ਰੁਝਾਨ ਦੱਸਦੇ ਹਨ ਕਿ ਅਕਾਲੀ-ਭਾਜਪਾ ਗਠਜੋੜ ਦਾ ਸਫਾਇਆ ਹੋ ਜਾਵੇਗਾ। ਉਨ੍ਹਾਂ ਦੋਸ਼ ਲਾਇਆ ਕਿ ਉਪ-ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤੇ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਦੀ ਸ਼ਹਿ 'ਤੇ ਰੇਤ ਨੂੰ ਸੋਨੇ ਦੇ ਭਾਅ ਵੇਚਣ ਲਾ ਦਿੱਤਾ ਹੈ ਤੇ ਪੰਜਾਬ ਦੇ ਥਾਣੇ ਅਕਾਲੀ ਆਗੂਆਂ ਦੇ ਇਸ਼ਾਰਿਆਂ ਮੁਤਾਬਕ ਚੱਲ ਰਹੇ ਹਨ।

## ਮਨਮੋਹਨ ਸਰਕਾਰ ਦੀ ਰਿਪੋਰਟ ਵਿਚ ਗੁਜਰਾਤ ਦੀ ਪ੍ਰਸ਼ੰਸਾ

**ਨਵੀਂ ਦਿੱਲੀ:** ਵਣਜ ਤੇ ਸਨਅਤ ਮੰਤਰਾਲੇ ਵੱਲੋਂ ਤਿਆਰ ਕਰਵਾਈ ਰਿਪੋਰਟ ਨੇ ਗੁਜਰਾਤ ਵਿਚ ਭੂਮੀ ਗ੍ਰਹਿਣ ਕਰਨ ਦੀ ਨੀਤੀ ਨੂੰ ਬਿਹਤਰੀਨ ਕਰਾਰ ਦਿੱਤਾ ਹੈ ਅਤੇ ਕਿਹਾ ਹੈ ਕਿ ਹੋਰ ਰਾਜ ਵੀ ਆਪੋ-ਆਪਣੇ ਖੇਤਰਾਂ ਵਿਚ ਕਾਰੋਬਾਰੀ ਵਾਤਾਵਰਨ ਸੁਧਾਰਨ ਲਈ ਇਸੇ ਨੀਤੀ ਦੀ ਤਰਜ਼ 'ਤੇ ਆਪਣੀ ਨੀਤੀ ਘੜ ਸਕਦੇ ਹਨ। ਇਹ ਰਿਪੋਰਟ ਕੰਸਲਟੈਂਸੀ ਫਰਮ 'ਐਕਸੈਂਚਿਉਰ' ਵੱਲੋਂ ਤਿਆਰ ਕੀਤੀ ਗਈ ਹੈ।

ਰਿਪੋਰਟ ਵਿਚ ਕਰਨਾਟਕ ਤੇ ਮਹਾਰਾਸ਼ਟਰ ਸਰਕਾਰ ਦੀਆਂ ਨੀਤੀਆਂ ਦੀ ਵੀ ਪ੍ਰਸ਼ੰਸਾ ਕੀਤੀ ਗਈ ਹੈ। ਇਸ ਰਿਪੋਰਟ ਬਾਰੇ ਨਰੇਂਦਰ ਮੋਦੀ ਨੇ ਕਿਹਾ ਹੈ ਕਿ ਹੁਣ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਅਤੇ ਮੀਤ ਪ੍ਰਧਾਨ ਰਾਹੁਲ ਗਾਂਧੀ ਦੇ ਮੂੰਹ ਬੰਦ ਹੋ ਜਾਣੇ ਚਾਹੀਦੇ ਹਨ ਕਿਉਂਕਿ ਉਨ੍ਹਾਂ ਦੀ ਸਰਕਾਰ ਹੀ ਗੁਜਰਾਤ ਸਰਕਾਰ ਦੀ ਨੀਤੀ ਅਤੇ ਤੌਰ-ਤਰੀਕਿਆਂ ਨੂੰ ਬਿਹਤਰੀਨ ਮੰਨ ਰਹੀ ਹੈ।

## ਚੋਣ ਖਰਚੇ ਬਾਰੇ ਕੈਪਟਨ ਤੇ ਜੇਤਲੀ ਦੀ ਜਵਾਬ ਤਲਬੀ

**ਅੰਮ੍ਰਿਤਸਰ:** ਜ਼ਿਲ੍ਹਾ ਚੋਣ ਅਧਿਕਾਰੀ ਨੇ ਅੰਮ੍ਰਿਤਸਰ ਲੋਕ ਸਭਾ ਹਲਕੇ ਤੋਂ ਚੋਣ ਲੜ ਰਹੇ ਭਾਜਪਾ ਉਮੀਦਵਾਰ ਅਰੁਣ ਜੇਤਲੀ ਤੇ ਕਾਂਗਰਸ ਉਮੀਦਵਾਰ ਕੈਪਟਨ ਅਮਰਿੰਦਰ ਸਿੰਘ ਵੱਲੋਂ ਦਿਖਾਏ ਗਏ ਚੋਣ ਖ਼ਰਚੇ ਤੇ ਨਿਗਰਾਨਾਂ ਵੱਲੋਂ ਲਾਏ ਗਏ ਅਨੁਮਾਨ ਵਿਚ ਵੱਡਾ ਫਰਕ ਹੋਣ ਕਾਰਨ ਦੋਹਾਂ ਉਮੀਦਵਾਰਾਂ ਨੂੰ ਨੋਟਿਸ ਜਾਰੀ ਕੀਤੇ ਹਨ। 30 ਅਪਰੈਲ ਨੂੰ ਵੋਟਾਂ ਪੈਣ ਤੋਂ 48 ਘੰਟੇ ਪਹਿਲਾਂ ਚੋਣ ਪ੍ਰਚਾਰ ਖ਼ਤਮ ਹੋਣ 'ਤੇ ਦੋਹਾਂ ਉਮੀਦਵਾਰਾਂ ਦੇ ਦਫ਼ਤਰਾਂ ਵੱਲੋਂ ਜ਼ਿਲ੍ਹਾ ਚੋਣ ਅਧਿਕਾਰੀ ਨੂੰ ਚੋਣ ਖ਼ਰਚੇ ਬਾਰੇ ਵੇਰਵੇ ਭੇਜੇ ਗਏ ਹਨ। ਸ੍ਰੀ ਜੇਤਲੀ ਵੱਲੋਂ 23 ਲੱਖ 21 ਹਜ਼ਾਰ 329 ਰੁਪਏ ਤੇ ਕੈਪਟਨ ਅਮਰਿੰਦਰ ਸਿੰਘ ਵੱਲੋਂ 22 ਲੱਖ 80 ਹਜ਼ਾਰ 739 ਰੁਪਏ ਦਾ ਖ਼ਰਚਾ ਦਰਸਾਇਆ ਗਿਆ ਹੈ। ਜ਼ਿਲ੍ਹਾ ਚੋਣ ਅਧਿਕਾਰੀ ਮੁਤਾਬਕ ਦੋਹਾਂ ਉਮੀਦਵਾਰਾਂ ਵੱਲੋਂ ਦਰਸਾਇਆ ਗਿਆ ਖ਼ਰਚ ਤੇ ਚੋਣ ਨਿਗਰਾਨਾਂ (ਖ਼ਰਚਾ) ਵੱਲੋਂ ਲਾਏ ਗਏ ਅਨੁਮਾਨ ਵਿਚ ਵੱਡਾ ਫ਼ਰਕ ਹੈ।

ਚੋਣ ਨਿਗਰਾਨਾਂ ਦੇ 'ਸ਼ੈਡੋ ਰਜਿਸਟਰ' ਮੁਤਾਬਕ ਭਾਜਪਾ ਉਮੀਦਵਾਰ ਦਾ ਚੋਣ ਖ਼ਰਚਾ ਤਕਰੀਬਨ 44 ਲੱਖ 84 ਹਜ਼ਾਰ 385 ਰੁਪਏ ਤੇ ਕਾਂਗਰਸ ਉਮੀਦਵਾਰ ਦਾ ਚੋਣ ਖ਼ਰਚਾ ਤਕਰੀਬਨ 28 ਲੱਖ ਪੰਜ ਹਜ਼ਾਰ ਰੁਪਏ ਬਣਦਾ ਹੈ। ਦੋਹਾਂ ਉਮੀਦਵਾਰਾਂ ਨੂੰ ਇਸ ਬਾਰੇ ਨੋਟਿਸ ਭੇਜੇ ਗਏ ਹਨ ਤੇ ਸਥਿਤੀ ਸਪਸ਼ਟ ਕਰਨ ਲਈ ਆਖਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਅਜਿਹੀ ਸਥਿਤੀ ਵਿਚ ਦੋਵੇਂ ਉਮੀਦਵਾਰ ਕੀਤੇ ਗਏ ਖ਼ਰਚੇ ਬਾਰੇ ਸਬੂਤ ਸਾਹਮਣੇ ਰੱਖਣਗੇ। ਇਸ ਮੁਤਾਬਕ ਹੀ ਅਗਲੀ ਕਾਰਵਾਈ ਹੋਵੇਗੀ। ਇਸ ਹਲਕੇ ਤੋਂ ਇਸ ਵਾਰ 23 ਉਮੀਦਵਾਰਾਂ ਨੇ ਚੋਣ ਲੜੀ ਹੈ।

## ਅਮਰੀਕੀ ਜੋੜੇ ਵੱਲੋਂ ਵਕੀਲ ਭਰਾਵਾਂ ਖ਼ਿਲਾਫ਼ ਸ਼ਿਕਾਇਤ

**ਚੰਡੀਗੜ੍ਹ:** ਇਕ ਅਮਰੀਕੀ ਜੋੜੇ ਨੇ ਚੰਡੀਗੜ੍ਹ ਦੇ ਦੋ ਵਕੀਲ ਭਰਾਵਾਂ ਖਿਲਾਫ਼ ਪੰਜਾਬ ਅਤੇ ਹਰਿਆਣਾ ਬਾਰ ਕੌਂਸਲ ਵਿਚ ਸ਼ਿਕਾਇਤ ਕਰ ਕੇ ਉਨ੍ਹਾਂ ਤੋਂ 3.3 ਕਰੋੜ ਰੁਪਏ ਫੀਸ ਵਜੋਂ ਵਸੂਲਣ ਦਾ ਦੋਸ਼ ਲਾਇਆ ਹੈ। ਇਸ ਜੋੜੇ ਨੇ ਧਰਮਸ਼ਾਲਾ ਵਿਚ ਸੱਤ ਸਾਲ ਦੇ ਬੱਚੇ ਨੂੰ ਗੋਦ ਲਿਆ ਸੀ ਅਤੇ ਉਸ ਨੂੰ ਅਮਰੀਕਾ ਲਿਜਾਣ ਲਈ ਅਦਾਲਤੀ ਕਾਰਵਾਈ ਦਾ ਸਾਹਮਣਾ ਕਰਨਾ ਸੀ।

ਅਮਰੀਕੀ ਨਾਗਰਿਕ ਕਰਮਾ ਲਾਮਾ ਅਤੇ ਉਸ ਦੀ ਇਤਾਲਵੀ ਪਤਨੀ ਪਾਓਲਾ ਪਿਵੀ ਨੇ ਦਾਅਵਾ ਕੀਤਾ ਹੈ ਕਿ ਕੇਸ ਦੀ ਰਾਸ਼ੀ ਚੁਕਾਉਣ ਲਈ ਉਨ੍ਹਾਂ ਨੂੰ ਅਮਰੀਕਾ ਸਥਿਤ ਆਪਣਾ ਘਰ ਵੇਚਣਾ ਪਿਆ। ਸ਼ਿਕਾਇਤ ਮਿਲਣ ਦੀ ਪੁਸ਼ਟੀ ਕਰਦਿਆਂ ਬਾਰ ਕੌਂਸਲ ਦੇ ਚੇਅਰਮੈਨ ਰਾਕੇਸ਼ ਗੁਪਤਾ ਨੇ ਕਿਹਾ ਕਿ ਦੋਹਾਂ ਦਾ ਪੱਖ ਲਿਆ ਜਾ ਰਿਹਾ ਹੈ। 168 ਸਫਿਆਂ ਦੀ ਸ਼ਿਕਾਇਤ ਵਿਚ ਅਮਰੀਕੀ ਜੋੜੇ ਨੇ ਕਿਹਾ ਹੈ ਕਿ ਉਨ੍ਹਾਂ ਦਾ ਭਾਰਤ ਵਿਚ ਵਕੀਲਾਂ ਦੀ ਫੀਸ ਨਾਲ ਕੁਝ ਵੀ ਲੈਣਾ ਦੇਣਾ ਨਹੀਂ ਹੈ ਪਰ ਉਨ੍ਹਾਂ ਦੀ ਸ਼ਿਕਾਇਤ ਇਹ ਹੈ ਕਿ ਦੋਵੇਂ ਵਕੀਲਾਂ ਨੇ ਉਨ੍ਹਾਂ ਨੂੰ ਧੋਖਾ ਦਿੱਤਾ।

# ਆਨੰਦਪੁਰ ਸਾਹਿਬ ਦੇ ਕਿਲ੍ਹਿਆਂ ਦਾ ਹੋਵੇਗਾ ਨਵੀਨੀਕਰਨ

**ਆਨੰਦਪੁਰ ਸਾਹਿਬ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਆਨੰਦਪੁਰ ਸਾਹਿਬ ਵਿਖੇ ਪੁਰਾਤਨ ਕਿਲ੍ਹਿਆਂ ਦੇ ਨਵੀਨੀਕਰਨ ਦੀ ਸੇਵਾ ਵੱਖ-ਵੱਖ ਸੰਪਰਦਾਵਾਂ ਨੂੰ ਦਿੱਤੀ ਗਈ ਹੈ। ਇਸ ਤੋਂ ਇਲਾਵਾ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਵਰਾਂਡੇ ਨੂੰ ਚੌੜਾ ਕਰਨ ਦੀ ਸੇਵਾ, ਨਵਾਂ ਜੋੜਾ ਘਰ ਅਤੇ ਅਖੰਡ ਪਾਠਾਂ ਲਈ ਨਵੇਂ ਕਮਰਿਆਂ ਦੇ ਨਿਰਮਾਣ ਦੀ ਸੇਵਾ ਵੀ ਦਿੱਤੀ ਗਈ ਹੈ। ਇਹ ਸਮੁੱਚਾ ਕਾਰਜ ਜਲਦ ਸ਼ੁਰੂ ਕਰ ਦਿੱਤਾ ਜਾਵੇਗਾ।

ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਬੈਠਕ ਅਵਤਾਰ ਸਿੰਘ ਮੱਕੜ ਦੀ ਪ੍ਰਧਾਨਗੀ ਹੇਠ ਹੋਈ। ਇਸ ਵਿਚ ਜੂਨੀਅਰ ਮੀਤ ਪ੍ਰਧਾਨ ਕੇਵਲ ਸਿੰਘ ਬਾਦਲ, ਜਨਰਲ ਸਕੱਤਰ ਜਥੇਦਾਰ ਸੁਖਦੇਵ ਸਿੰਘ ਭੌਰ, ਅੰਤ੍ਰਿੰਗ ਕਮੇਟੀ ਮੈਂਬਰ ਰਜਿੰਦਰ ਸਿੰਘ ਮਹਿਤਾ ਅਤੇ ਨਿਰਮੈਲ ਸਿੰਘ ਜੌਹਲਾਂ ਸ਼ਾਮਲ ਸਨ। ਇਸ ਬੈਠਕ ਵਿਚ ਸ੍ਰੀ ਕੇਸਗੜ੍ਹ ਸਾਹਿਬ ਅਤੇ ਆਸ ਪਾਸ ਦੇ ਗੁਰਦੁਆਰਾ ਸਹਿਬਾਨ ਦੀ ਹਾਲਤ ਵਿਚ ਸੁਧਾਰ ਕਰਨ ਲਈ ਵਿਚਾਰ ਕੀਤੀ ਗਈ। ਸ੍ਰੀ ਆਨੰਦਪੁਰ ਸਾਹਿਬ ਵਿਖੇ ਪੁਰਾਤਨ ਕਿਲ੍ਹਿਆਂ ਦੀ ਪੁਰਾਤਨ ਦਿਖ ਅਨੁਸਾਰ ਨਵੀਨੀਕਰਨ ਦੀ ਸੇਵਾ ਵੱਖ-ਵੱਖ ਸੰਪਰਦਾਵਾਂ ਨੂੰ ਦਿੱਤੀ ਗਈ ਹੈ। ਕਿਲ੍ਹਾ ਫਤਿਹਗੜ੍ਹ ਸਾਹਿਬ ਦੀ ਸੇਵਾ ਬਾਬਾ ਬਚਨ ਸਿੰਘ ਦਿੱਲੀ ਵਾਲਿਆਂ ਨੂੰ, ਕਿਲ੍ਹਾ ਹੋਲਗੜ੍ਹ ਸਾਹਿਬ ਦੀ ਸੇਵਾ ਬਾਬਾ ਅਮਰੀਕ ਸਿੰਘ ਪਟਿਆਲੇ ਵਾਲਿਆਂ ਨੂੰ, ਕਿਲ੍ਹਾ ਲੋਹਗੜ੍ਹ ਸਾਹਿਬ ਦੀ ਸੇਵਾ ਬਾਬਾ ਜੋਗਿੰਦਰ ਸਿੰਘ ਡੂਮੇਲੀ ਵਾਲਿਆਂ ਨੂੰ ਅਤੇ ਕਿਲ੍ਹਾ ਤਾਰਾਗੜ੍ਹ ਸਾਹਿਬ ਦੀ ਸੇਵਾ ਬਾਬਾ ਦਿਲਬਾਗ ਸਿੰਘ ਆਨੰਦਪੁਰ ਸਾਹਿਬ ਵਾਲਿਆਂ ਨੂੰ ਦਿੱਤੀ ਗਈ ਹੈ। ਇਸ ਤੋਂ ਇਲਾਵਾ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਸੰਗਤਾਂ ਦੇ ਵੱਡੇ ਇਕੱਠ ਸਮੇਂ ਆਉਣ ਵਾਲੀ ਦਿੱਕਤ ਦੇ ਹੱਲ ਲਈ ਵਰਾਂਡਾ ਚੌੜਾ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ। ਇਹ ਕਾਰਸੇਵਾ ਮਹਿੰਦਰ ਸਿੰਘ ਯੂ.ਕੇ. ਵਾਲੇ ਕਰਨਗੇ।

ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੈਨੇਜਰ ਸੁਖਵਿੰਦਰ ਸਿੰਘ ਗਰੇਵਾਲ ਨੇ ਦੱਸਿਆ ਕਿ ਤਖ਼ਤ ਸਾਹਿਬ ਦੇ ਦੋਵੇਂ ਮੁੱਖ ਦਰਵਾਜ਼ੇ ਚਾਂਦੀ ਦੇ ਬਣਾਏ ਜਾਣਗੇ ਅਤੇ ਇਸ ਦੀ ਸੇਵਾ ਬਾਬਾ ਭਾਗ ਸਿੰਘ ਦੁਆਬਾ ਮੰਡਲ ਵਾਲਿਆਂ ਨੂੰ ਦਿੱਤੀ ਗਈ ਹੈ। ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਦੀ ਰਿਹਾਇਸ਼ , ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੀ ਰਿਹਾਇਸ਼ ਤੇ ਮੈਨੇਜਰ ਦੀ ਰਿਹਾਇਸ਼ ਦਾ ਨਿਰਮਾਣ ਨਵੇਂ ਸਿਰੇ ਤੋਂ ਕਰਾਇਆ ਜਾਵੇਗਾ। ਸ਼੍ਰੋਮਣੀ ਕਮੇਟੀ ਦੇ ਸਥਾਨਕ ਸਟਾਫ ਲਈ ਕੁਆਟਰਾਂ ਦਾ ਨਿਰਮਾਣ ਵੀ ਖਾਲਸਾ ਕਾਲਜ ਦੇ ਸਾਹਮਣੇ ਕੀਤਾ ਜਾਵੇਗਾ।

## ਡਾ. ਸਿਰਸਾ ਪੰਜਾਬੀ ਸਾਹਿਤ ਅਕਾਦਮੀ ਦੇ ਪ੍ਰਧਾਨ ਬਣੇ

**ਲੁਧਿਆਣਾ:** ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੀਆਂ ਪੰਜਾਬੀ ਭਵਨ ਵਿਚ ਹੋਈਆਂ ਚੋਣਾਂ ਵਿਚ ਡਾ. ਸੁਖਦੇਵ ਸਿੰਘ ਸਿਰਸਾ ਆਪਣੇ ਵਿਰੋਧੀ ਡਾ. ਤੇਜਵੰਤ ਸਿੰਘ ਮਾਨ ਨੂੰ 371 ਵੋਟਾਂ ਦੇ ਫਰਕ ਨਾਲ ਹਰਾ ਕੇ ਪ੍ਰਧਾਨ ਚੁਣੇ ਗਏ ਹਨ। ਚੋਣ ਦੌਰਾਨ ਕੁੱਲ 846 ਵੋਟਾਂ ਪਈਆਂ ਜਿਨ੍ਹਾਂ ਵਿਚ ਡਾ. ਸਿਰਸਾ ਨੂੰ 604 ਅਤੇ ਡਾ. ਮਾਨ ਨੂੰ 233 ਵੋਟਾਂ ਮਿਲੀਆਂ। 11 ਵੋਟਾਂ ਰੱਦ ਹੋ ਗਈਆਂ ਹਨ।



ਰਿਟਰਨਿੰਗ ਅਫਸਰ ਡਾ. ਸੁਰਜੀਤ ਸਿੰਘ ਗਿੱਲ ਨੇ ਦੱਸਿਆ ਕਿ ਸੀਨੀਅਰ ਮੀਤ ਪ੍ਰਧਾਨ ਦੇ ਅਹੁਦੇ ਦੀ ਚੋਣ ਲਈ 534 ਵੋਟਾਂ ਲੈ ਕੇ ਡਾ. ਸੁਰਜੀਤ ਸਿੰਘ ਪਟਿਆਲਾ ਜੇਤੂ ਰਹੇ ਜਦੋਂਕਿ ਉਨ੍ਹਾਂ ਦੇ ਵਿਰੋਧੀ ਡਾ. ਜੋਗਿੰਦਰ ਸਿੰਘ ਨਿਰਾਲਾ ਨੂੰ 272 ਵੋਟਾਂ ਮਿਲੀਆਂ ਹਨ। ਇਸ ਚੋਣ ਵਿਚ 40 ਵੋਟਾਂ ਰੱਦ ਹੋਈਆਂ ਹਨ। ਜਨਰਲ ਸਕੱਤਰ ਦੇ ਅਹੁਦੇ ਲਈ ਡਾ. ਅਨੂਪ ਸਿੰਘ ਬਟਾਲਾ ਪਹਿਲਾਂ ਹੀ ਬਿਨਾਂ ਮੁਕਾਬਲਾ ਚੋਣ ਜਿੱਤ ਗਏ ਹਨ। ਇਨ੍ਹਾਂ ਤੋਂ ਇਲਾਵਾ ਮੀਤ ਪ੍ਰਧਾਨ ਦੇ ਅਹੁਦੇ ਲਈ 5 ਮੀਤ ਪ੍ਰਧਾਨ ਚੁਣੇ ਗਏ ਹਨ। ਇਨ੍ਹਾਂ ਵਿਚ ਤ੍ਰੈਲੋਚਨ ਲੋਚੀ (503), ਸੁਰਿੰਦਰ ਕੈਲੇ (457), ਸ੍ਰੀਮਤੀ ਗੁਰਚਰਨ ਕੌਰ ਕੋਚਰ (451), ਸੁਦਰਸ਼ਨ ਗਾਸੋ (445), ਸੀ. ਮਾਰਕੰਡਾ (342) ਵੋਟਾਂ ਪ੍ਰਾਪਤ ਕਰਕੇ ਜੇਤੂ ਰਹੇ। ਇਨ੍ਹਾਂ ਪੰਜ ਮੀਤ ਪ੍ਰਧਾਨਾਂ 'ਚੋਂ ਇਕ ਪੰਜਾਬੋਂ ਬਾਹਰ ਦਾ ਚੁਣਿਆ ਜਾਣਾ ਸੀ ਪਰ ਸੁਦਰਸ਼ਨ ਗਾਸੋ (ਅੰਬਾਲਾ) ਜਨਰਲ ਚੋਣ ਵਿਚ ਹੀ ਜਿੱਤ ਗਏ ਹਨ। ਹੁਣ ਸ੍ਰੀ ਗਾਸੋ ਜਿੱਥੇ ਪੰਜਾਬ ਦੀ ਪ੍ਰਤੀਨਿਧਤਾ ਕਰਨਗੇ, ਉਥੇ ਪੰਜਾਬੋਂ ਬਾਹਰ ਭਾਰਤ ਦੇ ਵੀ ਨੁਮਾਇੰਦੇ ਹੋਣਗੇ।

ਅਮਰ ਕਾਰਪੈਟਸ


ਘਰਾਂ/ਦਫਤਰਾਂ ਅਤੇ ਹਰ ਤਰ੍ਹਾਂ ਦੇ ਮਕਾਨਾਂ ਵਿਚ ਵਧੀਆ ਕੁਆਲਟੀ ਦਾ ਕਾਰਪੈਟ ਸਸਤੇ ਭਾਅ ਪੁਆਉ

ਦੀਵਾਨ ਐਵਨਿਊ, ਸ਼ਿਕਾਗੋ ਵਿਚ ਕਾਰਪੈਟਸ ਦਾ ਇੱਕੋ ਇੱਕ ਸਟੋਰ ਜਿੱਥੋਂ ਤੁਸੀ ਖਰੀਦ ਸਕਦੇ ਹੋ ਬਿਲਕੁਲ ਨਵੇਂ ਡਿਜ਼ਾਈਨ ਦੇ ਰੱਗ ਹਰ ਇਕ ਕਵਾਲਿਟੀ ਵਿਚ, ਕੀਮਤਾਂ ਇਨੀਆਂ ਘੱਟ ਕਿ ਤੁਸੀਂ ਸੋਚ ਵੀ ਨਹੀਂ ਸਕਦੇ ! ਆਓ ! ਦੇਖੋ ਅਮਰ ਕਾਰਪੈਟਸ ਦਾ ਬੇਹਤਰੀਨ ਚੋਣ ਭਰਪੂਰ ਸ਼ੋਅਰੂਮ



ਅਮਰੀਕ ਸਿੰਘ

ਹਾਰਡਵੁੱਡ ਫਲੋਰ, ਕਿਚਨ ਕੈਬਨਿਟ ਹਰ ਤਰ੍ਹਾਂ ਦੇ ਫਲੋਰ ਉਪਲਬਧ



ਫਰੀ ਐਸਟੀਮੇਟ, ਆਰਡਰ ਕਰਨ ਦੇ ਅਗਲੇ ਹੀ ਦਿਨ ਕਾਰਪੈਟ ਪਾਵਾਂਗੇ

Same day service in Chicago and suburbs

Amar Carpets Inc

ਵੈਸਟਰਨ ਅਵੈਨਿਊ ਤੋਂ ਅਧਾ ਬਲਾਕ ਵੈਸਟ, 2423 W Devon Ave. Chicago IL 60659

ਕਾਲ ਕਰੋ : ਅਮਰੀਕ ਸਿੰਘ

Ph: 773-508-5253,773-507-8043, Fax: 773-508-5249

ਖੁਸ਼ਖਬਰੀ ! ਖੁਸ਼ਖਬਰੀ ! ! ਖੁਸ਼ਖਬਰੀ ! !

ਖੁਲ੍ਹ ਰਿਹਾ ਹੈ

ਇੰਡੀਅਨਐਪੋਲਿਸ (ਇੰਡੀਆਨਾ) ਵਿਚ

ਨਵਾਂ ਟਰੱਕ ਡਰਾਈਵਿੰਗ ਸਕੂਲ

17 ਮਈ 2014, ਸਨਿਚਰਵਾਰ ਨੂੰ ਖੁਲ੍ਹ ਰਿਹਾ ਹੈ



Truck Driving School

Opening

May 17, 2014

*(Saturday)*

A-One Truck Driving School

2302 South West Street, Indianapolis, IN 46225

Ph: 317-222-0073

ਗੁਰਪਤਵੰਤ ਸਿੰਘ ਪੰਨੂੰ

ਅਟਾਰਨੀ ਐਟ ਲਾਅ



ਗੁਰਪਤਵੰਤ ਸਿੰਘ ਪੰਨੂੰ ਅਟਾਰਨੀ ਐਟ ਲਾਅ

ਕੀ ਤੁਸੀਂ ਡੀਪੋਰਟ ਹੋ ਰਹੇ ਹੋ ? ਜਾਂ ਤੁਹਾਡਾ ਇੰਮੀਗ੍ਰੇਸ਼ਨ ਕੇਸ ਬੰਦ ਹੈ ?

ਤੁਹਾਡੀ ਸੇਵਾ ਵਿਚ ਹਾਜ਼ਰ ਅਟਾਰਨੀ ਪੰਨੂੰ

ਇੰਮੀਗ੍ਰੇਸ਼ਨ ਅਤੇ ਡੀਪੋਰਟੇਸ਼ਨ ਡਿਫੈਂਸ

- ਬੋਰਡ ਆਫ ਇੰਮੀਗ੍ਰੇਸ਼ਨ ਅਪੀਲਜ਼
- 9th & 2nd ਸਰਕਿਟ ਅਪੀਲਜ਼
- ਕੈਨਸੇਲੇਸ਼ਨ ਆਫ ਡੀਪੋਰਟੇਸ਼ਨ (10 ਸਾਲਾ ਰਿਹਾਇਸ਼ੀ ਕੇਸ)
- ਡੀਪੋਰਟੇਸ਼ਨ ਦੇ ਕੇਸ ਖੋਲ੍ਹਣ ਲਈ ਮੋਸ਼ਨ

ਮੁਫਤ ਕਾਨੂੰਨੀ ਸਲਾਹ ਲਈ ਸੰਪਰਕ ਕਰੋ

NEW YORK
T 718.672.8000
75-20 Astoria Blvd, Suite 170
Jackson Heights, New York 11370
* Admitted in the State of New York only

CALIFORNIA
T 510.796.9000
39180 Liberty Street, Suite 118
Freemont, CA 94538

**Punjab Times**
**Established in 2000**
**15th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Photographer**
Kamaljit Singh Virdi
Ph. 847-502-2703

**Our Columnists**
Ashok Bhaura
Tarlochan Singh Dupalpur
Baljit Basi
Major Kular
**Corrspondents**
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ,**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ਼ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਉਜੜਨਾ ਅਤੇ ਹੁਕਮ ਵਾਪਸ ਲੈਣਾ ਚੰਗਾ ਨਹੀਂ ਲੱਗਦਾ...

**ਚੰਡੀਗੜ੍ਹ (ਦਲਜੀਤ ਅਮੀ):** ਚੰਡੀਗੜ੍ਹ ਵਿਚ ਹੋਣ ਵਾਲੇ ਧਰਨਿਆਂ-ਮੁਜ਼ਾਹਰਿਆਂ ਨਾਲ ਰੇਹੜੀਆਂ-ਫੜ੍ਹੀਆਂ ਵਾਲਿਆਂ ਦਾ ਰੁਜ਼ਗਾਰ ਜੁੜਿਆ ਹੋਇਆ ਹੈ। ਧਰਨੇ-ਮੁਜ਼ਾਹਰੇ ਕਰਨ ਵਾਲਿਆਂ ਦੀ ਭੁੱਖ-ਤਿਹਾ ਦੀ ਫੌਰੀ ਲੋੜ ਰੇਹੜੀਆਂ-ਫੜ੍ਹੀਆਂ ਵਾਲੇ ਪੂਰੀ ਕਰਦੇ ਹਨ। ਪਿਛਲੇ ਦਿਨੀਂ ਇਹ ਰੇਹੜੀਆਂ-ਫੜ੍ਹੀਆਂ ਵਾਲੇ ਆਮ ਆਦਮੀ ਪਾਰਟੀਆਂ ਦੀਆਂ ਰੈਲੀਆਂ ਵਿਚ ਅਰਵਿੰਦ ਕੇਜਰੀਵਾਲ ਅਤੇ ਝਾੜੂ ਵਾਲੀਆਂ ਟੋਪੀਆਂ ਪਾ ਕੇ ਰੁਜ਼ਗਾਰ ਕਰਦੇ ਦੇਖੇ ਗਏ ਸਨ। ਸਰਕਾਰ ਦੇ ਖੁਫੀਆ ਮਹਿਕਮਿਆਂ ਵਾਲੇ ਆਪਣੀ ਭੁੱਖ-ਤਿਹਾ ਦੀ ਗਰਜ਼ ਇਨ੍ਹਾਂ ਕੋਲੋਂ ਪੂਰੀ ਕਰਦੇ ਹਨ। ਇਨ੍ਹਾਂ ਰੇਹੜੀਆਂ-ਫੜ੍ਹੀਆਂ ਉਤੇ ਹੁੰਦੀ ਗੱਲਬਾਤ ਵਿਚ ਖੁਫ਼ੀਆ ਮਹਿਕਮਿਆਂ ਅਤੇ ਪੱਤਰਕਾਰ ਬਰਾਦਰੀ ਦੀ ਲਗਾਤਾਰ ਦਿਲਚਸਪੀ ਰਹਿੰਦੀ ਹੈ। ਸੈਕਟਰ ਸਤਾਰਾਂ ਵਿਚ ਸ਼ਿਵਾਲਿਕ ਹੋਟਲ ਨਾਲ ਲੱਗਦੇ ਚੌਕ ਵਿਚ ਚੱਲਦੇ ਧਰਨੇ ਵਿਚ ਕੋਈ ਰੇਹੜੀ-ਫੜ੍ਹੀ ਨਹੀਂ ਲੱਗੀ ਹੋਈ। ਆਖਰ ਇੱਕ ਫੇਰੀ ਵਾਲਾ ਆ ਗਿਆ। ਖੋਪਾ ਗਿਰੀ ਵੇਚਦਾ ਇਹ ਫੇਰੀ ਵਾਲਾ ਧਰਨੇ ਉਤੇ ਕਈ ਘੰਟਿਆਂ ਤੋਂ ਬੈਠੇ ਜੀਆਂ ਦਾ ਧਿਆਨ ਖਿੱਚਦਾ ਹੈ। ਇੱਕ ਜਣੇ ਨਾਲ ਉਸ ਦੀ ਗੱਲਬਾਤ ਕੁਝ ਇੰਝ ਹੁੰਦੀ ਹੈ, "ਹਾਂ ਬਈ! ਗਿਰੀ ਕਿੰਨੇ ਦੀ ਆਂ?"

"ਦਸ ਰੁਪਏ ਦੀ।"

"ਪੰਤੈ, ਕਿਨ੍ਹਾਂ ਦੇ ਧਰਨੇ ਵਿਚ ਆਇਆ ਏ?"

ਦੂਜੇ ਸਵਾਲ ਦਾ ਲਹਿਜ਼ਾ ਕਈ ਅਰਥਾਂ ਨੂੰ ਬਿਆਨ ਕਰਦਾ ਹੈ। ਗਿਰੀ ਵਾਲਾ ਚਾਰੇ ਪਾਸੇ ਨਿਗ੍ਹਾ ਮਾਰਦਾ ਹੈ। ਉਸ ਦੇ ਰੁਜ਼ਗਾਰ ਲਈ ਅਜ਼ਮਾਏ ਹੋਏ ਢੰਗ-ਤਰੀਕਿਆਂ ਦਾ ਹਰ ਤੱਤ ਥਾਂ ਸਿਰ ਜਾਪਦਾ ਹੈ। ਧਰਨੇ ਵਿਚ ਬੱਚੇ ਹਨ। ਬੱਚਿਆਂ ਦੀਆਂ ਲਲਚਾਈਆਂ ਨਜ਼ਰਾਂ ਉਸ ਉਤੇ ਟਿਕੀਆਂ ਹਨ। ਕਈ ਘੰਟਿਆਂ ਤੋਂ ਭੁੱਖੇ-ਤਿਹਾਏ ਧਰਨਾਕਾਰੀ ਹਨ। ਇਨ੍ਹਾਂ ਨਾਲ ਲੰਗਰ ਚਲਾਉਣ ਵਾਲੀਆਂ ਟਰਾਲੀਆਂ ਨਹੀਂ ਹਨ। ਇੱਥੇ ਕਿਸੇ ਗੁਰਦੁਆਰੇ-ਮੰਦਿਰ ਦਾ ਲੰਗਰ ਵੀ ਨਹੀਂ ਪਹੁੰਚਿਆ। ਕੁਝ ਪਲ ਆਪਣੇ-ਆਪ ਅਤੇ ਥਾਂ ਦਾ ਅੰਦਾਜ਼ਾ ਲੈਣ ਤੋਂ ਬਾਅਦ ਫੇਰੀ ਲਗਾਉਣ ਵਾਲੇ ਨੂੰ ਗ਼ਲਤੀ ਦਾ ਅਹਿਸਾਸ ਹੁੰਦਾ ਹੈ। ਉਹ ਚਲਿਆ ਜਾਂਦਾ ਹੈ। ਸਵਾਲ ਪੁੱਛਣ ਵਾਲੇ ਨੂੰ ਵੀ ਆਪਣੀ ਗ਼ਲਤੀ ਦਾ ਅਹਿਸਾਸ ਹੁੰਦਾ ਹੈ। ਉਹ ਵੀ ਆਪਣੀ ਥਾਏਂ ਬੈਠ ਜਾਂਦਾ ਹੈ। ਧਰਨਾ ਜਾਰੀ ਹੈ। ਪਿੱਛੇ ਸੜਕ ਉਤੇ ਕਾਰਾਂ, ਬੱਸਾਂ, ਸਕੂਟਰਾਂ, ਮੋਟਰਸਾਈਕਲਾਂ ਅਤੇ ਹੋਰ ਵਾਹਨਾਂ ਦਾ ਹਜੂਮ ਬੇਪਰਵਾਹ ਵਗ ਰਿਹਾ ਹੈ। ਚਾਰ ਪਾਸਿਉਂ ਇਹ ਵਾਹਨ ਆ ਰਹੇ ਹਨ ਅਤੇ ਹਰ ਵਾਹਨ ਨੂੰ ਚਾਰ ਪਾਸਿਆਂ ਨੂੰ ਜਾਣ ਲਈ ਸੜਕ ਹੈ। ਚੌਕ ਉਤੇ ਪਹੁੰਚ ਰਹੇ ਵਾਹਨ ਆਪਣੀ ਮੰਜ਼ਿਲ ਵੱਲ ਵਧਣ ਲਈ ਚਾਰ ਗੁਣਾਂ ਚਾਰ ਪਾਸਿਆਂ ਨੂੰ ਜਾ ਸਕਦੇ ਹਨ। ਇਸੇ ਚੌਕ ਦੀ ਨੁੱਕਰ ਵਿਚ ਇੱਕ ਧਰਨਾ ਆਪਣੀ ਮੰਜ਼ਿਲ ਦੇ ਨੈਣ-ਨਕਸ਼ ਤਰਾਸ਼ਣ ਵਿਚ ਲੱਗਿਆ ਹੈ।

ਧਰਨਾਕਾਰੀ ਚੰਡੀਗੜ੍ਹ ਦੇ ਦੱਖਣੀ ਸੈਕਟਰਾਂ (ਲਹਿੰਦੇ ਪਾਸੇ) ਤੋਂ ਤੁਰੀਆਂ ਆ ਰਹੀਆਂ ਹਨ। ਸਾੜ੍ਹੀਆਂ ਪਾ ਕੇ ਕਾਹਲ-ਕਦਮੀ ਤੁਰਦੀਆਂ ਬੀਬੀਆਂ ਲਗਾਤਾਰ ਆ ਰਹੀਆਂ ਹਨ। ਧਰਨਾਕਾਰੀਆਂ ਦੇ ਪਿੱਛੇ ਸਾਈਕਲਾਂ ਦੀਆਂ ਕਤਾਰਾਂ ਹਨ। ਡੰਡੇ ਅਤੇ ਕੈਰੀਅਰ ਵਾਲੇ ਕਾਲੇ ਰੰਗ ਦੇ ਰਵਾਇਤੀ ਸਾਈਕਲਾਂ ਵਿਚ ਛੋਟੀਆਂ ਰੇਹੜੀਆਂ ਵੀ ਖੜ੍ਹੀਆਂ ਹਨ। ਕੁਝ ਸਾਈਕਲਾਂ ਨੂੰ ਸੰਗਲੀਆਂ ਨਾਲ ਪਾਰਕਰ ਵਾਲੇ ਵੱਡੇ ਜਿੰਦੇ ਲੱਗੇ ਹੋਏ ਹਨ। ਇਹ ਜਿੰਦੇ ਭਾਵੇਂ ਰਾਖੀ ਨਾ ਕਰ ਸਕਣ ਪਰ ਸਾਈਕਲ ਦੀ ਅਹਿਮੀਅਤ ਦੀ ਤਖ਼ਤੀ ਬਣੇ ਹੋਏ ਹਨ। ਇਸ ਤਖ਼ਤੀ ਨੂੰ ਪੜ੍ਹਨ ਲਈ ਕਿਸੇ ਲਿਪੀ ਜਾਂ ਬੋਲੀ ਦਾ ਜਾਣਕਾਰ ਹੋਣਾ ਲਾਜ਼ਮੀ ਨਹੀਂ। ਕੁਝ ਸਾਈਕਲਾਂ ਉਤੇ ਰੋਟੀ ਵਾਲੇ ਡੱਬੇ ਲਟਕੇ ਹੋਏ ਹਨ ਜੋ ਮਜ਼ਦੂਰ ਚੌਕਾਂ ਦੀਆਂ ਯਾਦਾਂ ਨਾਲ ਚੁੱਕ ਲਿਆਏ ਹਨ। ਪੈਦਲ, ਸਾਈਕਲਾਂ ਜਾਂ ਆਪਣੇ ਰਿਕਸ਼ਿਆਂ ਉਤੇ ਆਏ ਇਨ੍ਹਾਂ ਲੋਕਾਂ ਲਈ ਪ੍ਰਸ਼ਾਸਨ ਨੇ ਪਾਣੀ ਦਾ ਬੰਦੋਬਸਤ ਨਹੀਂ ਕੀਤਾ। ਸ਼ਾਇਦ ਪ੍ਰਸ਼ਾਸਨ ਉਸ ਫੇਰੀ ਵਾਲੇ ਜਿੰਨਾ ਅਣਜਾਣ ਨਹੀਂ ਹੈ!

ਚੰਡੀਗੜ੍ਹ ਪ੍ਰਸ਼ਾਸਨ ਨੇ ਸ਼ਹਿਰ ਦੀਆਂ ਚਾਰ ਕਲੋਨੀਆਂ ਨੂੰ ਢਾਹੁਣ ਦਾ ਨੋਟਿਸ ਜਾਰੀ ਕੀਤਾ ਹੈ। ਚੰਡੀਗੜ੍ਹ ਦੀਆਂ ਲੋਕ ਸਭਾ ਚੋਣਾਂ ਤੋਂ ਇੱਕ ਹਫ਼ਤੇ ਬਾਅਦ ਜਾਰੀ ਕੀਤਾ ਗਿਆ ਇਹ ਨੋਟਿਸ ਚੋਣ-ਨਤੀਜਿਆਂ ਤੋਂ ਇੱਕ ਹਫ਼ਤਾ ਪਹਿਲਾਂ ਲਾਗੂ ਹੋਣਾ ਹੈ। ਇਹ ਨੋਟਿਸ ਵੀ ਨੀਤੀਆਂ ਲਾਗੂ ਕਰਨ ਦੀ ਕੜੀ ਦਾ ਹਿੱਸਾ ਹੈ ਪਰ ਚੋਣ ਕਮਿਸ਼ਨ ਇਸ ਖ਼ਿਲਾਫ਼ ਸ਼ਿਕਾਇਤ ਨੂੰ ਨਜ਼ਰ-ਅੰਦਾਜ਼ ਕਰਦਾ ਹੈ। ਚੋਣ ਕਮਿਸ਼ਨ ਆਵਾਮ ਨੂੰ ਮਿਲਣ ਵਾਲੀ ਹਰ ਸਹੂਲਤ ਉਤੇ ਇਤਰਾਜ਼ ਕਰ ਰਿਹਾ ਹੈ ਕਿ ਇਹ ਵੋਟਾਂ ਆਪਣੇ ਵੱਲ ਖਿੱਚਣ ਦੀ ਜੁਗਤ ਹੈ। ਕਲੋਨੀਆਂ ਢਾਹੁਣ ਦੀ ਕਾਰਵਾਈ ਲਈ ਜਵਾਬਦੇਹ ਸਰਕਾਰ ਕੋਈ ਨਹੀਂ ਅਤੇ ਚੋਣ ਕਮਿਸ਼ਨ ਲਈ ਇਹ ਸਵਾਲ ਜ਼ਿਕਰਗੋਚਰਾ ਨਹੀਂ ਹੈ। ਬੁਲਾਰੇ ਦੱਸ ਰਹੇ ਹਨ ਕਿ ਉਨ੍ਹਾਂ ਨੇ ਇਸ ਸ਼ਹਿਰ ਨੂੰ ਕਿਵੇਂ ਉਸਾਰਿਆ, ਕਿਵੇਂ ਵਸਾਇਆ, ਕਿਵੇਂ ਸਾਫ਼-ਸੁਥਰਾ ਰੱਖਿਆ ਅਤੇ ਉਨ੍ਹਾਂ ਨੇ ਕਿਵੇਂ ਇਸ ਦੀ ਸਾਲਾਂ-ਬੱਧੀ ਝਾੜ-ਪੂੰਝ ਕੀਤੀ ਹੈ। ਹੁਣ ਪ੍ਰਸ਼ਾਸਨ ਨੇ ਬਿਨਾਂ ਕਿਸੇ ਬੰਦੋਬਸਤ ਤੋਂ ਉਨ੍ਹਾਂ ਦੀਆਂ ਕਲੋਨੀਆਂ ਢਾਹੁਣ ਦਾ ਐਲਾਨ ਕਰ ਦਿੱਤਾ ਹੈ। ਪਿਛਲੇ ਸਾਲ ਨਵੰਬਰ ਵਿਚ ਢਾਹੀ ਗਈ ਪੰਜ ਨੰਬਰ ਕਲੋਨੀ ਦੇ ਵਾਸੀ ਹਾਲੇ ਤੱਕ ਦਰ-ਦਰ ਭਟਕ ਰਹੇ ਹਨ। ਕੁਝ ਗਿਣਤੀ ਦਿਆਂ ਨੂੰ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਵੱਲੋਂ ਉਦਘਾਟਨ ਕੀਤੀ ਨਵੀਂ ਕਲੋਨੀ ਵਿਚ ਥਾਂ ਮਿਲੀ ਹੈ। ਕੁਝ ਹਾਲੇ ਤੱਕ ਟੀਨ-ਸ਼ੈਡ ਵਾਲੀ ਆਰਜ਼ੀ ਕਲੋਨੀ ਵਿਚ ਬੈਠੇ ਹਨ। ਜ਼ਿਆਦਾਤਰ ਇਧਰ-ਉਧਰ ਖਿੰਡ ਗਏ ਹਨ। ਹੁਣ ਪੰਜ ਹੋਰ ਕਲੋਨੀਆਂ ਦੀ ਵਾਰੀ ਆਈ ਹੈ। ਘਰ ਅਧਿਕਾਰ ਸੰਘਰਸ਼ ਮੋਰਚਾ ਦੇ ਇਸ ਧਰਨੇ ਉਤੇ ਕੋਈ ਅਧਿਕਾਰੀ ਮੰਗ ਪੱਤਰ ਲੈਣ ਨਹੀਂ ਆਇਆ। ਇਹ ਸੁਨੇਹੇ ਪੁਲਿਸ ਰਾਹੀਂ ਪੁੱਜੇ ਹਨ ਕਿ ਪੰਜ ਬੰਦਿਆਂ ਦਾ ਵਫ਼ਦ ਲਿਜਾ ਕੇ ਮੰਗ ਪੱਤਰ ਅਧਿਕਾਰੀ ਨੂੰ ਦਿਵਾਇਆ ਜਾ ਸਕਦਾ ਹੈ।

ਧਰਨਾ ਕਰਨ ਵਾਲਿਆਂ ਨੂੰ ਆਸ ਹੈ ਕਿ ਸ਼ਾਇਦ ਉਨ੍ਹਾਂ ਦੀ ਗੱਲ ਸੁਣੀ ਜਾਵੇਗੀ। ਆਖਰ ਉਹ ਇੰਨੀ ਗਿਣਤੀ ਵਿਚ ਆਪਣੀ ਸ਼ਿਕਾਇਤ ਦਰਜ ਕਰਵਾਉਣ ਆਏ ਹਨ। ਫੇਰੀ ਵਾਲਾ ਕਦੋਂ ਦਾ ਜਾ ਚੁੱਕਿਆ ਹੈ। ਉਸ ਦਾ ਤਜਰਬਾ ਹੋਵੇਗਾ ਕਿ ਸੜਕ-ਛਾਪ ਮਜ਼ਦੂਰ ਅਤੇ ਸਾਈਕਲ ਸਵਾਰ ਉਸ ਦਾ ਰੁਜ਼ਗਾਰ ਨਹੀਂ ਚਲਾ ਸਕਦੇ। ਸਰਕਾਰਾਂ, ਪ੍ਰਸ਼ਾਸਨ ਅਤੇ ਸਿਆਸਤਦਾਨ ਅੱਜ ਕੱਲ੍ਹ ਨਿਵੇਸ਼, ਵਿਕਾਸ ਅਤੇ ਇਨਫਰਮੇਸ਼ਨ ਟੈਕਨਾਲੋਜੀ ਰਾਹੀਂ ਮੁਲਕ ਨੂੰ ਅੱਗੇ ਲਿਜਾਣ ਦੀ ਗੱਲ ਕਰਦੀਆਂ ਹਨ। ਇਹ ਧਰਨਾ ਦੇਣ ਵਾਲੇ ਜੇ ਕਿਸੇ ਫੇਰੀ ਲਗਾਉਣ ਵਾਲੇ ਦੇ ਰੁਜ਼ਗਾਰ ਦਾ ਸਬੱਬ ਨਹੀਂ ਬਣ ਸਕੇ ਤਾਂ ਇਨ੍ਹਾਂ ਦਾ ਨਿਵੇਸ਼, ਵਿਕਾਸ ਅਤੇ ਇਨਫਰਮੇਸ਼ਨ ਟੈਕਨਾਲੋਜੀ ਨਾਲ ਕੀ ਰਾਬਤਾ ਬਣਦਾ ਹੈ? ਇਹ ਜ਼ਰੂਰੀ ਤਾਂ ਨਹੀਂ ਕਿ ਫੇਰੀ ਵਾਲਾ ਗਲਤੀ ਦੇ ਅਹਿਸਾਸ ਨਾਲ ਹੀ ਗਿਆ ਹੋਵੇ? ਉਸ ਦਾ ਧਰਨੇ ਵਿਚ ਆਏ ਬੱਚਿਆਂ ਨੂੰ ਦੇਖ ਕੇ ਗੱਚ ਵੀ ਭਰ ਸਕਦਾ ਹੈ। ਇਨ੍ਹਾਂ ਬੱਚਿਆਂ ਨੂੰ ਕਿਤੇ ਹੋਰ ਹੋਣਾ ਚਾਹੀਦਾ ਸੀ। ਇਹ ਸਵਾਲ ਤਾਂ ਉਸ ਦੇ ਮਨ ਵਿਚ ਪੱਕਾ ਆਇਆ ਹੋਵੇਗਾ ਕਿ ਖਰੀਦ ਕੇ ਗਿਰੀ ਤਾਂ ਉਹ ਵੀ ਆਪਣੇ ਬੱਚਿਆਂ ਨੂੰ ਨਹੀਂ ਖਵਾ ਸਕਦਾ। ਸ਼ਾਮ ਨੂੰ ਧਰਨਾ ਕਰਨ ਵਾਲੇ ਦੋ ਗੱਲਾਂ ਕਰ ਰਹੇ ਹਨ ਕਿ ਸ਼ਾਇਦ ਏਕਾ ਉਨ੍ਹਾਂ ਦਾ ਮਸਲਾ ਹੱਲ ਕਰ ਸਕਦਾ ਹੈ ਪਰ ਟੁੱਟੀ ਦਿਹਾੜੀ ਦਾ ਝੋਰਾ ਇਸ ਏਕੇ ਨੂੰ ਖੋਰਾ ਲਗਾਉਣ ਲਈ ਘਾਤਕ ਹੋ ਸਕਦਾ ਹੈ। ਹੋ ਤਾਂ ਇਹ ਵੀ ਸਕਦਾ ਹੈ ਕਿ ਇਹ ਉਨ੍ਹਾਂ ਦੀ ਆਪਸ ਵਿਚ ਆਖਰੀ ਮੁਲਾਕਾਤ ਹੋਵੇ। ਜੇ ਕਲੋਨੀਆਂ ਢਾਹ ਦਿੱਤੀਆਂ ਗਈਆਂ ਤਾਂ ਰੁਜ਼ਗਾਰ ਅਤੇ ਰਿਹਾਇਸ਼ ਦੀ ਭਾਲ ਨੇ ਇੱਕ-ਦੂਜੇ ਨੂੰ ਮਿਲਣ ਦਾ ਵਕਤ ਕਦ ਦੇਣਾ ਹੈ। ਪੰਜ ਨੰਬਰ ਕਲੋਨੀ ਵਾਲਿਆਂ ਦਾ ਤਜਰਬਾ ਇਸ ਖ਼ਦਸ਼ੇ ਦੀ ਜ਼ਾਮਨੀ ਭਰਦਾ ਹੈ। ਇਹ ਸਭ ਕਹਿਣ ਨੂੰ ਚੰਗਾ ਨਹੀਂ ਲੱਗਦਾ। ਚੰਡੀਗੜ੍ਹ ਦੇ ਡਿਪਟੀ

# ਹੈਰਾਨੀਜਨਕ ਹੋਣਗੇ ਨਤੀਜੇ

*(ਸਫਾ ਇਕ ਦੀ ਬਾਕੀ)*

ਪਿਛਲੇ ਛੇ ਦਹਾਕਿਆਂ ਦੌਰਾਨ ਕਦੇ ਵੀ ਤੀਜੇ ਬਦਲ ਵਜੋਂ ਉੱਭਰ ਰਹੀ ਪਾਰਟੀ ਨੂੰ ਅਜਿਹਾ ਹੁੰਗਾਰਾ ਨਹੀਂ ਮਿਲਿਆ। ਪਿਛਲੇ ਦੋ ਦਹਾਕੇ ਬਹੁਜਨ ਸਮਾਜ ਪਾਰਟੀ ਨੇ ਪੰਜਾਬ ਅੰਦਰ ਪੈਰ ਪਸਾਰਨ ਦੇ ਬੜੇ ਯਤਨ ਕੀਤੇ। 1989 ਦੀ ਲੋਕ ਸਭਾ ਚੋਣ ਵਿਚ ਬਸਪਾ ਦੇ ਦੋ ਉਮੀਦਵਾਰ ਲੋਕ ਸਭਾ ਮੈਂਬਰ ਬਣੇ। ਫਿਰ ਅਕਾਲੀ ਦਲ ਨਾਲ ਸਮਝੌਤੇ ਅਧੀਨ ਬਸਪਾ ਦੇ 1996 ਦੀ ਲੋਕ ਸਭਾ ਚੋਣ ਵਿਚ ਤਿੰਨ ਉਮੀਦਵਾਰ ਜੇਤੂ ਰਹੇ ਪਰ ਬਸਪਾ ਦੀ ਵੋਟ ਕਦੇ ਵੀ 8 ਫੀਸਦੀ ਤੋਂ ਨਹੀਂ ਵਧੀ। ਸਾਲ 2010 ਵਿਚ ਪੀਪਲਜ਼ ਪਾਰਟੀ ਆਫ ਪੰਜਾਬ ਹੋਂਦ ਵਿਚ ਆਈ ਅਤੇ ਪੂਰੇ ਪੰਜਾਬ ਵਿਚ ਉਸ ਨੇ ਤਬਦੀਲੀ ਦਾ ਡੰਕਾ ਵਜਾਇਆ ਪਰ ਉਸ ਨੂੰ ਵੀ ਛੇ ਕੁ ਫੀਸਦੀ ਦੇ ਕਰੀਬ ਵੋਟ 2012 ਦੀ ਵਿਧਾਨ ਸਭਾ ਚੋਣ ਵਿਚ ਮਿਲੇ।

ਵੋਟ ਫੀਸਦ ਪੱਖੋਂ ਕਾਂਗਰਸ ਭਾਵੇਂ ਪੰਜਾਬ ਵਿਚ ਸਭ ਤੋਂ ਮੋਹਰੀ ਹੈ ਪਰ ਆਪਸੀ ਫੁੱਟ ਤੇ ਯੋਗ ਅਗਵਾਈ ਦੀ ਘਾਟ ਕਾਰਨ ਪਾਰਟੀ ਤਕਰੀਬਨ ਦੋ ਦਹਾਕਿਆਂ ਤੋਂ ਗੁੱਠੇ ਲੱਗੀ ਹੋਈ ਹੈ। ਇਸ ਵਾਰ ਕਾਂਗਰਸ ਨੂੰ ਸੱਤਾ ਵਿਰੋਧੀ ਲਹਿਰ ਕਾਰਨ ਵੱਡੀ ਆਸ ਹੈ ਪਰ ਆਮ ਆਦਮੀ ਪਾਰਟੀ ਵੱਲੋਂ ਰਵਾਇਤੀ ਪਾਰਟੀਆਂ ਦੇ ਅਸਲ ਚਿਹਰਾ ਸਾਹਮਣੇ ਲਿਆਉਣ ਕਰ ਕੇ ਨੌਜਵਾਨ ਵੋਟਰਾਂ ਨੂੰ ਕਾਂਗਰਸ ਖਿੱਚਣ ਵਿਚ ਸਫਲ ਨਹੀਂ ਰਹੀ। ਚੋਣਾਂ ਦੌਰਾਨ ਜੇਕਰ ਅਕਾਲੀ-ਭਾਜਪਾ ਗੱਠਜੋੜ ਵਿਰੋਧ ਲਹਿਰ ਵੇਖਣ ਨੂੰ ਮਿਲੀ ਤਾਂ ਪੰਜਾਬ ਦੀ ਜਨਤਾ ਨੇ ਕਾਂਗਰਸ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੀ ਕਾਰਗੁਜ਼ਾਰੀ 'ਤੇ ਵੀ ਸਵਾਲ ਉਠਾਏ।

ਸਭ ਤੋਂ ਵੱਧ ਧੱਕਾ ਅਕਾਲੀ ਦਲ ਨੂੰ ਲੱਗਦਾ ਨਜ਼ਰ ਆਇਆ। ਪੰਜਾਬ ਦੀਆਂ ਹਾਕਮ ਪਾਰਟੀਆਂ ਨੇ ਲੋਕ ਸਭਾ ਚੋਣਾਂ ਸੱਤ ਸਾਲਾਂ ਦੇ ਵਿਕਾਸ ਏਜੰਡੇ 'ਤੇ ਲੜਨ ਦਾ ਐਲਾਨ ਕੀਤਾ ਸੀ ਪਰ ਚੋਣ ਪ੍ਰਚਾਰ ਪ੍ਰਚੰਡ ਹੁੰਦਿਆਂ ਹੀ ਵਿਕਾਸ ਦੇ ਦਾਅਵੇ ਹਵਾ ਹੋ ਗਏ ਤੇ ਅਸਲੀ ਮੁੱਦੇ ਲੋਕਾਂ ਦੇ ਮੂਹਰੇ ਆ ਗਏ। ਨਸ਼ਿਆਂ ਦੀ ਸਮਗਲਿੰਗ ਤੇ ਰੇਤਾ ਬਜਰੀ ਦੀ ਕਾਲਾਬਾਜ਼ਾਰੀ ਮੁੱਖ ਮੁੱਦਿਆਂ ਵਜੋਂ ਉਭਰੇ। ਅਕਾਲੀ ਦਲ ਨੂੰ ਇਨ੍ਹਾਂ ਮੁੱਦਿਆਂ 'ਤੇ ਜਵਾਬ ਦੇਣਾ ਔਖਾ ਹੋ ਗਿਆ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਦੀਆਂ ਭਾਵੁਕ ਤਕਰੀਰਾਂ ਨੂੰ ਵੀ ਕੋਈ ਹੁੰਗਾਰਾ ਮਿਲਦਾ ਨਜ਼ਰ ਨਾ ਆਇਆ। ਪਿਛਲੀ ਕਰੀਬ ਅੱਧੀ ਸਦੀ ਤੋਂ ਪੰਜਾਬ ਅੰਦਰ ਹੋਣ ਵਾਲੀਆਂ ਹਰ ਤਰ੍ਹਾਂ ਦੀਆਂ ਚੋਣਾਂ ਵਿਚ ਪ੍ਰਕਾਸ਼ ਸਿੰਘ ਬਾਦਲ ਦਾ ਹਮੇਸ਼ਾ ਦਬਦਬਾ ਬਣਿਆ ਰਿਹਾ। ਇੰਨਾ ਹੀ ਨਹੀਂ 1995 ਤੋਂ ਬਾਅਦ ਉਨ੍ਹਾਂ ਦੀ ਸ਼ਖ਼ਸੀਅਤ ਕੌਮੀ ਹੀਰੋ ਵਾਲੀ ਬਣ ਗਈ। ਹਰ ਚੋਣ ਵਿਚ ਉਹ ਪਾਰਟੀ ਦੇ ਸਟਾਰ ਚੋਣ ਪ੍ਰਚਾਰਕ ਬਣ ਕੇ ਵਿਚਰਦੇ ਰਹੇ ਪਰ ਲੋਕ ਸਭਾ ਚੋਣਾਂ ਵਿਚ ਉਹ ਰੈਲੀਆਂ ਤਾਂ ਪਹਿਲੇ ਦਿਨ ਤੋਂ ਹੀ ਕਰਦੇ ਰਹੇ ਪਰ ਉਨ੍ਹਾਂ ਦੀ ਹਾਜ਼ਰੀ ਕਿਧਰੇ ਵੀ ਰੜਕਵੀਂ ਨਹੀਂ ਰਹੀ। ਕਿਸੇ ਸਮੇਂ ਚੋਣ ਮੁਹਿੰਮ ਦਾ ਰੁਖ ਬਦਲਣ ਦੀ ਸਮਰਥਾ ਰੱਖਣ ਵਾਲੇ ਪ੍ਰਕਾਸ਼ ਸਿੰਘ ਬਾਦਲ ਚੋਣ ਪ੍ਰਚਾਰ ਦੇ ਅਖੀਰਲੇ ਦਿਨਾਂ ਵਿਚ ਇਹ ਕਹਿੰਦਿਆਂ ਆਪਣੀ ਲਾਚਾਰੀ ਜ਼ਾਹਰ ਕਰਦੇ ਵੇਖੇ ਗਏ ਕਿ 'ਸਾਡੀਆਂ ਗਲਤੀਆਂ ਦੀ ਸਜ਼ਾ ਮੋਦੀ ਨੂੰ ਨਾ ਦਿਓ'। ਸੁਖਬੀਰ ਸਿੰਘ ਬਾਦਲ 2007 ਦੀਆਂ ਵਿਧਾਨ ਸਭਾ ਚੋਣਾਂ ਵਿਚ ਚੰਗੇ ਚੋਣ ਪ੍ਰਬੰਧਕ ਵਜੋਂ ਉਭਰੇ ਸਨ ਪਰ ਇਨ੍ਹਾਂ ਚੋਣਾਂ ਵਿਚ ਸੁਖਬੀਰ ਸਿੰਘ ਦਾ ਚੋਣ ਮੰਤਰ ਗੁਆਚਿਆ ਹੀ ਨਜ਼ਰ ਆਇਆ ਤੇ ਚੋਣ ਪ੍ਰਚਾਰ ਦਾ ਆਖਰੀ ਡੇਢ ਹਫ਼ਤਾ ਉਹ ਪੂਰੇ ਪੰਜਾਬ ਵਿਚ ਪ੍ਰਚਾਰ ਬੰਦ ਕਰ ਕੇ ਆਪਣੀ ਪਤਨੀ ਦੀ ਚੋਣ ਮੁਹਿੰਮ ਨੂੰ ਲਾਮਬੰਦ ਕਰਨ ਉਪਰ ਹੀ ਧਿਆਨ ਕੇਂਦਰਤ ਕਰੀ ਬੈਠੇ ਨਜ਼ਰ ਆਏ।

## 'ਆਪ' ਨੇ ਉਲਟਾਈ ਗਿਣਤੀ-ਮਿਣਤੀ

*(ਸਫਾ ਇਕ ਦੀ ਬਾਕੀ)*

ਚੋਣਾਂ ਵੇਲੇ ਪੀਪਲਜ਼ ਪਾਰਟੀ ਆਫ ਪੰਜਾਬ (ਪੀ.ਪੀ.ਪੀ.) ਦੀ ਮੌਜੂਦਗੀ ਨਾਲ ਹੁਕਮਰਾਨ ਗਠਜੋੜ ਨੂੰ ਫਾਇਦਾ ਪੁੱਜਿਆ ਸੀ, ਇਸੇ ਤਰ੍ਹਾਂ ਹੁਣ ਉਨ੍ਹਾਂ ਨੂੰ 'ਆਪ' ਤੋਂ ਲਾਭ ਹੋਵੇਗਾ। ਦੂਜੇ ਪਾਸੇ ਕਾਂਗਰਸ ਦਾ ਦਾਅਵਾ ਹੈ ਕਿ 'ਆਪ' ਨੂੰ ਸਿਰਫ ਸੱਤਾ ਵਿਰੋਧੀ ਵੋਟ ਦਾ ਕੁਝ ਹਿੱਸਾ ਮਿਲੇਗਾ ਪਰ ਕਾਂਗਰਸ ਦਾ ਆਪਣਾ ਚੰਗਾ ਵੋਟ ਬੈਂਕ ਹੋਣ ਕਰ ਕੇ 13 ਦੀਆਂ 13 ਸੀਟਾਂ ਕਾਂਗਰਸ ਦੀ ਹੀ ਝੋਲੀ ਪੈਣਗੀਆਂ। ਉਂਝ, ਕਾਂਗਰਸ ਦੱਬੀ ਸੁਰ ਵਿਚ ਇਹ ਵੀ ਮੰਨ ਰਹੀ ਹੈ ਕਿ ਪੰਜਾਬ ਵਿਚ ਆਮ ਆਦਮੀ ਪਾਰਟੀ ਦਾ ਉਭਾਰ ਖੇਡ ਵਿਗਾੜ ਸਕਦਾ ਹੈ। ਕਾਂਗਰਸ ਦੇ ਜਨਰਲ ਸਕੱਤਰ ਤੇ ਪੰਜਾਬ ਬਾਰੇ ਮਾਮਲਿਆਂ ਦੇ ਇੰਚਾਰਜ ਸ਼ਕੀਲ ਅਹਿਮਦ ਨੇ ਮੰਨਿਆ ਕਿ ਪੰਜਾਬ ਵਿਚ ਆਪ ਅਹਿਮ ਧਿਰ ਬਣ ਕੇ ਉਭਰੀ ਹੈ ਤੇ ਕਈ ਸੀਟਾਂ 'ਤੇ ਇਸ ਨੇ ਇੰਨੀ ਕਰੜੀ ਟੱਕਰ ਦਿੱਤੀ ਹੈ ਕਿ ਕੁਝ ਵੀ ਕਹਿਣਾ ਔਖਾ ਹੈ।

## ਚੋਣ ਕਮਿਸ਼ਨ ਕਰ ਸਕੇਗਾ 'ਪੇਡ ਨਿਊਜ਼' ਕੇਸਾਂ ਦੀ ਜਾਂਚ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਅਹਿਮ ਫੈਸਲਾ ਦਿੰਦਿਆਂ ਕਿਹਾ ਹੈ ਕਿ ਪੈਸੇ ਦੇ ਕੇ ਖ਼ਬਰਾਂ ਲਵਾਉਣ (ਪੇਡ ਨਿਊਜ਼) ਦੀ ਸ਼ਿਕਾਇਤ ਮਿਲਣ 'ਤੇ ਚੋਣ ਕਮਿਸ਼ਨ ਉਸ ਦੀ ਜਾਂਚ ਕਰ ਸਕਦਾ ਹੈ। ਜਸਟਿਸ ਏ ਕੇ ਪਟਨਾਇਕ ਦੀ ਅਗਵਾਈ ਹੇਠਲੇ ਬੈਂਚ ਨੇ ਅਜਿਹੇ ਮਾਮਲਿਆਂ ਵਿਚ ਚੋਣ ਕਮਿਸ਼ਨ ਦੇ ਅਧਿਕਾਰ ਖੇਤਰ ਨੂੰ ਚੁਣੌਤੀ ਦੇਣ ਵਾਲੀ ਮਹਾਰਾਸ਼ਟਰ ਦੇ ਸਾਬਕਾ ਮੁੱਖ ਮੰਤਰੀ ਅਸ਼ੋਕ ਚਵਾਨ ਦੀ ਪਟੀਸ਼ਨ ਨੂੰ ਖਾਰਜ ਕਰ ਦਿੱਤਾ।

ਅਦਾਲਤ ਨੇ ਕਮਿਸ਼ਨ ਨੂੰ ਨਿਰਦੇਸ਼ ਦਿੱਤੇ ਕਿ ਉਹ ਸ੍ਰੀ ਚਵਾਨ ਖ਼ਿਲਾਫ਼ ਸ਼ਿਕਾਇਤ ਦੀ 45 ਦਿਨਾਂ ਅੰਦਰ ਜਾਂਚ ਕਰੇ। ਪੇਡ ਨਿਊਜ਼ ਦੇ ਮਾਮਲੇ ਵਿਚ ਚਵਾਨ ਨੂੰ ਦਿੱਲੀ ਹਾਈ ਕੋਰਟ ਤੋਂ ਰਾਹਤ ਨਾ ਮਿਲਣ ਮਗਰੋਂ ਉਨ੍ਹਾਂ ਸੁਪਰੀਮ ਕੋਰਟ ਵਿਚ ਇਸ ਨੂੰ ਚੁਣੌਤੀ ਦਿੱਤੀ ਸੀ। ਸੁਪਰੀਮ ਕੋਰਟ ਨੇ 2011 ਵਿਚ ਚਵਾਨ ਵੱਲੋਂ 2009 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਖਰਚੇ ਦੇ ਹਿਸਾਬ ਦੀ ਚੋਣ ਕਮਿਸ਼ਨ ਵੱਲੋਂ ਕੀਤੀ ਜਾ ਰਹੀ ਜਾਂਚ 'ਤੇ ਰੋਕ ਲਾ ਦਿੱਤੀ ਸੀ। ਸ੍ਰੀ ਚਵਾਨ ਖ਼ਿਲਾਫ਼ ਭਾਜਪਾ ਆਗੂਆਂ ਮੁਖਤਾਰ ਅੱਬਾਸ ਨਕਵੀ ਤੇ ਕਿਰੀਟ ਸੋਮਈਆ ਨੇ ਚੋਣ ਕਮਿਸ਼ਨ ਕੋਲ ਸ਼ਿਕਾਇਤ ਕੀਤੀ ਸੀ। ਚੇਤੇ ਰਹੇ ਕਿ ਇਹ ਮਾਮਲਾ ਵਾਹਵਾ ਤੂਲ ਫੜ ਗਿਆ ਸੀ ਅਤੇ ਇਸ ਦੀ ਰੋਕਥਾਮ ਲਈ ਕਈ ਸਮਾਜਸੇਵੀ ਸੰਸਥਾਵਾਂ ਨੇ ਮੁਹਿੰਮ ਚਲਾਈ ਸੀ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਢਿੱਲੋਂ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ

# ਸ਼ਹੀਦਾਂ ਦੀਆਂ ਅਸਥੀਆਂ ਦੀ ਹੋਵੇਗੀ ਡੀ.ਐਨ.ਏ. ਜਾਂਚ

**ਅੰਮ੍ਰਿਤਸਰ:** ਅਜਨਾਲਾ ਸਥਿਤ ਕਾਲਿਆਂ ਵਾਲਾ ਖੂਹ ਵਿਚੋਂ ਬਰਾਮਦ ਹੋਈਆਂ ਸ਼ਹੀਦ ਸੈਨਿਕਾਂ ਦੀਆਂ ਅਸਥੀਆਂ ਦੀ ਡੀ.ਐਨ.ਏ ਜਾਂਚ ਕਰਵਾਈ ਜਾਵੇਗੀ ਤਾਂ ਜੋ ਇਨ੍ਹਾਂ ਦੀ ਸਰੀਰਕ ਬਣਤਰ ਬਾਰੇ ਜਾਣਕਾਰੀ ਮਿਲ ਸਕੇ । ਭਾਰਤੀ ਪੁਰਾਤਤਵ ਵਿਭਾਗ, ਪੰਜਾਬ ਸਭਿਆਚਾਰਕ ਮਾਮਲੇ ਵਿਭਾਗ ਤੇ ਪੰਜਾਬ ਯੂਨੀਵਰਸਿਟੀ ਤੋਂ ਫੌਰੈਂਸਿਕ ਸਾਇੰਸ ਵਿਭਾਗ ਦੇ ਮਾਹਿਰਾਂ ਦੀ ਇਕ ਟੀਮ ਨੇ ਇਥੋਂ ਦਾ ਦੌਰਾ ਕੀਤਾ ਤੇ ਅਸਥੀਆਂ ਨੂੰ ਕਬਜ਼ੇ ਵਿਚ ਲੈ ਲਿਆ ਹੈ। ਪੰਜਾਬ ਸਭਿਆਚਾਰਕ ਮਾਮਲੇ ਵਿਭਾਗ ਦੇ ਪ੍ਰਿੰਸੀਪਲ ਸਕੱਤਰ ਐਸ.ਐਸ ਚੰਨੀ ਨੇ ਦੱਸਿਆ ਕਿ ਅਸਥੀਆਂ ਦੀ ਡੀ.ਐਨ.ਏ ਜਾਂਚ ਕਰਵਾਈ ਜਾਵੇਗੀ, ਜਿਸ ਰਾਹੀਂ ਸੈਨਿਕਾਂ ਦੀ ਉਮਰ, ਕੱਦ-ਕਾਠ ਤੇ ਸਰੀਰਕ ਬਣਤਰ ਬਾਰੇ ਪਤਾ ਲਾਇਆ ਜਾਵੇਗਾ। ਇਸ ਬਾਰੇ ਮੁੱਢਲੀ ਜਾਂਚ ਪੰਜਾਬ ਯੂਨੀਵਰਸਿਟੀ ਵਿਖੇ ਮਾਹਰਾਂ ਵੱਲੋਂ ਕੀਤੀ ਜਾਵੇਗੀ ਤੇ ਡੀ.ਐਨ.ਏ ਜਾਂਚ ਹੈਦਰਾਬਾਦ ਵਿਖੇ ਹੋਵੇਗੀ।

ਮਿਲੇ ਵੇਰਵਿਆਂ ਮੁਤਾਬਕ ਇਸ ਟੀਮ ਵੱਲੋਂ ਇਹ ਅਸਥੀਆਂ ਪੰਜਾਬ ਸਭਿਆਚਾਰਕ ਮਾਮਲੇ ਵਿਭਾਗ ਨੂੰ ਸੌਂਪੀਆਂ ਗਈਆਂ ਹਨ। ਇਸ ਤੋਂ ਪਹਿਲਾਂ ਅਸਥੀਆਂ ਦੀ ਸਾਂਭ ਸੰਭਾਲ ਲਈ ਲੋੜੀਂਦਾ ਕੰਮ ਕੀਤਾ ਗਿਆ ਹੈ। ਟੀਮ ਵੱਲੋਂ ਪੰਜਾਬ ਸਰਕਾਰ ਨੂੰ ਵੀ ਅਪੀਲ ਕੀਤੀ ਗਈ ਹੈ ਕਿ ਪੰਜਾਬ ਯੂਨੀਵਰਸਿਟੀ ਵਿਚ ਅਸਥੀਆਂ ਨੂੰ ਰੱਖਣ ਤੇ ਜਾਂਚ ਕਰਨ ਵਾਸਤੇ ਲੋੜੀਂਦੀ ਥਾਂ ਮੁਹੱਈਆ ਕਰਵਾਈ



ਜਾਵੇ। ਪੰਜਾਬ ਯੂਨੀਵਰਸਿਟੀ ਦੇ ਸਹਾਇਕ ਪ੍ਰੋਫੈਸਰ ਡਾ. ਜਗਵਿੰਦਰ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਪੰਜਾਬ ਯੂਨੀਵਰਸਿਟੀ ਦੇ ਉਪ ਕੁਲਪਤੀ ਨਾਲ ਗੱਲਬਾਤ ਕੀਤੀ ਜਾ ਰਹੀ ਹੈ ਤੇ ਉਮੀਦ ਹੈ ਕਿ ਛੇਤੀ ਹੀ ਫੈਸਲਾ ਹੋ ਜਾਵੇਗਾ। ਖੂਹ ਵਿਚੋਂ ਕਾਹਲੀ ਨਾਲ ਅਸਥੀਆਂ ਆਦਿ ਕੱਢੇ ਜਾਣ ਕਾਰਨ ਤਕਨੀਕੀ ਤੌਰ 'ਤੇ ਇਨ੍ਹਾਂ ਨੂੰ ਨੁਕਸਾਨ ਪੁੱਜਿਆ ਹੈ। ਜੇਕਰ ਵਿਗਿਆਨਕ ਢੰਗ ਨਾਲ ਇਹ ਅਸਥੀਆਂ ਤੇ ਹੋਰ ਸਾਮਾਨ ਬਾਹਰ ਕੱਢਿਆ ਜਾਂਦਾ ਤਾਂ ਇਸ ਤੋਂ ਵਧੇਰੇ ਜਾਣਕਾਰੀ ਪ੍ਰਾਪਤ ਹੋ ਸਕਦੀ ਸੀ। ਉਨ੍ਹਾਂ ਦੱਸਿਆ ਕਿ ਸਭਿਆਚਾਰਕ ਮਾਮਲੇ ਵਿਭਾਗ ਨੇ ਗੁਰਦੁਆਰਾ ਸ਼ਹੀਦਗੰਜ ਪ੍ਰਬੰਧਕ ਕਮੇਟੀ ਕੋਲੋਂ ਅਸਥੀਆਂ ਦੇ ਦੋ ਸੰਦੂਕ ਪ੍ਰਾਪਤ ਕੀਤੇ ਹਨ, ਜਿਨ੍ਹਾਂ ਵਿਚ ਸ਼ਹੀਦ ਸੈਨਿਕਾਂ ਦੀਆਂ ਹੱਡੀਆਂ ਤੇ ਦੰਦ ਆਦਿ ਸ਼ਾਮਲ ਹਨ। ਇਨ੍ਹਾਂ ਵਿਚੋਂ ਕੁਝ ਚੰਗੀ ਹਾਲਤ ਵਿਚ ਹਨ, ਜਿਨ੍ਹਾਂ ਦੀ ਸਾਂਭ ਸੰਭਾਲ ਲਈ ਯਤਨ ਕੀਤਾ ਗਿਆ ਹੈ। ਉਨ੍ਹਾਂ ਆਖਿਆ ਕਿ ਬਾਕੀ ਅਸਥੀਆਂ ਤੇ ਹੋਰ ਸਾਮਾਨ ਵੀ ਛੇਤੀ ਹੀ ਪ੍ਰਾਪਤ ਕੀਤਾ ਜਾਵੇਗਾ।

ਦੱਸਣਯੋਗ ਹੈ ਕਿ ਗੁਰਦੁਆਰਾ ਸ਼ਹੀਦਗੰਜ ਪ੍ਰਬੰਧਕ ਕਮੇਟੀ ਵੱਲੋਂ ਆਪਣੇ ਤੌਰ 'ਤੇ ਇਸ ਖੂਹ ਦੀ ਖੁਦਵਾਈ ਕਰਵਾਈ ਗਈ ਸੀ, ਜਿਸ ਵਿਚੋਂ 90 ਖੋਪੜੀਆਂ, 170 ਜਬਾੜੇ ਤੇ ਪੰਜ ਹਜ਼ਾਰ ਤੋਂ ਵੱਧ ਦੰਦ ਤੇ ਹੱਡੀਆਂ ਆਦਿ ਮਿਲੇ ਸਨ। ਇਸ ਤੋਂ ਇਲਾਵਾ ਈਸਟ ਇੰਡੀਆ ਕੰਪਨੀ ਦਾ ਸਿੱਕਾ, ਵਿਕਟੋਰੀਆ ਮੈਡਲ, ਤਿੰਨ ਲਾਕਟ ਤੇ ਕੁਝ ਗਹਿਣੇ ਵੀ ਮਿਲੇ ਸਨ। ਇਹ ਖੁਦਾਈ ਬੀਤੇ ਫਰਵਰੀ ਮਹੀਨੇ ਵਿਚ ਹੋਈ ਸੀ। ਜ਼ਿਕਰਯੋਗ ਹੈ ਕਿ ਅਜਨਾਲਾ ਸਥਿਤ ਕਾਲਿਆਂ ਵਾਲਾ ਖੂਹ ਉਹ ਸਥਾਨ ਹੈ, ਜਿਥੇ 1857 ਦੇ ਗਦਰ ਨਾਲ ਸਬੰਧਤ ਭਾਰਤੀ ਸੈਨਿਕਾਂ ਨੂੰ ਅੰਗਰੇਜ਼ੀ ਹਕੂਮਤ ਵੱਲੋਂ ਗੋਲੀਆਂ ਮਾਰ ਕੇ ਮਾਰਨ ਮਗਰੋਂ ਦੱਬ ਦਿੱਤਾ ਗਿਆ ਸੀ। ਗਦਰ ਵੇਲੇ ਲਾਹੌਰ ਦੀ ਮੀਆਂਮੀਰ ਛਾਉਣੀ ਵਿਚੋਂ 500 ਭਾਰਤੀ ਸੈਨਿਕਾਂ ਨੇ ਬਗਾਵਤ ਕੀਤੀ ਸੀ। ਇਹ ਸਾਰੇ ਸੈਨਿਕ ਪੂਰਬੀ ਭਾਰਤੀ ਨਾਲ ਸਬੰਧਤ ਸਨ। ਬਗਾਵਤ ਮਗਰੋਂ ਨਿਹੱਥੇ ਸੈਨਿਕ ਰਾਵੀ ਦਰਿਆ ਦੇ ਨਾਲ-ਨਾਲ ਚੱਲਦੇ ਹੋਏ ਅਜਨਾਲਾ ਤੱਕ ਪੁੱਜ ਗਏ ਸਨ। ਇਨ੍ਹਾਂ ਵਿਚੋਂ 218 ਸੈਨਿਕਾਂ ਨੂੰ ਦਰਿਆ ਤੋਂ ਪਾਰਲੇ ਪਾਸੇ ਪਿੰਡ ਡੱਡੀਆਂ ਸੋਫੀਆਂ ਨੇੜੇ ਮਾਰ ਦਿੱਤਾ ਗਿਆ ਜਦਕਿ ਬਾਕੀਆਂ ਨੂੰ ਗ੍ਰਿਫ਼ਤਾਰ ਕਰਕੇ ਅਜਨਾਲਾ ਵਿਚ ਜੇਲ੍ਹਨੁਮਾ ਕਮਰੇ ਵਿਚ ਬੰਦ ਕਰ ਦਿੱਤਾ ਗਿਆ। ਗਰਮੀਆਂ ਦੇ ਦਿਨਾਂ ਵਿਚ ਕਈ ਸੈਨਿਕ ਸਾਹ ਘੁਟਣ ਨਾਲ ਮਾਰੇ ਗਏ ਤੇ ਬਾਕੀਆਂ ਨੂੰ ਅਗਲੇ ਦਿਨ ਸਵੇਰੇ ਗੋਲੀਆਂ ਮਾਰ ਕੇ ਮਾਰ ਦਿੱਤਾ ਗਿਆ। ਇਨ੍ਹਾਂ ਦੀਆਂ ਲਾਸ਼ਾਂ ਨੂੰ ਇਸ ਖੂਹ ਵਿਚ ਦੱਬ ਦਿਤਾ ਗਿਆ ਸੀ।


## Matrimonial

**ਕੰਨਿਆ ਦੀ ਲੋੜ**

Jatt Sikh boy, US citizen, Bsc, 24, 5'-10" looking girl MBBS /Eng/ BDS from Govt. College, 22-24, height 5'-5". Send photo & bio-data at kang929@hotmail.com, Cell: 608-347-6548 19 to 22

ਹਿੰਦੂ ਅਗਰਵਾਲ, ਉਮਰ 26 ਸਾਲ, ਕੱਦ 5'-10", ਅਮਰੀਕਾ ਤੋਂ ਐਮ ਬੀ ਏ, ਵਰਕ ਪਰਮਿਟ 'ਤੇ ਜਾਬ ਅਤੇ ਆਪਣਾ ਕਾਰੋਬਾਰ ਕਰਦੇ ਲੜਕੇ ਲਈ ਅਮਰੀਕੀ ਸਿਟੀਜ਼ਨ ਲੜਕੀ ਦੀ ਲੋੜ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ, ਫੋਨ: 516-547-5021 19

*To Advertise with Punjab Times*
***Call: 847-359-0746***
***punjabtimesusa.com***

# ਤੰਦੂਰੀਏ ਅਤੇ ਹੈਲਪਰ ਦੀ ਲੋੜ ਹੈ

ਕਿਊਮਨ ਇੰਡੀਅਨ ਕੁਜ਼ੀਨ, ਕੈਲਮਜ਼ੂ (ਮਿਸ਼ੀਗਨ) ਵਿਚ ਤੰਦੂਰੀਏ ਅਤੇ ਹੈਲਪਰ ਦੀ ਲੋੜ ਹੈ।

ਮੁਫਤ ਰਿਹਾਇਸ਼ ਤੇ ਚੰਗੀ ਤਨਖਾਹ

ਸੰਪਰਕ ਕਰੋ:
ਫੋਨ: 269-744-2501
ਫੋਨ: 616-334-1166
19-20

# Freeway Travel Inc

ਸਸਤੀਆਂ ਟਿਕਟਾਂ, ਖਰਾ ਸੌਦਾ, ਬਿਹਤਰ ਸਰਵਿਸ
Call Raju
Tel: 773-973-0200
Fax: 773-973-0557
2542 W Devon Ave. Chicago IL 60659



# ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?

## ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ

ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।

*ਸਸਤੀਆਂ ਦਰਾਂ
*ਇਕ ਵਾਰ ਦਾ ਕਮਿਸ਼ਨ
*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ



*Rates as low as 2.0%*

ਸੰਪਰਕ ਕਰੋ: ਪਾਲ ਫੋਨ 1-800-705-3863

**Trucking Companies-Improve Your Cash Flow**

*Low Rates *One-Time Discounts *No Minimums

**Call Paul at 1-800-705-3863**

**Transportation Funding Group, Inc.**

Minneapolis , MN 55426

# ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

## National Truck Driving School

## ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



**Call For Special Price**

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058

1816 Main Ave., Secramento CA, 95838

# ਚੋਣਾਂ ਨੇ ਸੁੱਕਣੇ ਪਾ ਛੱਡੇ ਪੰਜਾਬ ਦੇ ਅਮਲੀ

## ਰਾਜਸਥਾਨ ਹੱਦ ਸੀਲ ਹੋਣ ਕਾਰਨ ਪੋਸਤ ਦੀ ਤੋਟ

**ਅਬੋਹਰ:** ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਚੋਣ ਕਮਿਸ਼ਨ ਵੱਲੋਂ ਕੀਤੀ ਸਖ਼ਤੀ ਦਾ ਸਭ ਤੋਂ ਵੱਧ ਖਮਿਆਜ਼ਾ ਪੰਜਾਬ ਦੇ ਅਮਲੀਆਂ ਨੂੰ ਭੁਗਤਣਾ ਪਿਆ। ਚੋਣ ਜ਼ਾਬਤਾ ਲਾਗੂ ਹੋਣ ਪਿੱਛੋਂ ਰਾਜਸਥਾਨ-ਪੰਜਾਬ ਹੱਦ ਨੂੰ ਦੋਵਾਂ ਸੂਬਿਆਂ ਦੀ ਪੁਲਿਸ ਨੇ ਸੀਲ ਕਰ ਦਿੱਤਾ। ਪੋਸਤ ਨਾ ਮਿਲਣ ਕਾਰਨ ਜਿਥੇ ਕੰਮਾਂ 'ਤੇ ਮਜ਼ਦੂਰਾਂ ਦੀ ਘਾਟ, ਬੱਸਾਂ ਵਿਚ ਡਰਾਈਵਰਾਂ ਦੀ ਘਾਟ ਕਾਰਨ ਕੰਮਕਾਜ ਪ੍ਰਭਾਵਿਤ ਹੋਇਆ, ਉਥੇ ਅਮਲੀਆਂ ਦੀ ਜਾਨ 'ਤੇ ਬਣੀ ਰਹੀ। ਨਸ਼ੇ ਦੀ ਤੋੜ ਵਿਚ ਬੈਠੇ ਅਮਲੀ ਬੱਸ ਇਹੀ ਆਸ ਲਾਈ ਬੈਠੇ ਰਹੇ ਕਿ 16 ਮਈ ਨੂੰ ਚੋਣ ਨਤੀਜਿਆਂ ਦਾ ਐਲਾਨ ਹੋਣ ਪਿੱਛੋਂ ਸਥਿਤੀ ਆਮ ਵਰਗੀ ਹੋ ਜਾਵੇਗੀ।

ਹਨੂੰਮਾਨਗੜ੍ਹ ਰੋਡ 'ਤੇ ਗਦਰਖੇੜਾ ਕੋਲ ਬਣੇ ਠੇਕੇ ਨੂੰ ਬੰਦ ਕਰ ਦਿੱਤਾ ਗਿਆ ਪਰ ਫਿਰ ਵੀ ਅਮਲੀ ਠੇਕੇ ਨੇੜੇ ਜਾ ਕੇ ਬਹਿ ਜਾਂਦੇ ਕਿ ਸ਼ਾਇਦ ਖੁੱਲ੍ਹ ਜਾਵੇ ਤੇ ਉਨ੍ਹਾਂ ਨੂੰ ਪੋਸਤ ਮਿਲ ਜਾਵੇ। ਉਧਰ ਪਿਛਲੇ ਕੁਝ ਦਿਨਾਂ ਵਿਚ ਕਈ ਅਮਲੀਆਂ ਦੀ ਮੌਤ ਹੋ ਗਈ ਜਦੋਂ ਕਿ ਪਿੰਡਾਂ ਵਿਚ ਪੋਸਤ ਨਾ ਮਿਲਣ ਕਾਰਨ ਅਮਲੀਆਂ ਨੂੰ ਦਸਤ ਲੱਗ ਗਏ ਤੇ ਕੋਈ ਦਵਾਈ ਲੈ ਕੇ ਤੇ ਕੋਈ ਨਸ਼ੀਲੀਆਂ ਗੋਲੀਆ ਦਾ ਬੰਦੋਬਸਤ ਕਰਕੇ ਸਮਾਂ ਲੰਘਾਉਣ ਦੀ ਕੋਸ਼ਿਸ਼ ਕਰ ਰਿਹਾ ਹੈ।

ਮਾਲਵੇ ਦੇ ਦੂਰ ਦੁਰਾਡੇ ਖੇਤਰਾਂ ਤੋਂ ਕਈ ਅਮਲੀਆਂ ਨੇ ਰਾਜਸਥਾਨ ਨੇੜੇ ਪੈਂਦੇ ਸਰਹੱਦੀ ਪਿੰਡਾਂ ਵਿਚ ਰਿਸ਼ਤੇਦਾਰੀਆਂ ਦੇ ਘਰ ਡੇਰੇ ਲਾ ਲਏ। ਹਸਪਤਾਲਾਂ ਵਿਚ ਤੇ ਪਿੰਡਾਂ ਦੇ ਝੋਲਾ ਛਾਪ ਡਾਕਟਰਾਂ ਤੋਂ ਟੀਕੇ ਲਵਾ ਕੇ ਵੀ ਬਹੁਤੇ ਅਮਲੀ ਬੁੱਤਾ ਲਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਹੋਰ ਤਾਂ ਹੋਰ ਪੰਜਾਬ ਦੇ ਬਹੁਤੇ ਅਮਲੀਆਂ ਨੇ ਤਾਂ ਪੋਸਤ ਦੀ ਘਾਟ ਨੂੰ ਪੂਰਾ ਕਰਨ ਲਈ ਰਾਜਸਥਾਨ ਦੇ ਨੇੜਲਿਆਂ ਹਿੱਸਿਆਂ ਵਿਚ ਮਜ਼ਦੂਰੀ ਕਰਨੀ ਸ਼ੁਰੂ ਕਰ ਦਿੱਤੀ ਹੈ।




ਸਰਕਾਰੀ ਮੁੱਲ 500 ਰੁਪਏ ਕਿੱਲੋ ਵਾਲਾ ਪੋਸਤ ਕਈ ਥਾਵਾਂ 'ਤੇ ਦੋ ਤੋਂ ਚਾਰ ਹਜ਼ਾਰ ਰੁਪਏ ਪ੍ਰਤੀ ਕਿੱਲੋ ਵਿਕ ਰਿਹਾ ਹੈ। ਪੰਜਾਬ ਨਾਲ ਲੱਗਦੇ ਰਾਜਸਥਾਨ ਦੇ ਸਾਦੁਲ ਸ਼ਹਿਰ, ਗੰਗਾਨਗਰ, ਸੰਗਰੀਆ ਤੇ ਹੋਰ ਥਾਵਾਂ 'ਤੇ ਬਣੇ ਪੋਸਤ ਠੇਕਿਆਂ 'ਤੇ ਸਖ਼ਤੀ ਕਾਰਨ ਅਮਲੀ ਨਮੋਸ਼ੀ ਦਾ ਸਾਹਮਣਾ ਕਰ ਰਹੇ ਹਨ। ਪਿਛਲੇ ਕਈ ਦਿਨਾਂ ਤੋਂ ਪੰਜਾਬ ਦੇ ਅਮਲੀਆਂ ਨੇ ਰਾਜਸਥਾਨ ਦੇ ਠੇਕਿਆਂ ਨੇੜੇ ਡੇਰੇ ਲਾਏ ਹੋਏ ਹਨ।

ਗੰਗਾਨਗਰ ਵਿਖੇ ਸਥਿਤੀ ਉਸ ਸਮੇਂ ਬਹੁਤ ਤਣਾਅਪੂਰਨ ਬਣ ਗਈ ਜਦੋਂ ਪ੍ਰਸ਼ਾਸਨ ਵੱਲੋਂ ਪੋਸਤ ਦੇ ਠੇਕੇ ਤੋਂ ਪੋਸਤ ਸਿਰਫ਼ ਪਰਮਿਟਧਾਰੀ ਨੂੰ ਦੇਣ ਦਾ ਫ਼ੈਸਲਾ ਕੀਤਾ ਗਿਆ। ਪ੍ਰਸ਼ਾਸਨ ਦੇ ਇਸ ਫੈਸਲੇ ਵਿਰੁੱਧ ਅਮਲੀਆਂ ਨੇ ਪਥਰਾਅਬਾਜ਼ੀ ਵੀ ਕੀਤੀ। ਮਿਲੀ ਜਾਣਕਾਰੀ ਮੁਤਾਬਕ ਐਸ.ਪੀ. ਦੇ ਹੁਕਮਾਂ 'ਤੇ ਪੋਸਤ ਦੇ ਠੇਕਿਆਂ ਨੇੜੇ ਪੁਲਿਸ ਤੇ ਐਕਸਾਈਜ਼ ਵਿਭਾਗ ਦੇ ਕਰਮਚਾਰੀ ਤਾਇਨਾਤ ਕਰ ਦਿੱਤੇ ਗਏ ਜੋ ਸਿਰਫ਼ ਪਰਮਿਟਧਾਰੀ ਨੂੰ ਹੀ ਅੱਗੇ ਪੋਸਤ ਲੈਣ ਲਈ ਜਾਣ ਦਿੰਦੇ ਸਨ।

ਇਕ ਪੋਸਤ ਨਾ ਮਿਲਣਾ ਤੇ ਉੱਤੋਂ ਸਖ਼ਤੀ ਤੇ ਗਰਮੀ ਕਾਰਨ ਅਮਲੀਆਂ ਦਾ ਸਬਰ ਟੁੱਟ ਗਿਆ ਤੇ ਉਨ੍ਹਾਂ ਨੇ ਹਿੰਸਾ ਦਾ ਰਾਹ ਅਪਣਾਉਂਦਿਆਂ ਪਥਰਾਅਬਾਜ਼ੀ ਕਰ ਦਿੱਤੀ। ਇਸ ਦੌਰਾਨ ਜਿਥੇ ਸਰਕਾਰੀ ਗੱਡੀ ਦੇ ਸ਼ੀਸ਼ੇ ਟੁੱਟ ਗਏ ਉਥੇ ਨੇੜਲੀਆਂ ਸਾਰੀਆਂ ਦੁਕਾਨਾਂ ਬੰਦ ਕਰ ਦਿੱਤੀਆਂ ਗਈਆਂ। ਇਸ ਤੋਂ ਬਾਅਦ ਪੁਲਿਸ ਵੱਲੋਂ ਅਮਲੀਆਂ ਨੂੰ ਲੱਭ-ਲੱਭ ਕੁੱਟਿਆ ਗਿਆ। ਉੱਧਰ ਪੰਜਾਬ ਪੁਲਿਸ ਦੇ ਕਈ ਮੁਲਾਜ਼ਮ ਵੀ ਰਾਜਸਥਾਨ ਵਿਚ ਪੋਸਤ ਲੈਣ ਪੁੱਜੇ ਹੋਏ ਸਨ। ਪੋਸਤ ਦੀ ਵਿਕਰੀ 'ਤੇ ਰਾਜਸਥਾਨ ਪ੍ਰਸ਼ਾਸਨ ਵੱਲੋਂ ਕੀਤੀ ਸਖ਼ਤੀ ਦਾ ਸੇਕ ਪੰਜਾਬ ਦੇ ਅਮਲੀਆਂ ਨੂੰ ਲੱਗ ਰਿਹਾ ਹੈ।

ਚੋਣਾਂ ਦਾ ਮਾਹੌਲ ਤੇ ਕਣਕ ਦੀ ਵਾਢੀ ਦੇ ਦਿਨ ਹੋਣ ਕਾਰਨ ਜਿਥੇ ਮਜ਼ਦੂਰ ਮਜ਼ਦੂਰੀ ਕਰਨ ਤੋਂ ਪਹਿਲਾਂ ਪੋਸਤ ਦਾ ਸਹਾਰਾ ਲੈਂਦਾ ਹੈ, ਉਥੇ ਆਗੂ ਵੀ ਲੋਕਾਂ ਨੂੰ ਪੋਸਤ ਰਾਹੀਂ ਨਾਲ ਰੱਖਣ ਵਿਚ ਲੱਗੇ ਹੋਏ ਹਨ। ਅਜਿਹੇ ਵਿਚ ਪੰਜਾਬ ਦੇ ਵੱਖ-ਵੱਖ ਦੂਰ ਦੁਰਾਡੇ ਇਲਾਕਿਆਂ ਵਿਚੋਂ ਲੋਕ ਪੋਸਤ ਲੈਣ ਰਾਜਸਥਾਨ ਆ ਰਹੇ ਹਨ ਜੋ ਜਾਂਦੇ ਸਮੇਂ ਪੁਲਿਸ ਦੇ ਅੜਿੱਕੇ ਆਉਂਦੇ ਹਨ। ਸਥਾਨਕ ਪੁਲਿਸ ਵੱਲੋਂ ਹਰ ਰੋਜ਼ ਹੀ ਪੋਸਤ ਲਿਆ ਰਹੇ ਪੰਜਾਬੀ ਫੜੇ ਜਾ ਰਹੇ ਹਨ।

ਰਾਜਸਥਾਨ ਵਿਚ ਪੋਸਤ ਦੇ ਠੇਕੇਦਾਰ ਵੀ ਚਿੰਤਾ ਵਿਚ ਹਨ ਕਿਉਂਕਿ ਪਰਮਿਟਧਾਰੀਆਂ ਦੀ ਗਿਣਤੀ ਤਾਂ ਬਹੁਤ ਘੱਟ ਹੈ ਜਦੋਂ ਕਿ ਬਿਨਾਂ ਪਰਮਿਟ ਵਾਲੇ ਅਮਲੀ ਬਹੁਗਿਣਤੀ ਵਿਚ ਪੋਸਤ ਲਿਜਾਂਦੇ ਹਨ। ਸਖ਼ਤੀ ਕਾਰਨ ਉਨ੍ਹਾਂ ਨੂੰ ਪੋਸਤ ਵੀ ਸਰਕਾਰੀ ਰੇਟ 'ਤੇ ਦੇਣਾ ਪੈ ਰਿਹਾ ਹੈ। ਪੋਸਤ ਦੀ ਕਿੱਲਤ ਤੇ ਸਖ਼ਤੀ ਕਾਰਨ ਜੁਗਾੜੀ ਇਸ ਦਾ ਪ੍ਰਬੰਧ ਕਿਤਿਓਂ ਵੀ ਕਰਕੇ ਇਸ ਦੀ ਬਲੈਕ ਕਰਨ ਵਿਚ ਵੀ ਰੁਚੀ ਲੈ ਰਹੇ ਹਨ।

## ਅਮਲੀਆਂ ਨੇ ਲਾਏ ਕੰਦੂਖੇੜਾ ਵਿਚ ਡੇਰੇ

**ਕੰਦੂਖੇੜਾ (ਰਾਜਸਥਾਨ):** ਨਸ਼ੇ ਦੀ ਥੁੜ੍ਹ ਨੂੰ ਦੇਖਦੇ ਹੋਏ ਪੰਜਾਬ ਦੇ ਅਮਲੀਆਂ ਨੇ ਰਾਜਸਥਾਨ ਦੇ ਪਿੰਡ ਕੰਦੂਖੇੜਾ ਵਿਚ ਪੱਕੇ ਮੋਰਚੇ ਲਾਏ ਹੋਏ ਹਨ। ਇਹ ਪਿੰਡ ਪੰਜਾਬ ਦੇ ਉਨ੍ਹਾਂ ਲੋਕਾਂ ਦਾ ਬੇਸ ਕੈਂਪ ਬਣ ਗਿਆ ਹੈ, ਜੋ ਰਾਜਸਥਾਨ ਭੁੱਕੀ-ਅਫੀਮ ਖਰੀਦਣ ਜਾਂਦੇ ਹਨ। ਕਈਆਂ ਨੇ ਇਥੇ ਕਮਰੇ ਵੀ ਕਿਰਾਏ 'ਤੇ ਲੈ ਲਏ ਹਨ। ਹਰੀਪੁਰ ਵਿਚ ਮੇਲੇ ਵਰਗਾ ਮਾਹੌਲ ਬਣਿਆ ਹੋਇਆ ਹੈ, ਇਕ ਛੋਟੀ ਜਿਹੀ ਭੁੱਕੀ ਦੀ ਦੁਕਾਨ ਦੇ ਬਾਹਰ ਅਮਲੀ ਹੀ ਅਮਲੀ ਤੁਰੇ ਫਿਰਦੇ ਹਨ।

ਪੰਜਾਬ ਦੇ ਦੁਰੇਡੇ ਪਿੰਡਾਂ ਤੋਂ ਅਮਲੀ ਆ ਕੇ ਇਸ ਦੁਕਾਨ ਦੇ ਬਾਹਰ ਡੇਰਾ ਲਾਈ ਬੈਠੇ ਹਨ ਕਿਉਂਕਿ ਸੂਬੇ ਵਿਚ ਪਿਛਲੇ ਕੁਝ ਦਿਨਾਂ ਤੋਂ ਇਹ 'ਸੁਗਾਤਾਂ' ਨਹੀਂ ਮਿਲ ਰਹੀਆਂ। ਇਸ ਦੇ ਭਾਅ ਵੀ ਚੜ੍ਹ ਗਏ ਹਨ। ਪਹਿਲਾਂ ਹੀ 150 ਰੁਪਏ ਦੀ 100 ਗ੍ਰਾਮ ਮਿਲ ਜਾਂਦੀ ਸੀ, ਪਰ ਹੁਣ 300-500 ਰੁਪਏ ਦੀ 100 ਗ੍ਰਾਮ ਹੈ।

ਰਾਜਸਥਾਨ ਦੇ ਲਾਇਸੈਂਸਸ਼ੁਦਾ ਨੂੰ ਇਹ 600 ਰੁਪਏ ਕਿੱਲੋ ਮਿਲਦੀ ਹੈ। ਇਹ ਹਫਤੇ ਵਿਚ ਦੋ ਵਾਰ ਮਿਲਦੀ ਹੈ। ਆਮ ਸਮਿਆਂ ਵਿਚ ਪੰਜਾਬ ਤੋਂ ਭੁੱਕੀ ਲੈਣ ਪੁੱਜਣ ਵਾਲਿਆਂ ਨੂੰ ਇਹ 1500-1800 ਰੁਪਏ ਕਿੱਲੋ ਮਿਲਦੀ ਰਹੀ ਹੈ। ਹੁਣ ਸਪਲਾਈ ਲਾਈਨ ਟੁੱਟਣ ਨਾਲ ਇਸ ਦੇ ਭਾਅ ਵਧ ਕੇ 4000 ਰੁਪਏ ਪ੍ਰਤੀ ਕਿਲੋ ਹੋਏ ਪਏ ਹਨ।

ਸਰਕਾਰੀ ਤੌਰ 'ਤੇ ਇਸ ਦਾ ਕਾਰਨ ਦੁਕਾਨਦਾਰਾਂ, ਠੇਕੇਦਾਰਾਂ ਤੇ ਰਾਜਸਥਾਨ ਵਿਚ ਹਾਲ ਹੀ ਵਿਚ ਬਣੀ ਭਾਜਪਾ ਸਰਕਾਰ ਵਿਚਾਲੇ ਵਿਵਾਦ ਦੱਸਿਆ ਜਾ ਰਿਹਾ ਹੈ ਪਰ ਅਮਲੀ ਇਹ ਮੰਨਣ ਨੂੰ ਤਿਆਰ ਨਹੀਂ।

# ਨਸ਼ਿਆਂ ਨੂੰ ਰੋਕਣ ਲਈ ਭਾਰਤ ਸਰਕਾਰ ਮਦਦ ਤੋਂ ਇਨਕਾਰੀ?

**ਚੰਡੀਗੜ੍ਹ:** ਕੇਂਦਰ ਨੇ ਪੰਜਾਬ ਸਰਕਾਰ ਦੀ ਉਸ ਮੰਗ ਨੂੰ ਮੁੱਢੋਂ ਰੱਦ ਕਰ ਦਿੱਤਾ ਹੈ ਜਿਸ ਵਿਚ ਸੂਬੇ ਵਿਚੋਂ ਨਸ਼ਿਆਂ ਦੀ ਬੁਰਾਈ ਨੂੰ ਠੱਲ੍ਹਣ ਲਈ ਮਾਲੀ ਮਦਦ ਦੀ ਗੁਹਾਰ ਲਗਾਈ ਗਈ ਸੀ। ਕੇਂਦਰੀ ਸਿਹਤ ਤੇ ਪਰਿਵਾਰ ਭਲਾਈ ਮੰਤਰਾਲੇ ਨੇ ਕੇਂਦਰ ਸਰਕਾਰ ਦੇ ਵਿਸ਼ੇਸ਼ ਸੀਨੀਅਰ ਸਥਾਈ ਵਕੀਲ ਓਂਕਾਰ ਸਿੰਘ ਬਟਾਲਵੀ ਨੂੰ ਲਿਖੇ ਇਕ ਪੱਤਰ ਵਿਚ ਸਪਸ਼ਟ ਕੀਤਾ ਹੈ ਕਿ ਸਟੇਟ ਡਰੱਗ ਕੰਟਰੋਲ ਵਿਭਾਗ ਤੇ ਉਸ ਦੀ ਮਸ਼ੀਨਰੀ ਸੂਬਾ ਸਰਕਾਰਾਂ ਦੇ ਵਿਸ਼ੇਸ਼ ਅਧਿਕਾਰ ਹੇਠ ਆਉਂਦੀ ਹੈ। ਭਾਰਤ ਸਰਕਾਰ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰਾਲੇ ਦੀ ਮੌਜੂਦਾ ਯੋਜਨਾ ਅਧੀਨ ਸੂਬਾ ਸਰਕਾਰ ਨੂੰ ਆਪਣੇ ਡਰੱਗ ਕੰਟਰੋਲ ਢਾਂਚੇ ਨੂੰ ਮਜ਼ਬੂਤ ਬਣਾਉਣ ਲਈ ਮਾਲੀ ਮਦਦ ਮੁਹੱਈਆ ਕਰਵਾਈ ਜਾਂਦੀ ਹੈ ਜਿਸ ਕਰਕੇ ਸਰਕਾਰ ਵੱਲੋਂ ਪੰਜਾਬ ਸਰਕਾਰ ਨੂੰ ਇਸ ਮੰਤਵ



ਲਈ ਹੋਰ ਮਾਲੀ ਮਦਦ ਮੁਹੱਈਆ ਕਰਵਾਉਣੀ ਸੰਭਵ ਨਹੀਂ ਹੈ।

ਇਸ ਦੇ ਨਾਲ ਹੀ ਮੰਤਰਾਲੇ ਨੇ ਇਹ ਵੀ ਭਰੋਸਾ ਦਿਵਾਇਆ ਹੈ ਕਿ ਨਸ਼ਿਆਂ ਦੀ ਬੁਰਾਈ ਨੂੰ ਠੱਲ੍ਹਣ ਲਈ ਕੇਂਦਰ ਵੱਲੋਂ ਨਵੀਂ ਯੋਜਨਾ ਲਿਆਂਦੀ ਜਾ ਰਹੀ ਹੈ ਪਰ ਇਸ ਨੂੰ ਅਮਲੀ ਰੂਪ ਦੇਣ ਵਿਚ ਅਜੇ ਸਮਾਂ ਲੱਗੇਗਾ। ਇਸ ਪੱਤਰ ਵਿਚ ਮੰਤਰਾਲੇ ਨੇ ਇਹ ਵੀ ਸਪਸ਼ਟ ਕੀਤਾ ਹੈ ਕਿ 12ਵੀਂ ਪੰਜ ਸਾਲਾ ਯੋਜਨਾ ਦੌਰਾਨ ਸੂਬੇ ਦੇ ਡਰੱਗ ਰੈਗੂਲੇਟਰੀ ਸਿਸਟਮ ਨੂੰ ਹੋਰ ਮਜ਼ਬੂਤ ਕਰਨ ਬਾਰੇ ਇਕ ਤਜਵੀਜ਼ ਪੇਸ਼ ਕੀਤੀ ਗਈ ਹੈ ਪਰ ਅਜੇ ਵਿੱਤ ਮੰਤਰਾਲੇ ਵੱਲੋਂ ਇਸ ਨੂੰ ਪ੍ਰਵਾਨਗੀ ਦਿੱਤੀ ਜਾਣੀ ਹੈ।

ਹਾਲ ਵਿਚ ਹੀ ਹੋਈਆਂ ਪੰਜਾਬ ਚੋਣਾਂ ਦੌਰਾਨ ਨਸ਼ਿਆਂ ਦਾ ਮੁੱਦਾ ਪ੍ਰਮੁੱਖ ਮੁੱਦੇ ਵਜੋਂ ਉਭਰਿਆ ਹੈ। ਸੱਤਾਧਾਰੀ ਗੱਠਜੋੜ ਨੂੰ ਜਿਥੇ ਇਸ ਮੁੱਦੇ 'ਤੇ ਕਾਫੀ ਲੋਕ ਰੋਹ ਦਾ ਸਾਹਮਣਾ ਕਰਨਾ ਪਿਆ ਹੈ ਉੱਥੇ ਇਸ ਉੱਤੇ ਡਰੱਗ ਤਸਕਰਾਂ ਨੂੰ ਸ਼ਹਿ ਦੇਣ ਦੇ ਦੋਸ਼ ਵੀ ਲਗਦੇ ਰਹੇ ਹਨ। ਪੰਜਾਬ ਦੇ ਸਾਬਕਾ ਡੀ.ਜੀ.ਪੀ ਸ਼ਸ਼ੀ ਕਾਂਤ ਨੇ ਦਾਅਵਾ ਕੀਤਾ ਹੈ ਕਿ ਪੰਜਾਬ ਵਿਚ ਨਸ਼ਿਆਂ ਦੀ 60,000 ਕਰੋੜ ਦੀ ਸਮਗਲਿੰਗ ਹੁੰਦੀ ਹੈ ਅਤੇ ਇਹ ਧਨ ਚੋਣ ਫੰਡ ਵਜੋਂ ਵਰਤਿਆ ਜਾਂਦਾ ਹੈ।

## ਪੰਜਾਬ ਸਰਕਾਰ ਨੇ ਜਾਂਚ ਲਈ 90 ਦਿਨ ਮੰਗੇ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਕੌਮਾਂਤਰੀ ਨਸ਼ਾ ਤਸਕਰੀ ਕੇਸ ਵਿੱਚ ਸੱਤ ਐਫ.ਆਈ.ਆਰ. ਦਰਜ ਕਰਨ ਦਾ ਦਾਅਵਾ ਕੀਤਾ ਹੈ। ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਸਥਿਤੀ (ਸਟੇਟਸ) ਰਿਪੋਰਟ ਪੇਸ਼ ਕਰਦਿਆਂ ਸਰਕਾਰ ਨੇ ਦੱਸਿਆ ਕਿ ਚਾਰ ਮੁਲਜ਼ਮਾਂ ਖਿਲਾਫ਼ ਦੋਸ਼ ਆਇਦ ਹੋ ਚੁੱਕੇ ਹਨ ਤੇ ਬਾਕੀ ਤਿੰਨ ਖਿਲਾਫ਼ ਵੀ ਛੇਤੀ ਹੀ ਦੋਸ਼ ਪੱਤਰ ਦਾਖਲ ਹੋਏਗਾ।

ਸੂਬਾ ਸਰਕਾਰ ਹੋਰਾਂ ਮੁਲਜ਼ਮਾਂ ਦੇ ਕੇਸ ਲਈ ਕੈਮੀਕਲ ਐਗਜ਼ਾਮੀਨਰ ਦੀ ਰਿਪੋਰਟ ਦਾ ਇੰਤਜ਼ਾਰ ਕਰ ਰਹੀ ਹੈ। ਪੰਜਾਬ ਸਰਕਾਰ ਨੇ ਕੌਮਾਂਤਰੀ ਨਸ਼ਾ ਤਸਕਰੀ ਮਾਮਲੇ ਵਿੱਚ ਜਾਂਚ ਮੁਕੰਮਲ ਕਰਨ ਲਈ 90 ਦਿਨਾਂ ਦਾ ਸਮਾਂ ਮੰਗਿਆ ਹੈ। ਅਦਾਲਤ ਨੇ ਸੂਬਾ ਸਰਕਾਰ ਨੂੰ ਵਿਸਥਾਰਤ ਸਟੇਟਸ ਰਿਪੋਰਟ 21 ਜੁਲਾਈ ਨੂੰ ਕੇਸ ਦੀ ਸੁਣਵਾਈ ਦੇ ਤਿੰਨ ਦਿਨ ਪਹਿਲਾਂ ਪੇਸ਼ ਕਰਨ ਦੇ ਹੁਕਮ ਦਿੱਤੇ ਹਨ।

# 'ਆਸ਼ਾ ਦੀ ਪੁੜੀ' ਨੇ ਜਗਾਈ ਆਸ ਦੀ ਕਿਰਨ

**ਅਬੋਹਰ:** ਰਾਜਸਥਾਨ ਸਰਕਾਰ ਵੱਲੋਂ ਪੋਸਤ ਦੀ ਵਿਕਰੀ ਵਿਚ ਕੀਤੀ ਸਖ਼ਤੀ ਕਾਰਨ ਸੂਬੇ ਦੇ ਅਮਲੀਆਂ ਦੀ ਜਾਨ 'ਤੇ ਬਣੀ ਹੋਈ ਹੈ ਤੇ ਪੋਸਤ ਦੇ ਬਿਨਾਂ ਉਹ ਮਾਰੇ-ਮਾਰੇ ਫਿਰ ਰਹੇ ਹਨ। ਅਜਿਹੀ ਵਿਚ ਹੁਣ ਪੋਸਤ ਦੇ ਟੁੱਟੇ ਅਮਲੀਆਂ ਲਈ ਬਾਜ਼ਾਰ ਵਿਚ ਇਕ 'ਆਸ਼ਾ' ਨਾਂ ਦੀ ਪੁੜੀ ਖ਼ੂਬ ਵਿਕ ਰਹੀ ਹੈ ਜੋ ਅਮਲੀਆਂ ਨੂੰ ਇਕ ਵਾਰ ਤਾਂ ਪੂਰੇ ਜਲੌਅ ਵਿਚ ਲੈ ਆਉਂਦੀ ਹੈ ਪਰ ਇਹ ਮਨੁੱਖੀ ਸਿਹਤ ਲਈ ਅਤਿ ਘਾਤਕ ਦੱਸੀ ਜਾ ਰਹੀ ਹੈ। ਇਨ੍ਹੀਂ ਦਿਨੀਂ ਹਰੇਕ ਸ਼ਹਿਰ ਵਿਚ ਕੁਝ ਚੋਣਵੇਂ ਮੈਡੀਕਲ ਸਟੋਰਾਂ 'ਤੇ ਉਪਲਬਧ ਇਸ ਪੁੜੀ ਦੀ 'ਅਮਲੀਆਂ ਦੇ ਜਗਤ' ਵਿਚ ਖ਼ੂਬ ਚਰਚਾ ਹੈ।

ਮਿਲੀ ਜਾਣਕਾਰੀ ਮੁਤਾਬਕ ਰਾਜਸਥਾਨ ਤੋਂ ਥੋਕ ਵਿਚ ਪੋਸਤ ਦੀ ਵਿਕਰੀ ਨਾ ਹੋਣ ਕਾਰਨ ਪਹਿਲੀ ਗੱਲ ਤਾਂ ਪੋਸਤ ਮਿਲ ਹੀ ਨਹੀਂ ਰਿਹਾ ਤੇ ਜੇਕਰ ਕਿਤੇ ਟਾਵਾਂ-ਟਾਵਾਂ ਮਿਲ ਰਿਹਾ ਹੈ ਤਾਂ ਉਹ ਤਕਰੀਬਨ ਛੇ ਹਜ਼ਾਰ ਰੁਪਏ ਕਿੱਲੋ ਦੇ ਹਿਸਾਬ ਨਾਲ ਮਿਲ ਰਿਹਾ ਹੈ ਜਿਸ ਨੂੰ ਖਰੀਦਣਾ ਹਰੇਕ ਦੇ ਵੱਸ ਦੀ ਗੱਲ ਨਹੀਂ। ਇਸ ਸਥਿਤੀ ਦੇ ਚੱਲਦਿਆਂ ਹੁਣ ਬਾਜ਼ਾਰ ਵਿਚ ਕੁਝ ਚੋਣਵੇਂ ਮੈਡੀਕਲ ਸਟੋਰਾਂ ਉੱਪਰ 'ਆਸ਼ਾ' ਨਾਂਅ ਦੀ ਪੁੜੀ 20 ਰੁਪਏ ਪ੍ਰਤੀ ਪੁੜੀ ਦੇ ਹਿਸਾਬ ਨਾਲ ਵਿਕ ਰਹੀ ਹੈ ਜਿਸ ਨੂੰ ਅਮਲੀ ਬਿਨਾਂ ਕਿਸੇ ਡਰ ਭੈਅ ਤੋਂ ਖ਼ਰੀਦ ਰਹੇ ਹਨ। ਦੱਸਿਆ ਜਾਂਦਾ ਹੈ ਕਿ ਇਹ ਦਵਾਈ ਨਸ਼ਾ ਛੁਡਾਉਣ ਲਈ ਵਰਤੀ ਜਾਂਦੀ ਹੈ ਪਰ ਅਮਲੀ ਇਸ ਦੀ ਓਵਰ ਡੋਜ਼ ਲੈਂਦੇ ਹਨ ਜਿਸ ਨਾਲ ਉਨ੍ਹਾਂ ਨੂੰ ਇਕ ਵਾਰ ਪੋਸਤ ਵਰਗਾ ਨਸ਼ਾ ਆ ਜਾਂਦਾ ਹੈ। ਇਕ ਅਮਲੀ ਪ੍ਰਤੀ ਦਿਨ ਪੰਜ ਤੋਂ 10 ਪੁੜੀਆਂ ਦੀ ਵਰਤੋਂ ਕਰ ਰਿਹਾ ਹੈ। ਇਸ ਤੋਂ ਇਲਾਵਾ ਨਸ਼ਾ ਛੁਡਾਊ ਕੇਂਦਰਾਂ ਦੀ ਆੜ ਵਿਚ ਕੁਝ ਲੋਕ 'ਬੂਪਨ' ਨਾਂਅ ਦੀਆਂ ਗੋਲੀਆਂ ਮਹਿੰਗੇ ਭਾਅ ਅਮਲੀਆਂ ਨੂੰ ਵੇਚ ਕੇ ਖ਼ੂਬ ਹੱਥ ਰੰਗ ਰਹੇ ਹਨ।

ਇਹ ਗੋਲੀਆਂ ਵੀ ਨਸ਼ਾ ਛੁਡਾਉਣ ਲਈ ਵਰਤੀਆਂ ਜਾਂਦੀਆਂ ਹਨ ਅਤੇ 10 ਗੋਲੀਆਂ ਦਾ ਰੇਟ 85 ਰੁਪਏ ਹੈ ਪਰ ਅਮਲੀਆਂ ਨੂੰ 10 ਗੋਲੀਆਂ 370 ਰੁਪਏ ਵਿਚ ਮਹਿੰਗੇ ਭਾਅ ਵੇਚੀਆਂ ਜਾ ਰਹੀਆਂ ਹਨ। ਇਸੇ ਤਰ੍ਹਾਂ ਹੋਰ ਵੀ ਨਸ਼ੀਲੀਆਂ ਦਵਾਈਆਂ ਜਿਵੇਂ ਫੋਰਟਾਡੋਲ, ਕਾਮਿਨੀ ਆਦਿ ਦੀ ਖੁੱਲ੍ਹ ਕੇ ਵਰਤੋਂ ਕੀਤੀ ਜਾ ਰਹੀ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਨਸ਼ੀਲੀਆਂ ਦਵਾਈਆਂ ਦੀ ਹੋ ਰਹੀ ਖੁੱਲ੍ਹੇਆਮ ਵਿਕਰੀ ਬਾਰੇ ਸਿਹਤ ਵਿਭਾਗ ਦੇ ਅਧਿਕਾਰੀ ਅਨਜਾਣਤਾ ਪ੍ਰਗਟਾ ਰਹੇ ਹਨ।

ਦੱਸਣਯੋਗ ਹੈ ਕਿ ਬੀਤੇ ਤਕਰੀਬਨ ਇਕ ਮਹੀਨੇ ਤੋਂ ਰਾਜਸਥਾਨ ਸਰਕਾਰ ਨੇ ਪੋਸਤ ਦੀ ਵਿਕਰੀ ਵਿਚ ਸਖ਼ਤੀ ਕਰਦਿਆਂ ਸਿਰਫ਼ ਉਨ੍ਹਾਂ ਵਿਅਕਤੀਆਂ ਨੂੰ ਪੋਸਤ ਵੇਚਣ ਦੀ ਖੁੱਲ੍ਹ ਦਿੱਤੀ ਹੈ ਜਿਨ੍ਹਾਂ ਕੋਲ ਸਿਹਤ ਵਿਭਾਗ ਵੱਲੋਂ ਜਾਰੀ ਕੀਤਾ ਪਰਮਿਟ ਹੈ। ਇਸ ਤੋਂ ਪਹਿਲਾ ਰਾਜਸਥਾਨ ਵਿਚ ਪੋਸਤ ਦੇ ਠੇਕਿਆਂ ਤੋਂ ਥੋਕ ਵਿਚ ਪੋਸਤ ਮਿਲ ਜਾਂਦਾ ਸੀ ਜਿਸ ਦੀ ਖਪਤ ਪੰਜਾਬ ਵਿਚ ਵੱਡੀ ਪੱਧਰ 'ਤੇ ਹੁੰਦੀ ਸੀ।

# ਸੁਚਿੱਤਰਾ ਸੇਨ ਦਾ ਘਰ ਬਣੇਗਾ ਅਜਾਇਬਘਰ

**ਢਾਕਾ:** ਭਾਰਤ ਦੀ ਉੱਘੀ ਅਦਾਕਾਰਾ ਸੁਚਿੱਤਰਾ ਸੈਨ ਦੀ ਬੰਗਲਾਦੇਸ਼ ਸਥਿਤ ਰਿਹਾਇਸ਼ ਅਜਾਇਬਘਰ ਵਿਚ ਤਬਦੀਲ ਹੋਵੇਗੀ। ਬੰਗਲਾਦੇਸ਼ ਦੀ ਸੁਪਰੀਮ ਕੋਰਟ ਵੱਲੋਂ ਜਮਾਤ-ਏ-ਇਸਲਾਮੀ ਪੱਖੀ ਜਥੇਬੰਦੀ ਦੇ ਕਬਜ਼ੇ ਵਿਚੋਂ ਇਸ ਰਿਹਾਇਸ਼ ਨੂੰ ਖ਼ਾਲੀ ਕਰਵਾਉਣ ਦੇ ਹੁਕਮਾਂ ਨਾਲ ਅਜਾਇਬਘਰ ਲਈ ਰਾਹ ਪੱਧਰਾ ਹੋ ਗਿਆ ਹੈ।

ਸੁਪਰੀਮ ਕੋਰਟ ਦੇ ਜਸਟਿਸ ਐਸ.ਕੇ. ਸਿਨਹਾ ਦੀ ਅਗਵਾਈ ਹੇਠਲੇ ਬੈਂਚ ਨੇ ਜਮਾਤ ਪੱਖੀ ਇਮਾਮ ਗਜ਼ਾਲੀ ਇੰਸਟੀਚਿਊਟ ਵੱਲੋਂ ਰਾਜਸ਼ਾਹੀ ਡਿਵੀਜ਼ਨ ਵਿਚ ਪਾਬਨਾ ਸ਼ਹਿਰ ਦੇ ਇਸ ਘਰ ਨੂੰ ਆਪਣੇ ਕਬਜ਼ੇ ਹੇਠ ਰੱਖਣ ਦੀ ਅਪੀਲ ਨੂੰ ਠੁਕਰਾ ਦਿੱਤਾ।

ਵਧੀਕ ਅਟਾਰਨੀ ਜਨਰਲ ਮੁਰਾਦ ਰਜ਼ਾ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਫ਼ੈਸਲੇ ਅਨੁਸਾਰ ਸੁਚਿੱਤਰਾ ਸੈਨ ਦੇ ਜੱਦੀ ਘਰ ਨੂੰ ਅਜਾਇਬਘਰ ਵਿਚ ਤਬਦੀਲ ਕਰਨ ਵਿਚ ਕੋਈ ਅੜਿੱਕਾ ਨਹੀਂ ਰਿਹਾ। ਦੱਸ ਦੇਈਏ ਕਿ ਸੁਚਿੱਤਰਾ ਸੈਨ ਦੇ ਪਿਤਾ ਨੇ ਵੰਡ ਤੋਂ ਪਹਿਲਾਂ ਇਹ ਘਰ ਬਣਾਇਆ ਸੀ ਤੇ ਉਨ੍ਹਾਂ ਆਪਣਾ ਬਚਪਨ ਤੇ ਜਵਾਨੀ ਇਸੇ ਘਰ ਵਿਚ ਬਿਤਾਏ ਸਨ। ਵਿਆਹ ਤੋਂ ਬਾਅਦ ਉਹ ਕੋਲਕਾਤਾ ਚਲੇ ਗਏ ਸਨ। ਉਨ੍ਹਾਂ ਦਾ ਜਨਮ ਪਾਬਨਾ ਵਿਚ 6 ਅਪਰੈਲ, 1931 ਨੂੰ ਹੋਇਆ ਸੀ ਤੇ 83 ਸਾਲ ਦੀ ਉਮਰ ਵਿਚ ਇਸ ਸਾਲ 17 ਜਨਵਰੀ ਨੂੰ ਉਨ੍ਹਾਂ ਕੋਲਕਾਤਾ ਵਿਚ ਅੰਤਿਮ ਸਾਹ ਲਏ ਸਨ। ਬੰਗਲਾਦੇਸ਼ ਵਿਚ ਵੱਖ-ਵੱਖ ਵਰਗਾਂ ਦੇ ਲੋਕ ਮੰਗ ਕਰ ਰਹੇ ਸਨ ਕਿ ਸੁਚਿੱਤਰਾ ਸੈਨ ਦੇ ਜੱਦੀ ਘਰ ਨੂੰ ਅਜਾਇਬਘਰ ਵਿਚ ਤਬਦੀਲ ਕੀਤਾ ਜਾਵੇ ਤੇ ਹੁਣ ਉਨ੍ਹਾਂ ਦੀ ਇਹ ਮੰਗ ਪੂਰੀ ਹੋਣ ਜਾ ਰਹੀ ਹੈ।



# ਮੋਦੀ ਦੀ ਉਠਾਣ ਬਾਰੇ ਮੁੱਖ ਪਾਰਟੀਆਂ ਅਵੇਸਲੀਆਂ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਭਾਰਤ ਦੀ ਪਾਰਲੀਮੈਂਟ ਦੀਆਂ ਚੋਣਾਂ ਦੀ ਪ੍ਰਕ੍ਰਿਆ ਬਾਕੀ ਦੇਸ਼ ਵਿਚ ਹਾਲੇ ਭਾਵੇਂ ਚੱਲ ਰਹੀ ਹੈ, ਪੰਜਾਬ ਦਾ ਵੋਟਰ ਇਸ ਪਾਸਿਓਂ ਆਪਣਾ ਕੰਮ ਮੁਕਾ ਕੇ ਵਿਹਲਾ ਹੋ ਚੁੱਕਾ ਹੈ। ਨਤੀਜੇ ਹਾਲੇ 16 ਮਈ ਨੂੰ ਆਉਣਗੇ ਤੇ ਉਸ ਪਿੱਛੋਂ ਦੇਸ਼ ਨੂੰ ਕੋਈ ਨਵੀਂ ਸਰਕਾਰ ਮਿਲ ਸਕੇਗੀ। ਕਿਹੋ ਜਿਹੀ ਸਰਕਾਰ ਬਣੇਗੀ, ਇਹ ਸਵਾਲ ਹਾਲੇ ਤੱਕ ਵੀ ਜਵਾਬ ਦੀ ਉਡੀਕ ਵਿਚ ਹੈ, ਪਰ ਏਨੀ ਗੱਲ ਦੱਸੀ ਜਾ ਸਕਦੀ ਹੈ ਕਿ ਸਾਰੇ ਪਿੰਡ ਵਿਚੋਂ ਹੋਰ ਕੋਈ ਬਣੇ ਜਾਂ ਨਾ ਬਣੇ, ਸੋਨੀਆ ਗਾਂਧੀ ਦੇ ਮੁੰਡੇ ਨੂੰ ਪਿੰਡ ਦੀ ਲੰਬੜਦਾਰੀ ਹਾਲ ਦੀ ਘੜੀ ਨਹੀਂ ਮਿਲ ਸਕਣੀ। ਮੁੰਡਾ ਏਨਾ ਸਿਆਣਾ ਵੀ ਨਹੀਂ ਹੋ ਸਕਿਆ ਕਿ ਦੇਸ਼ ਦੇ ਲੋਕ ਉਸ ਨੂੰ ਗੰਭੀਰਤਾ ਨਾਲ ਲੈ ਸਕਣ ਤੇ ਬਾਬਿਆਂ ਵਰਗੀ ਉਮਰ ਦੇ ਜਿਸ ਡਾਕਟਰ ਮਨਮੋਹਨ ਸਿੰਘ ਨੂੰ ਹੁਣ ਤੱਕ ਕਾਂਗਰਸ ਪਾਰਟੀ ਅੱਗੇ ਲਾਉਂਦੀ ਰਹੀ ਸੀ, ਉਸ ਨੇ ਚੋਣ ਨਤੀਜਾ ਵੀ ਨਹੀਂ ਉਡੀਕਿਆ ਤੇ ਸਮਾਨ ਬੰਨ੍ਹ ਕੇ ਨਵੇਂ ਬੰਗਲੇ ਵਿਚ ਜਾਣ ਨੂੰ ਤਿਆਰ ਹੋ ਗਿਆ ਹੈ। ਮਨਮੋਹਨ ਸਿੰਘ ਨੇ ਚੱਲਦੀ ਚੋਣ ਦੌਰਾਨ ਨਵੇਂ ਬੰਗਲੇ ਦੀ ਤਿਆਰੀ ਚੈਕ ਕਰਨ ਲਈ ਤਾਂ ਗੇੜੇ ਮਾਰੇ ਹੀ, ਯੋਜਨਾ ਕਮਿਸ਼ਨ ਵਿਚ ਵਿਦਾਇਗੀ ਭਾਸ਼ਣ ਦੇ ਕੇ ਪਾਰਟੀ ਲੈਣ ਵਾਲੀ ਰਸਮ ਵੀ ਭੁਗਤਾ ਆਇਆ ਹੈ। ਇਸ ਨਾਲ ਉਸ ਨੇ ਕਾਂਗਰਸ ਦੀ ਚੋਣ ਮੁਹਿੰਮ ਨੂੰ ਵੀ ਸੱਟ ਮਾਰੀ ਹੈ। ਵਿਰੋਧੀ ਇਹ ਕਹਿੰਦੇ ਹਨ ਕਿ ਕਾਂਗਰਸ ਪਾਰਟੀ ਨੇ ਵੇਲੇ ਸਿਰ ਹਾਰ ਮੰਨ ਲਈ ਹੈ ਤੇ ਇਸੇ ਕਰ ਕੇ ਜਿਹੜਾ ਮਨਮੋਹਨ ਸਿੰਘ ਚੋਣ ਪ੍ਰਚਾਰ ਲਈ ਨਹੀਂ ਸੀ ਗਿਆ, ਉਹ ਹੁਣ ਵਿਦਾਇਗੀ ਪਾਰਟੀਆਂ ਵੀ ਲੈਣ ਰੁੱਝ ਗਿਆ ਹੈ।

ਕੁਝ ਧਿਰਾਂ ਨੇ ਇਹ ਗੱਲ ਬੜੀ ਉਚੀ ਸੁਰ ਵਿਚ ਕੀਤੀ ਹੈ ਕਿ ਇਸ ਵਾਰੀ ਫਿਰ ਓਦਾਂ ਦੇ ਹਾਲਾਤ ਹੋ ਸਕਦੇ ਹਨ, ਜਿਹੋ ਜਿਹੇ ਨਰਸਿਮਹਾ ਰਾਓ ਤੋਂ ਬਾਅਦ ਬਣੇ ਸਨ। ਕਿਸੇ ਵੀ ਧਿਰ ਦੀ ਸਰਕਾਰ ਨਹੀਂ ਬਣ ਸਕਣੀ ਅਤੇ ਜਿਵੇਂ ਉਦੋਂ ਵੱਡੀ ਪਾਰਟੀ ਭਾਜਪਾ ਹੋਣ ਕਰ ਕੇ ਅਟਲ ਬਿਹਾਰੀ ਵਾਜਪਾਈ ਨੂੰ ਪ੍ਰਧਾਨ ਮੰਤਰੀ ਬਣਨ ਦਾ ਮੌਕਾ ਮਿਲਣ ਦੇ ਬਾਵਜੂਦ ਤੇਰਾਂ ਦਿਨਾਂ ਪਿੱਛੋਂ ਕੁਰਸੀ ਛੱਡਣੀ ਪਈ ਸੀ, ਹੁਣ ਫਿਰ ਉਹ ਖੇਡ ਦੁਹਰਾਈ ਜਾ ਸਕਦੀ ਹੈ। ਇਸ ਗੱਲ ਨੂੰ ਕੱਟਣਾ ਨਹੀਂ ਬਣਦਾ, ਪਰ ਇਸ ਨੂੰ ਇੱਕ ਦਮ ਠੀਕ ਮੰਨਣਾ ਵੀ ਬਹੁਤਾ ਸੌਖਾ ਨਹੀਂ। ਭਾਜਪਾ ਗੱਠਜੋੜ ਜਿਹੋ ਜਿਹਾ ਪ੍ਰਭਾਵ ਦੇਣ ਹੁਣੇ ਤੋਂ ਰੁੱਝ ਗਿਆ ਹੈ, ਉਸ ਨੂੰ ਅਣਗੌਲਿਆ ਕਰਨਾ ਉਨ੍ਹਾਂ ਪਾਰਟੀਆਂ ਨੂੰ ਮਹਿੰਗਾ ਪੈ ਸਕਦਾ ਹੈ।

ਪਹਿਲੀ ਗੱਲ ਇਹ ਹੈ ਕਿ ਇਸ ਵੇਲੇ ਭਾਰਤੀ ਜਨਤਾ ਪਾਰਟੀ ਨੇ ਨਹੀਂ, ਉਸ ਵੱਲੋਂ ਪ੍ਰਧਾਨ ਮੰਤਰੀ ਅਹੁਦੇ ਦੇ ਦਾਅਵੇਦਾਰ ਨੇ ਸਾਰਾ ਕੁਝ ਸੈਟ ਕੀਤਾ ਪਿਆ ਜਾਪਦਾ ਹੈ। ਕਿਸੇ ਇੱਕਾ-ਦੁੱਕਾ ਨੂੰ ਛੱਡ ਕੇ ਸਭ ਮੀਡੀਆ ਚੈਨਲਾਂ ਤੋਂ ਅੱਧੇ ਤੋਂ ਵੱਧ ਸਮਾਂ ਖਬਰਨਾਮੇ ਦੀ ਥਾਂ ਮੋਦੀ-ਨਾਮਾ ਪੇਸ਼ ਕੀਤਾ ਜਾਂਦਾ ਹੈ ਤੇ ਉਸ ਦੇ ਵਿਰੋਧ ਦੀ ਆਵਾਜ਼ ਉਸ ਦੀ ਆਪਣੀ ਪਾਰਟੀ ਦੇ ਅੰਦਰੋਂ ਉਠੇ ਜਾਂ ਵਿਰੋਧੀ ਸਿਆਸਤ ਕਰਨ ਵਾਲਿਆਂ ਵੱਲੋਂ, ਉਹ ਮਜ਼ਾਕੀਆ ਤਰੀਕੇ ਨਾਲ ਪੇਸ਼ ਕਰ ਕੇ ਚਿੜਾਇਆ ਜਾਂਦਾ ਹੈ। ਅੱਜ-ਕੱਲ੍ਹ ਮੀਡੀਆ ਇੱਕ ਨਵੇਂ ਰੁਝਾਨ ਦਾ ਚਸਕਾ ਲਾ ਚੁੱਕਾ ਹੈ। ਕਿਸੇ ਹਲਕੇ ਵਿਚ ਜਾ ਕੇ ਉਥੋਂ ਦੇ ਲੋਕਾਂ ਨੂੰ ਇਕੱਠੇ ਕਰ ਕੇ ਸਾਰੀਆਂ ਧਿਰਾਂ ਦੇ ਇੱਕ-ਇੱਕ ਪ੍ਰਤੀਨਿਧ ਨੂੰ ਬੋਲਣ ਦਾ ਵਕਤ ਦਿੱਤਾ ਜਾਂਦਾ ਹੈ, ਪਰ ਪਿਛਲੇ ਦਿਨਾਂ ਵਿਚ ਇਹ ਖੇਡ ਇੱਕ-ਤਰਫਾ ਹੋ ਗਈ ਹੈ। ਜਦੋਂ ਭਾਰਤੀ ਜਨਤਾ ਪਾਰਟੀ ਦਾ ਕੋਈ ਪ੍ਰਤੀਨਿਧ ਬੋਲਦਾ ਹੈ ਤਾਂ ਤਾੜੀਆਂ ਮਾਰੀਆਂ ਜਾਂਦੀਆਂ ਹਨ, ਪਰ ਜਦੋਂ ਦੂਸਰੇ ਕਿਸੇ ਪੱਖ ਦਾ ਬੋਲਣ ਲੱਗੇ ਤਾਂ ਕੁਰਸੀਆਂ ਛੱਡ ਕੇ ਕੁਝ ਲੋਕ ਉਸ ਦੇ ਦੁਆਲੇ ਆਣ ਕੇ ਏਨੇ ਜ਼ੋਰ ਨਾਲ 'ਮੋਦੀ, ਮੋਦੀ, ਮੋਦੀ' ਕਹਿਣ ਲੱਗ ਜਾਂਦੇ ਹਨ ਕਿ ਉਸ ਦੀ ਗੱਲ ਹੀ ਲੋਕਾਂ ਤੱਕ ਨਹੀਂ ਪਹੁੰਚ ਸਕਦੀ। ਇਹ ਚੋਣ ਪ੍ਰਚਾਰ ਨਹੀਂ, ਇੱਕ ਗੈਰ-ਲੋਕਤੰਤਰੀ ਯਲਗਾਰ ਜਾਪਦੀ ਹੈ।

ਪ੍ਰਧਾਨ ਮੰਤਰੀ ਦੇ ਅਹੁਦੇ ਲਈ ਚਿਰਾਂ ਦੀ ਮਨ ਵਿਚ ਰੱਖੀ ਹੋਈ ਇੱਛਾ ਦੀ ਪੂਰਤੀ ਲਈ ਨਰਿੰਦਰ ਮੋਦੀ ਹੁਣ ਕਈ ਲੋਕਾਂ ਨੂੰ 'ਮੈਂ' ਦਾ ਮਰੀਜ਼ ਜਾਪਣ ਲੱਗ ਪਿਆ ਹੈ। ਉਸ ਦੀ ਹਰ ਗੱਲ 'ਮੈਂ' ਨਾਲ ਜੁੜੀ ਹੁੰਦੀ ਹੈ। ਏਦਾਂ ਦੇ ਮੌਕੇ ਪਹਿਲਾਂ ਵੀ ਕਈ ਵਾਰੀ ਆਏ ਹਨ ਅਤੇ ਕੁਝ ਲੋਕਾਂ ਦਾ ਖਿਆਲ ਹੈ ਕਿ ਇਹੋ ਜਿਹੀ ਸੌੜੀ ਸੋਚ ਵਾਲੇ ਬੰਦੇ ਵੱਲੋਂ 'ਮੈਂ' ਦਾ ਘੁਮੰਡ ਉਸ ਨੂੰ ਲੈ ਬਹਿੰਦਾ ਹੈ। ਇਹ ਗੱਲ ਹਮੇਸ਼ਾ ਨਹੀਂ ਹੁੰਦੀ। ਇੰਦਰਾ ਗਾਂਧੀ ਨੇ ਇੱਕ ਚੋਣ ਮੌਕੇ ਏਦਾਂ ਦੀ ਗੱਲ ਕਹੀ ਸੀ ਕਿ 'ਮੈਂ ਕਹਿੰਦੀ ਹਾਂ ਕਿ ਗਰੀਬੀ ਹਟਾਓ, ਪਰ ਉਹ ਕਹਿੰਦੇ ਹਨ ਕਿ ਇੰਦਰਾ ਹਟਾਓ।' ਬੈਂਕਾਂ ਕੌਮੀਕਰਨ ਦੀ ਹਿੰਮਤ ਦਿਖਾ ਕੇ ਉਦੋਂ ਵੱਡੀ ਭੱਲ ਖੱਟ ਚੁੱਕੀ ਇੰਦਰਾ ਗਾਂਧੀ ਨੂੰ ਦੇਸ਼ ਦੇ ਲੋਕ ਠੀਕ ਮੰਨ ਕੇ ਉਸ ਦੇ ਨਾਲ ਭੁਗਤੇ ਸਨ, ਪਰ ਅਗਲੀ ਵਾਰੀ ਇਹੋ ਜਿਹੀ ਸਥਿਤੀ ਨਹੀਂ ਸੀ ਰਹੀ। ਐਮਰਜੈਂਸੀ ਤੋਂ ਪਿੱਛੋਂ ਦੀ ਚੋਣ ਵਿਚ ਉਸ ਨੇ ਫਿਰ ਇਸ ਤਰ੍ਹਾਂ ਦੀਆਂ ਗੱਲਾਂ ਕਹੀਆਂ ਤਾਂ ਲੋਕਾਂ ਨੇ ਅਣਸੁਣੀਆਂ ਕਰ ਕੇ ਉਸ ਨੂੰ ਬੜੀ ਬੁਰੀ ਹਾਰ ਝੱਲਣ ਨੂੰ ਮਜਬੂਰ ਕਰ ਦਿੱਤਾ ਸੀ। ਇਸ ਦੇ ਪਿੱਛੇ ਦੋ ਕਾਰਨ ਸਨ। ਇੱਕ ਇਹ ਕਿ ਐਮਰਜੈਂਸੀ ਦੌਰਾਨ ਉਸ ਦੀ ਪਾਰਟੀ ਅਤੇ ਪੁੱਤਰ ਸੰਜੇ ਗਾਂਧੀ ਦੀ ਜੁੰਡੀ ਨੇ ਏਨੀ ਬਦਨਾਮੀ ਖੱਟ ਲਈ ਸੀ ਕਿ ਲੋਕ ਉਨ੍ਹਾਂ ਨੂੰ ਨਫਰਤ ਕਰਨ ਲੱਗ ਪਏ ਸਨ। ਦੂਸਰਾ ਇਹ ਕਿ ਇੰਦਰਾ ਗਾਂਧੀ ਦੀ ਕਾਂਗਰਸ ਪਾਰਟੀ ਦੇ ਕੁਝ ਆਗੂ ਕੁਵੇਲੇ ਛਾਲਾਂ ਮਾਰ ਗਏ ਸਨ। ਬਾਬੂ ਜਗਜੀਵਨ ਰਾਮ ਵਰਗੇ ਕਈ ਲੋਕਾਂ ਨੇ ਕੁਵੇਲੇ ਧੱਕਾ ਮਾਰ ਕੇ ਡੁੱਬਦੀ ਹੋਈ ਕਾਂਗਰਸ ਪਾਰਟੀ ਨੂੰ ਡੋਬਿਆ ਸੀ।

ਹੁਣ ਕੀ ਹਾਲਾਤ ਹਨ? ਇੱਕ ਵਾਰੀ ਫਿਰ ਮੌਕੇ ਦੀ ਸਰਕਾਰ ਏਨੀ ਬਦਨਾਮ ਹੋ ਚੁੱਕੀ ਹੈ ਕਿ ਇਸ ਪਾਰਟੀ ਤੇ ਸਰਕਾਰ ਤੋਂ ਲੋਕ ਕੋਈ



*ਨਰਿੰਦਰ ਮੋਦੀ*

ਆਸ ਨਹੀਂ ਰੱਖ ਸਕਦੇ। ਆਜ਼ਾਦੀ ਮਿਲਣ ਦੇ ਸਤਾਹਠ ਸਾਲਾਂ ਦੇ ਇਤਿਹਾਸ ਵਿਚ ਹੁਣ ਵਾਲੀ ਸਰਕਾਰ ਸਭ ਤੋਂ ਵੱਧ ਭ੍ਰਿਸ਼ਟ ਸਾਬਤ ਹੋਈ ਹੈ ਤੇ ਏਨੀ ਬਦਨਾਮੀ ਕਰਵਾ ਚੁੱਕੀ ਹੈ ਕਿ ਇਸ ਨੂੰ ਵੋਟ ਦੇਣਾ ਲੋਕਾਂ ਨੂੰ ਦੁੱਧ ਦੀ ਰਾਖੀ ਬਿੱਲੀ ਨੂੰ ਬਿਠਾਉਣਾ ਜਾਪਣ ਲੱਗ ਪਿਆ ਹੈ। ਕਰਨਾਟਕਾ ਦਾ ਭਾਜਪਾ ਮੁੱਖ ਮੰਤਰੀ ਯੇਦੀਯੁਰੱਪਾ ਕਿਸੇ ਗੱਲੋਂ ਘੱਟ ਨਹੀਂ, ਸਾਡੇ ਪੰਜਾਬ ਵਿਚ ਜੋ ਕੁਝ ਵਾਪਰ ਰਿਹਾ ਹੈ, ਉਹ ਕੇਂਦਰ ਦੀ ਮਨਮੋਹਨ ਸਿੰਘ ਸਰਕਾਰ ਤੋਂ ਵੱਧ ਹੋ ਸਕਦਾ ਹੈ, ਪਰ ਇਹ ਸਾਰਾ ਕੁਝ ਆਪੋ ਆਪਣੇ ਰਾਜ ਤੱਕ ਸੀਮਤ ਹੈ ਤੇ ਕੇਂਦਰ ਸਰਕਾਰ ਦੀ ਬਦਨਾਮੀ ਦੇ ਕਿੱਸੇ ਸਾਰੇ ਦੇਸ਼ ਵਿਚ ਪ੍ਰਚਲਿਤ ਹਨ। ਚੱਲਦੀ ਚੋਣ ਦੌਰਾਨ ਜਦੋਂ ਕਦੀ ਟੂ-ਜੀ ਸਪੈਕਟਰਮ ਮਾਮਲੇ ਵਿਚ ਕਿਸੇ ਏ. ਰਾਜਾ, ਕਨੀਮੋਈ ਵਰਗਿਆਂ ਦੇ ਖਿਲਾਫ ਚਾਰਜਸ਼ੀਟ ਪੇਸ਼ ਹੁੰਦੀ ਸੀ ਤੇ ਕਦੀ ਕਾਲਾ ਧਨ ਮਾਮਲੇ ਵਿਚ ਸੁਪਰੀਮ ਕੋਰਟ ਵਿਚ ਪੇਸ਼ੀਆਂ ਪੈਂਦੀਆਂ ਸਨ ਤਾਂ ਇਹ ਸਰਕਾਰ ਤੇ ਸਰਕਾਰ ਦੀ ਅਗਵਾਈ ਕਰਦੀ ਪਾਰਟੀ ਆਪਣੇ ਅਕਸ ਨੂੰ ਵਿਗੜਨ ਤੋਂ ਬਚਾਅ ਹੀ ਨਹੀਂ ਸਕਦੀ। ਪ੍ਰਧਾਨ ਮੰਤਰੀ ਦੀ ਨਾਰਾਜ਼ਗੀ ਅੰਦਰੋ-ਅੰਦਰ ਵਧਦੀ ਗਈ ਸੀ ਤੇ ਹੁਣ ਉਸ ਦੇ ਨੇੜ ਵਾਲੇ ਬੰਦੇ ਇੱਕ ਪਿੱਛੋਂ ਦੂਸਰੀ ਕਿਤਾਬ ਜਾਰੀ ਕਰ ਕੇ ਉਸ ਉਤੇ ਹਮਲੇ ਦੇ ਬਾਹਰੀ ਪ੍ਰਭਾਵ ਹੇਠ ਉਸ ਨੂੰ 'ਵਿਚਾਰਾ ਜਿਹਾ' ਪੇਸ਼ ਕਰ ਕੇ ਕਾਂਗਰਸ ਪਾਰਟੀ ਦੀ ਬੇੜੀ ਡੋਬਣ ਤੁਰ ਪਏ ਹਨ। ਇਹ ਹਾਲਤ ਸੋਨੀਆ ਗਾਂਧੀ ਦੇ ਕੱਚ-ਘਰੜ ਸੋਚ ਵਾਲੇ ਉਸ ਪੁੱਤਰ ਨੇ ਪੈਦਾ ਕੀਤੀ ਹੈ, ਜਿਹੜਾ ਸਰਕਾਰ ਦੇ ਪਾਸ ਕੀਤੇ ਹੋਏ ਬਿੱਲ ਵੀ ਪਾੜ ਕੇ ਰੱਦੀ ਦੀ ਟੋਕਰੀ ਵਿਚ ਸੁੱਟ ਦਿੰਦਾ ਸੀ ਤੇ ਹੋਰ ਬਦਤਮੀਜ਼ੀਆਂ ਕਰਨ ਤੋਂ ਵੀ ਨਹੀਂ ਸੀ ਝਿਜਕਦਾ।

ਸਭ ਤੋਂ ਮਾੜੀ ਗੱਲ ਇਹ ਹੋਈ ਕਿ ਸੋਨੀਆ ਗਾਂਧੀ ਅਤੇ ਉਸ ਦਾ ਪੁੱਤਰ ਆਪਣੇ ਘਰ ਵਿਚ ਛੁਪੇ ਹੋਏ ਉਨ੍ਹਾਂ ਲੋਕਾਂ ਬਾਰੇ ਨਹੀਂ ਜਾਣ ਸਕੇ, ਜਿਹੜੇ ਇਨ੍ਹਾਂ ਦੇ ਦਿੱਤੇ ਅਹੁਦੇ ਮਾਣਦੇ ਹੋਏ ਅਸਲ ਵਿਚ ਹੋਰਨਾਂ ਦੇ ਹੱਥੀਂ ਖੇਡਣ ਲਈ ਕਿਸੇ ਵੀ ਹੱਦ ਤੱਕ ਚਲੇ ਗਏ ਸਨ। ਜਿਵੇਂ ਇੰਦਰਾ ਗਾਂਧੀ ਨੂੰ ਐਮਰਜੈਂਸੀ ਤੋਂ ਬਾਅਦ ਜਗਜੀਵਨ ਰਾਮ, ਬਹੁਗੁਣਾ ਤੇ ਹੋਰਨਾਂ ਬੜੇ ਵਫਾਦਾਰ ਜਾਣੇ ਜਾਂਦੇ ਆਗੂਆਂ ਦੇ ਸਾਥ ਛੱਡ ਜਾਣ ਨਾਲ ਝਟਕਾ ਲੱਗਾ ਸੀ, ਸੋਨੀਆ ਗਾਂਧੀ ਨੂੰ ਵੀ ਇਸ ਵਾਰੀ ਇਸ ਤਰ੍ਹਾਂ ਦੇ ਝਟਕੇ ਖਾਣ ਨੂੰ ਤਿਆਰ ਰਹਿਣਾ ਚਾਹੀਦਾ ਹੈ। ਉਸ ਦੀ ਪਾਰਟੀ ਦੇ ਕਈ ਲੋਕ ਇਹੋ ਜਿਹੇ ਹਨ, ਜਿਹੜੇ ਪਾਰਟੀ ਨੂੰ ਬਚਾਉਣ ਨਾਲੋਂ ਡੋਬਣ ਵਿਚ ਵੱਧ ਦਿਲਚਸਪੀ ਰੱਖਦੇ ਹਨ। ਜਦੋਂ ਮੁੱਖ ਮੰਤਰੀ ਬੇਅੰਤ ਸਿੰਘ ਨੇ ਇੱਕ ਵਾਰ ਇਹ ਕਿਹਾ ਸੀ ਕਿ ਉਸ ਦੀ ਸਰਕਾਰ ਨੂੰ ਅਕਾਲੀਆਂ ਵੱਲੋਂ ਓਨਾ ਖਤਰਾ ਨਹੀਂ, ਜਿੰਨਾ ਚਿੱਟੀ ਪੱਗ ਥੱਲੇ ਨੀਲੀ ਸੋਚ ਵਾਲਿਆਂ ਤੋਂ ਹੈ, ਤਾਂ ਕਈਆਂ ਨੂੰ ਮਿਰਚਾਂ ਲੜੀਆਂ ਸਨ। ਹੁਣ ਸੋਨੀਆ ਗਾਂਧੀ ਦੇ ਨਾਲ ਦੇ ਕੁਝ ਲੀਡਰਾਂ ਨੂੰ ਮੀਡੀਆ ਚੈਨਲਾਂ ਵਿਚ ਭਾਜਪਾ ਨੂੰ ਭੰਡਦਿਆਂ ਸੁਣਿਆ ਜਾਂਦਾ ਹੈ ਤੇ ਫਿਰ ਇਹ ਕਨਸੋਆਂ ਮਿਲਦੀਆਂ ਹਨ ਕਿ ਅੰਦਰੋਂ ਉਹ ਭਾਜਪਾ ਨਾਲ ਮਿਲੇ ਹੋਏ ਹਨ। ਕੁਝ ਤਾਂ ਦਲ-ਬਦਲੀ ਕਰ ਵੀ ਗਏ ਹਨ, ਬਾਕੀ ਮੌਕਾ ਉਡੀਕ ਰਹੇ ਹਨ।

ਅਸੀਂ ਪੰਜਾਬ ਦੇ ਲੋਕ ਇਸ ਬਾਰੇ ਬੜਾ ਕੁਝ ਸੁਣ ਰਹੇ ਹਾਂ। ਜਦੋਂ ਪੰਜਾਬ ਵਿਚ ਵਿਧਾਨ ਸਭਾ ਚੋਣਾਂ ਹੋਣੀਆਂ ਸਨ, ਅਕਾਲੀ-ਭਾਜਪਾ ਗੱਠਜੋੜ ਦੇ ਉਮੀਦਵਾਰ ਤਾਂ ਬਾਦਲ ਪਿਤਾ-ਪੁੱਤਰ ਦੀ ਅਗਵਾਈ ਹੇਠ ਚੋਣ ਹਲਕਿਆਂ ਦਾ ਇੱਕ-ਇੱਕ ਗੇੜਾ ਲਾ ਚੁੱਕੇ ਸਨ, ਪਰ ਕਾਂਗਰਸੀ ਉਮੀਦਵਾਰਾਂ ਦੀ ਸੂਚੀ ਵੀ ਜਾਰੀ ਨਹੀਂ ਸੀ ਹੋਈ। ਉਹ ਸੂਚੀ ਜਾਰੀ ਕਦੋਂ ਹੋਣੀ ਹੈ, ਇਹ ਜਾਣਨ ਲਈ ਕੁਝ ਪੱਤਰਕਾਰ ਅਕਾਲੀ ਆਗੂਆਂ ਨੂੰ ਫੋਨ ਕਰਦੇ ਸਨ। ਉਦੋਂ ਇਹ ਗੱਲ ਚਰਚਾ ਵਿਚ ਸੀ ਕਿ ਕਾਂਗਰਸ ਦੀ ਸੂਚੀ ਨੂੰ ਰੋਜ਼ ਸਵੇਰੇ ਉਠ ਕੇ ਤੜਕਾ ਲਾਉਣ ਦਾ ਕੰਮ ਕੁਝ ਉਹ ਕੇਂਦਰੀ ਆਗੂ ਕਰ ਰਹੇ ਹਨ, ਜਿਹੜੇ ਬਾਹਰੋਂ ਚਿੱਟੇ ਤੇ ਅੰਦਰੋਂ ਨੀਲੇ ਹਨ। ਹੁਣ ਜਦੋਂ ਪਾਰਲੀਮੈਂਟ ਚੋਣਾਂ ਹੋਣੀਆਂ ਸਨ, ਉਮੀਦਵਾਰਾਂ ਦੇ ਨਾਂ ਫਿਰ ਏਨੇ ਦਿਨ ਪੱਛੜ ਕੇ ਜਾਰੀ ਕੀਤੇ ਗਏ ਕਿ ਉਨ੍ਹਾਂ ਲਈ ਪੈ ਚੁੱਕਾ ਫਾਸਲਾ ਪੂਰਾ ਕਰਨਾ ਔਖਾ ਸੀ। ਬਠਿੰਡਾ ਸੀਟ ਤੋਂ ਮਨਪ੍ਰੀਤ ਸਿੰਘ ਬਾਦਲ ਨੂੰ ਮੌਕਾ ਦੇਣ ਦਾ ਫੈਸਲਾ ਹੋਣ ਅਤੇ ਉਸ ਨੂੰ ਦੱਸ ਦਿੱਤੇ ਜਾਣ ਦੇ ਬਾਵਜੂਦ ਉਸ ਦਾ ਨਾਂ ਮੀਡੀਏ ਸਾਹਮਣੇ ਰੱਖਣ ਵਿਚ ਦੋ ਦਿਨ ਦੀ ਦੇਰ ਕਰ ਦਿੱਤੀ ਗਈ ਸੀ। ਇਸ ਦੌਰਾਨ ਕਿਉਂਕਿ ਮਨਪ੍ਰੀਤ ਇਹ ਗੱਲ ਮੀਡੀਏ ਨੂੰ ਕਹਿ ਚੁੱਕਾ ਸੀ, ਮੀਡੀਏ ਵਿਚ ਉਸ ਦੀ ਸਮਝਦਾਰੀ ਉਤੇ ਵੀ ਕਿੰਤੂ ਉਠਣ ਲੱਗ ਪਏ ਸਨ। ਕਈ ਹੋਰ ਰਾਜਾਂ ਦੇ ਮਾਮਲੇ ਵਿਚ ਵੀ ਇਹ ਕੰਮ ਹੋਇਆ ਸੀ ਤੇ ਕਈ ਥਾਂ ਇਸ ਤਰ੍ਹਾਂ ਦੀ ਚਰਚਾ ਚੱਲਦੀ ਰਹੀ ਸੀ ਕਿ ਜਿਸ ਪਾਰਟੀ ਦੇ ਕੇਂਦਰੀ ਦਫਤਰ ਵਿਚ ਦੂਸਰੀ ਧਿਰ ਦੇ ਬੰਦੇ ਬੈਠੇ ਹਨ, ਉਹ ਬਚ ਕਿਵੇਂ ਸਕਦੀ ਹੈ?

ਇਨ੍ਹਾਂ ਚੋਣਾਂ ਵਿਚ ਹੁਣ ਜਦੋਂ ਇਹ ਸਾਫ ਹੋ ਚੁੱਕਾ ਹੈ ਕਿ ਕਾਂਗਰਸ ਪਾਰਟੀ ਰਾਜ ਕਰਨ ਦਾ ਹੱਕ ਗੁਆ ਚੁੱਕੀ ਹੈ, ਦੇਸ਼ ਦੇ ਹਿੱਤ ਜੋ ਕੁਝ ਮੰਗ ਕਰਦੇ ਹਨ, ਉਨ੍ਹਾਂ ਬਾਰੇ ਚਰਚਾ ਨਹੀਂ ਚੱਲ ਰਹੀ ਤੇ ਇਸ ਦੀ ਥਾਂ ਨਿੱਜੀ ਗੱਲਾਂ ਵੱਡਾ ਮੁੱਦਾ ਬਣੀ ਜਾਂਦੀਆਂ ਹਨ। ਕਾਂਗਰਸ ਦੇ ਭ੍ਰਿਸ਼ਟਾਚਾਰ ਦੇ ਕਾਲੇ ਕਿੱਸਿਆਂ ਤੇ ਭਾਜਪਾ ਦੇ ਭਗਵੇਪਣ ਦੇ ਬਾਹਰ ਹਟ ਕੇ ਬਹੁਤ ਸਾਰੀਆਂ ਹੋਰ ਪਾਰਟੀਆਂ ਹਨ, ਜਿਹੜੀਆਂ ਨਾ ਭ੍ਰਿਸ਼ਟਾਚਾਰ ਪੱਖੋਂ ਏਨੀਆਂ ਬਦਨਾਮ ਹਨ, ਜਿੰਨੀ ਦੇਸ਼ ਦੇ ਰਾਜ ਦੀ ਪਿਛਲੇ ਦਸ ਸਾਲਾਂ ਤੋਂ ਲਗਾਤਾਰ ਅਗਵਾਈ ਕਰ ਰਹੀ ਪਾਰਟੀ ਬਦਨਾਮ ਹੈ ਤੇ ਨਾ ਧਾਰਮਿਕ ਪੱਖ ਤੋਂ ਉਹ ਕਿਸੇ ਇੱਕ ਜਾਂ ਦੂਸਰੇ ਭਾਈਚਾਰੇ ਨੂੰ ਅਗੇਤ ਦੇਣ ਜਾਂ ਪਿੱਛੇ ਧੱਕਣ ਦੀ ਸੋਚ ਰੱਖਦੀਆਂ ਹਨ। ਉਨ੍ਹਾਂ ਨੂੰ ਇਕੱਠਾ ਕਰਨ ਦੀ ਲੋੜ ਹੈ, ਪਰ ਇਸ ਪੱਖ ਤੋਂ ਕੋਈ ਖਾਸ ਕੰਮ ਨਹੀਂ ਹੋ ਰਿਹਾ। ਲੱਗਦਾ ਹੈ ਕਿ ਉਹ ਸਾਰੀਆਂ ਧਿਰਾਂ ਨਤੀਜੇ ਦੀ ਉਡੀਕ ਵਿਚ ਹਨ ਤਾਂ ਕਿ ਇੱਕ ਦੂਸਰੇ ਨਾਲ ਹੱਥ ਮਿਲਾਉਣ ਤੋਂ ਪਹਿਲਾਂ ਇਹ ਪਤਾ ਲੱਗ ਜਾਵੇ ਕਿ ਫਲਾਣੇ ਦੇ ਐਨੇ ਮੈਂਬਰ ਜਿੱਤੇ ਹੋਏ ਹਨ ਤੇ ਜਿਸ ਨੇ ਗੱਲ ਕਰਨੀ ਹੈ, ਉਹ ਪਹਿਲਾਂ ਆਪਣੀ ਔਕਾਤ ਵੇਖ ਕੇ ਆਵੇ। ਆਪਸੀ ਸਬੰਧ ਨਿੱਜੀ ਪੱਧਰ ਦੇ ਜੋ ਵੀ ਹੋਣ, ਜੇ ਉਹ ਇਸ ਵਕਤ ਵੀ ਇੱਕ ਦੂਸਰੇ ਨੂੰ ਉਸ ਦੀ ਔਕਾਤ ਵਿਖਾਉਣ ਦੀ ਅਜੋਕੀ ਸੋਚ ਤੋਂ ਉਪਰ ਨਾ ਉਠ ਸਕੇ ਤਾਂ ਘਾਟੇ ਵਿਚ ਸਾਰੇ ਰਹਿਣਗੇ। ਮੋਦੀ ਦਾ ਅੱਗੇ ਆਉਣਾ ਇੱਕ ਆਗੂ ਦੀ ਉਠਾਣ ਨਾਲੋਂ ਹਟ ਕੇ ਕੁਝ ਹੋਰ ਵੀ ਹੈ, ਜਿਸ ਨੂੰ ਸਮਝਣ ਤੋਂ ਭਾਰਤ ਦੀ ਮੁੱਖ ਧਾਰਾ ਦੇ ਆਗੂ ਅਜੇ ਤੱਕ ਵੀ ਨਾਕਾਮ ਦਿਸਦੇ ਹਨ।

## ਮੋਦੀ ਦੀ ਟਿੱਪਣੀ 'ਤੇ ਭਾਜਪਾ ਦੀ ਲਿੱਪਾਪੋਚੀ

**ਕੋਲਕਾਤਾ:** ਨਰਿੰਦਰ ਮੋਦੀ ਵੱਲੋਂ ਕੀਤੀ ਗਈ ਟਿੱਪਣੀ ਨੂੰ ਸਪੱਸ਼ਟ ਕਰਦਿਆਂ ਭਾਜਪਾ ਨੇ ਕਿਹਾ ਕਿ ਸੱਤਾ ਵਿਚ ਆਉਣ 'ਤੇ ਪਾਰਟੀ ਬੰਗਲਾਦੇਸ਼ ਤੋਂ ਆਏ ਗ਼ੈਰ-ਕਾਨੂੰਨੀ ਮੁਸਲਿਮ ਸ਼ਰਨਾਰਥੀਆਂ ਨੂੰ ਦੇਸ਼ ਵਿਚੋਂ ਬਾਹਰ ਕੱਢ ਦੇਵੇਗੀ।

ਭਾਜਪਾ ਦੇ ਰਾਸ਼ਟਰੀ ਬੁਲਾਰੇ ਸਿਥਾਰਥਨਾਥ ਸਿੰਘ ਨੇ ਕਿਹਾ ਕਿ ਬੰਗਲਾਦੇਸ਼ ਵਿਚ ਬਹੁਗਿਣਤੀ ਮੁਸਲਮਾਨਾਂ ਦੀ ਹੈ ਤੇ ਜੇਕਰ ਉਹ ਗ਼ੈਰ-ਕਾਨੂੰਨੀ ਤਰੀਕੇ ਨਾਲ ਭਾਰਤ ਵਿਚ ਦਾਖਲ ਹੁੰਦੇ ਹਨ ਤਾਂ ਉਹ ਗ਼ੈਰ-ਕਾਨੂੰਨੀ ਸ਼ਰਨਾਰਥੀ ਹੋਣਗੇ ਜਿਨ੍ਹਾਂ ਨੂੰ ਭਾਜਪਾ 16 ਮਈ ਤੋਂ ਬਾਅਦ ਦੇਸ਼ ਵਿਚੋਂ ਬਾਹਰ ਕੱਢ ਦੇਵੇਗੀ। ਉਨ੍ਹਾਂ ਕਿਹਾ ਕਿ ਇਹੀ ਗੱਲ ਮੋਦੀ ਨੇ ਕਹੀ ਸੀ। ਵਰਣਨਯੋਗ ਹੈ ਕਿ ਮੋਦੀ ਨੇ ਧਮਕੀ ਦਿੱਤੀ ਸੀ ਕਿ ਐਨ.ਡੀ.ਏ ਦੇ ਸੱਤਾ ਵਿਚ ਆਉਣ 'ਤੇ ਬੰਗਲਾਦੇਸ਼ੀ ਸ਼ਰਨਾਰਥੀਆਂ ਨੂੰ ਦੇਸ਼ ਵਿਚੋਂ ਕੱਢ ਦਿੱਤਾ ਜਾਵੇਗਾ।

## ਭਾਰਤ ਸਰਕਾਰ ਅਸ਼ਲੀਲ ਵੈਬ ਸਾਈਟਾਂ ਬੰਦ ਕਰਨ ਤੋਂ ਨਾਂਹ

**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ ਸੁਪਰੀਮ ਕੋਰਟ ਨੂੰ ਦੱਸਿਆ ਕਿ ਅਸ਼ਲੀਲ ਸਮਗਰੀ ਵਾਲੀਆਂ ਸਾਰੀਆਂ ਵੈੱਬਸਾਈਟਾਂ ਬੰਦ ਕਰਨੀਆਂ ਸੰਭਵ ਨਹੀਂ ਹਨ। ਅਜਿਹਾ ਕਰਨ ਨਾਲ ਵਧੇਰੇ ਨੁਕਸਾਨ ਹੋਵੇਗਾ ਕਿਉਂਕਿ ਅਜਿਹੇ ਸ਼ਬਦ ਜਿਨ੍ਹਾਂ ਦਾ ਸਬੰਧ ਸਾਹਿਤ ਨਾਲ ਹੈ, ਵੀ ਇੰਟਰਨੈੱਟ ਤੋਂ ਗਾਇਬ ਹੋ ਜਾਣਗੇ। ਸ੍ਰੀ ਬੀ.ਐਸ. ਚੌਹਾਨ ਦੀ ਅਗਵਾਈ ਵਾਲੇ ਬੈਂਚ ਅੱਗੇ ਪੇਸ਼ ਹੁੰਦਿਆਂ ਵਧੀਕ ਸਾਲਿਸਟਰ ਜਨਰਲ ਕੇ.ਵੀ. ਵਿਸ਼ਵਾਨਾਥਨ ਨੇ ਕਿਹਾ ਕਿ ਅਜਿਹੀਆਂ ਸਾਰੀਆਂ ਵੈੱਬਸਾਈਟਾਂ ਬੰਦ ਕਰਨ ਨਾਲ ਵੱਡਾ ਨੁਕਸਾਨ ਹੋਵੇਗਾ।

ਉਨ੍ਹਾਂ ਕਿਹਾ ਕਿ ਹਰ ਇਕ ਚੀਜ਼ ਉਪਰ ਰੋਕ ਲੱਗ ਜਾਵੇਗੀ ਤੇ ਇਥੋਂ ਤੱਕ ਕਿ ਵਧੀਆ ਸਾਹਿਤ ਵੈੱਬਸਾਈਟਾਂ ਉਪਰ ਨਹੀਂ ਮਿਲੇਗਾ ਜਿਸ ਨਾਲ ਬਹੁਤ ਵੱਡਾ ਨੁਕਸਾਨ ਹੋਵੇਗਾ। ਉਨ੍ਹਾਂ ਹੋਰ ਕਿਹਾ ਕਿ ਅਜਿਹੀਆਂ ਵੈੱਬਸਾਈਟਾਂ ਉਪਰ ਰੋਕ ਲਾਉਣ ਲਈ ਹਰੇਕ ਕੰਪਿਊਟਰ ਵਿਚ ਇਕ ਸਾਫਟਵੇਅਰ ਲਾਉਣਾ ਪਵੇਗਾ ਤੇ ਸਾਰੇ ਕੰਪਿਊਟਰ ਨਿਰਮਾਣਕਾਰਾਂ ਨੂੰ ਸਾਫਟਵੇਅਰ ਲਾਉਣ ਵਾਸਤੇ ਦਿਸ਼ਾ-ਨਿਰਦੇਸ਼ ਦੇਣੇ ਪੈਣਗੇ।

ਬੈਂਚ ਇੰਦੌਰ ਦੇ ਵਕੀਲ ਕਮਲੇਸ਼ ਵਾਸਵਾਨੀ ਵੱਲੋਂ ਦਾਇਰ ਪਟੀਸ਼ਨ ਉੱਪਰ ਸੁਣਵਾਈ ਕਰ ਰਿਹਾ ਹੈ ਜਿਸ ਪਟੀਸ਼ਨ ਵਿਚ ਕਿਹਾ ਗਿਆ ਹੈ ਕਿ ਹਾਲਾਂ ਕਿ ਅਸ਼ਲੀਲ ਵੀਡੀਓ ਵੇਖਣਾ ਕੋਈ ਅਪਰਾਧ ਨਹੀਂ ਹੈ ਪਰ ਅਸ਼ਲੀਲ ਵੈੱਬ ਸਾਈਟਾਂ ਉਪਰ ਪਾਬੰਦੀ ਲਾ ਦੇਣੀ ਚਾਹੀਦੀ ਹੈ ਕਿਉਂਕਿ ਔਰਤਾਂ ਵਿਰੁੱਧ ਅਪਰਾਧ ਵਿਚ ਇਹ ਇਕ ਵੱਡਾ ਕਾਰਨ ਹੈ। ਵਕੀਲ ਵਿਜੇ ਪੰਜਵਾਣੀ ਵੱਲੋਂ ਦਾਇਰ ਪਟੀਸ਼ਨ ਵਿਚ ਕਿਹਾ ਗਿਆ ਹੈ ਕਿ ਇੰਟਰਨੈੱਟ ਕਾਨੂੰਨਾਂ ਦੀ ਅਣਹੋਂਦ ਕਾਰਨ ਲੋਕਾਂ ਨੂੰ ਅਸ਼ਲੀਲ ਵੀਡੀਓ ਵੇਖਣ ਦੀ ਖੁਲ੍ਹੀ ਛੁੱਟੀ ਮਿਲੀ ਹੋਈ ਹੈ ਤੇ 20 ਕਰੋੜ ਤੋਂ ਵੱਧ ਅਸ਼ਲੀਲ ਵੀਡੀਓ ਮਾਰਕਿਟ ਵਿਚ ਘੁੰਮ ਰਹੀਆਂ ਹਨ।

ਪਟੀਸ਼ਨਰ ਨੇ ਕਿਹਾ ਹੈ ਕਿ ਅੱਜ ਬੱਚੇ ਅਸ਼ਲੀਲ ਵੀਡੀਓ ਵੇਖਦੇ ਹਨ ਜਿਸ ਕਾਰਨ ਸਮੁੱਚੇ ਸਮਾਜ ਲਈ ਖ਼ਤਰਾ ਪੈਦਾ ਹੋ ਗਿਆ ਹੈ। ਮਨੋਨੀਤ ਅਦਾਲਤ ਨੇ ਬੀਤੇ ਸਾਲ 18 ਨਵੰਬਰ ਨੂੰ ਟੈਲੀਕਮਿਊਨੀਕੇਸ਼ਨ ਵਿਭਾਗ ਨੂੰ ਨੋਟਿਸ ਜਾਰੀ ਕਰਕੇ ਉਸ ਨੂੰ ਜਵਾਬ ਦੇਣ ਲਈ ਕਿਹਾ ਸੀ ਕਿ ਅਸ਼ਲੀਲ ਸਮਗਰੀ ਵਾਲੀਆਂ ਵੈੱਬਸਾਈਟਾਂ ਉਪਰ ਕਿਸ ਤਰਾਂ ਰੋਕ ਲਾਈ ਜਾ ਸਕਦੀ ਹੈ।

SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
United Airlines
British Airways
For Emergency Call anytime at 847-673-3825

Jet Airways, Air India, KLM, Lufthansa, Delta, Qatar Airlines.
EARLY BIRD SALE!!!!
Domestic fares available

Desi Bazar
916 E. Main Street #118, Greenwood, IN, 46143
Tel: 317-888-2040, Fax: 317-887-6116
We specialize in all kind of Indian Groceries and Sweets
J FRESH VEGETABLES EVERY THURSDAY
J FRESH GOAT MEAT
10% off on all Gurudwara supplies and Religious programs!!
We Are Open 7 Days a Week
ਖੁੱਲ੍ਹਾ ਤੇ ਸਾਫ ਸੁਥਰਾ ਸਟੋਰ, ਪੰਜਾਬੀਆਂ ਦਾ ਮਾਣ ਦੇਸੀ ਬਾਜ਼ਾਰ

ਪੰਜਾਬ ਟਾਈਮਜ਼

*ਸਨਿਚਰਵਾਰ, 10 ਮਈ 2014*

## ਮੋਦੀ ਮੰਤਰ ਦਾ ਸਿਖਰ

ਭਾਰਤ ਵਿਚ ਲੋਕ ਸਭਾ ਦੀਆਂ ਚੋਣਾਂ ਦੇ ਅਖੀਰਲੇ ਪੜਾਅ ਤੱਕ ਪੁੱਜਦਿਆਂ ਬਹੁਤ ਸਾਰੇ ਚਾਹੇ-ਅਣਚਾਹੇ ਤੱਥ ਉਜਾਗਰ ਹੋਏ ਹਨ। ਐਤਕੀਂ ਭਾਰਤੀ ਜਨਤਾ ਪਾਰਟੀ (ਭਾਜਪਾ) ਦਾ ਜਿੱਤ ਲਈ ਪੂਰਾ ਜ਼ੋਰ ਲੱਗਿਆ ਹੋਇਆ ਹੈ। ਡਾ. ਮਨਮੋਹਨ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਦੀ ਦਸ ਸਾਲ ਦੀ 'ਢਿੱਲੀ' ਕਾਰਗੁਜ਼ਾਰੀ ਦੇ ਸਿਰ ਉਤੇ ਛਾਲਾਂ ਮਾਰ ਰਹੀ ਭਾਜਪਾ ਨੂੰ ਜਾਪਦਾ ਹੈ ਕਿ ਅਗਲੀ ਸਰਕਾਰ ਹੁਣ ਇਸ ਦੀ ਹੀ ਬਣੇਗੀ। ਆਪਣੇ ਪੱਖ ਵਿਚ ਹਵਾ ਬਣਾਉਣ ਲਈ ਇਸ ਨੇ ਪੈਸਾ ਪਾਣੀ ਵਾਂਗ ਵਹਾਇਆ ਹੈ। ਇਸ ਦੇ ਨਾਲ ਹੀ ਆਪਣੀ ਚੋਣ ਮੁਹਿੰਮ ਨੂੰ ਵੀ ਬੜੇ ਜਥੇਬੰਦ ਹੋ ਕੇ ਚਲਾਇਆ ਹੈ ਅਤੇ ਇਸ ਮਾਮਲੇ ਵਿਚ ਇਹ ਬਹੁਤ ਥਾਂਈਂ ਕਾਮਯਾਬ ਵੀ ਹੋਈ ਜਾਪਦੀ ਹੈ। ਇਸ ਨੇ ਪਹਿਲਾਂ ਹੀ ਹਫੀ ਪਈ ਕਾਂਗਰਸ ਦੇ ਹੌਸਲੇ ਹੋਰ ਵੀ ਪਸਤ ਕਰ ਦਿੱਤੇ। ਹਾਲਾਤ ਇਹ ਹਨ ਕਿ ਕਾਂਗਰਸ ਮੁੱਢ ਤੋਂ ਹੀ ਬਿਆਨ ਦਾਗ ਰਹੀ ਹੈ ਕਿ ਐਤਕੀਂ ਬਹੁਮਤ ਕਿਸੇ ਨੂੰ ਵੀ ਨਹੀਂ ਮਿਲਣੀ। ਇਸ ਦਾ ਇਕ ਅਰਥ ਇਹ ਵੀ ਹੈ ਕਿ ਕਾਂਗਰਸ ਖੁਦ ਜਿੱਤ ਦੀ ਦੌੜ ਵਿਚ ਸ਼ਾਮਲ ਨਹੀਂ ਹੈ। ਤੀਜੇ ਫਰੰਟ ਦਾ ਅਜੇ ਮੂੰਹ-ਮੱਥਾ ਨਹੀਂ ਬਣ ਸਕਿਆ। ਅਸਲ ਵਿਚ ਸਰਕਾਰ ਦੀ ਕਾਇਮੀ ਦਾ ਸਿਲਸਿਲਾ ਚੋਣ ਨਤੀਜਿਆਂ ਤੋਂ ਬਾਅਦ ਸ਼ੁਰੂ ਹੋਣਾ ਹੈ। ਉਦੋਂ ਇਸ ਗੱਲ ਦੇ ਬੜੇ ਮਾਇਨੇ ਬਣਨੇ ਹਨ ਕਿ ਐਨ.ਡੀ.ਏ. ਅਤੇ ਯੂ.ਪੀ.ਏ. ਤੋਂ ਬਾਹਰ ਵਿਚਰ ਰਹੀ ਕਿਹੜੀ ਪਾਰਟੀ ਕਿਸ ਪਾਸੇ ਭੁਗਤਦੀ ਹੈ। ਇਸ ਮਿੰਨੀ ਅਤੇ ਬਰੀਕ ਉਥਲ-ਪੁਥਲ ਨੇ ਅਗਲੀ ਸਰਕਾਰ ਲਈ ਰਾਹ ਬਣਾਉਣਾ ਹੈ। ਉਂਜ ਇਸ ਵਾਰ ਆਮ ਆਦਮੀ ਪਾਰਟੀ (ਆਪ) ਦੇ ਰੂਪ ਵਿਚ ਇਕ ਹੋਰ ਤਾਕਤ ਕੌਮੀ ਪਿੜ ਵਿਚ ਆਪਣੀ ਭੂਮਿਕਾ ਨਿਭਾਉਣ ਲਈ ਖੰਭ ਤੋਲ ਰਹੀ ਹੈ। ਇਸ ਦੀ ਇਹ ਭੂਮਿਕਾ ਇਸ ਪਾਰਟੀ ਵੱਲੋਂ ਜਿੱਤੀਆਂ ਸੀਟਾਂ ਉਤੇ ਨਿਰਭਰ ਕਰੇਗੀ, ਪਰ ਇਕ ਗੱਲ ਤੈਅ ਹੈ ਕਿ ਇਸ ਪਾਰਟੀ ਦੇ ਸੰਸਦ ਦੇ ਬਾਹਰ ਅਤੇ ਅੰਦਰ ਦਖਲ ਨਾਲ ਸਿਆਸਤ ਵਿਚ ਵੱਡੀ ਤਬਦੀਲੀ ਦੀ ਤਵੱਕੋ ਕੀਤੀ ਜਾ ਰਹੀ ਹੈ। ਇਸ ਪਾਰਟੀ ਨੇ ਚੋਣ ਅਮਲ ਵਿਚ ਪਹਿਲਾਂ ਹੀ ਆਪਣਾ ਦਖਲ ਦਰਸਾ ਦਿੱਤਾ ਹੋਇਆ ਹੈ। ਦੇਸ਼ ਦੀਆਂ ਦੋ ਮੁੱਖ ਪਾਰਟੀਆਂ-ਕਾਂਗਰਸ ਤੇ ਭਾਜਪਾ, ਤੋਂ ਇਲਾਵਾ ਹੋਰ ਕਈ ਖੇਤਰੀ ਪਾਰਟੀਆਂ ਨੂੰ ਆਪਣੀਆਂ ਚੋਣ ਮੁਹਿੰਮਾਂ 'ਆਪ' ਦੀ ਸਰਗਰਮੀ ਮੁਤਾਬਕ ਬਦਲਣੀਆਂ ਪੈ ਗਈਆਂ ਹਨ। ਇਸ ਪਾਰਟੀ ਨੂੰ ਆਮ ਲੋਕਾਂ ਨੇ ਜਿਹੜਾ ਆਪ-ਮੁਹਾਰਾ ਹੁੰਗਾਰਾ ਭਰਿਆ ਹੈ, ਉਸ ਨੇ ਤਕਰੀਬਨ ਸਾਰੀਆਂ ਹੀ ਪਾਰਟੀਆਂ ਦੀ ਨੀਂਦ ਉਡਾਈ ਹੋਈ ਹੈ, ਕਿਉਂਕਿ ਇਸ ਪਾਰਟੀ ਨੇ ਦੂਜੀਆਂ ਪਾਰਟੀਆਂ ਨਾਲ ਕੋਈ ਜੋੜ-ਤੋੜ ਕਰਨ ਦੀ ਥਾਂ ਸਿੱਧਾ ਆਪਣਾ ਏਜੰਡਾ ਲੋਕਾਂ ਵਿਚ ਰੱਖਿਆ ਹੈ ਅਤੇ ਉਸੇ ਮੁਤਾਬਕ ਆਪਣੀ ਚੋਣ ਸਰਗਰਮੀ ਚਲਾਈ ਹੈ। ਕੱਲ੍ਹ ਤੱਕ ਕਿਸੇ ਨੂੰ ਇਹ ਆਸ ਵੀ ਨਹੀਂ ਸੀ ਕਿ 'ਆਪ' ਕੌਮੀ ਪੱਧਰ ਉਤੇ ਇੰਨੀ ਜ਼ਿਆਦਾ ਖਲਬਲੀ ਮਚਾ ਸਕਦੀ ਹੈ। ਦਰਅਸਲ, ਵੱਖ-ਵੱਖ ਥਾਂਈਂ ਆਮ ਰਵਾਇਤੀ ਪਾਰਟੀਆਂ ਦੇ ਬਦਲ ਦੇ ਰੂਪ ਵਿਚ ਲੋਕਾਂ ਨੇ ਇਸ ਪਾਰਟੀ ਉਤੇ ਵੱਧ ਯਕੀਨ ਕੀਤਾ ਹੈ।

ਦੂਜੇ ਬੰਨੇ ਭਾਜਪਾ ਹੈ ਜਿਸ ਨੇ ਆਪਣੀ ਸਾਰੀ ਚੋਣ ਮੁਹਿੰਮ ਜਿੱਤ ਦੇ ਹਿਸਾਬ ਨਾਲ ਹੀ ਜਥੇਬੰਦ ਕੀਤੀ। ਇਸ ਦੇ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਨਰੇਂਦਰ ਮੋਦੀ ਨੇ ਮੁੱਢ ਵਿਚ ਵਿਕਾਸ ਨੂੰ ਆਪਣੇ ਮੁੱਖ ਮੁੱਦੇ ਵਜੋਂ ਪੇਸ਼ ਕੀਤਾ। ਨਾਲ ਹੀ ਗੁਜਰਾਤ ਦੇ ਵਿਕਾਸ ਦੀ ਕਹਾਣੀ ਪਾਈ ਜਿੱਥੇ ਉਹ ਖੁਦ ਮੁੱਖ ਮੰਤਰੀ ਹਨ। ਕਾਂਗਰਸ ਨੇ ਮੋਦੀ ਨੂੰ ਫਿਰਕਾਪ੍ਰਸਤ ਸਿਆਸਤ ਨਾਲ ਜੋੜ ਕੇ ਆਪਣਾ ਪ੍ਰਚਾਰ ਭਖਾਉਣ ਦਾ ਹਰ ਹੀਲਾ-ਵਸੀਲਾ ਵਰਤਿਆ ਪਰ ਕੁਝ ਨਹੀਂ ਸੌਰਿਆ; ਸਗੋਂ ਇਸ ਦਾ ਉਲਟ ਅਸਰ ਹੋਇਆ। ਮੀਡੀਆ ਅਤੇ ਆਮ ਲੋਕਾਂ ਵਿਚ ਮੋਦੀ ਦੀ ਚਰਚਾ ਆਮ ਰਹਿਣ ਲੱਗ ਪਈ। ਇਸ ਤੋਂ ਬਾਅਦ ਹੀ ਭਾਜਪਾ ਦੇ ਮੁਹਿੰਮਬਾਜ਼ਾਂ ਨੇ ਮੋਦੀ ਦੀ ਮੁਹਿੰਮ ਨੂੰ ਮਘਾਇਆ। ਅਖੌਤੀ ਹਿੰਦੂਤਵ ਵਾਲੇ ਮਸਲੇ ਰਤਾ ਪਿਛਾਂਹ ਕਰ ਦਿੱਤੇ ਗਏ, ਫਿਰ ਜਿਉਂ-ਜਿਉਂ ਪੜਾਅ ਲੰਘਦੇ ਗਏ, ਹੌਲੀ-ਹੌਲੀ ਇਨ੍ਹਾਂ ਮੁੱਦਿਆਂ ਬਾਰੇ ਗੱਲ ਛੇੜੀ ਗਈ। ਹੁਣ ਬੰਗਲਾ ਦੇਸ਼ ਦੇ ਰਫਿਊਜੀਆਂ ਬਾਰੇ ਮੋਦੀ ਨੇ ਤਿੱਖਾ ਬਿਆਨ ਦਾਗ ਕੇ ਆਪਣਾ 'ਵਿਕਾਸ-ਪੁਰਸ਼' ਦਾ ਭੇਸ ਲਾਂਭੇ ਕਰ ਕੇ ਹਿੰਦੂਤਵ ਦਾ ਭੇਸ ਪਾ ਲਿਆ। ਰਾਮ ਮੰਦਰ ਦੇ ਝਗੜੇ ਵਾਲੀ ਥਾਂ ਅਯੁੱਧਿਆ ਦੇ ਐਨ ਨਾਲ ਫੈਜ਼ਾਬਾਦ ਵਿਚ ਕੀਤੀ ਰੈਲੀ ਦੌਰਾਨ ਸਟੇਜ ਉਤੇ ਰਾਮ ਚੰਦਰ ਦੀ ਵਿਸ਼ਾਲ ਤਸਵੀਰ ਲਾ ਕੇ ਸਪਸ਼ਟ ਕਰ ਦਿੱਤਾ ਕਿ ਭਾਜਪਾ ਅਤੇ ਮੋਦੀ ਦਾ ਅਸਲ ਏਜੰਡਾ ਕੀ ਹੈ। ਭਾਜਪਾ ਅਤੇ ਮੋਦੀ ਦੇ ਇਸ ਏਜੰਡੇ ਬਾਰੇ ਕਿਸੇ ਨੂੰ ਕਦੀ ਵੀ ਕੋਈ ਸ਼ੱਕ ਨਹੀਂ ਰਿਹਾ ਪਰ ਲੋਕਾਂ ਨੇ ਇਸ ਏਜੰਡੇ ਬਾਰੇ ਜੇ ਗੱਲ ਨਹੀਂ ਗੌਲੀ ਤਾਂ ਸਿਰਫ ਇਸ ਕਰ ਕੇ, ਕਿਉਂਕਿ ਇਹ ਗੱਲ ਉਸ ਕਾਂਗਰਸ ਵੱਲੋਂ ਕੀਤੀ ਜਾ ਰਹੀ ਸੀ ਜਿਸ ਉਤੇ ਲੋਕ ਹੁਣ ਥੋੜ੍ਹੀ ਕੀਤੇ ਵਿਸ਼ਵਾਸ ਕਰਨ ਲਈ ਵੀ ਤਿਆਰ ਨਹੀਂ ਹਨ। ਕਾਂਗਰਸ ਨੇ ਐਤਕੀਂ ਜਿਸ ਢੰਗ ਨਾਲ ਪਾਰਟੀ ਪ੍ਰਧਾਨ ਸੋਨੀਆ ਗਾਂਧੀ ਦੇ ਪੁੱਤਰ ਰਾਹੁਲ ਗਾਂਧੀ ਨੂੰ ਲੋਕਾਂ ਉਤੇ ਥੋਪਣ ਦਾ ਯਤਨ ਕੀਤਾ, ਉਸ ਨੇ ਵੀ ਬੇੜੀਆਂ ਵਿਚ ਵੱਟੇ ਹੀ ਪਾਏ। ਕਾਂਗਰਸ ਦੀ ਇੰਨੀ ਮਾੜੀ ਹਾਲਤ ਵਿਚੋਂ ਕੋਈ ਕ੍ਰਿਸ਼ਮਈ ਲੀਡਰ ਹੀ ਇਸ ਨੂੰ ਕੱਢ ਸਕਦਾ ਸੀ ਅਤੇ ਰਾਹੁਲ ਵਿਚ ਇੰਨੀ ਪਾਇਆਂ ਹੈ ਨਹੀਂ ਸੀ। ਹੁਣ ਸਿੱਟਾ ਸਭ ਦੇ ਸਾਹਮਣੇ ਹੈ। ਪੂਰੀ ਚੋਣ ਮੁਹਿੰਮ ਦੌਰਾਨ ਕਾਂਗਰਸੀ ਲੀਡਰ ਮੋਦੀ ਦੀ ਆਲੋਚਨਾ ਕਰਨ ਜੋਗੇ ਹੀ ਰਹਿ ਗਏ। ਕਾਂਗਰਸ ਦੀ ਆਪਣੀ ਮੁਹਿੰਮ ਦੇ ਮੁੱਦੇ ਕਿਤੇ ਵੀ ਉਭਾਰੇ ਨਹੀਂ ਜਾ ਸਕੇ। ਇਸ ਦਾ ਸਿੱਧਾ-ਸਿੱਧਾ ਫਾਇਦਾ ਭਾਜਪਾ ਨੂੰ ਹੀ ਹੋਣਾ ਸੀ, ਅਤੇ ਹੋਇਆ ਵੀ। ਇਹ ਕਾਂਗਰਸੀ ਗੜ੍ਹਾਂ ਵਿਚ ਵੀ ਸੰਨ੍ਹ ਲਾਉਣ ਦੀ ਲਗਾਤਾਰ ਕੋਸ਼ਿਸ਼ ਕਰਦੀ ਰਹੀ ਹੈ। ਜ਼ਾਹਿਰ ਹੈ ਕਿ ਇਸ ਵਾਰ ਕਿਸੇ ਪਾਰਟੀ ਜਾਂ ਉਮੀਦਵਾਰ ਦੀ ਜਿੱਤ-ਹਾਰ ਦਾ ਕਾਰਨ ਕੋਈ ਇਕੱਲਾ-ਇਕਹਿਰਾ ਮੁੱਦਾ ਨਹੀਂ ਬਣਿਆ, ਸਗੋਂ ਕਈ ਮੁੱਦੇ ਰਲਗਡ ਹੋ ਕੇ ਇਨ੍ਹਾਂ ਚੋਣਾਂ ਦਾ ਹਿੱਸਾ ਬਣੇ। ਸ਼ਾਇਦ ਇਸੇ ਕਰ ਕੇ ਚੋਣ ਨਤੀਜਿਆਂ ਬਾਰੇ ਪੂਰੀ ਉਤਸੁਕਤਾ ਬਣੀ ਹੋਈ ਹੈ। ਚੋਣ ਨਤੀਜਿਆਂ ਬਾਰੇ ਸਭ ਆਪੋ-ਆਪਣੀ ਭਵਿਖਵਾਣੀ ਕਰ ਰਹੇ ਹਨ। ਸੰਕੇਤ ਇਹੀ ਹਨ ਕਿ ਐਤਕੀਂ ਵਾਲੇ ਚੋਣ ਨਤੀਜੇ ਬੜੇ ਹੈਰਾਨਕੁਨ ਹੋਣਗੇ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਝਾੜੂ ਤੋਂ ਬਾਅਦ 'ਪੋਚਾ'?

ਰੱਜ ਰੱਜ ਕੇ ਤੋਲਿਆ ਕੁਫਰ ਜਿੰਦਾਂ, ਲੀਡਰ ਲੋਕਾਂ ਨੂੰ ਆਈ ਨਾ ਲੱਜਿਆ ਜੀ।
ਛੈਂਟਾ ਝੂਠ ਦਾ ਮਾਰਿਆ ਬਹੁਤ ਇਨ੍ਹਾਂ, ਐਪਰ ਸੱਚ ਨਾ ਕਿਤੇ ਵੀ ਭੱਜਿਆ ਜੀ।
ਲਾਲ ਬੱਤੀਆਂ ਵਾਲਿਆਂ ਅੱਤਿ ਚੁੱਕੀ, ਬੰਦਾ 'ਆਮ' ਹੀ ਆਖਰ ਨੂੰ ਗੱਜਿਆ ਜੀ।
ਨਸ਼ੇ-ਪੱਤੇ ਤੇ ਨੋਟਾਂ ਦਿਆਂ ਲਾਲਚਾਂ ਨੂੰ, ਲਗਦੈ ਲੋਕਾਂ ਨੇ ਐਤਕੀਂ ਤੱਜਿਆ ਜੀ।
ਫਿਰਕੇਦਾਰੀਆਂ ਦੀ ਵੰਡ ਮੇਟ ਕੇ ਤੇ, ਭਾਈਚਾਰੇ ਦੀ ਸਾਂਝ ਨੂੰ ਕੱਜਿਆ ਜੀ।
'ਤੀਹ' ਨੂੰ ਮਾਰਿਆ ਝਾੜੂ ਤਾਂ ਸਫਲ ਹੋਣੈ, ਜੇ 'ਸੋਲਾਂ' ਨੂੰ 'ਪੋਚਾ' ਵੀ ਵੱਜਿਆ ਜੀ!

# ਲੋਕ ਸਭਾ ਚੋਣਾਂ ਤੇ ਪੰਜਾਬ ਦੀ ਸਿਆਸਤ

*ਆਮ ਆਦਮੀ ਪਾਰਟੀ ਨੇ ਪੰਜਾਬ ਦੀ ਸਿਆਸਤ ਨੂੰ ਹੀ ਪ੍ਰਭਾਵਿਤ ਨਹੀਂ ਕੀਤਾ, ਸਗੋਂ ਕੌਮੀ ਰਾਜਨੀਤੀ ਵਿਚ ਵੀ ਆਪਣੀ ਪਕੜ ਮਜ਼ਬੂਤ ਬਣਾਈ ਹੈ। ਇਕ ਗੱਲ ਤਾਂ ਸਾਫ਼ ਹੈ ਕਿ ਹੁਣ ਕੋਈ ਵੀ ਉਮੀਦਵਾਰ ਚੋਣ ਜਿੱਤ ਕੇ ਮੁੜ 5 ਸਾਲਾਂ ਬਾਅਦ ਇਲਾਕੇ ਵਿਚ ਪਰਤਣ ਦੀ ਗੁਸਤਾਖੀ ਨਹੀਂ ਕਰੇਗਾ। ਆਮ ਆਦਮੀ ਪਾਰਟੀ ਨੇ ਆਮ ਲੋਕਾਂ ਨੂੰ ਇਹ ਵੀ ਦਰਸਾ ਦਿੱਤਾ ਹੈ ਕਿ ਬਿਨਾਂ ਪੈਸਾ, ਬਿਨਾਂ ਤਾਕਤ ਅਤੇ ਬਿਨਾਂ ਨਸ਼ੇ ਵੰਡਣ ਤੋਂ ਵੀ ਚੋਣ ਲੜੀ ਜਾ ਸਕਦੀ ਹੈ। ਇਹ ਜ਼ਰੂਰੀ ਨਹੀਂ ਕਿ ਉਮੀਦਵਾਰ ਕਰੋੜਪਤੀ ਹੀ ਹੋਣਾ ਚਾਹੀਦਾ ਹੈ ਜਿਵੇਂ ਰਵਾਇਤੀ ਪਾਰਟੀਆਂ ਪਹਿਲਾਂ ਇਹ ਵੇਖਦੀਆਂ ਸਨ ਕਿ ਉਮੀਦਵਾਰ ਪੈਸੇ-ਧੇਲੇ ਤੋਂ ਹੌਲਾ ਤਾਂ ਨਹੀਂ! ਹੁਣ ਸਾਰੀਆਂ ਪਾਰਟੀਆਂ ਟਿਕਟ ਦੇਣ ਵੇਲੇ ਸੋਚਣ ਲਈ ਮਜਬੂਰ ਹੋਣਗੀਆਂ ਕਿ ਉਮੀਦਵਾਰ ਦਾ ਚਾਲ-ਚਲਣ ਕਿਸ ਤਰ੍ਹਾਂ ਦਾ ਹੈ? ਉਸ ਵਿਰੁੱਧ ਕੋਈ ਫ਼ੌਜਦਾਰੀ ਮੁਕੱਦਮਾ ਤਾਂ ਨਹੀਂ, ਕੋਈ ਘਪਲਾ ਤਾਂ ਨਹੀਂ ਕੀਤਾ? ਆਮ ਲੋਕਾਂ ਵਿਚ ਉਮੀਦਵਾਰ ਦਾ ਅਕਸ ਕਿਹੋ ਜਿਹਾ ਹੈ? ਆਉਣ ਵਾਲੇ ਸਮੇਂ ਵਿਚ ਇਹ ਗੱਲ ਕਦਾਚਿਤ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਕਿ ਕਿਸੇ ਜਿੱਤਣ ਵਾਲੇ ਵਰਕਰ ਨੂੰ ਛੱਡ ਕੇ ਕਿਸੇ ਨੇਤਾ ਦੇ ਭਾਈ-ਭਤੀਜੇ ਨੂੰ ਟਿਕਟ ਦਿੱਤੀ ਜਾਵੇ।*



ਕਮਲੇਸ਼ ਸਿੰਘ ਦੁੱਗਲ

ਫੋਨ: 91-98154-71622

ਤੀਹ ਅਪਰੈਲ ਨੂੰ ਪੰਜਾਬ ਦੀਆਂ 13 ਲੋਕ ਸਭਾ ਸੀਟਾਂ 'ਤੇ ਹੋਈਆਂ ਚੋਣਾਂ ਨੇ ਸੂਬੇ ਦੀਆਂ ਤਿੰਨ ਵੱਡੀਆਂ ਰਾਜਸੀ ਪਾਰਟੀਆਂ ਸ਼੍ਰੋਮਣੀ ਅਕਾਲੀ ਦਲ, ਭਾਰਤੀ ਜਨਤਾ ਪਾਰਟੀ (ਭਾਜਪਾ) ਅਤੇ ਕਾਂਗਰਸ ਦੇ ਮੱਥੇ ਉਤੇ ਤ੍ਰੇਲੀਆਂ ਲਿਆ ਕੇ ਰੱਖ ਦਿੱਤੀਆਂ ਹਨ। ਇਨ੍ਹਾਂ ਪਾਰਟੀਆਂ ਦੇ ਨੇਤਾਵਾਂ, ਖਾਸ ਕਰ ਕੇ ਚੋਣਾਂ ਲੜ ਕੇ ਹਟੇ ਉਮੀਦਵਾਰਾਂ ਦੇ ਸਾਹ ਬੁਰੀ ਤਰ੍ਹਾਂ ਸੂਤੇ ਪਏ ਹਨ ਕਿ, 16 ਮਈ ਦਾ ਦਿਹਾੜਾ ਉਨ੍ਹਾਂ ਲਈ ਸ਼ੁਭ ਹੋਵੇਗਾ ਜਾਂ ਪਰਲੋ ਦੀ ਖ਼ਬਰ ਲੈ ਕੇ ਆਏਗਾ? ਇਨ੍ਹਾਂ ਚੋਣਾਂ ਦੇ ਨਤੀਜੇ ਭਾਵੇਂ ਕੁਝ ਵੀ ਹੋਣ, ਪਰ ਇਕ ਗੱਲ ਪੱਕੀ ਹੈ ਕਿ ਇਨ੍ਹਾਂ ਚੋਣਾਂ ਦਾ ਅਸਰ ਪੰਜਾਬ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਉਤੇ ਪੈਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਇਸ ਸਚਾਈ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਐਤਕਾਂ ਦੀਆਂ ਚੋਣਾਂ ਹੁਣ ਤੱਕ ਹੋਈਆਂ ਚੋਣਾਂ ਤੋਂ ਕਈ ਪੱਖਾਂ ਤੋਂ ਵਿਲੱਖਣ ਹਨ।

ਲੋਕ ਸਭਾ ਦੀਆਂ ਇਨ੍ਹਾਂ ਚੋਣਾਂ ਦਾ ਪੰਜਾਬ ਦੀ ਸਿਆਸਤ ਉਤੇ ਚੋਖਾ ਅਸਰ ਪੈਣ ਦੀ ਸੰਭਾਵਨਾ ਹੈ। ਜੇ ਹੁਣ ਵੀ ਪੰਜਾਬ ਦੀਆਂ ਵੱਡੀਆਂ ਸਿਆਸੀ ਪਾਰਟੀਆਂ ਨੇ ਆਪਣੇ ਕੰਮ ਕਰਨ ਦੇ ਤੌਰ-ਤਰੀਕੇ ਨਾ ਬਦਲੇ, ਤਾਂ ਉਨ੍ਹਾਂ ਨੂੰ ਆਉਣ ਵਾਲੇ ਸਮੇਂ ਵਿਚ ਵੋਟਰਾਂ ਦੇ ਗੁੱਸੇ ਦਾ ਸ਼ਿਕਾਰ ਹੋਣਾ ਪਵੇਗਾ। ਸਮੇਂ ਦੀ ਲੋੜ ਵੀ ਇਹੀ ਹੈ ਕਿ ਪਾਰਟੀਆਂ ਹੁਣ ਉਸੇ ਹੀ ਉਮੀਦਵਾਰ ਨੂੰ ਆਪਣਾ ਟਿਕਟ ਥਮਾਉਣ ਜੋ ਜਨਤਾ ਦੇ ਵਿਹੜੇ ਵਿਚ ਖਰਾ ਉਤਰ ਸਕੇ। ਲੋਕਾਂ ਨੂੰ ਪਾਰਦਰਸ਼ਤਾ ਤੇ ਨਿਰਪੱਖਤਾ ਦੀ ਕਸਵੱਟੀ ਉਤਰਿਆ ਬੰਦਾ ਹੀ ਮਨਜ਼ੂਰ ਹੋਵੇਗਾ, ਨਾ ਕਿ ਪੈਰਾਸ਼ੂਟ ਰਾਹੀਂ ਉਤਾਰਿਆ ਕੋਈ ਬੰਦਾ। ਹੁਣ ਆਮ ਬੰਦੇ ਨੂੰ ਹਾਸ਼ੀਏ 'ਤੇ ਧੱਕਣਾ ਪਾਰਟੀਆਂ ਨੂੰ ਮੁਸ਼ਕਿਲ ਵਿਚ ਪਾ ਸਕਦਾ ਹੈ। ਜੇ ਅਜਿਹਾ ਨਹੀਂ ਹੁੰਦਾ ਤਾਂ ਪਾਰਟੀਆਂ ਦੇ ਪੱਲੇ ਕੱਟੜ ਰਵਾਇਤੀ ਵੋਟਰਾਂ ਨੂੰ ਛੱਡ ਕੇ ਸਿਵਾਏ ਪਛਤਾਉਣ ਤੋਂ ਕੋਈ ਚਾਰਾ ਨਹੀਂ ਬਚੇਗਾ। ਜ਼ਰੂਰੀ ਹੈ ਕਿ ਪੰਜਾਬ ਦੀਆਂ ਸਿਆਸੀ ਪਾਰਟੀਆਂ ਪੁਰਾਣੇ ਪੈਂਤੜੇ ਅਪਨਾਉਣ ਤੋਂ ਗੁਰੇਜ਼ ਕਰਨ; ਨਹੀਂ ਤਾਂ ਨਤੀਜੇ ਭੁਗਤਣ ਲਈ ਤਿਆਰ ਰਹਿਣ।

ਸਚਾਈ ਇਹ ਵੀ ਹੈ ਕਿ ਜੇ ਇਨ੍ਹਾਂ ਵੱਡੀਆਂ ਪਾਰਟੀਆਂ ਨੇ ਚੋਣਾਂ ਵਿਚ ਉਮੀਦਵਾਰਾਂ ਦੀ ਚੋਣ ਲਈ ਪਾਰਦਰਸ਼ੀ ਤੇ ਨਿਰਪੱਖ ਵਿਵਸਥਾ ਬਣਾਉਣ ਦੀ ਥਾਂ ਪੁਰਾਣੇ ਪੈਂਤੜੇ ਹੀ ਅਪਣਾਈ ਰੱਖੇ, ਤਾਂ ਇਨ੍ਹਾਂ ਦੇ ਪੱਲੇ ਪਛਤਾਵਾ ਹੀ ਪਵੇਗਾ।

ਐਤਕਾਂ ਪੰਜਾਬ ਦੀਆਂ ਇਨ੍ਹਾਂ ਚੋਣਾਂ ਵਿਚ ਇਕ ਵੱਖਰਾ ਹੀ ਵਰਤਾਰਾ ਵੇਖਿਆ ਗਿਆ ਕਿ ਲੋਕ ਖਾਸ ਕਰ ਕੇ ਨੌਜਵਾਨ ਤੇ ਪੜ੍ਹੇ-ਲਿਖੇ ਵੋਟਰਾਂ ਨੇ ਵੱਡੀ ਗਿਣਤੀ ਵਿਚ ਆਪਣੀ ਦਿਲਚਸਪੀ ਨਵੀਂ ਬਣੀ ਆਮ ਆਦਮੀ ਪਾਰਟੀ (ਆਪ) ਵੱਲ ਦਿਖਾਈ ਹੈ। ਰਵਾਇਤੀ ਪਾਰਟੀਆਂ ਨੂੰ ਚੋਣਾਂ ਦੇ ਮੁਢਲੇ ਦਿਨਾਂ ਵਿਚ ਚਿੱਤ-ਚੇਤਾ ਵੀ ਨਹੀਂ ਸੀ ਕਿ ਇਸ ਪਾਰਟੀ ਵੱਲ ਲੋਕਾਂ ਦਾ ਝੁਕਾਅ ਆਪ ਮੁਹਾਰੇ ਹੋ ਜਾਵੇਗਾ। ਇਹੀ ਕਾਰਨ ਹੈ ਕਿ ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਇਹ ਕਹਿ ਕੇ ਆਪਣੇ ਮਨ ਨੂੰ ਤਸੱਲੀ ਦੇ ਰਹੇ ਹਨ ਕਿ ਆਮ ਆਦਮੀ ਪਾਰਟੀ ਨੇ ਵੱਡਾ ਨੁਕਸਾਨ ਅਕਾਲੀ-ਭਾਜਪਾ ਗਠਜੋੜ ਨੂੰ ਪਹੁੰਚਾਇਆ ਹੈ, ਜਦੋਂ ਕਿ ਕਾਂਗਰਸ ਦੇ ਕੌਮੀ ਜਨਰਲ ਸਕੱਤਰ ਸ਼ਕੀਲ ਅਹਿਮਦ ਆਪਣੇ ਬਿਆਨਾਂ ਵਿਚ ਇਹ ਕਹਿੰਦੇ ਨਹੀਂ ਥੱਕ ਰਹੇ ਕਿ 'ਆਪ' ਨੇ ਪੰਜਾਬ ਵਿਚ ਉਨ੍ਹਾਂ ਦੀ ਪਾਰਟੀ ਨੂੰ ਵੱਡੀ ਢਾਹ ਲਾਈ ਹੈ ਪਰ ਇਸ ਦਾ ਖੰਡਨ ਸ੍ਰੀਮਤੀ ਰਾਜਿੰਦਰ ਕੌਰ ਭੱਠਲ ਪ੍ਰੈਸ ਮਿਲਣੀ ਰਾਹੀਂ ਕਰ ਚੁੱਕੇ ਹਨ; ਜਦੋਂ ਕਿ ਰਾਜ ਭਾਗ ਦਾ ਸੁਖ ਭੋਗ ਰਹੇ ਅਕਾਲੀ-ਭਾਜਪਾ ਗਠਜੋੜ ਦੇ ਨੇਤਾ 'ਆਪ' ਨੂੰ ਪਈਆਂ ਵੋਟਾਂ ਨਾਲ ਕਾਂਗਰਸ ਨੂੰ ਵੱਡਾ ਝਟਕਾ ਲੱਗਣ ਦੀ ਸੰਭਾਵਨਾ ਦੱਸ ਰਹੇ ਹਨ। ਦਰਅਸਲ ਅਕਾਲੀ ਨੇਤਾਵਾਂ ਦੇ ਮਨ ਵਿਚ ਇਹ ਗੱਲ ਘਰ ਕਰ ਗਈ ਹੈ ਕਿ ਇਸ ਵਾਰ ਵੀ ਉਸੇ ਤਰ੍ਹਾਂ ਹੋਵੇਗਾ, ਜਿਵੇਂ 2012 ਦੀਆਂ ਵਿਧਾਨ ਸਭਾ ਚੋਣਾਂ ਵੇਲੇ ਹੋਇਆ ਸੀ। ਉਦੋਂ ਜਿੰਨੀਆਂ ਵੀ ਵੋਟਾਂ ਉਨ੍ਹਾਂ ਦੇ ਵਿਰੁੱਧ ਕਾਂਗਰਸ ਨੂੰ ਪੈਣੀਆਂ ਸਨ, ਉਹ ਸਾਰੀਆਂ ਪੰਜਾਬ ਪੀਪਲਜ਼ ਪਾਰਟੀ (ਪੀ.ਪੀ.ਪੀ.) ਦੇ ਖਾਤੇ ਵਿਚ ਚਲੀਆਂ ਗਈਆਂ। ਇਹੀ ਕਾਰਨ ਸੀ ਕਿ ਉਸ ਵੇਲੇ ਦੇ ਸਾਰੇ ਸਰਵੇਖਣ ਝੂਠੇ ਪੈ ਗਏ। ਇਥੋਂ ਤੱਕ ਕਿ ਬਹੁਤੇ ਅਕਾਲੀ ਨੇਤਾਵਾਂ ਨੂੰ ਵੀ ਸੱਤਾ ਵਿਚ ਮੁੜ ਆਉਣ ਦੀ ਆਸ ਸਿਫ਼ਰ ਦੇ ਬਰਾਬਰ ਸੀ, ਪਰ ਵਿਰੋਧੀ ਵੋਟਾਂ ਦਾ ਕਾਂਗਰਸ ਦੀ ਥਾਂ ਪੀਪਲਜ਼ ਪਾਰਟੀ ਨੂੰ ਪੈਣਾ ਅਕਾਲੀ-ਭਾਜਪਾ ਵਾਲਿਆਂ ਲਈ ਸੋਨੇ 'ਤੇ ਸੁਹਾਗੇ ਵਾਲਾ ਕੰਮ ਹੋਇਆ ਸੀ। ਨਤੀਜੇ ਵਜੋਂ ਅਕਾਲੀ-ਭਾਜਪਾ ਗਠਜੋੜ ਮੁੜ ਸੱਤਾ ਵਿਚ ਆ ਗਿਆ।



ਬਿਲਕੁਲ ਅਜਿਹਾ ਹੀ ਪੰਜਾਬ ਦੀ ਗਠਜੋੜ ਸਰਕਾਰ ਦੇ ਨੁਮਾਇੰਦੇ ਹੁਣ ਵੀ ਸੋਚ ਰਹੇ ਹਨ। ਉਨ੍ਹਾਂ ਨੂੰ ਪੱਕੀ ਆਸ ਹੈ ਕਿ ਐਤਕਾਂ ਗਠਜੋੜ, ਕਾਂਗਰਸ ਨਾਲੋਂ ਵੱਧ ਸੀਟਾਂ ਲੈ ਕੇ ਜਾਵੇਗਾ, ਕਿਉਂਕਿ ਕਾਂਗਰਸ ਉਤੇ ਗੁੱਸਾ ਪੰਜਾਬ ਦੇ ਵੋਟਰਾਂ ਨੇ ਆਮ ਆਦਮੀ ਪਾਰਟੀ ਰਾਹੀਂ ਕੱਢਿਆ ਹੈ। ਇਸ ਦਾ ਗਠਜੋੜ ਨੂੰ ਫਾਇਦਾ ਮਿਲ ਸਕਦਾ ਹੈ। ਗੱਲ ਕੀ, ਹਰ ਪਾਰਟੀ ਇਹੀ ਨਤੀਜਾ ਕੱਢੀ ਫਿਰਦੀ ਹੈ ਕਿ 'ਆਪ' ਨੂੰ ਮਿਲੀਆਂ ਵੋਟਾਂ ਉਨ੍ਹਾਂ ਲਈ ਜਿੱਤ ਦਾ ਰਾਹ ਪੱਧਰਾ ਕਰਨਗੀਆਂ। ਅਜੇ ਤੱਕ ਕਿਸੇ ਵੀ ਸਰਵੇਖਣ ਜਾਂ ਮੀਡੀਆ ਨੇ ਇਹ ਨਹੀਂ ਦਿਖਾਇਆ ਕਿ ਆਮ ਆਦਮੀ ਪਾਰਟੀ ਪੰਜਾਬ ਵਿਚ ਕਿਸੇ ਸੀਟ ਤੋਂ ਬਾਜ਼ੀ ਮਾਰ ਸਕਦੀ ਹੈ, ਜਦੋਂ ਕਿ ਦੋਵੇਂ ਹੀ ਪਾਰਟੀਆਂ ਦੇ ਕੁਝ ਨੇਤਾ ਦੱਬੀ ਸੁਰ ਵਿਚ ਸੰਗਰੂਰ ਦੀ ਸੀਟ ਉਨ੍ਹਾਂ ਹੱਥੋਂ ਨਿਕਲਦੀ ਮਹਿਸੂਸ ਕਰ ਰਹੇ ਹਨ। ਉਨ੍ਹਾਂ ਮੁਤਾਬਕ ਇਹ ਸੀਟ 'ਆਪ' ਨੂੰ ਮਿਲ ਸਕਦੀ ਹੈ।

ਸਚਾਈ ਇਹ ਵੀ ਹੈ ਕਿ ਆਮ ਆਦਮੀ ਪਾਰਟੀ ਨੇ ਪੰਜਾਬ ਦੀ ਸਿਆਸਤ ਨੂੰ ਹੀ ਪ੍ਰਭਾਵਿਤ ਨਹੀਂ ਕੀਤਾ, ਸਗੋਂ ਕੌਮੀ ਰਾਜਨੀਤੀ ਵਿਚ ਵੀ ਆਪਣੀ ਪਕੜ ਮਜ਼ਬੂਤ ਬਣਾਈ ਹੈ। ਇਕ ਗੱਲ ਤਾਂ ਸਾਫ਼ ਹੈ ਕਿ ਹੁਣ ਕੋਈ ਵੀ ਉਮੀਦਵਾਰ ਚੋਣ ਜਿੱਤ ਕੇ ਮੁੜ 5 ਸਾਲਾਂ ਬਾਅਦ ਇਲਾਕੇ ਵਿਚ ਪਰਤਣ ਦੀ ਗੁਸਤਾਖੀ ਨਹੀਂ ਕਰੇਗਾ। ਆਮ ਆਦਮੀ ਪਾਰਟੀ ਨੇ ਆਮ ਲੋਕਾਂ ਨੂੰ ਇਹ ਵੀ ਦਰਸਾ ਦਿੱਤਾ ਹੈ ਕਿ ਬਿਨਾਂ ਪੈਸਾ, ਬਿਨਾਂ ਤਾਕਤ ਅਤੇ ਬਿਨਾਂ ਨਸ਼ੇ ਵੰਡਣ ਤੋਂ ਵੀ ਚੋਣ ਲੜੀ ਜਾ ਸਕਦੀ ਹੈ। ਇਹ ਜ਼ਰੂਰੀ ਨਹੀਂ ਕਿ ਉਮੀਦਵਾਰ ਕਰੋੜਪਤੀ ਹੀ ਹੋਣਾ ਚਾਹੀਦਾ ਹੈ ਜਿਵੇਂ ਰਵਾਇਤੀ ਪਾਰਟੀਆਂ ਪਹਿਲਾਂ ਇਹ ਵੇਖਦੀਆਂ ਸਨ ਕਿ ਉਮੀਦਵਾਰ ਪੈਸੇ-ਧੇਲੇ ਤੋਂ ਹੌਲਾ ਤਾਂ ਨਹੀਂ! ਹੁਣ ਸਾਰੀਆਂ ਪਾਰਟੀਆਂ ਟਿਕਟ ਦੇਣ ਵੇਲੇ ਸੋਚਣ ਲਈ ਮਜਬੂਰ ਹੋਣਗੀਆਂ ਕਿ ਉਮੀਦਵਾਰ ਦਾ ਚਾਲ-ਚਲਣ ਕਿਸ ਤਰ੍ਹਾਂ ਦਾ ਹੈ? ਉਸ ਵਿਰੁੱਧ ਕੋਈ ਫ਼ੌਜਦਾਰੀ ਮੁਕੱਦਮਾ ਤਾਂ ਨਹੀਂ, ਕੋਈ ਘਪਲਾ ਤਾਂ ਨਹੀਂ ਕੀਤਾ? ਆਮ ਲੋਕਾਂ ਵਿਚ ਉਮੀਦਵਾਰ ਦਾ ਅਕਸ ਕਿਹੋ ਜਿਹਾ ਹੈ? ਆਉਣ ਵਾਲੇ ਸਮੇਂ ਵਿਚ ਇਹ ਗੱਲ ਕਦਾਚਿਤ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਕਿ ਕਿਸੇ ਜਿੱਤਣ ਵਾਲੇ ਵਰਕਰ ਨੂੰ ਛੱਡ ਕੇ ਕਿਸੇ ਨੇਤਾ ਦੇ ਭਾਈ-ਭਤੀਜੇ ਨੂੰ ਟਿਕਟ ਦਿੱਤੀ ਜਾਵੇ। ਸਾਰੀਆਂ ਪਾਰਟੀਆਂ ਨੂੰ ਨਵੇਂ ਸਿਰਿਉਂ ਇਹ ਗੱਲਾਂ ਸੋਚਣ ਲਈ ਮਜਬੂਰ ਹੋਣਾ ਪੈਣਾ ਹੈ। ਇਸ ਤੋਂ ਇਲਾਵਾ ਪੰਜਾਬ ਦੀ ਗਠਜੋੜ ਸਰਕਾਰ ਨੂੰ ਆਪਣੇ ਬਾਕੀ ਰਹਿੰਦੇ ਸਮੇਂ ਵਿਚ ਲੋਕ ਪੱਖੀ ਕੰਮ ਕਰ ਕੇ ਲੋਕਾਂ ਦਾ ਵਿਸ਼ਵਾਸ ਜਿੱਤਣਾ ਪਵੇਗਾ। ਸੂਬੇ ਵਿਚ ਨਸ਼ਿਆਂ ਵਿਰੁੱਧ ਪ੍ਰਭਾਵੀ ਕਦਮ ਉਠਾਉਣੇ ਪੈਣਗੇ। ਸੂਬਾ ਸਰਕਾਰ ਨੂੰ ਇਹ ਪ੍ਰਭਾਵ ਵੀ ਦੇਣਾ ਪਵੇਗਾ ਕਿ ਭਾਵੇਂ ਕੋਈ ਕਿੰਨਾ ਵੀ ਵੱਡਾ ਬੰਦਾ ਹੈ, ਜੇ ਉਹ ਗਲਤ ਕੰਮ ਕਰਦਾ ਹੈ ਤਾਂ ਬਿਨਾਂ ਕਿਸੇ ਵਿਤਕਰੇ ਤੋਂ ਕਾਨੂੰਨੀ ਪ੍ਰਕਿਰਿਆ ਰਾਹੀਂ ਉਸ ਨੂੰ ਸਜ਼ਾ ਮਿਲੇਗੀ। ਲੋਕਾਂ ਨੂੰ ਮੱਛੀ ਫੜ ਕੇ ਦੇਣ ਦੀ ਬਜਾਏ ਮੱਛੀ ਫੜਨੀ ਸਿਖਾਉਣੀ ਪਵੇਗੀ, ਤਾਂ ਕਿ ਲੋਕਾਂ ਨੂੰ ਉਮਰ ਭਰ ਲਈ ਰੋਟੀ ਮਿਲ ਸਕੇ। ਪੰਜਾਬ ਦੀਆਂ ਇਨ੍ਹਾਂ ਚੋਣਾਂ ਦਾ ਅਸਰ ਇਹ ਵੀ ਹੋਵੇਗਾ ਕਿ ਚਿਰਾਂ ਤੋਂ ਅਣਗੌਲੇ ਪਾਰਟੀ ਵਰਕਰਾਂ ਦੀ ਹੁਣ ਫਿਰ ਤੋਂ ਪੁੱਛ-ਪ੍ਰਤੀਤ ਹੋਵੇਗੀ। ਜੇ ਹੁਣ ਵੀ ਕਿਸੇ ਰਾਜਸੀ ਦਲ ਨੇ ਉਨ੍ਹਾਂ ਦੀ ਪ੍ਰਵਾਹ ਨਾ ਕੀਤੀ, ਤਾਂ ਇਸ ਦਾ ਖਮਿਆਜ਼ਾ ਉਸ ਨੂੰ ਭਵਿੱਖ ਦੀਆਂ ਚੋਣਾਂ ਵਿਚ ਭੁਗਤਣਾ ਪੈ ਸਕਦਾ ਹੈ। ਇਹ ਅਣਗਹਿਲੀ ਵੀ ਪਾਰਟੀ ਨੂੰ ਭਵਿੱਖ ਵਿਚ ਮਹਿੰਗੀ ਪੈ ਸਕਦੀ ਹੈ।

ਸਿੱਟਾ ਇਹੀ ਕੱਢਿਆ ਜਾ ਸਕਦਾ ਹੈ ਕਿ ਭਵਿੱਖ ਵਿਚ ਪੰਜਾਬ ਦੀਆਂ ਰਾਜਸੀ ਪਾਰਟੀਆਂ ਫੂਕ-ਫੂਕ ਕੇ ਕਦਮ ਧਰਨਗੀਆਂ ਤਾਂ ਕਿ ਉਨ੍ਹਾਂ ਦਾ ਚਿਰਾਂ ਤੋਂ ਸਥਾਪਿਤ ਵੋਟ ਬੈਂਕ ਕਿਤੇ ਖਿਸਕ ਨਾ ਜਾਵੇ। ਜੇ ਅਜਿਹਾ ਨਹੀਂ ਹੁੰਦਾ ਤਾਂ ਆਉਂਦੇ ਦਿਨਾਂ ਵਿਚ ਪੰਜਾਬ ਵਿਚ ਬਦਲਵੀਂ ਧਿਰ ਬੜੇ ਜੋਸ਼ ਨਾਲ ਦਸਤਕ ਦੇਣ ਨੂੰ ਤਿਆਰ ਬੈਠੀ ਹੈ।

# ਓਬਾਮਾ ਦੇ ਖਵਾਬਾਂ ਦਾ ਨਵਾਂ ਫਾਸ਼ੀਵਾਦੀ ਯੂਕਰੇਨ

## ਆਲਮੀ ਚੌਧਰ ਲਈ ਹੋ ਰਹੀਆਂ ਨੇ ਗਿਣਤੀਆਂ-ਮਿਣਤੀਆਂ

**ਮੂਲ ਲੇਖਕ: ਮਾਈਕ ਵਿਟਨੀ**

**ਪੇਸ਼ਕਸ਼: ਬੂਟਾ ਸਿੰਘ**

*ਕੰਟਰੋਲ ਵਾਲੀ ਗੜਬੜ ਅਤੇ ਖ਼ਾਨਾਜੰਗੀ ਅਮਰੀਕਨਾਂ ਦੀ ਲੋੜ ਹੈ... ਇਸ ਤੋਂ ਅੱਗੇ, ਉਨ੍ਹਾਂ ਦਾ ਇਹ ਇਰਾਦਾ ਵੀ ਸਾਫ਼ ਹੈ ਕਿ ਇਹ ਮੁਲਕ (ਰਾਜ-ਪਲਟੇ ਪਿੱਛੋਂ ਦਾ ਯੂਕਰੇਨ) ਪੂਰੀ ਤਰ੍ਹਾਂ ਰੂਸ ਵਿਰੋਧੀ, ਕੌਮਪ੍ਰਸਤ ਆਜ਼ਾਦੀਪ੍ਰਸਤ ਬਾਂਦੇਰਵਾਦੀ ਨਾਜ਼ੀਆਂ ਨਾਲ ਸਾਂਝ-ਭਿਆਲੀ ਪਾਉਣ ਵਾਲੇ ਯੂਕਰੇਨੀ ਕੌਮਵਾਦੀ ਆਗੂ ਸਟੀਫਨ ਬਾਂਦੇਰਾ ਦੇ ਪੈਰੋਕਾਰ ਅਤੇ ਨਵ-ਨਾਜ਼ੀ ਬਣ ਜਾਵੇ। ਲਿਹਾਜ਼ਾ ਇਸ ਰੂਸ ਵਿਰੋਧੀ ਰਾਜ ਦੀ ਸਥਾਪਨਾ ਕਰਨ ਦਾ ਦੋਹਰਾ ਨਿਸ਼ਾਨਾ ਹੈ ਰੂਸੀ ਸੰਘ ਉਪਰ ਲਗਾਤਾਰ ਦਬਾਓ ਬਣਾਈ ਰੱਖਣਾ।... ਜਿਵੇਂ ਬਿਸਮਾਰਕ ਨੇ ਕਿਹਾ ਸੀ- 'ਸਾਨੂੰ ਯੂਕਰੇਨੀਆਂ ਦੇ ਅੰਦਰ ਜ਼ਰੂਰ ਹੀ ਐਸੇ ਲੋਕ ਪੈਦਾ ਕਰਨੇ ਚਾਹੀਦੇ ਹਨ ਜਿਨ੍ਹਾਂ ਦੀ ਚੇਤਨਾ ਇੱਥੋਂ ਤਾਈਂ ਬਦਲ ਜਾਵੇ ਕਿ ਉਹ ਹਰ ਰੂਸੀ ਚੀਜ਼ ਨੂੰ ਨਫ਼ਰਤ ਕਰ ਲੱਗ ਜਾਣ'।*

ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਦੇ ਤਰਜਮਾਨ ਦਮਿੱਤਰੀ ਪੈਸਕੋਵ ਦਾ ਕਹਿਣਾ ਹੈ: "ਜਦੋਂਕਿ ਰੂਸ ਤਾਂ ਸੰਕਟ ਨੂੰ ਘਟਾਉਣ ਤੇ ਹੱਲ ਕਰਨ ਲਈ ਯਤਨਸ਼ੀਲ ਹੈ, ਪਰ ਕੀਵ ਦੇ ਨਿਜ਼ਾਮ ਨੇ ਜਨੇਵਾ ਸਮਝੌਤਿਆਂ ਨੂੰ ਬਚਾਉਣ ਦੀ ਆਖ਼ਰੀ ਉਮੀਦ ਦਾ ਵੀ ਭੋਗ ਪਾਉਂਦੇ ਹੋਏ ਸ਼ਾਂਤਮਈ ਰਿਹਾਇਸ਼ੀ ਇਲਾਕਿਆਂ ਉਪਰ ਹਵਾਈ ਹਮਲੇ ਵਿੱਢਣ ਦਾ ਰਾਹ ਚੁਣਿਆ ਹੈ।" "ਯੂਕਰੇਨ ਵਿਚ ਸੰਕਟ 'ਰੂਸੀ ਹਮਲੇ' ਦਾ ਨਹੀਂ ਸਗੋਂ ਅਮਰੀਕਾ ਅਤੇ ਇਸ ਦੇ ਯੂਰਪੀ ਸੰਗੀਆਂ ਦੀ ਯੂਕਰੇਨ ਵਿਚ ਰੂਸੀ ਸਰਹੱਦਾਂ ਉਪਰ ਉਸ ਦੀ ਖ਼ਿਲਾਫ਼ਤ ਕਰਨ ਵਾਲਾ ਨਿਜ਼ਾਮ ਸਥਾਪਤ ਕਰਨ, ਅਤੇ ਓੜਕ ਰੂਸ ਨੂੰ ਖੇਰੂੰ-ਖੇਰੂੰ ਕਰਨ ਦੀ ਮੁਜਰਮਾਨਾ ਯੁੱਧਨੀਤੀ ਦਾ ਸਿੱਟਾ ਹੈ।" ਜਦੋਂ ਪੂਰਬੀ ਯੂਕਰੇਨ ਵਿਚ ਰੋਸ-ਮੁਜ਼ਾਹਰੇ ਫੈਲਦੇ ਜਾ ਰਹੇ ਹਨ ਤਾਂ ਨਾਟੋ ਰੂਸ ਦੇ ਖ਼ਿਲਾਫ਼ ਫ਼ੌਜੀ ਤਾਣੇ-ਬਾਣੇ ਨੂੰ ਵਧਾਉਣ 'ਚ ਜੁਟਿਆ ਹੋਇਆ ਹੈ।

ਪੂਰਬੀ ਯੂਕਰੇਨ ਦੇ ਸ਼ਹਿਰ ਸਲਾਵਯਾਂਸਕ ਵਿਚ ਸ਼ੁੱਕਰਵਾਰ ਨੂੰ ਉਦੋਂ ਲੜਾਈ ਛਿੜ ਗਈ ਜਦੋਂ ਕੀਵ ਵਿਚ ਰਾਜ-ਪਲਟੇ ਰਾਹੀਂ ਬਣੀ ਹਕੂਮਤ ਨੇ ਸ਼ਹਿਰ ਉਪਰ ਗੋਲੀਬਾਰੀ ਕਰਨ ਲਈ ਫ਼ੌਜੀ ਹੈਲੀਕਾਪਟਰ ਲਗਾ ਦਿੱਤੇ ਜਦਕਿ ਫ਼ੌਜੀ ਦਸਤੇ ਤੇ ਬਖਤਰਬੰਦ ਗੱਡੀਆਂ ਨੇ ਨਾਕਿਆਂ 'ਤੇ ਧਾਵਾ ਬੋਲ ਦਿੱਤਾ। ਇਹ ਲੇਖ ਪ੍ਰੈੱਸ ਨੂੰ ਭੇਜੇ ਜਾਣ ਵਕਤ, ਦੋ ਹੈਲੀਕਾਪਟਰ ਫੂੰਡ ਦਿੱਤੇ ਗਏ ਸਨ ਜਿਸ ਨਾਲ ਦੋ ਪਾਇਲਟ ਮਾਰੇ ਗਏ ਜਦਕਿ ਇਕ ਨੂੰ ਜਿਉਂਦਾ ਫੜ ਲਿਆ ਗਿਆ। ਰੂਸੀ ਟੀ.ਵੀ. ਉਪਰ ਕਰੈਮਲਿਨ ਦੇ ਬੁਲਾਰੇ ਦਮਿਤਰੀ ਪੈਸਕੋਵ ਨੇ ਇਕ ਤਿੱਖੇ ਬਿਆਨ ਵਿਚ ਯੂਰਪੀ ਯੂਨੀਅਨ ਵਿਚਲੇ ਸੰਗੀਆਂ ਨੂੰ ਅਪੀਲ ਕੀਤੀ ਕਿ ਉਹ ਯੂਕਰੇਨੀ ਅਥਾਰਟੀਜ਼ ਨੂੰ ਫ਼ੌਜੀ ਕਾਰਵਾਈ ਵਾਪਸ ਲੈਣ ਅਤੇ ਹਿੰਸਾ ਰੋਕਣ ਲਈ ਪ੍ਰੇਰਤ ਕਰਨ ਖ਼ਾਤਰ ਪੂਰੀ ਵਾਹ ਲਾਉਣ: "ਅਸੀਂ ਯੂਰਪੀ ਰਾਜਧਾਨੀਆਂ ਨੂੰ, ਤੇ ਅਮਰੀਕਾ ਨੂੰ ਤਾਜ਼ਾ ਘਟਨਾਵਾਂ ਬਾਰੇ ਆਪਣਾ ਜਾਇਜ਼ਾ ਪੇਸ਼ ਕਰਨ ਦਾ ਸੱਦਾ ਦਿੰਦੇ ਹਾਂ ਅਤੇ ਨਿਸ਼ਚੇ ਹੀ ਰਿਹਾਇਸ਼ੀ ਇਲਾਕਿਆਂ ਉਪਰ ਹਵਾਈ ਹਮਲੇ ਕਰਨ ਵਾਲਿਆਂ ਨੂੰ ਵੀ ਆਪਣੇ ਹੀ ਲੋਕਾਂ ਖ਼ਿਲਾਫ਼ ਤੁਰੰਤ ਫ਼ੌਜੀ ਕਾਰਵਾਈ ਤੇ ਹਿੰਸਾ ਬੰਦ ਕਰਨ ਲਈ ਕਹਿ ਰਹੇ ਹਾਂ।"

ਅਜੇ ਤਕ ਵਾਸ਼ਿੰਗਟਨ ਦੀ ਤਰਫ਼ੋਂ ਕੋਈ ਹੁੰਗਾਰਾ ਸਾਹਮਣੇ ਨਹੀਂ ਆਇਆ ਹਾਲਾਂਕਿ ਇਹ ਸਾਫ਼ ਹੈ ਕਿ ਹਮਲੇ ਨੂੰ ਜਥੇਬੰਦ ਕਰਨ ਵਿਚ ਓਬਾਮਾ ਪ੍ਰਸ਼ਾਸਨ ਦਾ ਹੱਥ ਸੀ। ਜਮਹੂਰੀ ਤੌਰ 'ਤੇ ਚੁਣੇ ਰਾਸ਼ਟਰਪਤੀ ਵਿਕਟਰ ਯਾਨੂਕੋਵਿਚ ਦਾ ਤਖ਼ਤਾ ਉਲਟਾਉਣ ਵਾਲੇ ਰਾਜ-ਪਲਟੇ ਵਿਚ ਅਮਰੀਕਾ ਦਾ ਵਿਦੇਸ਼ ਵਿਭਾਗ ਅਤੇ ਸੀ.ਆਈ.ਏ. ਸਿੱਧੇ ਤੌਰ 'ਤੇ ਸ਼ਾਮਲ ਹੀ ਨਹੀਂ, ਸਗੋਂ ਵਾਸ਼ਿੰਗਟਨ ਪੂਰਬੀ ਯੂਕਰੇਨ ਵਿਚ ਰੂਸੀ ਨਸਲੀ ਪਿਛੋਕੜ ਵਾਲੇ ਵਿਖਾਵਾਕਾਰੀਆਂ ਨੂੰ ਸਜ਼ਾ ਦੇਣ ਦੀਆਂ ਮੁਹਿੰਮਾਂ ਵਿਚ ਵੀ ਸ਼ਾਮਲ ਸੀ। ਜਾਅਲਸਾਜ਼ੀ ਨਾਲ ਬਣੇ ਪ੍ਰਧਾਨ ਮੰਤਰੀ ਏ.ਪੀ. ਯਾਸੇਨਯੂਕ ਵਲੋਂ ਦੋ ਪਹਿਲੇ ਹਮਲਿਆਂ ਦਾ ਹੁਕਮ ਦਿੱਤੇ ਜਾਣ ਤੋਂ ਕੁਝ ਕੁ ਘੰਟੇ ਪਹਿਲਾਂ ਹੀ ਸੀ.ਆਈ.ਏ. ਦਾ ਨਿਰਦੇਸ਼ਕ ਜੌਹਨ ਬ੍ਰੈਨਨ ਅਤੇ ਉਪ-ਰਾਸ਼ਟਰਪਤੀ ਜੋਅ ਬਾਇਡਿਨ, ਦੋਹਾਂ ਨੇ ਕੀਵ ਦਾ ਦੌਰਾ ਕੀਤਾ। ਜਿਵੇਂ ਵਿਦੇਸ਼ ਮੰਤਰੀ ਸਰਗੇਈ ਲੈਵਰੋਵ ਨੇ ਨਰਮਾਈ ਨਾਲ ਟਿੱਪਣੀ ਕੀਤੀ, ਇਹ ਸਾਫ਼ ਹੈ ਕਿ "ਕੰਟਰੋਲ ਵਾਸ਼ਿੰਗਟਨ ਦੇ ਹੱਥ ਵਿਚ ਹੈ"।

ਵੀਰਵਾਰ ਨੂੰ ਜਦੋਂ ਰਾਜ-ਪਲਟੇ ਨਾਲ ਬਣੇ ਰਾਸ਼ਟਰਪਤੀ ਓਲੇਕਸਾਂਦਰ ਤੁਰਚਿਨੋਵ ਨੇ ਕਿਹਾ ਕਿ ਹਾਲਾਤ ਉਸ ਦੇ ਕਾਬੂ ਵਿਚ ਨਹੀਂ ਰਹੇ ਤਾਂ ਇੰਝ ਲਗਦਾ ਸੀ ਕਿ ਹਿੰਸਾ ਤੋਂ ਬਚਿਆ ਜਾ ਸਕਦਾ ਸੀ। ਉਸ ਅਨੁਸਾਰ, "ਇਹ ਮੰਨਣਾ ਮੁਸ਼ਕਿਲ ਹੈ ਪਰ ਹੈ ਇਹ ਸੱਚ, ਪਰ ਪੂਰਬ ਵਿਚ ਕਾਨੂੰਨ ਲਾਗੂ ਕਰਾਉਣ ਵਾਲਿਆਂ ਦੀ ਬਹੁ-ਗਿਣਤੀ ਆਪਣੇ ਫਰਜ਼ ਨਿਭਾਉਣ ਦੇ ਕਾਬਿਲ ਨਹੀਂ ਹੈ।"

ਤੁਰਚਿਨੋਵ ਤੱਥ ਦਾ ਹਵਾਲਾ ਦੇ ਕੇ ਕਹਿ ਰਿਹਾ ਸੀ ਕਿ ਯੂਕਰੇਨੀ ਫੌਜਾਂ ਨੇ ਆਪਣੇ ਹੀ ਮੁਲਕ ਵਾਸੀਆਂ ਉਪਰ ਹਮਲਾ ਕਰਨ ਤੋਂ ਨਾਂਹ ਕਰ ਦਿੱਤੀ ਹੈ। ਰਿਪੋਰਟ ਇਹ ਹੈ ਕਿ ਫ਼ੌਜੀ ਬਗ਼ਾਵਤ ਵਿਸ਼ੇਸ਼ ਹਵਾਈ ਟੁਕੜੀਆਂ ਤੋਂ ਲੈ ਕੇ ਸਥਾਨਕ ਪੁਲਿਸ ਤਕ ਫ਼ੈਲ ਗਈ ਹੈ ਜਿਨ੍ਹਾਂ ਦੀ ਹਮਦਰਦੀ ਰੋਸ ਮੁਜ਼ਾਹਰੇ ਕਰਨ ਵਾਲਿਆਂ ਨਾਲ ਹੈ। ਵਾਸ਼ਿੰਗਟਨ ਦੇ ਮੋਹਰੇ ਬਣ ਕੇ ਜੰਗ ਲੜਨ ਦਾ ਖ਼ਾਹਸ਼ਮੰਦ ਇਕੋ ਇਕ ਧੜਾ ਹੈ ਤੇ ਉਹ ਹੈ ਸੱਜੇਪੱਖੀ ਨਵ-ਨਾਜ਼ੀ ਜਿਨ੍ਹਾਂ ਨੇ ਯਾਨੁਕੋਵਿਚ ਹਕੂਮਤ ਦਾ ਤਖ਼ਤਾ ਉਲਟਾਉਣ 'ਚ ਹੱਥ ਵਟਾਇਆ। ਅਜੇ ਪਿਛਲੇ ਹਫ਼ਤੇ ਹੀ ਇਸ ਸ਼ਰੇਆਮ ਫਾਸ਼ੀਵਾਦੀ ਪਾਰਟੀ ਨੇ "ਯਾਨੋਵਾ ਡੋਲੀਨਾ ਕਤਲੋਗਾਰਤ ਕਰਨ ਵਾਲਿਆਂ" ਦੀ ਯਾਦ ਵਿਚ ਸਮਾਗਮ ਕੀਤਾ, ਜਿਥੇ "ਯੂਕਰੇਨੀ ਬਾਗ਼ੀ ਫ਼ੌਜ ਵਲੋਂ 600 ਪੋਲਾਂ ਨੂੰ ਉਥੇ ਕਤਲ ਕੀਤਾ ਗਿਆ ਸੀ ਜਿਸ ਨੂੰ ਹੁਣ ਬਾਜ਼ਾਲਤਵੋਯੇ ਕਿਹਾ ਜਾਂਦਾ ਹੈ। ਇਹ ਕਤਲੋਗਾਰਤ ਅਜੋਕੇ ਪੱਛਮੀ ਯੂਕਰੇਨ ਵਿਚ ਨਸਲੀ-ਸਭਿਆਚਾਰਕ ਸਫ਼ਾਏ ਦੀ ਸ਼ੁਰੂਆਤ ਸੀ, ਜਿਥੇ ਕੁਝ ਮਹੀਨਿਆਂ 'ਚ ਹੀ ਦਹਿ-ਹਜ਼ਾਰਾਂ ਪੋਲਾਂ ਨੂੰ ਕਤਲ ਕਰ ਦਿੱਤਾ ਗਿਆ ਸੀ।"

ਇਹ ਅਮਰੀਕਾ ਦੀ ਰੂਸ ਵਿਰੁੱਧ ਹਾਲੀਆ ਜੰਗ ਵਿਚ ਓਬਾਮਾ ਦੇ ਨਵੇਂ ਸੰਗੀ-ਸਾਥੀ ਹਨ। ਜ਼ਰਾ ਦੇਖੋ ਰਾਇਟਰਜ਼ ਖਬਰ ਏਜੰਸੀ ਕੀ ਕਹਿੰਦੀ ਹੈ: "ਕੌਮਾਂਤਰੀ ਮੁਦਰਾ ਕੋਸ਼ ਨੇ ਚਿਤਾਵਨੀ ਦਿੱਤੀ ਕਿ ਜੇ ਪੂਰਬ ਵਿਚ ਯੂਕਰੇਨ ਦਾ ਇਲਾਕਾ ਖੁਸ ਗਿਆ ਤਾਂ ਇਸ (ਕੋਸ਼) ਨੂੰ ਇਸ ਮੁਲਕ ਲਈ 17 ਅਰਬ ਡਾਲਰ ਦੀ ਸਹਾਇਤਾ ਨੂੰ ਦੁਬਾਰਾ ਤੈਅ ਕਰਨਾ ਪਵੇ, ਸ਼ਾਇਦ ਵਾਧੂ ਮਾਲੀ ਮਦਦ ਦੇਣੀ ਪੈ ਜਾਵੇ।"

ਹੁਣ ਤੁਸੀਂ ਹੀ ਦੱਸੋ, ਜੇ ਕੋਈ ਰਾਜਸੀ ਆਗੂ ਆਪਣੇ ਹੀ ਲੋਕਾਂ ਉਪਰ ਜੰਗ ਨਹੀਂ ਛੇੜਦਾ ਤਾਂ ਉਸ ਨੂੰ ਆਈ.ਐੱਮ.ਐੱਫ. ਵਲੋਂ ਫੰਡ ਰੋਕ ਲੈਣ ਦੀ ਧਮਕੀ ਦੇ ਕੇ ਆਖ਼ਰੀ ਵਾਰ ਕਦੋਂ ਧਮਕਾਇਆ ਗਿਆ ਸੀ? ਅੱਧੇ-ਅਧੂਰੇ ਦਿਮਾਗ ਵਾਲਾ ਬੰਦਾ ਵੀ ਦੇਖ ਸਕਦਾ ਹੈ ਕਿ ਆਈ.ਐੱਮ.ਐੱਫ. ਮਹਿਜ਼ ਵ੍ਹਾਈਟ ਹਾਊਸ ਦੇ ਇਸ਼ਾਰੇ 'ਤੇ ਨੱਚ ਰਿਹਾ ਹੈ। ਇਹ ਓਬਾਮਾ ਦੀ ਜੰਗ ਹੈ। ਨੀਤੀ ਉਪਰ ਹਰ ਥਾਂ ਉਸ ਦੇ ਹੱਥਾਂ ਦੀ ਛਾਪ ਹੈ। ਓਬਾਮਾ ਨੇ ਰੂਸ ਨੂੰ ਖ਼ੂਨੀ ਛਾਪਾਮਾਰ ਜੰਗ ਵਿਚ ਉਲਝਾਉਣ ਦੀ ਠਾਣ ਰੱਖੀ ਹੈ ਜਿਸ ਨਾਲ ਯੂਕਰੇਨ ਦਾ ਵੀ ਉਹੀ ਹਾਲ ਹੋ ਜਾਵੇ ਜੋ ਇਰਾਕ, ਅਫ਼ਗਾਨਿਸਤਾਨ, ਲਿਬੀਆ ਦਾ ਹੋਇਆ; ਅਤੇ ਹੁਣ ਸੀਰੀਆ ਦਾ ਹੈ।

ਜ਼ਰਾ 'ਨਿਊ ਯਾਰਕ ਟਾਈਮਜ਼' ਦੀ ਖ਼ਬਰ ਦੇਖੋ: "ਰੂਸ ਚੋਰੀ-ਛਿਪੇ ਅਤੇ ਗੁੰਮਰਾਹ ਕਰ ਕੇ, ਅਤੇ ਪੱਛਮੀ ਪਾਬੰਦੀਆਂ ਤੋਂ ਨਾਬਰ ਹੋ ਕੇ, ਆਪਣਾ ਉਹ ਫ਼ੌਰੀ ਨਿਸ਼ਾਨਾ ਹਾਸਲ ਕਰਨ 'ਚ ਕਾਮਯਾਬ ਹੋ ਗਿਆ ਹੈ ਜਿਸ ਬਾਰੇ ਪੱਛਮੀ ਅਤੇ ਯੂਕਰੇਨੀ ਅਧਿਕਾਰੀ ਵਿਸ਼ਵਾਸ ਕਰਦੇ ਹਨ ਕਿ ਇਸ ਨਾਲ ਯੂਕਰੇਨ ਨੂੰ ਐਨੀ ਅਫ਼ਰਾ-ਤਫ਼ਰੀ ਦੀ ਹਾਲਤ 'ਚ ਧੱਕ ਦਿੱਤਾ ਗਿਆ ਹੈ ਕਿ ਇਹ ਨਾ ਤਾਂ ਕਾਨੂੰਨ ਲਾਗੂ ਕਰਨਾ ਯਕੀਨੀ ਬਣਾ ਸਕਦਾ ਹੈ, ਨਾ ਆਪਣੀ ਲੜਖੜਾ ਰਹੀ ਆਰਥਿਕਤਾ 'ਚ ਸੁਧਾਰ ਲਿਆ ਸਕਦਾ ਹੈ ਨਾ ਨਵੇਂ ਆਗੂਆਂ ਨੂੰ ਚੁਣ ਕੇ ਤੁਰਚਿਨੋਵ ਦੀ ਥਾਂ ਉਨ੍ਹਾਂ ਨੂੰ ਲਿਆਉਣ ਦੀ ਹਾਲਤ 'ਚ ਰਿਹਾ ਹੈ।"

ਪੂਤਿਨ ਚਾਹੁੰਦਾ ਹੈ ਕਿ ਰੂਸ ਦੀ ਸਰਹੱਦ ਉਪਰ "ਅਫ਼ਰਾ-ਤਫ਼ਰੀ ਵਾਲਾ" ਅਸਫ਼ਲ ਰਾਜ ਹੋਵੇ? ਕੀ ਕਿਸੇ ਨੇ ਆਪਣੀ ਜ਼ਿੰਦਗੀ ਅਜਿਹਾ ਬਕਵਾਸ ਸੁਣਿਆ ਹੈ?

ਯੂਕਰੇਨ ਦੀ ਹਕੂਮਤ ਦਾ ਤਖ਼ਤਾ ਪੂਤਿਨ ਨੇ ਨਹੀਂ ਉਲਟਾਇਆ। ਇਹ ਕੰਮ ਤਾਂ ਅਮਰੀਕੀ ਵਿਦੇਸ਼ ਮਹਿਕਮੇ ਦਾ ਹੈ। (ਵਿਕਟੋਰੀਆ ਨੂਲੈਂਡ ਦੀਆਂ ਸੰਨ੍ਹ ਲਾਈਆਂ ਫ਼ੋਨ ਕਾਲਾਂ ਇਸ ਦੀ ਤਸਦੀਕ ਕਰਦੀਆਂ ਹਨ) ਸਮਝੌਤਾ ਸਹੀਬੰਦ ਕੀਤੇ ਜਾਣ ਨੂੰ ਅਜੇ 24 ਘੰਟੇ ਵੀ ਨਹੀਂ ਸੀ ਹੋਏ, ਇਸ ਤੋਂ ਪਹਿਲਾਂ ਹੀ ਜੇ ਪੂਰਬੀ ਯੂਕਰੇਨ ਵਿਚ ਰੋਸ ਮੁਜ਼ਾਹਰੇ ਕਰਨ ਵਾਲੇ ਆਮ ਸ਼ਹਿਰੀਆਂ ਉਪਰ ਹਮਲੇ ਵਿੱਢ ਕੇ ਇਸ ਦੀ ਉਲੰਘਣਾ ਕੀਤੀ ਗਈ ਤਾਂ ਇਹ ਕੰਮ ਪੂਤਿਨ ਦਾ ਨਹੀਂ। ਇਹ ਅਮਰੀਕੀ ਕਠਪੁਤਲੀ ਯਾਸੇਨਯੁਕ ਨੇ ਕੀਤਾ। ਫ਼ੌਜ ਲਾ ਕੇ ਸ਼ਹਿਰਾਂ ਨੂੰ ਘੇਰਨ, ਪਾਣੀ ਦੀ ਸਪਲਾਈ ਠੱਪ ਕਰਨ ਅਤੇ ਆਮ ਸ਼ਹਿਰੀਆਂ ਦੇ ਬੁਨਿਆਦੀ ਸਹੂਲਤ-ਢਾਂਚੇ ਉਪਰ ਮਿਜ਼ਾਇਲਾਂ ਦਾਗ਼ਣ ਲਈ ਫ਼ੌਜੀ ਹੈਲੀਕਾਪਟਰ ਲਗਾਉਣ ਅਤੇ ਮੁਕਾਮੀ ਆਬਾਦੀ ਨੂੰ ਦਹਿਸ਼ਤਜ਼ਦਾ ਕਰਨ ਵਾਲਾ ਪੂਤਿਨ ਨਹੀਂ। ਇਹ ਕੀਵ ਵਿਚ ਓਬਾਮਾ ਦੀ ਸਰਪ੍ਰਸਤੀ ਵਾਲੀ ਫ਼ਾਸ਼ੀਵਾਦੀ ਫ਼ੌਜੀ ਜੁੰਡਲੀ ਦਾ ਕੰਮ ਸੀ। ਯੂਕਰੇਨ ਵਿਚ ਕਿਸੇ ਬਖੇੜੇ ਨਾਲ ਪੂਤਿਨ ਦਾ ਕੋਈ ਲਾਗਾ-ਦੇਗਾ ਨਹੀਂ ਸੀ। ਇਹ ਸਭ ਕੁਝ ਅਮਰੀਕਾ ਦੀ ਰੂਸ ਨੂੰ ਘੇਰ ਕੇ ਓੜਕ ਖੇਰੂੰ-ਖੇਰੂੰ ਕਰਨ ਦੀ "ਏਸ਼ੀਆ ਦਾ ਧੁਰਾ" ਯੁੱਧਨੀਤੀ ਦਾ ਹਿੱਸਾ ਹੈ ਤਾਂ ਜੋ ਇਸ ਦੇ ਅਹਿਮ ਵਸੀਲਿਆਂ 'ਤੇ ਕਬਜ਼ਾ ਕੀਤਾ ਜਾ ਸਕੇ ਅਤੇ ਚੀਨ ਨੂੰ ਭੇਜੀ ਜਾ ਰਹੀ ਊਰਜਾ ਨੂੰ ਕੰਟਰੋਲ ਵਿਚ ਲਿਆ ਜਾ ਸਕੇ। ਰੂਸ ਦੇ ਆਲੇ-ਦੁਆਲੇ ਨਾਟੋ ਦੇ ਫ਼ੌਜੀ ਅੱਡੇ ਸਥਾਪਤ ਕਰਨ ਨੂੰ ਜਾਇਜ਼ ਠਹਿਰਾਉਣ ਲਈ ਵਾਸ਼ਿੰਗਟਨ ਚਾਹੁੰਦਾ ਹੈ ਕਿ ਯੂਕਰੇਨ ਨੂੰ ਫਿਲਮੀ ਧਮੱਚੜ ਵਰਗੀ ਹਾਲਤ ਤਕ ਸੁੰਗੇੜ ਦਿੱਤਾ ਜਾਵੇ। ਇਹ ਸਭ ਕੇਂਦਰੀ ਏਸ਼ੀਆ ਨੂੰ ਕੰਟਰੋਲ ਕਰਨ ਅਤੇ ਸੰਸਾਰ 'ਤੇ ਰਾਜ ਕਰਨ ਦੀ ਯੋਜਨਾ ਦਾ ਹਿੱਸਾ ਹੈ।

ਇਸ ਸੰਕਟ ਅੰਦਰ ਓਬਾਮਾ ਨੇ ਹਮਲੇ ਕਰਵਾ ਕੇ ਅਤੇ ਨਸਲੀ-ਸਭਿਆਚਾਰਕ ਰੂਸੀਆਂ ਨੂੰ ਕਤਲ ਕਰਵਾ ਕੇ ਰੂਸੀ ਨਿਜ਼ਾਮ ਨੂੰ ਭੜਕਾਉਣ ਦੀ ਠਾਣ ਰੱਖੀ ਹੈ। ਸ਼ੁੱਕਰਵਾਰ ਦੀ ਸਵੇਰ ਨੂੰ ਹੈਲੀਕਾਪਟਰ ਹਮਲਿਆਂ ਵਾਲੀ ਘਟਨਾ ਤੋਂ ਪਿੱਛੋਂ ਰੂਸੀ ਬਦੇਸ਼ ਮੰਤਰਾਲੇ ਦਾ 'ਗਾਰਡੀਅਨ' ਵਿਚ ਛਪਿਆ ਬਿਆਨ ਕਾਬਲੇਗ਼ੌਰ ਹੈ: "ਜਿਵੇਂ ਅਸੀਂ ਪਹਿਲਾਂ ਹੀ ਕਈ ਵਾਰ ਚਿਤਾਵਨੀ ਦਿੱਤੀ ਹੈ, ਆਪਣੇ ਹੀ ਲੋਕਾਂ ਦੇ ਖ਼ਿਲਾਫ਼ ਫ਼ੌਜ ਦਾ ਇਸਤੇਮਾਲ ਕਰਨਾ ਜੁਰਮ ਹੈ ਅਤੇ ਇਹ ਯੂਕਰੇਨ ਨੂੰ ਵਿਨਾਸ਼ ਵੱਲ ਲਿਜਾ ਰਿਹਾ ਹੈ। ਰੋਸ ਮੁਜ਼ਾਹਰੇ ਕਰਨ ਵਾਲਿਆਂ ਨੂੰ ਹਿੰਸਾ ਨਾਲ ਦਬਾਉਣ ਦੀ ਕੀਵ ਦੇ ਰਾਜ-ਪਲਟਾ ਕਰਨ ਵਾਲਿਆਂ ਦੀ ਯੁੱਧਨੀਤੀ ਦੀ ਹਮਾਇਤ ਕਰ ਕੇ, ਅਮਰੀਕਾ ਅਤੇ ਯੂਰਪੀ ਯੂਨੀਅਨ ਭਾਰੀ ਜੋਖ਼ਮ ਉਠਾ ਰਹੇ ਹਨ, ਉਹ ਲਾਜ਼ਮੀ ਹੀ ਸੰਕਟ ਦੇ ਸ਼ਾਂਤਮਈ ਹੱਲ ਲਈ ਦਰਵਾਜ਼ੇ ਬੰਦ ਕਰ ਰਹੇ ਹਨ।"



ਹੁਣ ਇਹ ਸਾਫ਼ ਹੈ ਕਿ ਓਬਾਮਾ ਨੇ ਜਨੇਵਾ ਸਮਝੌਤੇ ਦੀ ਵਰਤੋਂ ਪੋਲੈਂਡ ਅਤੇ ਬਲਕਾਨ ਮੁਲਕਾਂ ਵਿਚ ਆਪਣੀਆਂ ਫ਼ੌਜਾਂ ਅਤੇ ਫ਼ੌਜੀ ਸਾਜ਼ੋ-ਸਮਾਨ ਘੱਲਣ ਲਈ ਵਕਤ ਲੈਣ ਲਈ ਕੀਤੀ। ਇਹ ਵੀ ਸਾਫ਼ ਹੈ ਕਿ ਓਬਾਮਾ ਨੇ ਜਰਮਨ ਚਾਂਸਲਰ ਐਂਜਿਲਾ ਮਰਕਲ ਨੂੰ ਵਾਸ਼ਿੰਗਟਨ ਸੱਦਿਆ ਤਾਂ ਜੋ ਇਹ ਪ੍ਰਭਾਵ ਜਾਵੇ ਕਿ ਰੂਸ ਖ਼ਿਲਾਫ਼ ਮੋਹਰਿਆਂ ਦੀ ਜੰਗ ਵਿਚ ਯੂਰਪ ਇਕਮੁੱਠ ਹੋ ਕੇ ਅਮਰੀਕਾ ਦੀ ਪਿੱਠ 'ਤੇ ਹੈ, ਪਰ ਭੂੰਡਾਂ ਦੇ ਖੱਖਰ ਨੂੰ ਛੇੜ ਕੇ ਓਬਾਮਾ ਕੀ ਹਾਸਲ ਕਰਨ ਦੀ ਉਮੀਦ ਕਰਦਾ ਹੈ? ਉਹ ਜਾਣਦਾ ਹੈ ਕਿ ਪੂਤਿਨ ਕਰੀਮੀਆ ਉਪਰੋਂ ਦਾਅਵਾ ਨਹੀਂ ਛੱਡੇਗਾ, ਲਿਹਾਜ਼ਾ ਨੁਕਤਾ ਕੀ ਹੈ? ਤੇ ਵੱਧ ਅਹਿਮ ਗੱਲ, ਜਦੋਂ ਵਾਸ਼ਿੰਗਟਨ ਯੂਕਰੇਨ ਨੂੰ ਆਪਣੀ ਭੂਗੋਲਿਕ-ਸਿਆਸੀ ਖੇਤਰ ਹੜੱਪਣ ਦੀ ਖ਼ਾਤਰ ਮੰਚ ਵਜੋਂ ਇਸਤੇਮਾਲ ਕਰ ਲੈਂਦਾ ਹੈ, ਫਿਰ ਯੂਕਰੇਨ ਦਾ ਮੰਜ਼ਰ ਕਿੱਦਾਂ ਦਾ ਹੋਵੇਗਾ? ਇਥੇ ਰੂਸੀ ਸਿੱਖਿਆ-ਵਿਗਿਆਨੀ ਆਂਦਰੇਈ ਫੁਰਸੋਵ ਦੇ ਡੂੰਘੇ ਲੇਖ ਦੀ ਟੂਕ ਦੇਣਾ ਪ੍ਰਸੰਗਿਕ ਹੈ ਜਿਸ ਨੂੰ ਪਤਾ ਹੈ ਕਿ ਓਬਾਮਾ ਕੀ ਚਾਹੁੰਦਾ ਹੈ ਅਤੇ ਇਹ ਵੀ ਕਿ ਆਉਣ ਵਾਲੇ ਸਾਲਾਂ ਵਿਚ ਇਸ ਨੀਤੀ ਦਾ ਯੂਕਰੇਨ ਉਪਰ ਕੀ ਅਸਰ ਪਵੇਗਾ...

"ਕੰਟਰੋਲ ਵਾਲੀ ਗੜਬੜ ਅਤੇ ਖ਼ਾਨਾਜੰਗੀ ਅਮਰੀਕਨਾਂ ਦੀ ਲੋੜ ਹੈ... ਇਸ ਤੋਂ ਅੱਗੇ, ਉਨ੍ਹਾਂ ਦਾ ਇਹ ਇਰਾਦਾ ਵੀ ਸਾਫ਼ ਹੈ ਕਿ ਇਹ ਮੁਲਕ (ਰਾਜ-ਪਲਟੇ ਪਿੱਛੋਂ ਦਾ ਯੂਕਰੇਨ) ਪੂਰੀ ਤਰ੍ਹਾਂ ਰੂਸ ਵਿਰੋਧੀ, ਕੌਮਪ੍ਰਸਤ ਆਜ਼ਾਦੀਪ੍ਰਸਤ ਬਾਂਦੇਰਵਾਦੀ ਨਾਜ਼ੀਆਂ ਨਾਲ ਸਾਂਝ-ਭਿਆਲੀ ਪਾਉਣ ਵਾਲੇ ਯੂਕਰੇਨੀ ਕੌਮਵਾਦੀ ਆਗੂ ਸਟੀਫਨ ਬਾਂਦੇਰਾ ਦੇ ਪੈਰੋਕਾਰ ਅਤੇ ਨਵ-ਨਾਜ਼ੀ ਬਣ ਜਾਵੇ। ਲਿਹਾਜ਼ਾ ਇਸ ਰੂਸ ਵਿਰੋਧੀ ਰਾਜ ਦੀ ਸਥਾਪਨਾ ਕਰਨ ਦਾ ਦੋਹਰਾ ਨਿਸ਼ਾਨਾ ਹੈ ਰੂਸੀ ਸੰਘ ਉਪਰ ਲਗਾਤਾਰ ਦਬਾਓ ਬਣਾਈ ਰੱਖਣਾ।... ਜਿਵੇਂ ਬਿਸਮਾਰਕ ਨੇ ਕਿਹਾ ਸੀ- 'ਸਾਨੂੰ ਯੂਕਰੇਨੀਆਂ ਦੇ ਅੰਦਰ ਜ਼ਰੂਰ ਹੀ ਐਸੇ ਲੋਕ ਪੈਦਾ ਕਰਨੇ ਚਾਹੀਦੇ ਹਨ ਜਿਨ੍ਹਾਂ ਦੀ ਚੇਤਨਾ ਇੱਥੋਂ ਤਾਈਂ ਬਦਲ ਜਾਵੇ ਕਿ ਉਹ ਹਰ ਰੂਸੀ ਚੀਜ਼ ਨੂੰ ਨਫ਼ਰਤ ਕਰ ਲੱਗ ਜਾਣ' ... ਇੰਝ ਅਸੀਂ ਇਕ ਇਤਿਹਾਸਕ ਮਨੋਵਿਗਿਆਨਕ ਭੰਨ-ਤੋੜਵਾਦੀ ਸੂਚਨਾ ਮੁਹਿੰਮ ਦੀ ਗੱਲ ਕਰ ਰਹੇ ਹਾਂ ਜਿਸ ਦੀ ਮਨਸ਼ਾ ਰੂਸੀ ਹਊਏ ਤੋਂ ਭੈਅਭੀਤ ਸਲੈਵ ਲੋਕਾਂ ਦੀ ਵਸੋਂ ਬਣਾਉਣਾ ਹੈ। ਇਹ ਯੂਕਰੇਨ ਨੂੰ ਰੂਸ ਤੋਂ ਅਲੱਗ ਕਰ ਦੇਣ ਅਤੇ ਇਸ ਦੀ ਇਕ ਤਰ੍ਹਾਂ ਦੀ ਤਾਨਾਸ਼ਾਹ ਸਲਤਨਤ ਵਜੋਂ ਖ਼ਿਲਾਫ਼ਤ ਕਰਨ ਦਾ ਸੰਦ ਹਨ। ਇਹ ਸਾਰੀ ਵਿਉਂਤ ਗੈਲੀਸ਼ੀਅਨ ਪ੍ਰੋਜੈਕਟ ਤਹਿਤ ਘੜੀ ਗਈ, ਜਿਸ ਉਪਰ ਜਰਮਨੀ ਦੀ ਤੀਜੀ ਰੇਖ ਤੋਂ ਪਿੱਛੋਂ ਆਸਟਰੋ-ਜਰਮਨੀ ਅਤੇ ਕੈਸਰ ਦੀ ਜਰਮਨੀ ਦੀਆਂ ਖੁਫ਼ੀਆ ਸੇਵਾਵਾਂ ਨੇ ਕੰਮ ਕੀਤਾ, ਬਾਅਦ ਵਿਚ ਸੀ.ਆਈ.ਏ. ਅਤੇ ਬੀ.ਐੱਨ.ਡੀ. ਏਜੰਸੀਆਂ ਨੇ... ਜਿਵੇਂ ਕਠਪੁਤਲੀਆਂ ਦੇ ਮਾਲਕਾਂ ਨੇ ਵਿਉਂਤ ਬਣਾਈ ਹੋਈ ਹੈ, ਜੇ ਉਸ ਤਰ੍ਹਾਂ ਦਾ ਬਾਂਦੇਰਸਤਾਨ ਬਣ ਜਾਣਾ ਯੂਕਰੇਨ ਦੀ ਹੋਣੀ ਹੈ ਤਾਂ ਇਹ ਇਕ ਜੁੰਡੀਰਾਜ, ਦਹਿਸ਼ਤਗ਼ਰਦ, ਰੂਸੀ ਹਊਆ ਖੜ੍ਹਾ ਕਰਨ ਵਾਲਾ ਰਾਜ ਹੋਵੇਗਾ।... ਜੁੰਡੀਰਾਜ ਵਿਦੇਸ਼ੀ ਕੰਟਰੋਲ ਬਣਾਉਣ ਦਾ ਆਦਰਸ਼ ਸੰਦ ਹੈ। ਇਹ ਸਾਫ਼ ਹੈ ਕਿ ਇਹ ਜੁੰਡੀਰਾਜ ਅਤੇ ਪੱਛਮ ਦੋਵਾਂ ਨੂੰ ਰਾਸ ਆਉਂਦਾ ਹੈ।"

ਲਿਹਾਜ਼ਾ, ਇਥੇ ਵੀ ਇਹੀ ਕੁਝ ਹੈ: ਪਾੜੋ ਤੇ ਰਾਜ ਕਰੋ। ਇਰਾਕ ਵਿਚ ਬੁਸ਼ ਪ੍ਰਸ਼ਾਸਨ ਨੇ ਸ਼ੀਆ ਅਤੇ ਸੁੰਨੀ ਦਾ ਪੱਤਾ ਖੇਡਿਆ, ਤੇ ਹੁਣ ਓਬਾਮਾ ਇਹੀ ਯੂਕਰੇਨੀਆਂ ਅਤੇ ਰੂਸੀਆਂ ਦੇ ਮਾਮਲੇ 'ਚ ਕਰਨਾ ਚਾਹੁੰਦਾ ਹੈ। ਮਹਾਂਦੀਪ ਵੱਖਰਾ ਜ਼ਰੂਰ ਹੈ, ਯੁੱਧਨੀਤੀ ਉਹੀ ਹੈ।

ਇਹ ਹੈ ਓਬਾਮਾ ਦੀ "ਨਵੇਂ ਯੂਕਰੇਨ" ਦੀ ਯੋਜਨਾ। ਇਕ ਫਾਸ਼ੀਵਾਦੀ ਹਕੂਮਤ ਵਾਲਾ ਅਸਫ਼ਲ ਰਾਜ ਜੋ ਵਾਸ਼ਿੰਗਟਨ ਦੇ ਇਸ਼ਾਰਿਆਂ 'ਤੇ ਨੱਚੇ ਅਤੇ ਅਮੁੱਕ ਭੜਕਾਹਟਾਂ, ਜੰਗਬਾਜ਼ੀ ਅਤੇ ਜੰਗ ਰਾਹੀਂ ਰੂਸ ਉਪਰ ਦਬਾਓ ਬਣਾਈ ਰੱਖੇ। ਯੂਕਰੇਨ ਪੂਰਬ ਵਿਚ ਵਾਸ਼ਿੰਗਟਨ ਦਾ ਪਾਲਤੂ ਕੁੱਤਾ ਹੋਵੇਗਾ ਜੋ ਰੂਸ ਤੋਂ ਉਸ ਦੀ ਆਮਦਨੀ ਦੇ ਵਸੀਲਿਆਂ ਨੂੰ ਅਲੱਗ ਕਰ ਦੇਵੇਗਾ ਅਤੇ ਯੂਰਪੀ ਯੂਨੀਅਨ-ਰੂਸ ਦੀ ਵਡੇਰੀ ਆਰਥਿਕ ਏਕਤਾ ਦੇ ਯਤਨਾਂ ਨੂੰ ਨਿਸਫ਼ਲ ਬਣਾ ਦੇਵੇਗਾ। ਇਹ ਹੈ ਉਹ ਚਾਲ ਜਿਸ ਜ਼ਰੀਏ ਵਾਸ਼ਿੰਗਟਨ ਯੂਰੇਸ਼ੀਆ ਵਿਚ ਘੁਸਣ, ਮਹਾਂ ਖੇਡ ਵਿਚ ਆਪਣੀਆਂ ਸੰਭਾਵਨਾਵਾਂ ਨੂੰ ਹੋਰ ਬਿਹਤਰ ਬਣਾਉਣ ਅਤੇ ਅਗਲੀ ਸਦੀ ਵਿਚ ਆਲਮੀ ਚੌਧਰ ਕਾਇਮ ਕਰਨ ਦੀ ਤਵੱਕੋ ਕਰ ਰਿਹਾ ਹੈ।

# ਬੀਬੀਆਂ ਦੀ ਵਡਿਆਈ ਦੇ ਬਲਿਹਾਰੇ!


ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਫੋਨ: 408-915-1268


ਇਸ ਨੂੰ ਬੁਰਾ ਜਾਂ ਮਾੜਾ ਤਾਂ ਨਹੀਂ ਕਹਿ ਸਕਦਾ, ਲੇਕਿਨ ਪੜ੍ਹਦਿਆਂ-ਪੜ੍ਹਦਿਆਂ ਮੈਨੂੰ ਬੜਾ ਅਜੀਬ ਜਿਹਾ ਲੱਗਿਆ। ਇਕ ਅੱਧ ਜਗ੍ਹਾ 'ਤੇ ਹੀ ਅਜਿਹਾ ਕੁਝ ਹੁੰਦਾ, ਫਿਰ ਵੀ ਹੈਰਾਨੀ ਨਹੀਂ ਸੀ ਹੋਣੀ; ਪਰ ਇੱਥੇ ਸਭ ਥਾਂ ਇਕੋ ਹੀ 'ਭਾਣਾ ਵਰਤਿਆ' ਦੇਖ ਕੇ ਮੇਰਾ ਸੋਚੀਂ ਪੈਣਾ ਸੁਭਾਵਿਕ ਹੀ ਸੀ। ਕਈ ਅਜੀਬੋ-ਗਰੀਬ ਦ੍ਰਿਸ਼ ਜਾਂ ਘਟਨਾਵਾਂ ਤੁਹਾਨੂੰ ਸੋਚਣ ਲਈ ਮਜਬੂਰ ਕਰ ਦਿੰਦੇ ਹਨ। ਆਪੋ-ਆਪਣੀ ਫਿਤਰਤ ਹੈ। ਕੋਈ ਦੇਖ ਸੁਣ ਕੇ 'ਹੋਊ ਪਰੇ-ਮੈਨੂੰ ਕੀ' ਕਹਿ ਕੇ ਖਹਿੜਾ ਛੁਡਾ ਲੈਂਦੇ ਨੇ, ਪਰ ਕਈਆਂ ਦੀ ਆਦਤ ਹੁੰਦੀ ਹੈ ਕਿ ਉਨ੍ਹਾਂ ਨੂੰ ਵਾਲ ਦੀ ਖੱਲ ਲਾਹ ਕੇ ਹੀ ਸੰਤੁਸ਼ਟੀ ਹੁੰਦੀ ਹੈ। ਬਦਕਿਸਮਤੀ ਨੂੰ ਇਨ੍ਹਾਂ ਸਤਰਾਂ ਦਾ ਲਿਖਾਰੀ ਵੀ ਦੂਜੀ ਸ਼੍ਰੇਣੀ ਭਾਵ, ਹਰ ਨੁਕਤੇ ਦੀ ਖੋਜਾ-ਖਾਜੀ ਕਰਨ ਵਾਲੀ 'ਖੋਟੀ ਨੇਚਰ' ਦਾ ਮਾਲਕ ਹੈ।

ਜਿਵੇਂ ਕਦੀ-ਕਦੀ 'ਗੁਆਚੀ ਹੋਈ' ਚਾਬੀ ਪਹਿਨੇ ਹੋਏ ਕਿਸੇ ਕੱਪੜੇ ਦੀ ਜੇਬ ਵਿਚੋਂ ਹੀ ਅਚਾਨਕ ਲੱਭ ਪੈਂਦੀ ਹੈ, ਇਵੇਂ ਮੈਂ ਵੀ ਸਾਹਮਣੇ ਦਿਸ ਰਹੀ ਅੜਾਉਣੀ ਦਾ ਉਤਰ ਲੱਭਣ ਲਈ ਯਾਦਾਂ ਦੇ ਝਰੋਖੇ ਦੀ ਫੋਲਾ-ਫਾਲੀ ਕਰਨੀ ਸ਼ੁਰੂ ਕਰ ਦਿੱਤੀ। ਪੈਂਦੀ ਸੱਟੇ ਮੈਨੂੰ ਯਾਦ ਆਇਆ ਸਕੂਲ ਸਮੇਂ ਦੇਖਿਆ ਹੋਇਆ ਗਾਉਣ-ਵਜਾਉਣ ਵਾਲਿਆਂ ਦਾ 'ਕੱਠ; ਜਿਸ ਨੂੰ ਅਜੋਕੀ ਭਾਸ਼ਾ ਵਿਚ ਸਭਿਆਚਾਰਕ ਮੇਲਾ ਕਹਿ ਸਕਦੇ ਹਾਂ। ਪੇਂਡੂ ਲੋਕਾਂ ਦੇ ਸ਼ੁਗਲ-ਮੇਲੇ ਲਈ ਕਾਫੀ ਸਾਰੇ ਨਵੇਂ-ਪੁਰਾਣੇ ਕਲਾਕਾਰ ਆਪਣੇ ਫਨ ਦਾ ਮੁਜਾਹਰਾ ਕਰ ਰਹੇ ਸਨ। ਮੇਲਿਆਂ-ਮੁਸਾਵਿਆਂ 'ਚ ਪੁਰਾਣੇ ਸਟਾਈਲ ਨਾਲ 'ਖਾੜੇ 'ਚ ਘੁੰਮ ਫਿਰ ਕੇ ਗਾਉਣ ਵਾਲੇ 2-3 ਵੱਡੀ ਉਮਰ ਦੇ ਗਵੱਈਏ, ਸਟੇਜ ਸੈਕਟਰੀ ਕੋਲੋਂ ਵਾਰ-ਵਾਰ ਟਾਈਮ ਮੰਗ ਰਹੇ ਸਨ।

ਪਤਾ ਨਹੀਂ ਕਿਉਂ, ਉਨ੍ਹਾਂ ਨਾਲ ਵਾਅਦਾ ਕਰ ਕੇ ਹਰ ਵਾਰ ਸਟੇਜ ਸੈਕਟਰੀ ਕਿਸੇ ਹੋਰ ਕਲਾਕਾਰ ਨੂੰ ਮਾਈਕ 'ਤੇ ਬੁਲਾ ਲੈਂਦਾ। ਸਭ ਦੇ ਸਾਹਮਣੇ ਇੰਜ ਕਈ ਵਾਰ ਹੋਇਆ। ਉਹ ਵਿਚਾਰੇ ਤੂੰਬੇ-'ਲਗੋਜ਼ੇ ਸੁਰ ਕਰਦੇ ਰਹਿ ਜਾਂਦੇ, ਸੈਕਟਰੀ ਕਿਸੇ ਹੋਰ ਦਾ ਨਾਂ ਬੋਲ ਦਿੰਦਾ। ਕਰਦਿਆਂ-ਕਰਦਿਆਂ ਜਦੋਂ ਸੈਕਟਰੀ ਨੇ ਗਾਉਣ ਵਾਲੀ ਕੁੜੀ ਨੂੰ ਟਾਈਮ ਦੇ ਦਿੱਤਾ, ਤਦ ਉਹ ਤਿੰਨੇ ਜਣੇ ਆਪਣੇ ਸਾਜ਼ ਕੱਪੜਿਆਂ 'ਚ ਬੰਨ੍ਹ ਕੇ ਸਟੇਜ ਤੋਂ ਹੇਠਾਂ ਉਤਰ ਆਏ। ਉਨ੍ਹਾਂ ਨੂੰ ਤੁਰ ਚੱਲੇ ਦੇਖ ਕੇ ਸੈਕਟਰੀ ਨੇ ਹੱਥ ਬੰਨ੍ਹੇ ਕਿ ਭਰਾਵੋ ਜਾਇਓ ਨਾ, ਆਹ ਬੀਬੀ ਤੋਂ ਬਾਅਦ ਬੱਸ ਤੁਹਾਡੀ ਵਾਰੀ ਐ!

ਗੂੜ੍ਹੀ ਲਾਲ ਸੁਰਖੀ, ਧਾਰੀਦਾਰ ਕਜਲਾ, ਪਾਊਡਰ ਨਾਲ ਲਿੱਪੇ ਹੋਏ ਮੂੰਹ ਅਤੇ ਚਮਕੀਲੇ ਜਿਹੇ ਕੱਪੜਿਆਂ ਵਾਲੀ ਉਸ ਗਾਇਕਾ ਵੱਲ ਹੱਥ ਕਰ ਕੇ, ਉਨ੍ਹਾਂ ਤਿੰਨਾਂ ਗਾਇਕਾਂ ਦਾ ਮੁਖੀਆ ਉਚੀ ਦੇਣੀ ਬੋਲਿਆ, "ਸਰਦਾਰਾ, ਆਹ ਜਿਹੜੀ ਤੈਂ ਸਟੇਜ 'ਤੇ ਚਾੜ੍ਹੀ ਹੋਈ ਐ, ਇਸ ਜਾਤ ਦੀਆਂ ਤਾਂ ਫੋਟੂਆਂ ਹੀ ਦੇਖ ਕੇ ਲੋਕੀਂ ਦਿਲ ਫੜ ਲੈਂਦੇ ਆ। ਐਥੇ ਇਹੀ 'ਸਾਖਿਆਤ ਮੂਰਤੀ' ਅੱਖਾਂ ਮਟਕਾ-ਮਟਕਾ ਕੇ ਗਾਉਣ ਡਹੀ ਆ। ਇਹਦੇ ਮਗਰੋਂ ਸਾਨੂੰ ਭਲਾ ਕੀਹਨੇ ਸੁਣਨੈ?...ਸਾਡੇ ਕਿੱਥੇ ਪੈਰ ਲੱਗਣੇ ਐਂ ਇਹਦੇ ਮਗਰੋਂ! ਅਸੀਂ ਚਲਦੇ ਈ ਭਲੇ ਆਂ ਹੁਣ।"

ਤਸੱਲੀ ਤਾਂ ਮੇਰੀ ਇਸੇ ਇਕ ਮਿਸਾਲ ਨੇ ਹੀ ਕਰ ਦਿੱਤੀ, ਪਰ ਮਨ ਸਮਝਾਉਣ ਲਈ ਇਕ ਗਵਾਹੀ ਹੋਰ ਸਾਹਮਣੇ ਆ ਗਈ ਜੋ ਬੈਂਕ ਮੁਲਾਜ਼ਮ ਦੋਸਤ ਮੂੰਹੋਂ ਸੁਣੀ ਹੋਈ ਹੈ। ਕਹਿੰਦੇ ਜਦੋਂ ਸ. ਇੰਦਰਜੀਤ ਸਿੰਘ ਨੇ ਪੰਜਾਬ ਐਂਡ ਸਿੰਧ ਬੈਂਕ ਚਾਲੂ ਕੀਤਾ, ਉਨ੍ਹਾਂ ਸਾਰੀਆਂ ਬ੍ਰਾਂਚਾਂ ਵਿਚ ਖੂਬਸੂਰਤ ਸਿੱਖ ਨੌਜਵਾਨ ਮੁੰਡੇ ਭਰਤੀ ਕੀਤੇ। ਪੜ੍ਹੇ-ਲਿਖੇ ਫੁਰਤੀਲੇ ਮੁੰਡਿਆਂ ਨੇ ਜੀਅ-ਜਾਨ ਨਾਲ ਕੰਮ ਕੀਤਾ, ਪਰ ਜਦੋਂ ਇਸ ਅਦਾਰੇ ਦਾ ਦੂਜੇ ਬੈਂਕਾਂ ਨਾਲ ਮੁਕਾਬਲਾ ਕੀਤਾ ਗਿਆ, ਤਦ ਇਹ ਫਾਡੀ ਰਹਿ ਗਿਆ। ਛੇ ਮਹੀਨੇ ਹੋਰ ਕਈ ਤਰ੍ਹਾਂ ਦੇ ਸੁਧਾਰ ਕੀਤੇ ਗਏ ਪਰ ਗੱਲ ਉਥੇ ਦੀ ਉਥੇ ਹੀ ਰਹੀ।

ਉਚ ਅਧਿਕਾਰੀਆਂ ਨੇ ਬੈਂਕਿੰਗ ਪ੍ਰਣਾਲੀ ਦੇ ਕੌਮਾਂਤਰੀ ਮਾਹਰਾਂ ਦੀਆਂ ਸੇਵਾਵਾਂ ਲਈਆਂ ਕਿ ਸਾਡਾ ਬੈਂਕ ਦੂਜੇ ਬੈਂਕ ਦੀ ਬਨਿਸਬਤ ਤਰੱਕੀ ਕਿਉਂ ਨਹੀਂ ਕਰ ਰਿਹਾ? ਇਨ੍ਹਾਂ ਮਾਹਿਰਾਂ ਨੇ ਪੂਰੀ ਘੋਖ ਨਾਲ ਸਾਰੇ ਸਿਸਟਮ ਦੀ ਪੁਣ-ਛਾਣ ਕਰ ਕੇ ਬੈਂਕ ਦੇ ਪ੍ਰਬੰਧਕਾਂ ਨੂੰ ਇਹ ਸਲਾਹ ਦਿੱਤੀ ਕਿ ਹਰ ਸ਼ਾਖਾ ਵਿਚ ਘੱਟ ਤੋਂ ਘੱਟ ਦੋ-ਦੋ ਲੜਕੀਆਂ ਜ਼ਰੂਰ ਭਰਤੀ ਕੀਤੀਆਂ ਜਾਣ। ਕੋਈ ਵੀ ਬ੍ਰਾਂਚ ਅਜਿਹੀ ਨਾ ਰਹੇ, ਜਿਥੇ ਸਿਰਫ਼ ਲੜਕੇ ਹੀ ਮੁਲਾਜ਼ਮ ਹੋਣ। ਉਨ੍ਹਾਂ ਦੀਆਂ ਹਮ-ਉਮਰ ਕੁੜੀਆਂ ਵੀ ਸਟਾਫ ਵਿਚ ਸ਼ਾਮਲ ਕਰੋ। ਕਹਿੰਦੇ ਨੇ, ਜਦੋਂ ਉਚ ਮਾਹਿਰਾਂ ਵੱਲੋਂ ਸੁਝਾਈ ਗਈ ਸਲਾਹ ਨੂੰ ਅਮਲੀ ਰੂਪ ਦਿੱਤਾ ਗਿਆ, ਤਦ ਹੈਰਾਨੀਜਨਕ ਨਤੀਜੇ ਸਾਹਮਣੇ ਆਏ।

ਮੈਨੂੰ ਸੋਚਣ ਲਈ ਮਜਬੂਰ ਕਰਨ ਵਾਲੀ ਸਮੱਗਰੀ ਦੀ ਘੁੰਡੀ ਖੋਲ੍ਹਣ ਵਾਸਤੇ ਸਵੈ-ਵਿਚਾਰ-ਮੰਥਨ ਕਰਦਿਆਂ, ਕਿਸੇ ਮਹਾਤਮਾ ਪਾਸੋਂ ਸੁਣੀ ਕਥਾ ਵੀ ਯਾਦ ਆ ਗਈ। ਆਸਾ ਦੀ ਵਾਰ ਦੇ ਸ਼ਬਦ 'ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ' ਦੇ ਅਰਥ ਕਰਦਿਆਂ ਉਸ ਬਾਬੇ ਨੇ ਔਰਤ ਜਾਤ ਦੀ ਸੋਭਾ ਗਿਣਾਈ ਸੀ। ਜੀਵ ਉਤਪਤੀ ਵਿਚ ਮੁੱਖ ਰੋਲ ਅਦਾ ਕਰਨ ਵਾਲੀ ਔਰਤ ਦੀ ਪ੍ਰਿਅ-ਦਰਸ਼ਨੀ ਸ਼ਖ਼ਸੀਅਤ ਬਾਰੇ ਗੁਰੂ ਬਾਬਾ ਜੀ ਨੇ ਵੀ ਇਹ ਫਰਮਾਇਆ ਹੈ, 'ਜਿਤੁ ਮੁਖਿ ਸਦਾ ਸਾਲਾਹੀਐ ਭਾਗਾ ਰਤੀ ਚਾਰਿ॥'

ਇਸੇ ਸੋਚ ਲੜੀ ਦੀ ਅਗਲੀ ਕੜੀ ਹੈ ਇਕ ਪ੍ਰਸਿੱਧ ਸ਼ਾਇਰ ਦੀ ਹੱਡਬੀਤੀ। ਕਵੀ ਜੀ ਨੇ ਇਕ ਮੈਗਜ਼ੀਨ ਨੂੰ ਦਿੱਤੀ ਇੰਟਰਵਿਊ 'ਚ ਦੱਸਿਆ ਕਿ ਸ਼ੁਰੂ-ਸ਼ੁਰੂ ਵਿਚ ਉਸ ਨੇ ਕਵਿਤਾ ਲਿਖ ਕੇ ਕਿਸੇ ਅਖ਼ਬਾਰ ਨੂੰ ਛਪਣ ਲਈ ਭੇਜੀ। ਉਸ ਅਖ਼ਬਾਰ ਦੇ ਸੰਪਾਦਕ ਨੇ ਖੋਟੇ ਪੈਸੇ ਵਾਂਗ ਕਵਿਤਾ ਵਾਪਸ ਮੋੜਦਿਆਂ ਲਿਖਿਆ ਕਿ ਇਹੋ ਜਿਹੀ ਨਿਕੰਮੀ ਕਵਿਤਾ ਅਸੀਂ ਨਹੀਂ ਛਾਪ ਸਕਦੇ। ਨਿਰਾਸ਼ ਜਿਹਾ ਹੋ ਕੇ ਸ਼ਾਇਰ ਨੇ ਇਹ ਗੱਲ ਆਪਣੇ ਕਿਸੇ ਹੋਰ ਕਵੀ ਮਿੱਤਰ ਨੂੰ ਦੱਸੀ। ਸਾਰੀ ਗੱਲ ਸੁਣ ਕੇ ਮੁਸ਼ਕੜੀਏਂ ਹੱਸਦਿਆਂ ਉਸ ਦਾ ਦੋਸਤ ਕਹਿੰਦਾ ਕਿ ਇਹੀ ਕਵਿਤਾ ਉਸੇ ਅਖ਼ਬਾਰ ਵਿਚ ਛਪਵਾਈ ਜਾ ਸਕਦੀ ਹੈ। ਇਹਦਾ ਢੰਗ ਮੈਥੋਂ ਸੁਣ ਲੈ। ਦੱਸਿਆ ਗਿਆ ਤਰੀਕਾ ਵਰਤਿਆ ਗਿਆ। ਇਕੱਲੀ ਕਵਿਤਾ ਹੀ ਅਖ਼ਬਾਰ ਵਿਚ ਨਹੀਂ ਛਪੀ, ਸਗੋਂ ਸੰਪਾਦਕ ਜੀ ਵੱਲੋਂ ਉਸੇ ਕਵਿਤਾ ਦੀ ਸੋਭਾ ਵਜੋਂ ਲਿਖਿਆ ਪ੍ਰਸ਼ੰਸਾ ਪੱਤਰ ਵੀ ਮੁੜਦੀ ਡਾਕ ਵਿਚ ਆਣ ਪਹੁੰਚਾ! ਸ਼ਾਇਰ ਨੇ ਇੰਟਰਵਿਊ ਵਿਚ ਉਕਤ 'ਤਰੀਕੇ' ਦਾ ਭੇਤ ਖੋਲ੍ਹਦਿਆਂ ਦੱਸਿਆ ਕਿ ਮੈਂ ਕਵਿਤਾ ਦੇ ਹੇਠਾਂ ਆਪਣਾ ਨਾਂ ਹਰਜਿੰਦਰ ਸਿੰਘ ਦੀ ਬਜਾਏ ਹਰਜਿੰਦਰ ਕੌਰ ਲਿਖ ਦਿੱਤਾ ਸੀ! ਇਸੇ 'ਕਰਾਮਾਤ' ਸਦਕਾ ਸੰਪਾਦਕ ਜੀ ਨੇ ਹਰਜਿੰਦਰ ਕੌਰ ਨੂੰ ਅਗਾਊਂ ਪੇਸ਼ਕਸ਼ ਵੀ ਕਰ ਦਿੱਤੀ ਕਿ ਆਇੰਦਾ ਤੁਹਾਡੀਆਂ ਆਹਲਾ ਦਰਜੇ ਦੀਆਂ ਕਵਿਤਾਵਾਂ ਛਾਪ ਕੇ ਸਾਨੂੰ 'ਵੱਡੀ ਪ੍ਰਸੰਨਤਾ' ਹੋਵੇਗੀ।

ਹਥਲੇ ਲੇਖ ਦਾ 'ਗਲੋਟਾ' ਲਾਹੁਣ ਲਈ, ਲੇਖ ਦੇ ਪਹਿਲੇ ਪਹਿਰੇ ਦੀ ਪੂਣੀ ਦੇ ਕੁਝ ਤੰਦ ਹੋਰ ਕੱਤ ਲਈਏ। ਅਸਲ ਵਿਚ ਸੋਲ੍ਹਵੀਂ ਲੋਕ ਸਭਾ ਦੇ ਗਠਨ ਲਈ ਪੰਜਾਬ ਵਿਚ ਹੋਈਆਂ ਚੋਣਾਂ ਤੋਂ ਦੂਜੇ ਦਿਨ, ਪਹਿਲੀ ਮਈ ਨੂੰ ਮੈਂ ਪੰਜਾਬ ਤੋਂ ਛਪਦੀਆਂ ਅਖ਼ਬਾਰਾਂ ਪੜ੍ਹਨ ਬੈਠਿਆ। ਦਿਲ ਵਿਚ ਧੁੜਕੂ ਤਾਂ ਇਹ ਲੱਗਾ ਹੋਇਆ ਸੀ ਕਿ ਮਾਦਰੇ-ਵਤਨ ਵਿਚ ਵੋਟਾਂ ਅਮਨ-ਅਮਾਨ ਨਾਲ ਪੈ ਗਈਆਂ ਹੋਣ! ਖ਼ੈਰ ਸੁੱਖ ਹੋਵੇ! ਇਸ ਪੱਖੋਂ ਤਾਂ ਚੈਨ ਮਿਲੀ ਕਿ ਇੱਕਾ-ਦੁੱਕਾ ਘਟਨਾਵਾਂ ਛੱਡ ਕੇ ਕੋਈ ਖਾਸ ਘਟਨਾ ਨਹੀਂ ਵਾਪਰੀ, ਪਰ ਇਹ ਦੇਖ ਕੇ ਮੇਰੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਕਿ ਸਾਰੀਆਂ ਅਖ਼ਬਾਰਾਂ ਦੇ ਮੁੱਖ ਪੰਨਿਆਂ ਉਪਰ ਬੀਬੀਆਂ ਦੀਆਂ ਕਤਾਰਾਂ ਹੀ ਨਜ਼ਰੀ ਆ ਰਹੀਆਂ ਸਨ। ਜਿਵੇਂ ਕਿਤੇ ਪੰਜਾਬ ਵਿਚ ਮਰਦ ਵੋਟਰ ਵੋਟ ਪਾਉਣ ਹੀ ਨਾ ਆਏ ਹੋਣ! ਮਜਾਲ ਐ ਕਿਸੇ ਅਖ਼ਬਾਰ ਨੇ ਇਹ ਸਹੁੰ ਤੋੜੀ ਹੋਵੇ। ਹੋਰ ਤਾਂ ਹੋਰ, ਕਈ ਅਖ਼ਬਾਰਾਂ ਦੇ ਵੱਖ-ਵੱਖ ਜ਼ਿਲ੍ਹਿਆਂ ਦੇ ਐਡੀਸ਼ਨਾਂ ਵਿਚ ਵੀ ਵੋਟਰ ਬੀਬੀਆਂ ਦੀਆਂ ਹੀ ਲੰਮੀਆਂ-ਲੰਮੀਆਂ ਕਤਾਰਾਂ ਦਿਖਾਈ ਦੇ ਰਹੀਆਂ ਸਨ। ਲਗਭਗ ਨੌਂ ਕੁ ਅਖ਼ਬਾਰਾਂ ਮੈਂ ਦੇਖੀਆਂ, ਇਹ ਸਾਰੇ ਬੀਬੀਆਂ 'ਤੇ ਹੀ ਮਿਹਰਵਾਨ ਹੋਏ ਪਏ ਸਨ। ਇਉਂ ਜਾਪਦਾ ਸੀ ਜਿਵੇਂ ਸਾਰੇ ਪੱਤਰਕਾਰ ਭਰਾ ਪੰਜਾਬ ਦੇ ਮਰਦ ਵੋਟਰਾਂ ਨਾਲ ਨਾਰਾਜ਼ ਹੋਏ ਹੋਣ; ਜਾਂ ਖੌਰੇ ਮਰਦਾਨਾ ਵੋਟਰਾਂ ਦੀਆਂ ਫੋਟੋਆਂ ਨਾਲ ਅਖ਼ਬਾਰਾਂ ਦੀ ਸ਼ਾਨ ਘਟਦੀ ਹੋਵੇ! ਸ਼ਾਇਦ ਪੱਤਰ ਪ੍ਰੇਰਕ ਭਰਾ ਡੈਮੋਕਰੇਸੀ ਨੂੰ ਵੀ 'ਜਨਾਨੀ' ਹੀ ਸਮਝਦੇ ਨੇ,

'ਡੈਮੋਕਰੇਸੀ ਇਕ ਐਸੀ
ਅਲਬੇਲੀ ਦੁਲਹਨ ਹੈ,
ਜਿਸ ਕਾ ਘੂੰਘਟ ਅਬ ਤਕ
ਹਮ ਸੇ ਖੋਲ੍ਹ ਨਹੀਂ ਹੋਤਾ!

ਇਹ ਤਾਂ ਸੀ ਵੋਟਾਂ ਦੀ ਗੱਲ। ਵੈਸੇ ਵੀ ਜਦੋਂ ਕਦੇ ਗਰਮੀ ਦੀ ਰੁੱਤ ਮੁੱਕਣ ਵੇਲੇ ਪਹਿਲੀ ਫੁਹਾਰ ਪੈ ਜਾਂਦੀ ਹੈ ਤਾਂ ਪ੍ਰੈਸ ਫੋਟੋਗ੍ਰਾਫਰ ਕੁੜੀਆਂ ਦੇ ਕਾਲਜ ਵੱਲ ਦਬੀੜਾਂ ਚੁੱਕ ਲੈਂਦੇ ਨੇ। ਹੱਥਾਂ 'ਚ ਰੰਗ-ਰੰਗੀਲੀਆਂ ਛਤਰੀਆਂ ਫੜ ਕੇ ਪੱਕੀ ਸੜਕ 'ਤੇ ਤੁਰੀਆਂ ਜਾ ਰਹੀਆਂ ਕੁੜੀਆਂ ਨੂੰ ਝੱਟ ਕੈਮਰੇ ਵਿਚ ਕੈਦ ਕਰਦੇ ਨੇ। ਦੂਜੇ ਦਿਨ ਅਖ਼ਬਾਰ 'ਚ ਛਪੀ ਇਸ ਫੋਟੋ ਦੀ ਕੈਪਸ਼ਨ ਹੁੰਦੀ ਹੈ, 'ਮਾਨਸੂਨ ਪੌਣਾਂ ਪੰਜਾਬ ਪਹੁੰਚੀਆਂ!' ਮੀਂਹ ਵਿਚ ਭਿੱਜਦੇ ਸੈਂਕੜੇ ਰਿਕਸ਼ਿਆਂ ਵਾਲੇ ਮਰਦ, ਕਦੇ ਇਨ੍ਹਾਂ ਕੈਮਰਿਆਂ ਵਾਲਿਆਂ ਨੂੰ ਦਿਖਾਈ ਨਹੀਂ ਦਿੰਦੇ!

ਘੱਟ ਤੋਂ ਘੱਟ ਪਹਿਲੀ ਮਈ ਦੀਆਂ ਪੰਜਾਬੀ ਅਖ਼ਬਾਰਾਂ ਪੜ੍ਹ ਕੇ ਤਾਂ ਇਉਂ ਹੀ ਲਗਦਾ ਹੈ ਕਿ ਪ੍ਰੈਸ ਵਾਲਾ ਭਾਈਚਾਰਾ, ਵਕਾਲਤ ਬਾਬਤ ਬੀਬੀਆਂ ਕੀ ਵਡਿਆਈ ਨੂੰ ਪੂਰੀ ਤਰ੍ਹਾਂ ਸਮਰਪਿਤ ਹੈ।

# ਲੇਖਕਾਂ ਤੇ ਲੇਖਕ ਜਥੇਬੰਦੀਆਂ ਉਤੇ ਇੱਕ ਝਾਤ


ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ

Sandhugulzar@yahoo.com


ਜਦੋਂ 1950ਵਿਆਂ ਵਿਚ ਕੇਂਦਰੀ ਪੰਜਾਬੀ ਲੇਖਕ ਸਭਾ ਤੇ ਪੰਜਾਬੀ ਸਾਹਿਤ ਅਕਾਡਮੀ ਦੀ ਸਥਾਪਨਾ ਹੋਈ ਤਾਂ ਮੈਂ ਪੰਜਾਬ ਤੋਂ ਬੀ ਏ ਪਾਸ ਕਰਕੇ ਦਿੱਲੀ ਜਾ ਚੁੱਕਾ ਸਾਂ। ਸਾਹਿਤ ਅਕਾਡਮੀ ਨੂੰ ਦੂਰ ਨੇੜੇ ਦੀ ਸਰਕਾਰੀ ਸਰਪ੍ਰਸਤੀ ਪ੍ਰਾਪਤ ਹੋਣ ਕਾਰਨ ਲੇਖਕਾਂ ਦੀ ਆਪਣੀ ਤੇ ਅਸਲੀ ਜਥੇਬੰਦੀ ਲੇਖਕ ਸਭਾ ਨੂੰ ਹੀ ਮੰਨਿਆ ਜਾਂਦਾ ਸੀ। 50ਵਿਆਂ ਦੇ ਅੰਤ ਵਿਚ ਜਦੋਂ ਕੁਲਵੰਤ ਸਿੰਘ ਵਿਰਕ ਨਾਲ ਮਿੱਤਰਤਾ ਹੋਈ ਤਾਂ ਉਸ ਨੇ ਮੈਨੂੰ ਦੋਨਾਂ ਜਥੇਬੰਦੀਆਂ ਦਾ ਮੈਂਬਰ ਬਣਾ ਦਿੱਤਾ। 1963 ਵਿਚ ਮੇਰਾ ਕਹਾਣੀ ਸੰਗ੍ਰਹਿ 'ਹੁਸਨ ਦੇ ਹਾਣੀ' ਛਪਣ ਤੱਕ ਜਲੰਧਰ ਤੇ ਅੰਮ੍ਰਿਤਸਰ ਦੀਆਂ ਇਕਾਈਆਂ ਤੋਂ ਬਿਨਾਂ ਲੇਖਕ ਸਭਾ ਦੀਆਂ ਛੋਟੀਆਂ ਥਾਂਵਾਂ ਵਾਲੀਆਂ ਜਿਹੜੀਆਂ ਇਕਾਈਆਂ ਵਧੇਰੇ ਕਾਰਜਸ਼ੀਲ ਹੋਈਆਂ ਉਹ ਬਰਨਾਲਾ, ਰਾਮਪੁਰ ਤੇ ਜਗਤਪੁਰ ਦੀਆਂ ਸਨ। ਇਨ੍ਹਾਂ ਦੇ ਆਹੁਦੇਦਾਰ ਤਾਂ ਬਦਲਦੇ ਰਹਿੰਦੇ ਸਨ ਪਰ ਪ੍ਰਤੀਨਿਧਤਾ ਕ੍ਰਮਵਾਰ ਜਗੀਰ ਸਿੰਘ ਜਗਤਾਰ, ਰਾਮਪੁਰੀ ਜੋੜੀ (ਗੁਰਚਰਨ ਤੇ ਸੁਰਜੀਤ) ਅਤੇ ਰਵਿੰਦਰ ਰਵੀ ਦੇ ਹੱਥ ਹੀ ਰਹਿੰਦੀ ਸੀ।

ਇਹ ਉਹ ਦਿਨ ਸਨ ਜਦ ਉਸਾਰੂ ਰਚਨਾਕਾਰੀ ਦਾ ਬੋਲਬਾਲਾ ਸੀ। ਸਾਹਿਤ ਸਭਾਵਾਂ ਵਿਚ ਉਸਾਰੂ ਰਚਨਾਵਾਂ ਉਤੇ ਭਰਪੂਰ ਤੇ ਗੰਭੀਰ ਚਰਚਾ ਹੁੰਦੀ ਸੀ। ਨਵੇਂ ਤੇ ਹੋਣਹਾਰ ਲੇਖਕਾਂ ਨੂੰ ਹੋਰ ਲਿਖਣ ਲਈ ਉਤਸ਼ਾਹਤ ਕੀਤਾ ਜਾਂਦਾ ਸੀ। ਪੁਸਤਕ ਛਾਪਣ ਲਈ ਵੀ। ਜਿਹੜੇ ਨਹੀਂ ਸਨ ਛਪਵਾ ਸਕਦੇ ਉਨ੍ਹਾਂ ਦੀ ਚੰਗੀ ਰਚਨਾ ਨੂੰ ਮਿਲ ਕੇ ਪ੍ਰਕਾਸ਼ਤ ਕੀਤੇ ਸੰਗ੍ਰਹਿਾਂ ਵਿਚ ਥਾਂ ਦਿੱਤੀ ਜਾਂਦੀ ਸੀ। ਬੈਠਕਾਂ ਵਿਚ ਲੇਖਕ ਤੇ ਪਾਠਕ ਹੀ ਨਹੀਂ, ਆਮ ਲੋਕ ਵੀ ਭਾਗ ਲੈਂਦੇ ਸਨ।

1984 ਵਿਚ ਜਦੋਂ ਦਿੱਲੀ ਤੋਂ ਪੰਜਾਬ ਪਰਤਿਆ ਤਾਂ ਲੇਖਕ ਸਭਾ ਦੋਫਾੜ ਹੋ ਚੁੱਕੀ ਸੀ ਤੇ ਸਾਹਿਤ ਅਕਾਡਮੀ ਤਿੱਤਰ ਖੰਭੀ ਬਦਲੀ ਵਾਂਗ ਤਾਰੀਆਂ ਲਾ ਰਹੀ ਸੀ। ਰਵਿੰਦਰ ਰਵੀ ਅਫਰੀਕਾ ਰਾਹੀਂ ਕੈਨੇਡਾ ਜਾ ਚੁੱਕਿਆ ਸੀ ਤੇ ਰਾਮਪੁਰੀ ਜੋੜੀ ਵੀ ਉਥੇ ਹੀ ਜਾ ਵਸੀ ਸੀ। ਜਗੀਰ ਸਿੰਘ ਜਗਤਾਰ ਦੀ ਦੌੜ-ਭੱਜ ਤਾਂ ਪਹਿਲਾਂ ਵਾਂਗ ਹੀ ਕਾਇਮ ਸੀ ਪਰ ਬਰਨਾਲਾ ਦੀ ਸਭਾ ਵਿਚ ਪਹਿਲਾਂ ਵਾਲਾ ਦਮ ਖਮ ਨਹੀਂ ਸੀ ਰਿਹਾ। ਕਵਿਤਾ/ਕਹਾਣੀਆਂ ਸੁਣਨ ਦੇ ਸ਼ੌਕੀਨ ਆਪੋ ਆਪਣੇ ਘਰੀਂ ਪਏ ਰੇਡੀਓ ਤੇ ਟੀ ਵੀ ਲਾ ਛਡਦੇ ਸਨ। ਪੜ੍ਹਨ ਤੇ ਮਾਨਣ ਵਾਲਿਆਂ ਲਈ ਰੋਜ਼ਾਨਾ ਸਮਾਚਾਰ ਪੱਤਰ ਐਤਵਾਰੀ ਐਡੀਸ਼ਨਾਂ ਵਿਚ ਲੜੀਵਾਰ ਨਾਵਲ, ਕਹਾਣੀਆਂ, ਕਵਿਤਾਵਾਂ ਤੇ ਲੇਖਾਂ ਤੋਂ ਬਿਨਾਂ ਬੱਚਿਆਂ ਲਈ ਵਧੀਆ ਕੋਨਾ ਰਾਖਵਾਂ ਰਖਣ ਲਗ ਪਏ ਸਨ।

ਕਈ ਵਰ੍ਹੇ ਏਧਰ ਓਧਰ ਹੱਥ ਪੈਰ ਮਾਰਨ ਉਪਰੰਤ ਹੁਣ ਜਗੀਰ ਸਿੰਘ ਜਗਤਾਰ ਨੇ ਬਰਨਾਲਾ ਖੇਤਰ ਦੀਆਂ ਵਿਦਿਅਕ ਸੰਸਥਾਵਾਂ ਤੇ ਆਮ ਪਾਠਕਾਂ ਦੀ ਤ੍ਰਿਸ਼ਨਾ ਪੂਰਤੀ ਲਈ 'ਸਮਾਜ ਤੇ ਪੱਤਰਕਾਰ' ਨਾਂ ਦਾ ਸਪਤਾਹਿਕ ਪਰਚਾ ਕਢ ਲਿਆ ਹੈ। ਪੰਨੇ ਅਖ਼ਬਾਰੀ ਤੇ ਸਮਗਰੀ ਰਸਾਲਾ ਰੂਪੀ। ਜਿਵੇਂ ਦੁਨੀਆਂ ਹਰ ਰੋਜ਼ ਕਿੰਨੇ ਅਰਬ ਕੱਪ ਚਾਹ ਪੀਂਦੀ ਹੈ; ਮਹਾਰਾਣੀ ਜਿੰਦਾਂ ਦੀ 19ਵੀਂ ਸਦੀ ਦੀ ਪੇਂਟਿੰਗ ਦਾ ਕਿੰਨੇ ਲੱਖ ਮੁਲ ਪਿਆ; ਕਲਕੱਤਾ ਦੀ ਕਿਸ ਔਰਤ ਨੇ ਸਬਜ਼ੀਆਂ ਵੇਚ ਕੇ ਹਸਪਤਾਲ ਚਲਾਇਆ; ਕਰਜ਼ੇ ਥੱਲੇ ਦੱਬੇ ਇਟਲੀ ਵਲੋਂ ਇਕ ਟਾਪੂ ਦੀ ਨਿਲਾਮੀ; ਅਮਰੀਕਾ ਵਿਚ ਭਾਰੀ ਬਰਫਬਾਰੀ ਕਾਰਨ ਸਮਗਰੀ ਸ਼ਹਿਦ ਦੀ ਮੰਗ ਵਿਚ ਵਾਧਾ; ਜੁੜਵੇਂ ਬੱਚੇ ਪੈਦਾ ਕਰਨ ਵਿਚ ਦੁਨੀਆਂ ਭਰ ਵਿਚੋਂ ਮੱਲ ਮਾਰਨ ਵਾਲਾ ਕੇਰਲ ਦਾ ਇਕ ਪਿੰਡ, ਬਰਨਾਲਾ ਦਾ ਬਾਜ਼ਾਰ, ਧਨੌਲਾ ਦਾ ਰੇਲਵੇ ਫਾਟਕ ਤੇ ਗੰਧਲੇ ਯੁਗ ਦੇ ਬਾਵਜੂਦ ਬਰਨਾਲੇ ਦੀਆਂ ਸਾਹਿਤ ਸੁਗੰਧੀਆਂ।

ਦੋਵਾਂ ਜਥੇਬੰਦੀਆ ਦੀ ਕਾਰਜ ਸ਼ੈਲੀ ਆਪੋ-ਆਪਣੀ ਹੈ। ਅੱਜ ਅਕਾਡਮੀ ਦੇ ਨਵੇਂ ਅਹੁਦੇਦਾਰ ਚੁਣੇ ਜਾਣੇ ਹਨ। ਦੇਖੀਏ ਤਿੱਤਰ-ਬਿੱਤਰ ਹੋ ਰਹੀ ਰਚਨਾਕਾਰੀ ਨੂੰ ਕਿਹੋ ਜਿਹੀ ਨੱਥ ਪੈਂਦੀ ਹੈ।

**ਦੋ ਪੱਤਰ ਪ੍ਰੇਰਕਾਂ ਦੇ ਅੰਗ-ਸੰਗ:** ਪੰਜਾਬੀ ਦੇ ਦੋ ਸਮਾਚਾਰ ਪੱਤਰਾਂ ਦੀ ਸੰਪਾਦਕੀ ਕਰਦੇ ਸਮੇਂ ਜਿਨ੍ਹਾਂ ਦੋ ਦਰਜਣ ਤੋਂ ਵੱਧ ਪੱਤਰਕਾਰਾਂ ਦੀ ਨਿਯੁਕਤੀ ਮੇਰੇ ਹੱਥੀ ਹੋਈ ਉਨ੍ਹਾਂ ਵਿਚੋਂ ਦੋ ਅੱਜ-ਕਲ ਖਬਰਾਂ ਵਿਚ ਹਨ। ਉਸਾਰੂ ਤੇ ਸਿੱਕੇਬੰਦ ਕੰਮ ਸਦਕਾ। ਬਠਿੰਡਾ ਦੇ ਚਰਨਜੀਤ ਭੁੱਲਰ ਨੂੰ ਮੈਂ 1986 ਵਿਚ ਪੰਜਾਬੀ ਟ੍ਰਿਬਿਊਨ ਦਾ ਪੱਤਰ ਪ੍ਰੇਰਕ ਲਾਇਆ ਸੀ। ਉਸ ਨੇ ਪਿਛਲੇ ਦਿਨੀਂ ਪੰਜਾਬ ਦੇ ਆਬਕਾਰੀ ਮਹਿਕਮੇ ਵਲੋਂ ਮਨਜ਼ੂਰਸ਼ੁਦਾ ਦੇਸੀ ਸ਼ਰਾਬ ਦੇ ਗਦਰ ਸਪੈਸ਼ਲ ਬਰਾਂਡ ਨੂੰ ਇਸ ਤਰ੍ਹਾਂ ਉਧੇੜਿਆ ਹੈ ਕਿ ਦੇਸ਼ ਭਗਤ ਯਾਦਗਾਰ ਕਮੇਟੀ-ਜਲੰਧਰ ਨੇ ਅੱਧੀ ਦਰਜਨ ਸਵੈ-ਸੇਵੀ ਸੰਸਥਾਵਾਂ ਦਾ ਸਮਰਥਨ ਲੈ ਕੇ ਇਸ ਉਤੇ ਪਾਬੰਦੀ ਲਾਉਣ ਦੀ ਸਥਿਤੀ ਪੈਦਾ ਕਰ ਦਿੱਤੀ।



ਚਰਨਜੀਤ ਭੁੱਲਰ



ਦਵਿੰਦਰਪਾਲ

ਗਦਰ ਪਾਰਟੀ ਨੇ ਭਾਰਤ ਦੇ ਸੁਤੰਤਰਤਾ ਸੰਗਰਾਮ ਦੀ ਨੀਂਹ ਨੂੰ ਪੱਕਿਆਂ ਕੀਤਾ ਸੀ। ਇਸ ਦੇ ਨਾਂ ਉਤੇ ਸ਼ਰਾਬ ਦਾ ਨਾਂ ਰੱਖਣਾ ਇਸ ਦਾ ਅਪਮਾਨ ਕਰਨਾ ਹੈ। ਭੁੱਲਰ ਦੀ ਖਬਰ ਨੇ ਅਜਿਹੀ ਤਰਥੱਲੀ ਮਚਾਈ ਹੈ ਕਿ ਯਾਦਗਾਰ ਕਮੇਟੀ ਦੀ ਸਕੱਤਰ ਰਘਬੀਰ ਕੌਰ ਦੇ ਦੱਸਣ ਅਨੁਸਾਰ ਇਹ ਵਾਲੀ ਸ਼ਰਾਬ ਹੁਣ ਲਗਭਗ ਜ਼ਬਤ ਹੀ ਹੋ ਚੁੱਕੀ ਗਈ ਹੈ।

1996 ਵਿਚ 'ਦੇਸ਼ ਸੇਵਕ' ਦਾ ਨਿਯੁਕਤ ਕੀਤਾ ਪੱਤਰ ਪ੍ਰੇਰਕ ਦਵਿੰਦਰਪਾਲ ਹੁਣ ਟ੍ਰਿਬਿਊਨ ਸਮਾਚਾਰ ਸਮੂਹ ਨਾਲ ਕੰਮ ਕਰਦਾ ਹੈ। ਉਸ ਨੇ ਪਿਛਲੇ ਦਿਨੀਂ ਬਾਦਲ-ਕੈਰੋਂ-ਮਜੀਠਾ ਪਰਿਵਾਰਾਂ ਵਲੋਂ ਕੀਤੀ ਜਾ ਰਹੀ ਧਾਂਦਲੇਬਾਜ਼ੀ ਦਾ ਲੜੀਵਾਰ ਲੇਖਾਂ ਰਾਹੀਂ ਪਰਦਾ ਫਾਸ਼ ਕੀਤਾ ਹੈ। ਉਸ ਦੀਆਂ ਰਿਪੋਰਟਾਂ ਤੋਂ ਘਬਰਾ ਕੇ ਪ੍ਰਭਾਵਿਤ ਸਮੂਹ ਦੇ ਹਿਤੈਸ਼ੀਆਂ ਨੇ ਉਸ ਦੀ ਤਬਾਹੀ ਕਰਨ ਲਈ ਉਸ ਦੇ ਘਰ ਪੈਟਰੋਲ ਬੰਬ ਸੁੱਟਿਆ ਹੈ ਜਿਸ ਦੀ ਹਰ ਪਾਸੇ ਤੋਂ ਨਿਖੇਧੀ ਹੋ ਰਹੀ ਹੈ। ਸਿਆਸਤਦਾਨਾਂ ਤੇ ਮੀਡੀਆ ਦੇ ਗੁੱਸੇ ਨੂੰ ਵੇਖ ਕੇ ਚੰਡੀਗੜ੍ਹ ਦੀ ਪੁਲਿਸ ਨੇ ਕੇਸ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਦੋਵੇਂ ਪੱਤਰਕਾਰ ਬਠਿੰਡਾ-ਬਰਨਾਲਾ ਦੇ ਉਸ ਖੇਤਰ ਤੋਂ ਹਨ ਜਿਸ ਨੂੰ ਸੌ ਸਾਲ ਪਹਿਲਾਂ ਜੰਗਲੀ ਕਿਹਾ ਜਾਂਦਾ ਸੀ। ਇਸ ਖੇਤਰ ਤੋਂ ਮੇਰਾ ਇਕ ਵਿਦਿਆਰਥੀ ਅਜਿਹਾ ਵੀ ਸੀ ਜਿਸ ਨੇ ਪੰਜਾਬ ਦੇ ਕਾਲੇ ਦਿਨਾਂ ਵਿਚ ਇਕ ਅਤਿਵਾਦੀ ਨੂੰ ਮੇਰੇ ਪੰਜਾਬੀ ਯੂਨੀਵਰਸਿਟੀ ਵਾਲੇ ਦਫਤਰ ਵਿਚ ਜ਼ਬਰਦਸਤੀ ਦਾਖਲ ਹੋਣ ਤੋਂ ਰੋਕ ਲਿਆ ਸੀ। ਉਸ ਦੇ 'ਤੂੰ ਸਾਨੂੰ ਜਾਣਦਾ ਨਹੀਂ' ਕਹਿਣ ਦਾ ਉਤਰ ਇਹ ਸੀ, 'ਜਾਣਦਾ ਹਾਂ, ਤੁਸੀਂ ਗੋਲੀ ਨਾਲ ਬੰਦਾ ਮਾਰਦੇ ਹੋ, ਅਸੀਂ ਗੰਡਾਸੀ ਨਾਲ ਟੁਕੜੇ ਕਰਕੇ।' ਬੰਬ ਸੁੱਟਣ ਵਾਲੇ ਫੜੇ ਗਏ ਤਾਂ ਜਾਂਗਲੀ ਪਿਛੋਕੜ ਵਾਲਿਆਂ ਵਲੋਂ ਉਨ੍ਹਾਂ ਦਾ ਹਸ਼ਰ ਕੀ ਹੋਵੇਗਾ ਉਸ ਦਾ ਅੰਦਾਜ਼ਾ ਲਾਉਣਾ ਔਖਾ ਨਹੀਂ। ਦੋਵੇਂ ਪੱਤਰਕਾਰ ਦਮ ਖਮ ਵਾਲੇ ਹਨ।

**ਅੰਤਿਕਾ:** (ਫੈਜ਼ ਅਹਿਮਦ ਫੈਜ਼)

ਜਿਸ ਧਜ ਸੇ ਕੋਈ ਮਕਤਲ ਮੇਂ ਗਿਆ
ਵੁਹ ਸ਼ਾਨ ਸਲਾਮਤ ਰਹਿਤੀ ਹੈ
ਯੇਹ ਜਾਨ ਤੋ ਆਨੀ ਜਾਨੀ ਹੈ
ਇਸ ਜਾਨ ਕੀ ਤੋ ਕੋਈ ਬਾਤ ਨਹੀਂ।

## ਜੇ ਜਾਣਾ ਏ!

ਦੂਰੋਂ ਨਾ ਹੱਥ ਹਿਲਾ ਕੇ ਜਾਹ।
ਜਾਣਾ ਤੇ ਰਸਮ ਨਿਭਾ ਕੇ ਜਾਹ।
ਹੌਕਾ ਨਾ ਸਹੀ, ਹੰਝੂ ਨਾ ਸਹੀ,
ਏਕਣ ਤੇ ਨਾ ਮੁਸਕਾ ਕੇ ਜਾਹ।
ਝੂਠੇ ਨੂੰ ਸ਼ਰਮ ਤੇ ਆਉਂਦੀ ਹੈ,
ਚਲ ਛੱਡ ਨਾ ਅੱਖ ਚੁਰਾ ਕੇ ਜਾਹ।
ਰਾਹ ਮੁੜਦੇ-ਘਿੜਦੇ ਰਹਿੰਦੇ ਨੇ,
ਨਾ ਲੰਘੇ ਪੁਲਾਂ ਨੂੰ ਢਾਹ ਕੇ ਜਾਹ।
ਮਿੱਠਾ-ਕੌੜਾ, ਉਚਾ-ਨੀਂਵਾਂ,
ਚੱਲਿਆਂ ਤੇ ਸਭ ਭੁਲਾ ਕੇ ਜਾਹ।
ਜਾਂ ਆਉਣ ਦਾ ਨਾ ਅਹਿਸਾਨ ਸੁਣਾ,
ਜਾਂ ਫਿਰ ਆ ਤੇ ਨਾ ਆ ਕੇ ਜਾਹ।
ਰਮਣੀਕ ਹੈ ਆਵਾਗਮਨ ਬੜਾ,
ਇਸ ਤੋਂ ਮੁਕਤੀ ਨਾ ਪਾ ਕੇ ਜਾਹ।
ਆਉਣਾ-ਜਾਣਾ ਤੇ ਬਣਿਆ ਹੈ,
'ਕੁਲਬੀਰ' ਨੂੰ ਕੁਝ ਸਮਝਾ ਕੇ ਜਾਹ।

-ਕੁਲਬੀਰ ਪੱਡਾ

# ਸਿੱਖ ਸਟੂਡੈਂਟਸ ਐਸੋਸੀਏਸ਼ਨ ਨੇ ਲੰਗਰ ਲਾਇਆ

**ਸ਼ੈਂਪੇਨ (ਬਿਊਰੋ):** ਯੂਨੀਵਰਸਿਟੀ ਆਫ਼ ਇਲੀਨਾਏ ਦੇ ਕੈਂਪਸ ਵਿਚ ਸਿੱਖ ਸਟੂਡੈਂਟਸ ਐਸੋਸੀਏਸ਼ਨ ਵੱਲੋਂ ਲੰਘੇ ਦਿਨੀਂ ਲੰਗਰ ਲਾਇਆ ਲਾਇਆ ਗਿਆ ਇਹ ਦੂਜਾ ਸਾਲਾਨਾ ਲੰਗਰ ਸੀ। ਇਸ ਲੰਗਰ ਦੌਰਾਨ 2000 ਜਣਿਆਂ ਨੇ ਸ਼ਿਰਕਤ ਕੀਤੀ।









ਗਿਆ। ਲੰਗਰ ਦੌਰਾਨ ਲੋਕਾਂ ਨੇ ਭਾਰਤੀ ਖਾਣੇ ਦਾ ਖੂਬ ਅਨੰਦ ਮਾਣਿਆ। ਐਸੋਸੀਏਸ਼ਨ ਵੱਲੋਂ ਜਾਰੀ ਬਿਆਨ ਮੁਤਾਬਕ ਯੂਨੀਵਰਸਿਟੀ ਕੈਂਪਸ ਵਿਚ

ਇਸ ਲੰਗਰ ਦਾ ਪ੍ਰਬੰਧ ਸਿੱਖ ਸਟੂਡੈਂਟਸ ਐਸੋਸੀਏਸ਼ਨ ਦੀ ਪ੍ਰਧਾਨ ਸਿੰਮੀ ਸੰਧੂ, ਮੀਤ ਪ੍ਰਧਾਨ ਅੰਮ੍ਰਿਤ ਬਮਰਾ ਅਤੇ ਪਰੀਨ ਢਿੱਲੋਂ, ਪ੍ਰਿਆ ਚੁੱਘ, ਯੁਵਕਰਨ ਗਹਿਲੇ ਤੇ ਜੈਦੀਪ ਸਿੰਘ ਦੇ ਉਦਮ ਨਾਲ ਕੀਤਾ ਗਿਆ। ਲੰਗਰ ਲਈ ਸੰਧੂ, ਬਮਰਾ, ਢਿੱਲੋਂ, ਚੁੱਘ, ਗਹਿਲੇ, ਰਾਜੂ ਅਤੇ ਮਹਿਤਾ ਪਰਿਵਾਰਾਂ ਨੇ ਭਰਵਾਂ ਯੋਗਦਾਨ ਪਾਇਆ।

ਜ਼ਿਕਰਯੋਗ ਹੈ, ਯੂਨੀਵਰਸਿਟੀ ਆਫ ਇਲੀਨਾਏ ਵਿਚ ਸਿੱਖ ਸਟੂਡੈਂਟ ਐਸੋਸੀਏਸ਼ਨ ਦੀ ਸ਼ੁਰੂਆਤ 2001 ਦੌਰਾਨ ਸ. ਜਸਜੀਤ ਸਿੰਘ ਨੇ ਕੀਤੀ ਸੀ ਜਦੋਂ ਉਹ ਉਥੇ ਪੜ੍ਹਦੇ ਸਨ। ਉਨ੍ਹਾਂ ਨੂੰ 'ਆਊਟਸਟੈਂਡਿੰਗ ਏਸ਼ੀਅਨ ਅਮੈਰਿਕਨ ਅਲੂਮਨੀ ਐਵਾਰਡ' ਮਿਲ ਚੁੱਕਾ ਹੈ। ਸ. ਜਸਜੀਤ ਸਿੰਘ ਅੱਜ ਕੱਲ੍ਹ ਸੈਲਡੈਫ ਦੇ ਕਾਰਜਕਾਰੀ ਡਾਇਰੈਕਟਰ ਹਨ। ਸੈਲਡੈਫ ਹੁਣ ਰੁਜ਼ਗਾਰ ਵਿਤਕਰੇ ਅਤੇ ਸਿੱਖਾਂ ਖ਼ਿਲਾਫ਼ ਨਸਲੀ ਵਿਤਕਰਿਆਂ ਖ਼ਿਲਾਫ਼ ਮੁਹਿੰਮ ਚਲਾ ਰਹੀ ਹੈ।

# ਸਿਆਸਤ ਵਿਚ ਸਰਗਰਮ ਔਰਤਾਂ ਵੀ ਧੱਕੇਸ਼ਾਹੀ ਦਾ ਸ਼ਿਕਾਰ

**ਨਵੀਂ ਦਿੱਲੀ:** ਇਕ ਨਵੇਂ ਅਧਿਐਨ ਵਿਚ ਸਾਹਮਣੇ ਆਇਆ ਹੈ ਕਿ ਦੱਖਣੀ ਏਸ਼ੀਆ ਵਿਚ ਸਿਆਸਤ ਵਿਚ ਸਰਗਰਮ ਔਰਤਾਂ ਨੂੰ ਵੱਡੇ ਪੱਧਰ 'ਤੇ ਹਿੰਸਾ ਦਾ ਸ਼ਿਕਾਰ ਹੋਣਾ ਪੈਂਦਾ ਹੈ। ਸੈਂਟਰ ਫਾਰ ਸੋਸ਼ਲ ਰਿਸਰਚ ਤੇ ਯੂ.ਐਨ. ਵਿਮੈਨ ਵੱਲੋਂ ਇਹ ਅਧਿਐਨ ਭਾਰਤ, ਨੇਪਾਲ ਤੇ ਪਾਕਿਸਤਾਨ ਵਿਚ ਕੀਤਾ ਗਿਆ ਸੀ।

'ਸਿਆਸਤ ਵਿਚ ਸਰਗਰਮ ਔਰਤਾਂ ਵਿਰੁੱਧ ਹਿੰਸਾ' ਅਧਿਐਨ 'ਚ ਖੁਲਾਸਾ ਕੀਤਾ ਗਿਆ ਹੈ ਕਿ ਕਾਨੂੰਨਾਂ ਨੂੰ ਠੀਕ ਢੰਗ ਨਾਲ ਲਾਗੂ ਨਾ ਕੀਤੇ ਜਾਣ, ਪੁਲਿਸ ਤੇ ਨਿਆਂਪਾਲਿਕਾ ਤੋਂ ਸਮਰਥਨ ਨਾ ਮਿਲਣਾ ਤੇ ਸਮੁੱਚੇ ਰੂਪ ਵਿਚ ਨੈਤਿਕ ਕਦਰਾਂ ਕੀਮਤਾਂ 'ਚ ਆਈ ਗਿਰਾਵਟ ਇਸ ਹਿੰਸਾ ਦੇ ਵੱਡੇ ਕਾਰਨ ਹਨ। ਇਹ ਵੀ ਤੱਤ ਨਿਕਲਿਆ ਹੈ ਕਿ ਤਿੰਨੇ ਮੁਲਕਾਂ 'ਚ ਮਹਿਲਾ ਵੋਟਰਾਂ ਤੇ ਸਿਆਸੀ ਪਾਰਟੀਆਂ ਵੱਲੋਂ ਚੋਣਾਂ ਵਿਚ ਖੜ੍ਹੀਆਂ ਕੀਤੀਆਂ ਮਹਿਲਾ ਉਮੀਦਵਾਰਾਂ ਦੀ ਗਿਣਤੀ ਤਾਂ ਵਧੀ ਹੈ ਪਰ ਕੌਮੀ ਪੱਧਰ ਦੇ ਸੰਗਠਨਾਂ ਅਦਾਰਿਆਂ ਵਿਚ ਔਰਤਾਂ ਦੀ ਪ੍ਰਤੀਨਿਧਤਾ ਘਟੀ ਹੈ। 60% ਤੋਂ ਵੱਧ ਔਰਤਾਂ, ਹਿੰਸਾ ਦੇ ਡਰੋਂ ਸਿਆਸਤ 'ਚ ਹਿੱਸਾ ਨਹੀਂ ਲੈਂਦੀਆਂ। ਕਰੀਬ 90% ਔਰਤਾਂ ਮਹਿਸੂਸ ਕਰਦੀਆਂ ਹਨ ਕਿ ਹਿੰਸਾ ਦੇ ਡਰੋਂ ਉਹ ਸਿਆਸਤ 'ਚ ਨਹੀਂ ਆਉਂਦੀਆਂ। ਔਰਤਾਂ ਵਿਰੁਧ ਹਿੰਸਾ ਬਾਰੇ ਕਾਨੂੰਨਾਂ ਦੀ ਘੋਖ-ਪੜਤਾਲ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਤਿੰਨੇ ਮੁਲਕਾਂ ਵਿਚ ਅਜਿਹਾ ਕੋਈ ਕਾਨੂੰਨ ਨਹੀਂ ਹੈ ਜੋ ਸਿਆਸਤ ਵਿਚ ਔਰਤਾਂ ਵਿਰੁੱਧ ਹੁੰਦੀ ਹਿੰਸਾ ਸਖ਼ਤੀ ਨਾਲ ਰੋਕ ਸਕੇ ਜਾਂ ਗੁਨਾਹਗਾਰਾਂ ਨਾਲ ਸਖ਼ਤੀ ਨਾਲ ਨਜਿੱਠ ਸਕੇ।

ਭਾਰਤ, ਭੂਟਾਨ, ਮਾਲਦੀਵਜ਼ ਤੇ ਸ੍ਰੀਲੰਕਾ ਵਿਚ ਔਰਤਾਂ ਦੇ ਦਫ਼ਤਰ ਦੀ ਪ੍ਰਤੀਨਿਧ ਡਾ. ਰਿਬੈਕ, ਰਿਚਮੈਨ ਟੈਵਰਜ਼ ਨੇ ਕਿਹਾ ਕਿ ਕੁਝ ਕੁ ਚੋਣਵੀਆਂ ਮਹਿਲਾ ਸਿਆਸਤਦਾਨਾਂ ਤੋਂ ਸਿਵਾਏ, ਬਹੁਤੀਆਂ ਚੁਣੀਆਂ ਹੋਈਆਂ ਮਹਿਲਾਵਾਂ ਦੀ ਸਿਆਸੀ ਪਾਰਟੀ ਵਿਚ ਵਿਚਾਰੇ ਜਾਂਦੇ ਸਮਲਿਆਂ 'ਤੇ ਪੁੱਛ ਪ੍ਰਤੀਤ ਬਹੁਤੀ ਨਹੀਂ ਹੁੰਦੀ। ਵਿਸ਼ਵ ਦੀ ਪੰਜਵਾਂ ਹਿੱਸਾ ਆਬਾਦੀ ਦੱਖਣੀ ਏਸ਼ੀਆ ਵਿਚ ਹੈ ਤੇ ਹਰ ਤੀਜੀ ਦੱਖਣੀ ਏਸ਼ਆਈ ਔਰਤ ਉਮਰ ਦਾ ਵੱਡਾ ਹਿੱਸਾ ਝੱਲਦੀ ਹੈ। ਸੀ.ਐਸ.ਆਰ ਦੀ ਡਾਇਰੈਕਟਰ ਡਾ. ਰੰਜਨਾ ਕੁਮਾਰੀ ਮੁਤਾਬਕ ਵਰਤਮਾਨ ਸੱਤਾ ਦੇ ਢਾਂਚਿਆਂ ਤੇ ਲਿੰਗ ਵਿਤਕਰੇ ਨੇ ਵੀ ਹਿੰਸਾ ਦੇ ਇਸ ਕੁਚੱਕਰ ਨੂੰ ਵਧਾਇਆ ਹੈ। 60% ਔਰਤਾਂ ਮੰਨਦੀਆਂ ਹਨ ਕਿ ਪੁਲਿਸ, ਔਰਤਾਂ ਦੇ ਅਧਿਕਾਰਾਂ ਦਾ ਸਤਿਕਾਰ ਨਹੀਂ ਕਰਦੀ। ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਤੇ ਸੱਤਾਧਾਰੀ ਇਸ ਸਾਰੇ ਵਰਤਾਰੇ ਦੀ ਅਣਦੇਖੀ ਕਰਦੇ ਹਨ।

## ਭਾਰਤ ਵੱਲੋਂ ਅਸਤਰ ਮਿਜ਼ਾਈਲ ਦੀ ਅਜ਼ਮਾਇਸ਼

**ਨਵੀਂ ਦਿੱਲੀ:** ਭਾਰਤ ਨੇ ਪੱਛਮੀ ਸੈਕਟਰ ਵਿਚ ਇਕ ਫਾਇਰਿੰਗ ਰੇਂਜ 'ਤੇ ਲੜਾਕੂ ਹਵਾਈ ਜਹਾਜ਼ ਐਸਯੂ-30 ਤੋਂ ਅਸਤਰ ਮਿਜ਼ਾਈਲ ਦੀ ਸਫਲਤਾਪੂਰਵਕ ਅਜ਼ਮਾਇਸ਼ ਕੀਤੀ ਹੈ। ਹਵਾ ਤੋਂ ਹਵਾ ਵਿਚ ਮਾਰ ਕਰਨ ਵਾਲੀ ਇਸ ਮਿਜ਼ਾਈਲ ਨੂੰ ਦੇਸ਼ ਦੇ ਅੰਦਰ ਹੀ ਵਿਕਸਤ ਕੀਤਾ ਗਿਆ।

ਡੀ. ਆਰ. ਡੀ.ਓ. ਦੇ ਮੁਖੀ ਅਵਿਨਾਸ਼ ਚੰਦਰ ਨੇ ਦੱਸਿਆ ਕਿ ਮਿਜ਼ਾਈਲ ਦੀ ਅਸਲ ਟੀਚੇ 'ਤੇ ਛੇਤੀ ਹੀ ਅਜ਼ਮਾਇਸ਼ ਕੀਤੀ ਜਾਵੇਗੀ ਤੇ ਇਸ ਨੂੰ ਲੜਾਕੂ ਜਹਾਜ਼ 'ਤੇਜਸ' ਉਪਰ ਫਿੱਟ ਕਰਨ ਦੀ ਯੋਜਨਾ ਬਣਾਈ ਗਈ ਹੈ।

ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
24 ਘੰਟੇ ਸੱਤੇ ਦਿਨ ਸੁਣੋ
Listen on :
Radio Sets (CA, WA, NV)
Dial in
832-551-5029 or 605-475-6868
Android & iPhone App
www.PunjabiRadioUSA.com
Ph: 408-272-5200


## ਨਿਊਜ਼ੀਲੈਂਡ ਦੇ ਰਾਜੇ ਦਾ ਪੁੱਤਰ ਡਕੈਤੀ ਦੇ ਮਾਮਲੇ ਵਿਚ ਦੋਸ਼ੀ ਕਰਾਰ


**ਵੇਲਿੰਗਟਨ:** ਨਿਊਜ਼ੀਲੈਂਡ ਦੇ ਮਾਓਰੀ ਰਾਜੇ ਦਾ ਪੁੱਤਰ ਚੋਰੀ ਤੇ ਡਕੈਤੀ ਦੇ ਮਾਮਲੇ ਵਿਚ ਅਦਾਲਤ ਵਿਚ ਪੇਸ਼ ਹੋਇਆ। ਟੂਹੇਟੀਆ ਰਾਜੇ ਦੇ ਪੁੱਤਰ ਕੋਰੋਟਾਂਗੀ ਪਾਕੀ (18) ਨੂੰ ਡਕੈਤੀ ਦੇ ਦੋ ਤੇ ਚੋਰੀ ਦੇ ਇਕ ਮਾਮਲੇ ਵਿਚ ਦੋਸ਼ੀ ਠਹਿਰਾਇਆ ਗਿਆ ਹੈ। ਉਸ ਨੂੰ ਅਦਾਲਤ ਨੇ ਜ਼ਮਾਨਤ ਦੇ ਦਿੱਤੀ ਹੈ ਪਰ ਸਜ਼ਾ ਜੁਲਾਈ ਵਿਚ ਸੁਣਾਈ ਜਾਵੇਗੀ।

ਟੂਹੇਟੀਆ ਦਾ ਕਹਿਣਾ ਹੈ ਕਿ ਉਸ ਦੇ ਪੁੱਤਰ ਨੇ ਨਸ਼ੇ ਤੋਂ ਬਾਅਦ ਦੋਸਤਾਂ ਨਾਲ ਮਿਲ ਕੇ ਇਹ ਕਾਰਾ ਕੀਤਾ ਹੈ। ਉਹ ਜਨਤਕ ਤੌਰ 'ਤੇ ਪੁੱਤਰ ਨੂੰ ਸਜ਼ਾ ਦਿਵਾਉਣਾ ਚਾਹੁੰਦੇ ਹਨ।

ਮਿਸ਼ੀਗਨ ਵਿਚ ਮਕਾਨ ਵੇਚਣ/ਖਰੀਦਣ ਲਈ ਭਰੋਸੇਯੋਗ ਨਾਂ
ਕਰਨ ਗਿੱਲ

Ph: (734) 612-9984
Either Buying or Selling a Home in Michigan
"Always Go with the Winner"
COLDWELL BANKER
44644 Ann Arbor Road Plymouth, MI 48170
Email: KarnGill@Hotmail.com
Website: www.KarnGill.com

INDIAN BAZAAR ਇੰਡੀਅਨ ਬਜ਼ਾਰ
334 S. Emerson Ave.,
GREENWOOD, IN 46143
ਹਰ ਤਰ੍ਹਾਂ ਦੀ ਭਾਰਤੀ ਗਰੌਸਰੀ ਅਤੇ ਮਿਠਾਈਆਂ ਲਈ ਮਸ਼ਹੂਰ
- ਖਾਣਾ ਸ਼ੁੱਧ ਵੈਸ਼ਨੋ, ਤਾਜ਼ਾ ਸਮੋਸੇ, ਚਾਟ, ਥਾਲੀ
- ਕੈਟਰਿੰਗ ਵੀ ਕਰਦੇ ਹਾਂ
- ਵੱਡੇ ਆਰਡਰ ਲਈ ਸਪੈਸ਼ਲ ਰੇਟ
- ਤਾਜ਼ਾ ਸਬਜ਼ੀਆਂ ਹਰ ਵੀਰਵਾਰ
ਧਾਰਮਿਕ ਪ੍ਰੋਗਰਾਮਾਂ ਲਈ 10% ਛੋਟ

ਇਕ ਵਾਰ ਜ਼ਰੂਰ ਦਰਸ਼ਨ ਦਿਓ, ਦੂਜੀ ਵਾਰ ਤੁਸੀਂ ਖੁਦ ਹੀ ਆਓਗੇ ਕਿਉਂਕਿ ਹਰ ਚੀਜ਼ ਤੁਹਾਨੂੰ ਵਧੀਆ ਕੁਆਲਿਟੀ 'ਚ ਅਤੇ ਵਾਜਬ ਰੇਟ 'ਤੇ ਮਿਲੇਗੀ।
ਤੁਹਾਡਾ ਆਪਣਾ ਸਾਫ ਸੁਥਰਾ ਗਰੌਸਰੀ ਸਟੋਰ
ਸੱਤੇ ਦਿਨ ਖੁੱਲ੍ਹਾ-ਸਵੇਰੇ 9 ਵਜੇ ਤੋਂ ਰਾਤ 9 ਵਜੇ ਤੱਕ
Ph: 317-534-5151, 317-997-9140
Call India
and world wide
ਸਾਫ ਸੁਥਰੀ ਆਵਾਜ਼ ਅਤੇ ਵਧੀਆਂ ਸਰਵਿਸ
25 ਡਾਲਰ ਵਿਚ 37½ ਘੰਟੇ
ਹੁਣ ਤੁਹਾਡੇ ਆਪਣੇ ਹੀ ਇਲਾਕੇ ਇੰਡੀਆਨਾ ਵਿਚ ਸਾਡੇ ਡੀਲਰ ਨੂੰ ਕਾਲ ਕਰੋ ਅਤੇ ਡੀਲ ਲਵੋ।

Local Dealer in Indiana
Preet Boutique
Call Now 317-603-4018
Sukhpreet Kaur
334, South Emersom AVe, Green Wood In. 46143
spkaurus@yahoo.co.in
www.canamfone.com

ਆਪਣੇ ਰੂਪ ਨੂੰ ਚਾਰ ਚੰਨ ਲਾਓ
DESIGNER LEHANGAS, SUITS, SAREES, KIDS WEAR
ਡਿਜ਼ਾਈਨਰ ਲਹਿੰਗੇ, ਸੂਟ ਤੇ ਸਾੜੀਆਂ
ਬੱਚਿਆਂ ਦੀਆਂ ਪੁਸ਼ਾਕਾਂ
Gidha Bhangra Dresess On Rent
Preet BOUTIQUE
ਵਿਆਹ-ਸ਼ਾਦੀ ਦੇ ਸ਼ਗਨਾਂ ਲਈ ਕਲੀਰੇ, ਗਾਨੇ, ਸੁਰਮੇਦਾਨੀ, ਕਿਰਪਾਨ, ਕਲਗੀ, ਸਿਹਰਾ, ਚੂੜਾ, ਜਾਗੋ ਮਟਕੀ, ਪਰਾਂਦੀ ਤੇ ਹੋਰ ਸਭ ਕੁਝ ਮਿਲਦਾ ਹੈ
Call: 317-603-4018, 317-332-1387
E-mail:spkaurus@yahoo.co.in
Facebook preetboutique

# ‘ਹੱਸਦਾ ਪੰਜਾਬ’ ਦੇ ਵਿਸਾਖੀ ਮੇਲੇ ਵਿਚ ਪਈਆਂ ਧਮਾਲਾਂ

**ਡੈਲਸ, ਟੈਕਸਸ (ਹਰਜੀਤ ਢੇਸੀ):** ਡੈਲਸ ਦੀ ਪੰਜਾਬੀ ਐਸੋਸੀਏਸ਼ਨ ‘ਹੱਸਦਾ ਪੰਜਾਬ’ ਵੱਲੋਂ ਕਰਵਾਏ ਗਏ ਪੰਜਾਬੀ ਸਭਿਆਚਾਰਕ ਮੇਲੇ ਦਾ ਡੈਲਸ ਅਤੇ ਦੂਰ-ਨੇੜੇ ਦੇ ਇਲਾਕੇ ਦੇ ਪੰਜਾਬੀਆਂ ਨੇ ਭਰਪੂਰ ਅਨੰਦ ਮਾਣਿਆ। ਇਹ ਸਭਿਆਚਾਰਕ ਪ੍ਰੋਗਰਾਮ ਵਿਸਾਖੀ ਮੇਲੇ ਨੂੰ ਸਮਰਪਿਤ ਸੀ। ਪਰਿਵਾਰਕ



ਮਾਹੌਲ ਵਾਲੇ ਇਸ ਮੇਲੇ ਵਿਚ ਜਿਥੇ ਪੰਜਾਬੀਆਂ ਨੇ ਨੱਚ-ਨੱਚ ਕੇ ਧਰਤ ਹਿਲਾਈ, ਉਥੇ ਪੰਜਾਬੀ ਸੰਗੀਤ ਦੀ ਗੂੰਜ ਨੇ ਆਡੀਟੋਰੀਅਮ ਨੂੰ ਪੰਜਾਬੀਅਤ ਦੀ ਖੁਸ਼ਬੋਈ ਨਾਲ ਮਹਿਕਣ ਲਾ ਦਿੱਤਾ।

ਇਸ ਮੌਕੇ ਅਲੌਕਿਕ ਨਜ਼ਾਰਾ ਪੇਸ਼ ਸੀ। ਡੈਲਸ ਸ਼ਹਿਰ ਦੇ ਸਮੁੱਚੇ ਭਾਈਚਾਰੇ ਨੇ ਵਿਸਾਖੀ ਮੇਲੇ ਵਿਚ ਸ਼ਿਰਕਤ ਕਰ ਕੇ ਇਸ ਨੂੰ ਕਾਮਯਾਬ ਕੀਤਾ। ਪਲੈਨੋ ਸਿਵਿਕ ਸੈਂਟਰ ਦੇ ਆਡੀਟੋਰੀਅਮ ਵਿਚ ਹਰ ਪਾਸੇ ਪੰਜਾਬੀ ਹੀ ਪੰਜਾਬੀ ਨਜ਼ਰ ਆ ਰਹੇ ਸਨ। ‘ਹੱਸਦਾ ਪੰਜਾਬ’ ਦੀ ਪ੍ਰਬੰਧਕੀ ਟੀਮ ਦੀ ਆਸ ਤੋਂ ਕਿਤੇ ਵੱਧ ਪੰਜਾਬੀਆਂ ਨੇ ਇਸ ਸਭਿਆਚਾਰਕ ਸ਼ਾਮ ਦਾ ਅਨੰਦ ਮਾਣਿਆ। ਇੰਜ ਲੱਗ ਰਿਹਾ ਸੀ ਕਿ ਜਿਵੇਂ ਪੰਜਾਬੀ ਸੱਤ ਸਮੁੰਦਰੋਂ ਪਾਰ ਆਪਣੇ ਪਿਆਰੇ ਵਤਨ ਪੰਜਾਬ ਅਤੇ ਪੰਜਾਬੀ ਦੀ ਮਹਿਕ ਦੇ ਸੁਪਨਿਆਂ ਵਿਚ ਗਵਾਚ ਕੇ ਆਪਣੇ ਅਤੀਤ ਨੂੰ ਫੜਨ ਦੀ ਕੋਸ਼ਿਸ਼ ਵਿਚ ਹੋਣ।

ਮੇਲਾ ਕਰੀਬ ਸ਼ਾਮ ਚਾਰ ਵਜੇ ਸ਼ੁਰੂ ਹੋਇਆ। ਸਟੇਜਾਂ ਦੀ ਮਲਿਕਾ ਬੀਬੀ ਆਸ਼ਾ ਸ਼ਰਮਾ ਨੇ ਆਏ ਮਹਿਮਾਨਾਂ ਨੂੰ ਵਿਸਾਖੀ ਦੀ ਮੁਬਾਰਕ ਦਿੱਤੀ। ਉਨ੍ਹਾਂ ਸ਼ਬਦਾਂ ਨੂੰ ਮੋਤੀਆਂ ਵਾਂਗ ਪਰੋ ਕੇ ਬੜੀ ਰਵਾਨੀ ਨਾਲ ਪੇਸ਼ ਕੀਤਾ। ਪ੍ਰੋਗਰਾਮ ਦਾ ਆਗਾਜ਼ ਅਕਾਲ



ਪੁਰਖ ਅੱਗੇ ਅਰਦਾਸ ਨਾਲ ਹੋਇਆ। ਕੁਝ ਗੀਤ ਪੇਸ਼ ਹੋਏ। ਇਸ ਤੋਂ ਬਾਅਦ ਗਿੱਧਾ ਤੇ ਭੰਗੜੇ ਨਾਲ ਮੰਚ ਉਤੇ ਪੰਜਾਬੀ ਸਭਿਆਚਾਰਕ ਦਾ ਹੜ੍ਹ ਜਿਹਾ ਆ ਗਿਆ। ਲੋਕ ਨਾਚ ਭੰਗੜੇ ਨੇ ਆਏ ਮੇਲੀਆਂ ਦੇ ਪੈਰ ਥਿਰਕਣ ਲਾ ਦਿੱਤੇ। ਉਹ ਪੰਜ-ਛੇ ਘੰਟਿਆਂ ਤੋਂ ਵੱਧ ਸਮਾਂ ਇਸ ਸੰਧੂਰੀ ਸ਼ਾਮ ਦਾ ਅਨੰਦ ਮਾਣਦੇ ਰਹੇ। ਤਕਰੀਬਨ ਨੌਂ ਕੁ ਵਜੇ ਪੰਜਾਬੀ ਵਿਰਸੇ ਦੇ ਫਨਕਾਰ ਕਮਲ ਹੀਰ ਨੇ ਮੰਚ ‘ਤੇ ਦਸਤਕ ਦਿੱਤੀ। ਪੰਜਾਬ ਦੇ ਇਸ ਹਰਮਨ ਪਿਆਰੇ ਤੇ ਸੁਰੀਲੀ ਆਵਾਜ਼ ਦੇ ਮਾਲਿਕ ਗਾਇਕ ਨੇ ਆਪਣੇ ਨਵੇਂ ਤੇ ਪੁਰਾਣੇ ਗੀਤਾਂ ਨਾਲ ਮਹਿਫਿਲ ਗਰਮਾ ਦਿੱਤੀ। ਉਸ ਦੀ ਸਾਫ-ਸੁਥਰੀ ਗਾਇਕੀ ਨੇ ਸਭ ਦਾ ਮਨ ਮੋਹ ਲਿਆ।

ਕਮਲ ਹੀਰ ਤੋਂ ਬਾਅਦ ਪੰਜਾਬੀ ਵਿਰਸੇ ਦੇ ਸਿਰਮੌਰ, ਸੁਰੀਲੇ ਗਾਇਕ ਮਨਮੋਹਨ ਵਾਰਿਸ ਨੇ ਆਪਣੀ ਦਮਦਾਰ ਆਵਾਜ਼ ਨਾਲ ਮੇਲੇ ਨੂੰ ਸਿਖ਼ਰਾਂ ‘ਤੇ ਪਹੁੰਚਾ ਦਿੱਤਾ। ਉਸ ਨੇ ਦਿਲਾਂ ਨੂੰ ਟੁੰਬਦੀ ਸ਼ਾਇਰੀ ਅਤੇ ਸੁਰੀਲੀ ਗਾਇਕੀ ਨਾਲ ਮੇਲੀਆਂ ਨੂੰ ਝੂਮਣ ਲਾ ਦਿੱਤਾ। ਉਨ੍ਹਾਂ ਵਿਦੇਸ਼ਾਂ ਵਿਚ ਵੱਸਦੇ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਉਹ ਸਾਫ਼-ਸੁਥਰੇ ਸੰਗੀਤ ਹੀ ਸੁਣਨ ਤਾਂ ਜੋ ਸਾਫ਼-ਸੁਥਰੀ ਗਾਇਕੀ ਪੇਸ਼ ਕਰਨ ਵਾਲੇ ਪੰਜਾਬੀ ਗਾਇਕ ਅਤੇ ਕਲਾਕਾਰਾਂ ਨੂੰ ਉਤਸ਼ਾਹ ਮਿਲ ਸਕੇ।

‘ਹੱਸਦਾ ਪੰਜਾਬ’ ਦੀ ਟੀਮ ਵੱਲੋਂ ਸਪਾਂਸਰਾਂ ਅਤੇ ਪੰਜਾਬੀ ਭਾਈਚਾਰੇ ਦੀਆਂ ਸਨਮਾਨਯੋਗ ਸ਼ਖ਼ਸੀਅਤਾਂ ਦਾ ਸਨਮਾਨ ਕੀਤਾ ਗਿਆ। ਮੇਲੇ ਦੇ ਗਰੈਂਡ ਸਪਾਂਸਰ ਮਨਪ੍ਰੀਤ ਵਾਲੀਆ, ਮੁੱਖ ਮਹਿਮਾਨ ਭੁਪਿੰਦਰ ਸਿੰਘ ਵਾਲੀਆ ਨੂੰ ਵੀ ਸਨਮਾਨਤ ਕੀਤਾ ਗਿਆ। ਹਰਜੀਤ ਸਿੰਘ ਢੇਸੀ ਨੂੰ ਪੱਤਰਕਾਰੀ ਦੇ ਖੇਤਰ ਵਿਚ ਪਾਏ ਯੋਗਦਾਨ ਲਈ ਯਾਦ-ਟਰਾਫ਼ੀ ਦਿੱਤੀ ਗਈ। ਮੇਲੇ ਦੇ ਹੋਰ ਸਪਾਂਸਰਾਂ ਵਿਚ ਪਲਾਟੀਨਮ ਸਪਾਂਸਰ ਹਰਭਜਨ ਨਿੱਜਰ, ਟੋਨੀ ਭੁੱਲਰ, ਸੁਰਜੀਤ ਸਿੰਘ, ਕੁਲਜੀਤ ਚੀਮਾ, ਢੇਸੀ ਬ੍ਰਦਰਜ਼, ਰੰਧਾਵਾ ਬ੍ਰਦਰਜ਼, ਪੈਨੀ ਸਿੱਧੂ, ਗੁਰਦੇਵ ਹੇਅਰ, ਹਰਦੀਪ ਗੁਰਨਾ, ਰੋਜਰ ਸੰਘਾ, ਦਵਿੰਦਰ ਗਿੱਲ, ਜੋਗਾ ਸਿੰਘ ਸੰਧੂ, ਰਜਿੰਦਰ ਸੰਧੂ, ਬੀਰਇੰਦਰ ਸੰਧੂ, ਪਰਮਿੰਦਰ ਸੰਘੇੜਾ, ਪਰਪਾਲ ਮੱਲੀ, ਗੁਰਸੇਵਕ ਸਿੰਘ ਅਤੇ ਮੋਬਾਇਲ ਕਾਮ ਸਨ।

## ਗੁਰਦੁਆਰਾ ਅਕਾਲ ਜੋਤਿ ਵਿਚ ਰੂਹਾਨੀ ਕੀਰਤਨ ਦਰਬਾਰ

**ਗਾਰਲੈਂਡ, ਟੈਕਸਸ (ਬਿਊਰੋ):** ਸ਼ਹੀਦਾਂ ਦੇ ਸਰਤਾਜ ਅਤੇ ਸ਼ਾਂਤੀ ਦੇ ਪੁੰਜ ਗੁਰੂ ਅਰਜਨ ਦੇਵ ਜੀ ਦੇ ਪ੍ਰਕਾਸ਼ ਉਤਸਵ ਸਬੰਧੀ ਲੰਘੀ 3 ਮਈ ਨੂੰ ਗੁਰਦੁਆਰਾ ਅਕਾਲ ਜੋਤਿ ਗਾਰਲੈਂਡ ਵਿਚ ਪੰਥ ਪ੍ਰਸਿਧ ਕੀਰਤਨੀ ਜਥਿਆਂ ਨੇ ਰੂਹਾਨੀ ਕੀਰਤਨ ਕੀਤਾ। ਇਸ ਦੇ ਨਾਲ ਹੀ ਬਾਬਾ ਈਸ਼ਰ ਸਿੰਘ ਨਾਨਕਸਰ ਵਾਲਿਆਂ ਦਾ ਜਨਮ ਦਿਹਾੜਾ ਵੀ ਸ਼ਰਧਾ ਨਾਲ ਮਨਾਇਆ ਗਿਆ।

ਦੇਸ-ਪਰਦੇਸ ਤੋਂ ਪਹੁੰਚੇ ਗਿਆਨੀ ਪ੍ਰੀਤਮ ਸਿੰਘ, ਭਾਈ ਜਗਦੀਸ਼ ਸਿੰਘ, ਬੀਬੀ ਹਰਜੀਤ ਕੌਰ, ਭਾਈ ਸੁਖਦੇਵ ਸਿੰਘ, ਭਾਈ ਦਵਿੰਦਰ ਸਿੰਘ, ਭਾਈ ਹਰਨਾਮ ਸਿੰਘ ਖੁਸ਼ਦਿਲ, ਭਾਈ ਜਸਵੰਤ ਸਿੰਘ, ਪ੍ਰੋ. ਨਿਰਮਲ ਸਿੰਘ, ਭਾਈ ਮਲਕੀਤ ਸਿੰਘ, ਭਾਈ ਦਾਰਾ ਸਿੰਘ, ਭਾਈ ਹਰਜੀਤ ਸਿੰਘ ਖਾਲਸਾ, ਭਾਈ ਜਗਜੀਤ ਸਿੰਘ ਕੋਮਲ ਅਤੇ ਭਾਈ ਸਰਵਜੀਤ ਸਿੰਘ ਦੇ ਕੀਰਤਨੀ ਜਥਿਆਂ ਅਤੇ ਕਥਾਵਾਚਕਾਂ ਨੇ ਸ਼ਬਦ ਕੀਰਤਨ ਅਤੇ ਕਥਾ-ਵਿਆਖਿਆ ਕਰਦਿਆਂ ਗੁਰੂ ਅਰਜੁਨ ਦੇਵ ਜੀ ਦੀ ਜੀਵਨ ਸ਼ੈਲੀ ਉਪਰ ਵਿਸਥਾਰ ਨਾਲ ਚਾਨਣਾ ਪਾਇਆ।

ਉਨ੍ਹਾਂ ਦੱਸਿਆ ਕਿ ਗੁਰੂ ਸਾਹਿਬਾਨ ਦੁਆਰਾ ਅੰਕਿਤ ਬਣੀ ਦੀਆਂ ਪੋਥੀਆਂ ਇਕੱਤਰ ਕਰਨ ਵਾਸਤੇ ਗੁਰੂ ਅਰਜਨ ਦੇਵ ਆਪ ਨੰਗੇ ਪੈਰੀਂ ਪੈਦਲ ਜਾਂਦੇ ਸਨ ਅਤੇ ਬਾਣੀ ਲੈ ਕੇ ਬੜੀ ਸ਼ਰਧਾ ਤੇ ਸਤਿਕਾਰ ਨਾਲ ਆਪਣੇ ਸਿਰ ਉਪਰ ਰਖ ਕੇ ਪ੍ਰਭੂ ਦੇ ਗੁਣ ਗਾਉਂਦੇ ਵਾਪਸ ਆਉਂਦੇ। ਉਨ੍ਹਾਂ ਗੁਰੂ ਸਾਹਿਬਾਨ ਅਤੇ ਸੰਤਾਂ-ਭਗਤਾਂ ਦੀ ਬਾਣੀ ਇਕੱਤਰ ਕਰਕੇ ਗੁਰੂ ਗ੍ਰੰਥ ਸਾਹਿਬ ਦੀ ਸਥਾਪਨਾ ਕੀਤੀ।

ਇਸੇ ਦੌਰਾਨ ਛੋਟੇ-ਛੋਟੇ ਬੱਚਿਆਂ ਨੂੰ ਗੁਰਬਾਣੀ ਅਤੇ ਕੀਰਤਨ ਨਾਲ ਜੋੜਿਆ ਗਿਆ। ਭਾਈ ਹਰਨਾਮ ਸਿੰਘ ਅਤੇ ਉਨ੍ਹਾਂ ਦਾ ਜਥਾ ਬੜੇ ਉਤਸ਼ਾਹ ਤੇ ਸ਼ਰਧਾ ਨਾਲ ਬੱਚਿਆਂ ਨੂੰ ਕੀਰਤਨ ਤੇ ਗੁਰਬਾਣੀ ਗਿਆਨ ਦੇ ਰਹੇ ਹਨ।

## ਗੁਰਦੁਆਰਾ ਸਿੰਘ ਸਭਾ ਡੈਲਸ ‘ਚ ਅੰਮ੍ਰਿਤ ਸੰਚਾਰ

**ਡੈਲਸ, ਟੈਕਸਸ (ਬਿਊਰੋ):** ਸਥਾਨਕ ਗੁਰਦੁਆਰਾ ਸਿੰਘ ਸਭਾ ਵਿਚ ਵਿਸਾਖੀ ਨੂੰ ਸਮਰਪਿਤ ਅੰਮ੍ਰਿਤ ਸੰਚਾਰ ਕਰਵਾਇਆ ਗਿਆ ਜਿਸ ਵਿਚ ਸਥਾਨਕ ਅਤੇ ਨੇੜਲੇ ਸ਼ਹਿਰਾਂ ਤੋਂ ਪਹੁੰਚੇ ਕਈ ਸਿੰਘ-ਸਿੰਘਣੀਆਂ ਅੰਮ੍ਰਿਤ ਛਕ ਕੇ ਗੁਰੂ ਦੇ ਲੜ ਲੱਗੇ।

ਇਸ ਤੋਂ ਪਹਿਲਾਂ ਅਖੰਡ ਪਾਠ ਦੇ ਭੋਗ ਪਾਏ ਗਏ ਅਤੇ ਉਪਰੰਤ ਦੀਵਾਨ ਸਜਾਏ ਗਏ। ਗੁਰੂ ਘਰ ਦੇ ਹਜ਼ੂਰੀ ਰਾਗੀ ਜਥੇ-ਭਾਈ ਜਸਵੰਤ ਸਿੰਘ, ਭਾਈ ਹਰਨਾਮ ਸਿੰਘ ਅਤੇ ਭਾਈ ਦਵਿੰਦਰ ਸਿੰਘ ਨੇ ਇਲਾਹੀ ਬਾਣੀ ਦਾ ਮਨੋਹਰ ਕੀਰਤਨ ਕਰਕੇ ਸੰਗਤਾਂ ਨੂੰ ਗੁਰੂ ਨਾਲ ਜੋੜਿਆ।

ਦੀਵਾਨ ਦੀ ਸਮਾਪਤੀ ‘ਤੇ ਅੰਮ੍ਰਿਤ ਛਕਣ ਵਾਲੇ ਸਿੰਘਾਂ-ਸਿੰਘਣੀਆਂ ਨੂੰ ਪ੍ਰਬੰਧਕ ਕਮੇਟੀ ਵਲੋਂ ਸਿਰੋਪਾਓ ਦੀ ਬਖਸ਼ਿਸ਼ ਨਾਲ ਨਿਵਾਜਿਆ ਗਿਆ।



*ਗੁਰਦੁਆਰਾ ਗੁਰਜੋਤਿ ਪ੍ਰਕਾਸ਼, ਆਈਲੈਂਡ ਲੇਕ (ਸ਼ਿਕਾਗੋ) ਵਿਖੇ ਗੁਰੂ ਅਰਜੁਨ ਦੇਵ ਜੀ ਦੇ ਪ੍ਰਕਾਸ਼ ਦਿਵਸ ਮੌਕੇ ਬੱਚੇ ਮੂਲ ਮੰਤਰ ਦਾ ਪਾਠ ਕਰਦੇ ਹੋਏ ਅਤੇ ਗੁਰਬਾਣੀ ਸ਼ਬਦ ਪੜ੍ਹਦੇ ਹੋਏ*

## ਗੁਰਦੁਆਰਾ ਗਾਰਲੈਂਡ ਦੇ ਖੇਡ ਮੇਲੇ ‘ਚ ਰਵਾਇਤੀ ਖੇਡਾਂ

**ਡੈਲਸ, ਟੈਕਸਸ (ਹਰਜੀਤ ਢੇਸੀ):** ਗੁਰਦੁਆਰਾ ਸਿੱਖ ਟੈਂਪਲ, ਗਾਰਲੈਂਡ ਵਿਚ ਪਿਛਲੇ ਦਿਨੀਂ ਇਕ ਰੋਜ਼ਾ ਖੇਡ ਮੇਲਾ ਕਰਵਾਇਆ ਗਿਆ ਜਿਸ ਵਿਚ ਪੰਜਾਬੀ ਰਵਾਇਤੀ ਖੇਡਾਂ ਨੂੰ ਪਿਆਰ



ਕਰਨ ਵਾਲੇ ਦਰਸ਼ਕਾਂ ਨੇ ਪਹੁੰਚ ਕੇ ਖੂਬ ਰੌਣਕਾਂ ਲਾਈਆਂ।

ਖੇਡ ਮੇਲਾ ਸਵੇਰੇ ਕਰੀਬ 10 ਵਜੇ ਸ਼ੁਰੂ ਹੋਇਆ। ਸ਼ੁਰੂ ਵਿਚ ਬੀਬੀਆਂ, ਬੱਚਿਆਂ ਅਤੇ ਨੌਜਾਵਨਾਂ ਦੀਆਂ ਦੌੜਾਂ ਕਰਵਾਈਆਂ ਗਈਆਂ। ਇਸ ਤੋਂ ਬਾਅਦ ਹੋਰ ਪੰਜਾਬੀ ਵਿਰਾਸਤੀ ਖੇਡਾਂ-ਗੋਲਾ ਸੁੱਟਣਾ, ਰੱਸਾਕਸ਼ੀ, ਵਾਲੀਬਾਲ, ਕਬੱਡੀ ਦੇ ਮੁਕਾਬਲਿਆਂ ਤੋਂ ਇਲਾਵਾ ਮਿਊਜ਼ੀਕਲ ਚੇਅਰ ਮੁਕਾਬਲਾ ਵੀ ਕਰਵਾਇਆ ਗਿਆ।

ਸਭ ਤੋਂ ਵੱਧ ਰੌਚਿਕ ਮੁਕਾਬਲੇ ਕਬੱਡੀ ਦੇ ਸਨ। ਕੱਲੀ ਕੱਲੀ ਰੇਡ ਨੂੰ ਦਰਸ਼ਕਾਂ ਨੇ ਦਿਲਚਸਪੀ ਨਾਲ ਦੇਖਿਆ ਅਤੇ ਖਿਡਾਰੀਆਂ ਦੇ ਡਾਲਰਾਂ ਨਾਲ ਹੌਸਲੇ ਬੁਲੰਦ ਕੀਤੇ। ਮਨਧੀਰ ਸਿੰਘ ਧੀਰਾ ਨੇ ਸਟੇਜ ਦੀ ਜ਼ਿੰਮੇਵਾਰੀ ਸੰਭਾਲਦਿਆਂ ਆਪਣੇ ਵੱਖਰੇ ਅੰਦਾਜ਼ ਵਿਚ ਕੁਮੈਂਟਰੀ ਕੀਤੀ। ਮਨਧੀਰ ਸਿੰਘ ਨੇ ਖੇਡ ਨਾਲ ਸਬੰਧਤ ਵੰਨਗੀਆਂ ਅਤੇ ਹਾਸਰਸੀ ਟੋਟਕਿਆਂ ਨਾਲ ਦਰਸ਼ਕਾਂ ਦਾ ਮਨੋਰੰਜਨ ਵੀ ਕੀਤਾ। ਦਰਸ਼ਕ ਹੋਰ ਨੇੜਲੇ ਸ਼ਹਿਰਾਂ ਤੋਂ ਵੀ ਪਹੁੰਚ ਹੋਏ ਸਨ।

ਕਬੱਡੀ ਸੀਨੀਅਰ ਦਾ ਪਹਿਲਾ ਇਨਾਮ ਡੈਲਸ ਦੀ ਟੀਮ ਨੂੰ ਮਿਲਿਆ। ਇਸ ਤੋਂ ਇਲਾਵਾ ਹੋਰ ਜੇਤੂਆਂ ਨੂੰ ਨਕਦ ਇਨਾਮ, ਟਰਾਫੀਆਂ ਅਤੇ ਮੈਡਲ ਸਨਮਾਨਿਤ ਕੀਤਾ ਗਿਆ। ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵਲੋਂ ਸੰਗਤ ਤੇ ਖਿਡਾਰੀਆਂ ਲਈ ਬੈਠਣ ਲਈ ਸੁਚੱਜਾ ਪ੍ਰਬੰਧ ਕੀਤਾ ਗਿਆ ਸੀ। ਚਾਹ-ਸਮੋਸੇ, ਚੌਲ-ਛੋਲੇ, ਭਠੂਰੇ, ਠੰਡੇ-ਬੱਤੇ ਤੋਂ ਬਿਨਾ ਲੰਗਰ-ਪਾਣੀ ਦਾ ਵੀ ਵਧੀਆ ਇੰਤਜ਼ਾਮ ਸੀ। ਮੇਲਾ ਸ਼ਾਮ 7 ਵਜੇ ਸਮਾਪਤ ਹੋਇਆ।

ਪੰਜਾਬੀ ਭਾਈਚਾਰੇ ਦੇ ਅਣਥਕ ਸੇਵਾਦਾਰ ਸ. ਸ਼ੇਰੇ ਪੰਜਾਬ ਸਿੰਘ ਨੇ ਕਿਹਾ ਕਿ ਇਸ ਮੇਲੇ ਦਾ ਮਾਹੌਲ ਪਰਿਵਾਰਕ ਬਣਾਉਣ ਲਈ ਰਵਾਇਤੀ ਖੇਡਾਂ ਰੱਖੀਆਂ ਗਈਆਂ ਸਨ। ਸ. ਮਨਜੀਤ ਸਿੰਘ ਸਹੋਤਾ ਨੇ ਸਹਿਯੋਗ ਦੇ ਕੇ ਮੇਲੇ ਨੂੰ ਕਾਮਯਾਬ ਕਰਨ ਲਈ ਸੰਗਤ ਦਾ ਧੰਨਵਾਦ ਕੀਤਾ।



## ਪੰਦਰਾਂ ਸਾਲ ਬਾਅਦ ਮੁੜ ਖੁੱਲ੍ਹੇਗਾ ਸਿੱਖ ਨੌਜਵਾਨ ਦੀ ਹੱਤਿਆ ਦਾ ਕੇਸ

**ਲੰਡਨ:** ਪ੍ਰਾਸੀਕਿਊਸ਼ਨ ਸੇਵਾਵਾਂ ਨੇ ਸਕਾਟਲੈਂਡ ਵਿਚ 15 ਸਾਲ ਪਹਿਲਾਂ ਸਿੱਖ ਨੌਜਵਾਨ ਦੀ ਹੱਤਿਆ ਦੇ ਕੇਸ ਵਿਚ ਬਰੀ ਕੀਤੇ ਤਿੰਨ ਜਣਿਆਂ ਵਿਰੁੱਧ ਦੁਬਾਰਾ ਮੁਕੱਦਮਾ ਚਲਾਉਣ ਦੀ ਅਰਜ਼ੀ ਪਾਈ ਹੈ।

ਦਿ ਕਰਾਊਨ ਆਫਿਸ ਨੇ ਹਾਈਕੋਰਟ ਵਿਚ ਅਰਜ਼ੀ ਦੇ ਕੇ ਰੋਨੀ ਕਾਊਲਟਰ, ਐਂਡਰਿਊ ਕਾਊਲਟਰ ਤੇ ਡੇਵਿਡ ਮੌਂਟਗੁੰਮਰੀ ਦੀ ਰਿਹਾਈ ਦਾ ਫੈਸਲਾ ਲਾਂਭੇ ਕਰਦਿਆਂ ਸੁਰਜੀਤ ਸਿੰਘ ਛੋਕਰ ਦੀ ਹੱਤਿਆ ਲਈ ਇਨ੍ਹਾਂ ਵਿਰੁੱਧ ਦੁਬਾਰਾ ਮੁਕੱਦਮਾ ਚਲਾਉਣ ਦੀ ਬੇਨਤੀ ਕੀਤੀ ਹੈ। 32 ਸਾਲਾ ਛੋਕਰ (ਓਵਰਟਾਊਨ, ਨੌਰਥ ਲਾਨਾਰਕਸ਼ਾਇਰ) ਦੀ ਹੱਤਿਆ ਨਵੰਬਰ 1998 ਨੂੰ ਕੀਤੀ ਗਈ ਸੀ।

## ਸਿੰਘ ਸਾਹਿਬ ਵੱਲੋਂ ਮਨਦੀਪ ਸਰੋਆ ਖਿਲਾਫ ਕਾਰਵਾਈ ਦੇ ਹੁਕਮ

**ਅੰਮ੍ਰਿਤਸਰ:** ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਤਸਵੀਰ ਨਾਲ ਛੇੜਛਾੜ ਕਰਕੇ ਭਾਜਪਾ ਆਗੂ ਨਰਿੰਦਰ ਮੋਦੀ ਦੇ ਚਿਹਰੇ ਵਰਗੀ ਤਸਵੀਰ ਛਾਪਣ ਵਾਲੇ ਮਨਦੀਪ ਸਰੋਆ (ਦੀਪ ਕੁਮਾਰ) ਖ਼ਿਲਾਫ਼ ਸਖ਼ਤ ਕਾਰਵਾਈ ਦੇ ਹੁਕਮ ਦਿੱਤੇ ਹਨ। ਸਿੰਘ ਸਾਹਿਬ ਨੇ ਕਿਹਾ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਤਸਵੀਰ ਨਾਲ ਕਿਸੇ ਵੀ ਵਿਅਕਤੀ ਜਾਂ ਸੰਸਥਾ ਨੂੰ ਛੇੜਛਾੜ ਕਰਨ ਦੀ ਆਗਿਆ ਨਹੀਂ ਦਿੱਤੀ ਜਾ ਸਕਦੀ।

ਮਨਦੀਪ ਸਰੋਆ ਨੇ ਨਾ-ਮੁਆਫੀ ਯੋਗ ਗਲਤੀ ਕੀਤੀ ਹੈ, ਜੋ ਅਸਹਿ ਹੈ। ਉਨ੍ਹਾਂ ਕਿਹਾ ਕਿ ਵਟਸਐਪ ਤੇ ਫੇਸਬੁੱਕ ਤੁਰੰਤ ਸੂਚਨਾ ਦੇਣ ਦਾ ਇਕ ਵਧੀਆ ਜ਼ਰੀਆ ਜ਼ਰੂਰ ਬਣਿਆ ਹੈ ਪਰ ਇਸ ਦੀ ਦੁਰਵਰਤੋਂ ਕਰਨ ਵਾਲਿਆਂ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ। ਸਿੰਘ ਸਾਹਿਬ ਨੇ ਜਿਥੇ ਸ਼੍ਰੋਮਣੀ ਕਮੇਟੀ ਨੂੰ ਹੁਕਮ ਜਾਰੀ ਕਰਕੇ ਤੁਰੰਤ ਕਾਨੂੰਨੀ ਕਾਰਵਾਈ ਕਰਨ ਲਈ ਕਿਹਾ ਹੈ ਉਥੇ ਸਿੱਖ ਸੰਗਤਾਂ ਨੂੰ ਵੀ ਹਦਾਇਤ ਕੀਤੀ ਹੈ ਕਿ ਉਹ ਆਪਸੀ ਸਦਭਾਵਨਾ ਤੇ ਸ਼ਾਂਤੀ ਬਣਾਈ ਰੱਖਣ।

# ਅਮਰੀਕਾ 'ਚ ਵੱਡੀ ਇਨਾਮ ਰਾਸ਼ੀ ਵਾਲੇ ਕਬੱਡੀ ਕੱਪ ਦਾ ਨਿਰਮਾਤਾ ਅਮੋਲਕ ਸਿੰਘ ਗਾਖਲ

ਇਹ ਅਕਸਰ ਕਿਹਾ ਜਾਂਦਾ ਹੈ ਕਿ ਕਿਸੇ ਵੀ ਕੰਮ ਨੂੰ ਜੋਸ਼ ਦੇ ਨਾਲ ਨਾਲ ਅਗਰ ਸੰਪੂਰਨ ਹੋਸ਼ ਨਾਲ ਕੀਤਾ ਜਾਵੇ ਤਾਂ ਸਫਲਤਾ ਛੇਤੀ ਹੱਥ ਲੱਗਦੀ ਹੈ। ਇੱਥੇ ਇਹ ਗੱਲ ਵੀ ਸੱਚ ਸਾਬਤ ਹੁੰਦੀ ਹੈ ਕਿ ਜਿਹੜੇ ਲੋਕ ਹੋਸ਼ ਗਵਾ ਲੈਂਦੇ ਹਨ, ਉਹ ਆਪਣੇ ਮਕਸਦ ਵਿਚ ਕਾਮਯਾਬ ਨਹੀਂ ਹੁੰਦੇ। ਦ੍ਰਿੜ ਇਰਾਦਿਆਂ ਦਾ ਸਿਰਨਾਂਵਾਂ ਬਣਨ ਵਾਲੇ ਲੋਕ ਆਪਣੀ ਜ਼ਿੰਦਗੀ ਵਿਚ ਸਖ਼ਤ ਮਿਹਨਤ ਤੇ ਦ੍ਰਿੜ ਇਰਾਦੇ ਦਾ ਪੱਲਾ ਫੜ ਕੇ ਤੁਰਨ ਵਾਲੇ ਕਦੇ ਵੀ ਪੋਹ-ਮਾਘ ਦੀਆਂ ਠੰਢੀਆਂ ਰਾਤਾਂ ਤੇ ਜੇਠ ਹਾੜ ਦੀਆਂ ਕੜਕਵੀਆਂ ਧੁੱਪਾਂ ਤੋਂ ਨਹੀਂ ਡਰਦੇ। ਜਦੋਂ ਦੇਸ਼ ਬੇਗਾਨਾ ਹੋਵੇ, ਸੁਪਨੇ ਉਚੇ ਤੇ ਸੁੱਚੇ ਹੋਣ ਤਾਂ ਕਈ ਵਾਰੀ ਮੰਜ਼ਲਾਂ 'ਤੇ ਪਹੁੰਚਣ ਲਈ ਰੁਕਾਵਟਾਂ ਦਾ ਸਾਹਮਣਾ ਕਰਦਿਆਂ ਸੰਘਰਸ਼ ਦੀ ਭੱਠੀ 'ਚ ਤਪਦਿਆਂ ਨਿਕਲਣਾ ਪੈਂਦਾ ਹੈ।


ਅਮੋਲਕ ਸਿੰਘ ਗਾਖਲ

ਅਜਿਹੇ ਹੀ ਲੋਕਾਂ ਦੀ ਕਤਾਰ ਵਿਚ ਬੜੇ ਮਾਣ ਤੇ ਸ਼ਿੱਦਤ ਨਾਲ ਨਾਮਵਰ ਕਬੱਡੀ ਪ੍ਰਮੋਟਰ, ਉਘੇ ਕਾਰੋਬਾਰੀ, ਬਹੁਚਰਚਿਤ ਟਰਾਂਸਪੋਰਟਰ ਤੇ ਯੂਨਾਈਟਿਡ ਸਪੋਰਟਸ ਕਲੱਬ-ਕੈਲੀਫੋਰਨੀਆ ਦੇ ਮੁੱਖ ਥੰਮ੍ਹ ਅਮੋਲਕ ਸਿੰਘ ਗਾਖਲ ਨੂੰ ਸ਼ਾਮਿਲ ਕੀਤਾ ਜਾ ਸਕਦਾ ਹੈ। ਜਲੰਧਰ ਦੇ ਵੱਖੀ 'ਚ ਪੈਂਦੇ ਪਿੰਡ ਗਾਖਲਾਂ 'ਚ ਪਿਤਾ ਨਸੀਬ ਸਿੰਘ ਗਾਖਲ ਦੇ ਗ੍ਰਹਿ ਮਾਤਾ ਗੁਰਦੀਪ ਕੌਰ ਦੀ ਕੁੱਖੋਂ ਜਨਮੇ ਸ. ਅਮੋਲਕ ਸਿੰਘ ਗਾਖਲ ਵੱਖ ਵੱਖ ਖੇਤਰਾਂ ਵਿਚ ਵੱਡਾ ਨਾਮਣਾ ਖੱਟ ਚੁਕੇ ਹਨ। ਮਿੱਤਰ-ਢਾਣੀਆਂ ਵਿਚ ਵਧੀਆ ਢੰਗ ਨਾਲ ਵਿਚਰਨ ਵਾਲੇ ਕੱਦ ਕਾਠ ਦੇ ਖੁੱਲ੍ਹੇ, ਯਾਰਾਂ ਦੇ ਯਾਰ ਤੇ ਮੌਕਿਆਂ ਦੀ ਖੋਜ ਦੀ ਭਾਲ 'ਚ ਰਹਿਣ ਵਾਲੇ ਸ. ਅਮੋਲਕ ਸਿੰਘ ਗਾਖਲ ਕਬੱਡੀ ਜਗਤ ਦੇ ਮਸਤ ਮੌਲਾ ਖੇਡ ਪ੍ਰਮੋਟਰ ਹਨ ਅਤੇ ਉਨ੍ਹਾਂ ਕਬੱਡੀ ਜਗਤ ਵਿਚ ਨਵੀਆਂ ਪੁਲਾਂਘਾਂ ਪੁੱਟੀਆਂ ਹਨ।


ਇਕਬਾਲ ਸਿੰਘ ਗਾਖਲ


ਪਲਵਿੰਦਰ ਸਿੰਘ ਗਾਖਲ

ਕੈਲੀਫੋਰਨੀਆ ਸਟੇਟ ਦੇ ਸ਼ਹਿਰ ਵਾਟਸਨਵਿਲ ਵਿਖੇ 1986 ਦੌਰਾਨ ਆ ਵੱਸੇ ਸ. ਗਾਖਲ ਨੇ ਸ਼ੁਰੂਆਤੀ ਦਿਨਾਂ ਵਿਚ ਅਮਰੀਕਾ ਦੇ ਪੌਣ-ਪਾਣੀ ਵਿਚ ਘੁਲਦਿਆਂ ਪੜ੍ਹਾਈ ਦੇ ਨਾਲ ਨਾਲ ਹੱਡ ਭੰਨਵੀਂ ਮਿਹਨਤ ਕੀਤੀ ਅਤੇ ਉਚੇ ਤੇ ਸੁੱਚੇ ਸੁਪਨੇ ਵੇਖੇ। ਉਨ੍ਹਾਂ ਪੰਜ ਸਾਲ ਟਰੱਕ ਚਲਾਇਆ ਅਤੇ ਫਿਰ ਆਪਣੇ ਦੂਜੇ ਭਰਾਵਾਂ ਇਕਬਾਲ ਸਿੰਘ ਗਾਖਲ ਤੇ ਪਲਵਿੰਦਰ ਸਿੰਘ ਗਾਖਲ ਨਾਲ ਮਿਲ ਕੇ 'ਏ ਐਂਡ ਆਈ' ਟਰੱਕਿੰਗ ਕੰਪਨੀ ਸ਼ੁਰੂ ਕੀਤੀ। ਸਵਾ ਸੌ ਦੇ ਕਰੀਬ ਟਰੱਕਾਂ ਵਾਲੀ ਇਹ ਟਰੱਕਿੰਗ ਕੰਪਨੀ ਏਸ਼ੀਅਨਾਂ ਦੀਆਂ ਟੌਪ ਟੈਨ ਕੰਪਨੀਆਂ ਵਿਚ ਸ਼ੁਮਾਰ ਹੈ। ਵਧੀਆ ਸਰਵਿਸ ਤੇ ਭਰੋਸੇ ਲਈ ਇਹ ਟਰੱਕਿੰਗ ਕੰਪਨੀ ਅਨੇਕਾਂ ਵਾਰ ਸਰਵੋਤਮ ਐਵਾਰਡ ਹਾਸਲ ਕਰ ਚੁੱਕੀ ਹੈ।

ਸ. ਅਮੋਲਕ ਸਿੰਘ ਗਾਖਲ ਨੂੰ ਜੇ ਅਮਰੀਕਾ ਵਿਚ ਕਬੱਡੀ ਇਤਿਹਾਸ ਦਾ ਮਾਣਮੱਤਾ ਤੇ ਸ਼ਾਨਾਂਮੱਤਾ ਪੰਨਾ ਕਹਿ ਲਿਆ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਉਨ੍ਹਾਂ ਦੀ ਅਗਵਾਈ ਵਾਲੇ ਯੂਨਾਈਟਿਡ ਸਪੋਰਟਸ ਕਲੱਬ-ਕੈਲੀਫੋਰਨੀਆ ਲਈ ਸਾਰੇ ਹੀ ਸੁਪਰਸਟਾਰ ਕਬੱਡੀ ਖਿਡਾਰੀ ਖੇਡ ਚੁੱਕੇ ਹਨ। ਇਸ ਕਲੱਬ ਨੂੰ ਅਮਰੀਕਨ ਕਬੱਡੀ ਲਈ ਅਨੇਕਾਂ ਖਿਡਾਰੀ ਤਿਆਰ ਕਰਨ ਦਾ ਮਾਣ ਹਾਸਲ ਹੈ। ਕਹਿਣੀ ਤੇ ਕਥਨੀ ਦੇ ਪੂਰੇ ਸ. ਗਾਖਲ ਨੇ ਸਾਲ 2008 ਵਿਚ ਐਲਾਨ ਕੀਤਾ ਸੀ ਕਿ ਜੋ ਪੰਜਾਬੀ ਖਿਡਾਰੀ ਉਲੰਪਿਕ 'ਚ ਗੋਲਡ ਮੈਡਲ ਲੈ ਕੇ ਆਵੇਗਾ, ਉਹ ਉਸ ਨੂੰ ਦੱਸ ਲੱਖ ਰੁਪਏ ਸ਼ਾਬਾਸ਼ ਵਜੋਂ ਦੇਣਗੇ। ਸੋ, ਨਿਸ਼ਾਨੇਬਾਜ਼ੀ 'ਚ ਗੋਲਡ ਮੈਡਲ ਲਿਆਉਣ ਵਾਲੇ ਅਭਿਨਵ ਬਿੰਦਰਾ ਨੂੰ ਉਨ੍ਹਾਂ ਦਸ ਲੱਖ ਰੁਪਏ ਦਿੱਤੇ। ਇਸੇ ਤਰ੍ਹਾਂ ਜਲੰਧਰ ਵਿਚ ਹੁੰਦੇ ਸੁਰਜੀਤ ਹਾਕੀ ਮੈਮੋਰੀਅਲ ਕੱਪ ਦਾ ਪਹਿਲਾਂ ਇਨਾਮ ਪੰਜ ਲੱਖ ਰੁਪਏ ਵੀ ਸ. ਅਮੋਲਕ ਸਿੰਘ ਗਾਖਲ ਅਤੇ ਗਾਖਲ ਭਰਾਵਾਂ ਵੱਲੋਂ ਹੀ ਦਿੱਤਾ ਜਾਂਦਾ ਹੈ।

ਪੰਜਾਬ ਦੀ ਧਰਤੀ 'ਤੇ ਲੱਖ ਰੁਪਏ ਦੀ ਇਨਾਮੀ ਰਾਸ਼ੀ ਵਾਲਾ ਪਹਿਲਾ ਕਬੱਡੀ ਕੱਪ ਪਿੰਡ ਗਾਖਲਾਂ ਵਿਚ ਕਰਵਾਉਣ ਦਾ ਮਾਣ ਵੀ ਸ. ਅਮੋਲਕ ਸਿੰਘ ਗਾਖਲ ਦੇ ਹਿੱਸੇ ਆਇਆ ਹੈ। ਹੁਣ ਅਮਰੀਕਾ ਦੇ ਕਬੱਡੀ ਇਤਿਹਾਸ ਵਿਚ ਸਭ ਤੋਂ ਵੱਡੀ ਇਨਾਮੀ ਰਾਸ਼ੀ-ਪਹਿਲਾ ਇਨਾਮ 21 ਹਜ਼ਾਰ ਡਾਲਰ ਤੇ ਦੂਜਾ ਇਨਾਮ 18 ਹਜ਼ਾਰ ਡਾਲਰ ਵਾਲਾ ਕਬੱਡੀ ਕੱਪ 23 ਅਗਸਤ 2014 ਨੂੰ ਅਮੋਲਕ ਗਾਖਲ ਦੀ ਅਗਵਾਈ ਵਾਲੇ ਯੂਨਾਈਟਿਡ ਸਪੋਰਟਸ ਕਲੱਬ ਵਲੋਂ ਯੂਨੀਅਨ ਸਿਟੀ ਦੇ ਲੋਗਨ ਹਾਈ ਸਕੂਲ ਦੇ ਖੇਡ ਮੈਦਾਨ ਵਿਚ ਕਰਵਾਇਆ ਜਾ ਰਿਹਾ ਹੈ। ਇਸ ਕਬੱਡੀ ਕੱਪ 'ਚ ਨਾਮੀ ਸਾਬਕਾ ਕਬੱਡੀ ਖਿਡਾਰੀ ਸੁਰਜਣ ਸਿੰਘ ਚੱਠਾ ਤੇ ਸਾਬਕਾ ਕਬੱਡੀ ਸਟਾਰ ਸਰਵਣ ਸਿੰਘ ਬੱਲ-ਰਮੀਦੀ ਸਮੇਤ ਨਾਮਵਰ ਸਿਆਸੀ ਸ਼ਖਸੀਅਤਾਂ ਮੁੱਖ ਮਹਿਮਾਨ ਹੋਣਗੀਆਂ। ਸ. ਗਾਖਲ ਦੇ ਲਖਤੇ ਜਿਗਰ ਗੁਰਵਿੰਦਰ ਗਾਖਲ ਤੇ ਬੱਬਲ ਗਾਖਲ ਅਮਰੀਕਾ ਦੀ ਕਬੱਡੀ ਦੇ ਨਕਸ਼ੇ 'ਤੇ ਸਾਫ ਸੁਥਰੀ ਖੇਡ ਦੀ ਬਦੌਲਤ ਨਾਮਣਾ ਖੱਟ ਚੁੱਕੇ ਹਨ।

ਸ. ਅਮੋਲਕ ਸਿੰਘ ਗਾਖਲ ਤੇ ਉਨ੍ਹਾਂ ਦੇ ਭਰਾ ਹੋਟਲ ਚੇਨ 'ਹੋਲੀਡੇ ਇਨ' ਦੇ ਅਨੇਕਾਂ ਹੋਟਲਾਂ 'ਚ ਭਾਈਵਾਲ ਹਨ। ਨੌਜਵਾਨ ਪੀੜ੍ਹੀ ਨੂੰ ਸਿਹਤਮੰਦ ਬਣਾਉਣ ਦੇ ਮਕਸਦ ਨਾਲ ਉਨ੍ਹਾਂ ਦੀ ਅਗਵਾਈ ਵਾਲਾ ਤੇ ਅਮਰੀਕਨ ਫਰੈਂਚਾਈਜ਼ ਗੋਲਡ ਜ਼ਿਮ ਪਿਛਲੇ ਕਈ ਸਾਲਾਂ ਤੋਂ ਜਲੰਧਰ, ਲੁਧਿਆਣਾ, ਮੋਹਾਲੀ ਤੇ ਦਿੱਲੀ ਵਿਚ ਸਫਲਤਾ ਨਾਲ ਅੱਗੇ ਵੱਧ ਰਹੇ ਹਨ। ਇਸੇ ਤਰ੍ਹਾਂ ਜ਼ਿਮ ਮਸ਼ੀਨਰੀ ਨੂੰ ਪ੍ਰਮੋਟ ਕਰਨ ਵਾਲੀ ਕੰਪਨੀ ਮੈਜਿਕ ਫਿਟ ਐਕਯੂਮੈਂਟ ਵੀ ਬੁਲੰਦੀਆਂ ਛੂਹ ਰਹੀ ਹੈ। ਸ. ਅਮੋਲਕ ਗਾਖਲ ਦੀ ਪੰਜਾਬ ਵਿਚ ਬਹੁ-ਕਰੋੜੀ ਐਗਰੋ ਇੰਡਸਟਰੀ ਲਗਾਉਣ ਦੀ ਵੀ ਤਜਵੀਜ਼ ਹੈ।

ਇਸੇ ਸਾਲ ਗਾਖਲ ਭਰਾ ਬਤੌਰ ਫਿਲਮ ਨਿਰਮਾਤਾ ਇੱਕ ਹਿੰਦੀ ਫਿਲਮ ਦਾ ਨਿਰਮਾਣ ਗਾਖਲ ਬ੍ਰਦਰਜ਼ ਐਂਟਰਟੇਨਮੈਂਟ ਦੇ ਬੈਨਰ ਹੇਠ ਕਰਨ ਜਾ ਰਹੇ ਹਨ। ਇਸ ਫਿਲਮ 'ਚ ਗਿੱਪੀ ਗਰੇਵਾਲ ਦੀ ਬਾਲੀਵੁੱਡ ਵਿਚ ਐਂਟਰੀ ਹੋਵੇਗੀ ਅਤੇ ਬਾਲੀਵੁੱਡ ਦੇ ਸੁਪਰ ਸਟਾਰ ਰਹੇ ਗੋਬਿੰਦਾ ਦੀ ਬੇਟੀ ਨਰਮਦਾ ਦਾ ਆਗਮਨ ਹੋਵੇਗਾ। ਫਿਲਮ ਵਿਚ ਧਰਮਿੰਦਰ ਸਮੇਤ ਅਨੇਕਾਂ ਸਟਾਰਾਂ ਦੀ ਜ਼ਿਕਰਯੋਗ ਹਾਜ਼ਰੀ ਹੋਵੇਗੀ।

-ਹਰਮਿੰਦਰ ਢਿੱਲੋਂ ਮੌ ਸਾਹਿਬ
ਫੋਨ: 91-98157-26066

# ਫਾਲਕੇ ਪੁਰਸਕਾਰ ਲੈ ਕੇ ਭਾਵੁਕ ਹੋ ਗਏ ਗੁਲਜ਼ਾਰ

**ਨਵੀਂ ਦਿੱਲੀ:** ਉੱਘੇ ਗੀਤਕਾਰ-ਫਿਲਮਸਾਜ਼ ਗੁਲਜ਼ਾਰ ਨੂੰ ਇਥੇ 61ਵੇਂ ਕੌਮੀ 'ਫਿਲਮ ਪੁਰਸਕਾਰ ਸਮਾਰੋਹ ਵਿਚ ਰਾਸ਼ਟਰਪਤੀ ਪ੍ਰਣਬ ਮੁਖਰਜੀ ਵੱਲੋਂ ਦਾਦਾ ਸਾਹਿਬ ਫਾਲਕੇ ਪੁਰਸਕਾਰ ਦਿੱਤਾ ਗਿਆ। 79 ਸਾਲਾ ਗੁਲਜ਼ਾਰ ਜਦੋਂ ਵਿਗਿਆਨ ਭਵਨ ਵਿਚ ਹੋਏ ਇਸ ਸਮਾਰੋਹ ਵਿਚ ਪੁਰਸਕਾਰ ਲੈਣ ਲਈ ਮੰਚ ਵੱਲ ਵਧੇ ਤਾਂ ਹਾਜ਼ਰੀਨ ਨੇ ਖੜ੍ਹੇ ਹੋ ਕੇ ਤਾੜੀਆਂ ਮਾਰੀਆਂ। ਇਸ ਮੌਕੇ ਉਨ੍ਹਾਂ ਦੀ ਧੀ ਮੇਘਨਾ ਵੀ ਮੌਜੂਦ ਸੀ।



ਪੁਰਸਕਾਰ ਲੈਣ ਮਗਰੋਂ ਗੁਲਜ਼ਾਰ ਨੇ ਆਖਿਆ ਕਿ ਇਹ ਕਿਸੇ ਦੀ ਜ਼ਿੰਦਗੀ ਵਿਚ ਕਦੇ-ਕਦਾਈਂ ਹੀ ਵਾਪਰਦਾ ਹੈ ਕਿ ਸ਼ਬਦਾਂ ਨਾਲ ਖੇਡਣ ਵਾਲੇ ਕਿਸੇ ਸ਼ਖ਼ਸ ਨੂੰ ਸ਼ੁਕਰੀਆ ਕਹਿਣ ਲਈ ਸ਼ਬਦ ਨਾ ਅਹੁੜਨ ਹੈ। ਫੌਜ ਤੇ ਫਿਲਮ ਸਨਅਤ ਹੀ ਅਜਿਹੀਆਂ ਦੋ ਥਾਵਾਂ ਹਨ ਜਿਥੇ ਜਾਤ, ਧਰਮ ਤੇ ਅਕੀਦਾ ਕੋਈ ਮਾਅਨੇ ਨਹੀਂ ਰੱਖਦੇ। ਮੈਂ ਪੂਰੀ ਇਮਾਨਦਾਰੀ ਨਾਲ ਕਹਿ ਸਕਦਾ ਹਾਂ ਕਿ ਫਿਲਮ ਜਗਤ ਦੇ ਲੋਕ ਸੋਹਣੇ ਹਨ। ਮੈਂ ਉਨ੍ਹਾਂ ਦੇ ਧਰਮ ਨਿਰਪੱਖ ਸੁਭਾਅ ਦੀ ਸਹੁੰ ਖਾ ਸਕਦਾ ਹਾਂ। ਮੈਨੂੰ ਉਨ੍ਹਾਂ ਦਾ ਹਿੱਸਾ ਹੋਣ ਦਾ ਮਾਣ ਹੈ।

ਰਾਸ਼ਟਰਪਤੀ ਨੇ ਗੁਲਜ਼ਾਰ ਨੂੰ ਸੋਨੇ ਦੀ ਇਕ ਕਲਮ, ਦਸ ਲੱਖ ਰੁਪਏ ਨਕਦ ਤੇ ਇਕ ਸ਼ਾਲ ਨਾਲ ਸਨਮਾਨਤ ਕੀਤਾ। ਸ੍ਰੀ ਮੁਖਰਜੀ ਨੇ ਗੈਰ ਫੀਚਰ ਫਿਲਮਾਂ ਦੀਆਂ 41, ਫੀਚਰ ਫਿਲਮਾਂ ਦੇ 40 ਤੇ ਸਿਨੇਮਾ ਦੇ ਬਿਹਤਰੀਨ ਲੇਖਕ ਲਈ ਤਿੰਨ ਪੁਰਸਕਾਰ ਵੀ ਪ੍ਰਦਾਨ ਕੀਤੇ। ਐਥਲੀਟ ਮਿਲਖਾ ਸਿੰਘ ਦੇ ਜੀਵਨ 'ਤੇ ਬਣੀ ਫਿਲਮ 'ਭਾਗ ਮਿਲਖਾ ਭਾਗ' ਨੂੰ ਸਰਵਸ਼੍ਰੇਸ਼ਟ ਮਨੋਰੰਜਕ ਫਿਲਮ ਦਾ ਪੁਰਸਕਾਰ ਮਿਲਿਆ, ਜਦਕਿ ਰਾਸ਼ਟਰੀ ਏਕਤਾ 'ਤੇ ਸਭ ਤੋਂ ਵਧੀਆ ਫਿਲਮ ਲਈ ਨਰਗਿਸ ਦੱਤ ਪੁਰਸਕਾਰ ਤਾਮਿਲ ਫਿਲਮ ਥਲਾਈਮਰਾਈਗਲ ਨੂੰ ਦਿੱਤਾ ਗਿਆ। ਸੁਭਾਸ਼ ਕਪੂਰ ਦੇ ਨਿਰਦੇਸ਼ਕ ਵਾਲੀ ਫਿਲਮ ਜਾਅਲੀ ਐਲ.ਐਲ.ਬੀ ਨੂੰ ਸਰਵਸ਼੍ਰੇਸ਼ਟ ਹਿੰਦੀ ਫਿਲਮ ਦੇ ਪੁਰਸਕਾਰ ਨਾਲ ਸਨਮਾਨਤ ਕੀਤਾ ਗਿਆ। ਸਭ ਤੋਂ ਵਧੀਆ ਅਦਾਕਾਰ ਲਈ ਸ਼ਾਹਿਦ ਫਿਲਮ ਦੇ ਕੇ. ਰਾਜ ਕੁਮਾਰ ਤੇ ਮਲਿਆਲਮ ਫਿਲਮ ਦੇ ਪੇਰਾਰਿਯਾਥਾਵਰ ਦੇ ਸੂਰਜ ਵੇਂਜਾਰਾਮੂਡੂ ਨੂੰ ਦਿੱਤਾ ਗਿਆ, ਜਦਕਿ ਸਭ ਤੋਂ ਵਧੀਆ ਅਦਾਕਾਰਾ ਲਈ ਲਾਯਰਸ ਡਾਇਸ ਫਿਲਮ ਦੀ ਗੀਤਾਂਜਲੀ ਥਾਪਾ ਨੂੰ ਦਿੱਤਾ ਗਿਆ। 'ਜਾਅਲੀ ਐਲ.ਐਲ.ਬੀ' ਨੇ ਸਭ ਤੋਂ ਵਧੀਆ ਸਹਿਯੋਗੀ ਅਦਾਕਾਰ ਤੇ ਕੋਰੀਓਗ੍ਰਾਫਰ ਦੇ ਐਵਾਰਡ ਵੀ ਆਪਣੇ ਨਾਂਅ ਕਰਵਾਏ। ਇਨਾਮ ਵੰਡ ਸਮਾਗਮ ਤੋਂ ਬਾਅਦ ਰਾਸ਼ਟਰਪਤੀ ਨੇ ਫਿਲਮ ਨਿਰਮਾਤਾਵਾਂ ਨੂੰ ਦੇਸ਼ ਭਗਤੀ, ਔਰਤਾਂ ਦਾ ਸਨਮਾਨ, ਸਹਿਣਸ਼ਕਤੀ, ਇਮਾਨਦਾਰੀ ਤੇ ਅਨੁਸ਼ਾਸਨ 'ਤੇ ਬਣੀਆਂ ਫਿਲਮਾਂ ਦਾ ਨਿਰਮਾਣ ਕਰਨ ਦੀ ਅਪੀਲ ਕੀਤੀ।

# ਪਾਕਿਸਤਾਨ 'ਚ ਈਸਾਈ ਤਲਾਕ ਐਕਟ ਨੂੰ ਚੁਣੌਤੀ

**ਲਾਹੌਰ:** ਪਾਕਿਸਤਾਨ ਅਦਾਲਤ ਵਿਚ ਇਕ ਪਟੀਸ਼ਨ ਰਾਹੀਂ ਈਸਾਈ ਤਲਾਕ ਐਕਟ ਨੂੰ ਚੁਣੌਤੀ ਦਿੱਤੀ ਗਈ ਹੈ ਜਿਸ 'ਤੇ ਅਦਾਲਤ ਨੇ ਲਾਹੌਰ ਦੇ ਬਿਸ਼ਪ ਤੋਂ ਮਦਦ ਮੰਗੀ ਹੈ।

ਲਾਹੌਰ ਹਾਈਕੋਰਟ ਦੇ ਜਸਟਿਸ ਮਨਸੂਰ ਅਲੀ ਸ਼ਾਹ ਨੇ ਬਿਸ਼ਪ ਤੇ ਪਾਕਿਸਤਾਨ ਦੇ ਅਟਾਰਨੀ ਜਨਰਲ ਨੂੰ ਮਹੀਨੇ ਤੋਂ ਵੱਧ ਦਾ ਸਮਾਂ ਦਿੱਤਾ ਹੈ ਤੇ ਇਕ ਈਸਾਈ ਪੁਰਸ਼ ਵੱਲੋਂ ਤਲਾਕ ਐਕਟ 1869 ਬਾਰੇ ਉਠਾਏ ਸਵਾਲਾਂ ਦੇ ਜਵਾਬ ਦੇਣ ਲਈ ਕਿਹਾ ਹੈ।

ਅਦਾਲਤ ਨੇ ਅਗਲੀ ਸੁਣਵਾਈ ਸੱਤ ਜੂਨ 'ਤੇ ਪਾਈ ਹੈ। ਅਮੀਨ ਮਸੀਹ ਨਾਂ ਦੇ ਇਕ ਵਿਅਕਤੀ ਨੇ ਅਦਾਲਤ ਵਿਚ ਪਟੀਸ਼ਨ ਪਾਈ ਸੀ ਕਿ ਪਿਛਲੇ ਦੋ ਸਾਲਾਂ ਤੋਂ ਉਹ ਆਪਣੀ ਪਤਨੀ ਨਾਲ ਖੁਸ਼ ਨਹੀਂ ਰਹਿ ਰਿਹਾ ਸੀ, ਕਿਉਂਕਿ ਉਸ ਦੇ ਆਪਣੇ ਸਹੁਰਿਆਂ ਨਾਲ ਚੰਗੇ ਸਬੰਧ ਨਹੀਂ ਸਨ। ਉਹ ਆਪਣੀ ਪਤਨੀ ਤੋਂ ਅੱਡ ਹੋਣਾ ਚਾਹੁੰਦਾ ਹੈ। ਉਸ ਨੇ ਕਿਹਾ ਕਿ ਇਹ ਕਾਨੂੰਨ ਬਸਤੀ ਯੁੱਗ ਦਾ ਹੈ ਤੇ ਇਸ ਵਿਚ ਸੋਧ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਐਕਟ ਦਾ ਸੈਕਸ਼ਨ 10 ਸੰਵਿਧਾਨ ਦੇ ਅਖ਼ਤਿਆਰ ਤੋਂ ਬਾਹਰ ਹੈ, ਇਸ ਲਈ ਅਦਾਲਤ ਨੂੰ ਇਹ ਖਾਰਜ ਕਰ ਦੇਣਾ ਚਾਹੀਦਾ ਹੈ ਤਾਂ ਕਿ ਈਸਾਈ ਪੁਰਸ਼ 'ਸਨਮਾਨਜਨਕ ਢੰਗ ਨਾਲ' ਆਪਣੀਆਂ ਪਤਨੀਆਂ ਨੂੰ ਤਲਾਕ ਦੇ ਸਕਣ।

H K TRANSPORT INC
Division of HK Incorporated
1401 West Ray St, Indianapolis, IN 46221
Ph: 317-408-3211, web: www.hktransportinc.com



ਓਨਰ ਅਪਰੇਟਰਾਂ ਅਤੇ ਡਰਾਈਵਰਾਂ ਦੀ ਲੋੜ ਹੈ

ਸਾਰੀਆਂ 48 ਸਟੇਟਾਂ ਲਈ, ਡਰਾਈ ਫਰੇਟ, 100% ਨੋ ਟੱਚ, ਨਵੇਂ ਨਕੋਰ ਟਰੇਲਰ
ਡਾਇਰੈਕਟ ਡਿਪੋਜ਼ਿਟ, ਮੈਡੀਕਲ ਸਹੂਲਤਾਂ ਅਤੇ 5000 ਡਾਲਰ ਸਾਈਨ-ਇਨ ਬੋਨਸ

| ਓਨਰ ਅਪਰੇਟਰਾਂ ਲਈ | ਡਰਾਈਵਰ ਲਈ |
|---|---|
| 92% ਫਲੈਟ ਡਿਸਪੈਚ | 42 ਸੈਂਟ ਤੱਕ ਪ੍ਰਤੀ ਮੀਲ |
| 30 ਸੈਂਟ/ਗੈਲਨ ਤੱਕ ਫਿਊਲ ਡਿਸਕਾਊਂਟ | 95% ਲੋਡ ਯਾਰਡ 'ਚ ਹੁੱਕ ਐਂਡ ਡਰਾਪ |
| ਨਵੇਂ ਨਕੋਰ ਟਰੇਲਰ | ਨਵੇਂ ਨਕੋਰ ਟਰੇਲਰ |
| ਨੈਸ਼ਨਲ ਟਾਇਰ ਰਿਬੇਟ ਪ੍ਰੋਗਰਾਮ | ਵਧੀਆ ਅਤੇ ਸਾਫ ਸੁਥਰੇ ਟਰੱਕ |
| ਹਰ 15 ਦਿਨ ਬਾਅਦ ਅਦਾਇਗੀ | ਹਰ 15 ਦਿਨ ਪਿਛੋਂ ਤਨਖਾਹ |

ਲੋੜੀਂਦੀ ਯੋਗਤਾ:
■ਕਲਾਸ ਏ ਸੀ ਡੀ ਐਲ ਅਤੇ ਸਾਫ-ਸੁਥਰਾ ਰਿਕਾਰਡ ਹੋਵੇ ■ਉਮਰ ਘੱਟੋ ਘੱਟ 23 ਸਾਲ
■ਘੱਟੋ ਘੱਟ 2 ਸਾਲ ਦਾ ਓ ਟੀ ਆਰ ਅਤੇ ਕੁਲ 5 ਸਾਲ ਦਾ ਤਸਦੀਕਯੋਗ ਤਜ਼ਰਬਾ ਹੋਵੇ।

ਤੁਸੀਂ ਸਾਡੇ 'ਲੀਜ਼ ਟੂ ਬਾਈ' ਪ੍ਰੋਗਰਾਮ ਦਾ ਲਾਭ ਵੀ ਉਠਾ ਸਕਦੇ ਹੋ
ਡਾਇਰੈਕਟ ਡਿਪਾਜ਼ਿਟ ਅਤੇ ਪੰਪ 'ਤੇ ਫਿਊਲ ਰਿਬੇਟ

ਸੰਪਰਕ ਕਰੋ: ਫੋਨ 317-408-3211
ਜਾਂ ਵੈਬ ਸਾਈਟ www.hktransportinc.com 'ਤੇ ਅਰਜੀ ਭਰੋ

# ਕਾਲੇ ਧਨ ਬਾਰੇ ਦੱਸਣਾ ਨਹੀਂ ਚਾਹੁੰਦਾ ਸਵਿੱਟਜ਼ਰਲੈਂਡ

**ਨਵੀਂ ਦਿੱਲੀ:** ਭਾਰਤ ਵਿਚ ਸਵਿਟਜ਼ਰਲੈਂਡ ਦੇ ਰਾਜਦੂਤ ਲਿਨਅਸ ਵੋਨ ਨੇ ਕਿਹਾ ਕਿ ਉਨ੍ਹਾਂ ਦਾ ਦੇਸ਼ ਕਾਲੇ ਧਨ ਦੇ ਮਾਮਲਿਆਂ ਬਾਰੇ ਜਾਣਕਾਰੀ ਸਾਂਝੀ ਕਰਨ ਦੇ ਹੱਕ ਵਿਚ ਨਹੀਂ ਹੈ, ਹਾਲਾਂਕਿ ਉਨ੍ਹਾਂ ਕਿਹਾ ਕਿ ਕੁਝ ਸਾਲਾਂ ਤੋਂ ਸਵਿੱਸ ਬੈਂਕ ਦੇ ਨਿਯਮਾਂ ਵਿਚ ਤਬਦੀਲੀ ਹੋਈ ਹੈ ਤੇ ਉਨ੍ਹਾਂ ਨੂੰ ਉਮੀਦ ਹੈ ਕਿ ਇਹ ਮਾਮਲਾ ਕੁਝ ਅੱਗੇ ਵਧੇਗਾ।

ਉਨ੍ਹਾਂ ਕਿਹਾ ਕਿ ਸਵਿੱਸ ਬੈਂਕਿੰਗ ਦੇ ਨਿਯਮ ਪਿਛਲੇ ਪੰਜ ਤੋਂ 10 ਸਾਲਾਂ ਦੌਰਾਨ ਨਾਟਕੀ ਢੰਗ ਨਾਲ ਬਦਲੇ ਹਨ ਤੇ ਸਮੱਸਿਆ ਹੁਣ ਜ਼ਿਆਦਾ ਲੰਬੇ ਸਮੇਂ ਤੱਕ ਨਹੀਂ ਰਹੇਗੀ। ਸਰਕਾਰ ਵੀ ਇਸ ਤਰ੍ਹਾਂ ਦੀਆਂ ਸਮੱਸਿਆਵਾਂ ਬਾਰੇ ਸੁਝਾਅ ਦੇ ਰਹੀ ਹੈ।

ਸਵਿੱਸ ਵਿੱਤ ਮੰਤਰੀ ਨੇ ਪਿਛਲੇ ਸਾਲ ਸਤੰਬਰ ਵਿਚ ਚੋਰੀ ਦੀ ਸਮੱਗਰੀ ਤੋਂ ਪ੍ਰਾਪਤ ਜਾਣਕਾਰੀ ਬਾਰੇ ਨਿਯਮਾਂ ਨੂੰ ਸਰਲ ਕਰਨ ਲਈ ਕਾਨੂੰਨ ਪਾਸ ਕਰਾਉਣ ਦੀ ਕੋਸ਼ਿਸ਼ ਵੀ ਕੀਤੀ ਸੀ। ਉਨ੍ਹਾਂ ਕਿਹਾ ਕਿ ਫਿਲਹਾਲ ਦੇਸ਼ ਜਾਣਕਾਰੀ ਦੇਣ ਦੇ ਵਿਰੁੱਧ ਹੈ।

# ਹਰਿਮੰਦਰ ਸਾਹਿਬ ਦੀ ਕੰਧ ਕਲਾ ਦੀ ਮੁਰੰਮਤ ਦਾ ਕੰਮ ਜਾਰੀ



**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਪਹਿਲੀ ਮੰਜ਼ਲ 'ਤੇ ਹੋਈ ਪੁਰਾਤਨ ਕੰਧ ਕਲਾ ਦੀ ਸਾਂਭ ਸੰਭਾਲ ਲਈ ਚੱਲ ਰਹੀ ਮੁਰੰਮਤ ਦੀ ਸੇਵਾ ਆਖਰੀ ਪੜਾਅ 'ਤੇ ਹੈ ਤੇ ਮਾਹਰਾਂ ਵੱਲੋਂ ਇਸ ਕੰਮ ਨੂੰ ਮੁਕੰਮਲ ਕਰਨ ਮਗਰੋਂ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਅਸਥਾਨ ਵਿਖੇ ਖ਼ਰਾਬ ਹੋਈ ਕੰਧ ਕਲਾ ਤੇ ਕਾਲੇ ਹੋਏ ਸੋਨੇ ਦੇ ਪੱਤਰਿਆਂ ਨੂੰ ਠੀਕ ਕਰਨ ਦਾ ਕੰਮ ਸ਼ੁਰੂ ਕੀਤਾ ਜਾਵੇਗਾ।

ਮਿਲੇ ਵੇਰਵਿਆਂ ਮੁਤਾਬਕ ਪਹਿਲੀ ਮੰਜ਼ਲ 'ਤੇ ਕੰਧ ਕਲਾ ਦੀ ਸਾਂਭ ਸੰਭਾਲ ਦਾ ਇਹ ਕੰਮ ਤਕਰੀਬਨ ਛੇ ਮਹੀਨੇ ਪਹਿਲਾਂ ਸ਼ੁਰੂ ਕੀਤਾ ਗਿਆ ਸੀ। ਇਸ ਵਾਰ ਇਹ ਕੰਮ ਕਾਰ ਸੇਵਾ ਵਾਲੇ ਬਾਬਿਆਂ ਦੀ ਥਾਂ ਕੰਧ ਕਲਾ ਦੀ ਸਾਂਭ ਸੰਭਾਲ ਕਰਨ ਦੇ ਮਾਹਿਰਾਂ ਰਾਹੀਂ ਹੀ ਕੀਤਾ ਜਾ ਰਿਹਾ ਹੈ, ਜਿਸ ਤਹਿਤ ਪਹਿਲੇ ਪੜਾਅ ਵਿਚ ਪਹਿਲੀ ਮੰਜ਼ਲ 'ਤੇ ਕੰਮ ਸ਼ੁਰੂ ਕੀਤਾ ਗਿਆ। ਮਾਹਰਾਂ ਵੱਲੋਂ ਪਹਿਲੀ ਮੰਜ਼ਲ ਦੀ ਛੱਤ ਤੇ ਇਸ ਦੀਆਂ ਚਾਰ ਚੁਫੇਰੇ ਦੀਆਂ ਕੰਧਾਂ 'ਤੇ ਹੋਈ ਕੰਧ ਕਲਾ ਨੂੰ ਠੀਕ ਕੀਤਾ ਗਿਆ ਹੈ, ਜਿਸ ਤਹਿਤ ਪਹਿਲਾਂ ਇਸ ਦੀ ਸਾਫ ਸਫਾਈ ਕੀਤੀ ਗਈ ਤੇ ਮਗਰੋਂ ਖ਼ਰਾਬ ਹੋਈ ਕੰਧ ਕਲਾ ਨੂੰ ਠੀਕ ਕਰਨ ਲਈ ਖਾਲੀ ਹੋ ਗਈ ਥਾਂ ਨੂੰ ਵਿਸ਼ੇਸ਼ ਸਮੱਗਰੀ ਰਾਹੀਂ ਭਰਿਆ ਗਿਆ ਹੈ।

ਇਸ ਦੇ ਉਪਰ ਪੁਰਾਤਨ ਰੰਗਾਂ ਰਾਹੀਂ ਪਹਿਲਾਂ ਵਾਂਗ ਹੀ ਕੰਧ ਕਲਾ ਕੀਤੀ ਗਈ। ਜਿਨ੍ਹਾਂ ਥਾਵਾਂ 'ਤੇ ਸਿਰਫ ਮੁਰੰਮਤ ਦੀ ਲੋੜ ਸੀ, ਉਥੇ ਮੁਰੰਮਤ ਹੀ ਕੀਤੀ ਗਈ ਹੈ ਤੇ ਜਿਨ੍ਹਾਂ ਥਾਵਾਂ 'ਤੇ ਕੰਧ ਕਲਾ ਪੂਰੀ ਤਰ੍ਹਾਂ ਖਤਮ ਹੋ ਚੁੱਕੀ ਸੀ, ਸਿਰਫ ਉਨ੍ਹਾਂ ਥਾਵਾਂ 'ਤੇ ਪਹਿਲਾਂ ਵਰਗੀ ਕੰਧ ਕਲਾ ਕੀਤੀ ਗਈ ਹੈ। ਇਸ ਲਈ ਵਿਦੇਸ਼ੀ ਰੰਗਾਂ ਦੀ ਵਰਤੋਂ ਕੀਤੀ ਗਈ ਹੈ। ਇਸ ਵੇਲੇ ਇਸ ਕੰਮ ਨੂੰ 10 ਮੈਂਬਰੀ ਮਾਹਰਾਂ ਦੀ ਟੀਮ ਵੱਲੋਂ ਕੀਤਾ ਜਾ ਰਿਹਾ ਹੈ। ਇਨ੍ਹਾਂ ਮਾਹਰਾਂ ਨੇ ਹਰਿ ਕੀ ਪਉੜੀ ਤੋਂ ਉਪਰਲੇ ਹਿੱਸੇ, ਜਿਥੇ ਪੁਰਾਤਨ ਵੱਡਾ ਸਰੂਪ ਪ੍ਰਕਾਸ਼ਮਾਨ ਹੈ, ਦੀ ਵੀ ਮੁਰੰਮਤ ਕੀਤੀ ਹੈ। ਇਥੇ ਹੀ ਕੰਧ ਕਲਾ ਦੇ ਨਾਲ ਛੱਤ 'ਤੇ ਸੁਨਹਿਰੀ ਰੰਗ ਨਾਲ ਚਿੱਤਰਕਾਰੀ ਕੀਤੀ ਹੋਈ ਹੈ, ਜਿਸ ਨੂੰ ਹੁਣ ਪੜਾਅ ਦੇ ਅਖੀਰ ਵਿਚ ਮੁਕੰਮਲ ਕੀਤਾ ਜਾਵੇਗਾ।

ਇਸ ਬਾਰੇ ਪੁਰਾਤਨ ਕੰਧ ਕਲਾ ਦੀ ਸਾਂਭ ਸੰਭਾਲ ਦੇ ਮਾਹਰ ਤੇ ਨੈਸ਼ਨਲ ਮਿਊਜ਼ੀਅਮ ਦੇ ਸਾਬਕਾ ਮੁਖੀ ਐਸ.ਪੀ. ਸਿੰਘ ਨੇ ਦੱਸਿਆ ਕਿ ਪਹਿਲੀ ਮੰਜ਼ਿਲ 'ਤੇ ਚੱਲ ਰਿਹਾ ਕੰਮ ਅੰਤਿਮ ਪੜਾਅ 'ਤੇ ਹੈ। ਇਸ ਵੇਲੇ ਕੀਤੇ ਗਏ ਕੰਮ ਨੂੰ ਅੰਤਿਮ ਛੋਹਾਂ ਦਿੱਤੀਆਂ ਜਾ ਰਹੀਆਂ ਹਨ। ਕੰਧਾਂ 'ਤੇ ਹੋਈ ਕੰਧ ਕਲਾ ਦੀ ਮੁਰੰਮਤ ਦਾ ਕੰਮ ਤਕਰੀਬਨ ਮੁਕੰਮਲ ਹੋ ਚੁੱਕਿਆ ਹੈ ਅਤੇ ਛੱਤ 'ਤੇ ਸੁਨਹਿਰੀ ਰੰਗ ਨਾਲ ਕੁਝ ਕੰਮ ਕਰਨਾ ਬਾਕੀ ਹੈ। ਉਨ੍ਹਾਂ ਆਖਿਆ ਕਿ ਮਾਹਰਾਂ ਦੀ ਦੇਖ ਰੇਖ ਹੇਠ ਇਸ ਅਸਥਾਨ 'ਤੇ ਹੋਈ ਪੁਰਾਤਨ ਕੰਧ ਕਲਾ ਨਾਲ ਕੋਈ ਛੇੜਖਾਨੀ ਨਹੀਂ ਕੀਤੀ ਗਈ ਹੈ ਸਗੋਂ ਇਸ ਨੂੰ ਪੁਰਾਤਨ ਸਰੂਪ ਵਿਚ ਹੀ ਸੰਭਾਲਣ ਦਾ ਯਤਨ ਕੀਤਾ ਗਿਆ ਹੈ।

ਪਹਿਲੀ ਮੰਜ਼ਲ ਤੋਂ ਸਾਂਭ ਸੰਭਾਲ ਦਾ ਕੰਮ ਮੁਕੰਮਲ ਹੋਣ ਮਗਰੋਂ ਮਾਹਰਾਂ ਵੱਲੋਂ ਹੇਠਾਂ ਮੁੱਖ ਅਸਥਾਨ 'ਤੇ ਕੰਮ ਸ਼ੁਰੂ ਕੀਤਾ ਜਾਵੇਗਾ। ਛੇਤੀ ਹੀ ਹੇਠਲੀ ਮੰਜ਼ਿਲ 'ਤੇ ਹੋਏ ਨੁਕਸਾਨ ਦਾ ਜਾਇਜ਼ਾ ਲਿਆ ਜਾਵੇਗਾ ਤੇ ਉਸ ਮੁਤਾਬਕ ਹੀ ਸਾਂਭ ਸੰਭਾਲ ਦਾ ਕੰਮ ਸ਼ੁਰੂ ਹੋਵੇਗਾ। ਹੇਠਲੀ ਮੰਜ਼ਿਲ 'ਤੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋਣ ਕਾਰਨ ਮਰਿਆਦਾ ਨੂੰ ਧਿਆਨ ਵਿਚ ਰੱਖਦਿਆਂ ਵਧੇਰੇ ਕੰਮ ਰਾਤ ਸਮੇਂ ਹੀ ਹੋਵੇਗਾ ਕਿਉਂਕਿ ਸਵੇਰ ਵੇਲੇ ਸ਼ਰਧਾਲੂਆਂ ਦੀ ਆਮਦ ਤੇ ਮਰਿਆਦਾ ਨੂੰ ਕਾਇਮ ਰੱਖਣਾ ਜ਼ਰੂਰੀ ਹੈ। ਸਾਂਭ ਸੰਭਾਲ ਦਾ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਕੰਧ ਕਲਾ ਦੀ ਫੋਟੋਗ੍ਰਾਫੀ ਕੀਤੀ ਗਈ ਹੈ ਤਾਂ ਜੋ ਲੋੜ ਮੁਤਾਬਕ ਇਸ ਦੀ ਵਰਤੋਂ ਹੋ ਸਕੇ। ਉਨ੍ਹਾਂ ਆਖਿਆ ਕਿ ਹੇਠਲੀ ਮੰਜ਼ਿਲ 'ਤੇ ਵੀ ਸਿਰਫ ਉਸ ਥਾਂ ਉਤੇ ਨਵਾਂ ਕੰਮ ਕੀਤਾ ਜਾਵੇਗਾ, ਜਿਥੇ ਪੁਰਾਤਨ ਕੰਧ ਕਲਾ ਜਾਂ ਸੋਨੇ ਦੇ ਪੱਤਰੇ ਪੂਰੀ ਤਰ੍ਹਾਂ ਖ਼ਰਾਬ ਹੋ ਚੁੱਕੇ ਹਨ। ਵਧੇਰੇ ਥਾਵਾਂ 'ਤੇ ਖ਼ਰਾਬ ਹੋਈ ਕੰਧ ਕਲਾ, ਮੋਹਰਾਕਸ਼ੀ ਤੇ ਗੱਚ ਵਰਕ ਨੂੰ ਪਹਿਲਾਂ ਵਾਂਗ ਹੀ ਸੰਭਾਲਣ ਦਾ ਯਤਨ ਕੀਤਾ ਜਾਵੇਗਾ।

ਦੱਸਣਯੋਗ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪਹਿਲੀ ਮੰਜ਼ਲ 'ਤੇ ਖਰਾਬ ਹੋ ਰਹੀ ਕੰਧ ਕਲਾ ਨੂੰ ਬਚਾਉਣ ਲਈ ਇਸ ਉਤੇ ਸ਼ੀਸ਼ੇ ਲਾ ਦਿੱਤੇ ਗਏ ਸਨ ਤਾਂ ਜੋ ਇਸ ਨੂੰ ਸੰਗਤ ਦੇ ਹੱਥ ਲੱਗਣ ਨਾਲ ਖਰਾਬ ਹੋਣ ਤੋਂ ਬਚਾਇਆ ਜਾ ਸਕੇ। ਇਸ ਉਪਰ ਸ਼ੀਸ਼ੇ ਲਾਏ ਜਾਣ ਕਾਰਨ ਹੇਠੋਂ ਨਮੀ ਆਉਣ ਨਾਲ ਇਹ ਕਈ ਥਾਵਾਂ ਤੋਂ ਖਰਾਬ ਹੋ ਗਈ ਸੀ। ਇਸੇ ਤਰ੍ਹਾਂ ਪੌੜੀਆਂ ਦੀਆਂ ਦੋਵੇਂ ਪਾਸੇ ਦੀਆਂ ਕੰਧਾਂ 'ਤੇ ਹੋਈ ਕੰਧ ਕਲਾ ਵੀ ਸ਼ਰਧਾਲੂਆਂ ਦੇ ਹੱਥ ਲੱਗਣ ਕਾਰਨ ਤਕਰੀਬਨ ਪੂਰੀ ਤਰ੍ਹਾਂ ਖਤਮ ਹੋ ਚੁੱਕੀ ਹੈ ਪਰ ਇਨ੍ਹਾਂ ਦੀਆਂ ਛੱਤਾਂ 'ਤੇ ਕੁਝ ਹਿੱਸਾ ਠੀਕ ਹੈ। ਹੇਠਲੀ ਮੰਜ਼ਲ 'ਤੇ ਪ੍ਰਦੂਸ਼ਣ ਕਾਰਨ ਸੋਨੇ ਦੇ ਕੁਝ ਪੱਤਰੇ ਪੂਰੀ ਤਰ੍ਹਾਂ ਕਾਲੇ ਹੋ ਚੁੱਕੇ ਹਨ ਤੇ ਕਈ ਉਖੜ ਵੀ ਚੁੱਕੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਕਹਿਣਾ ਹੈ ਕਿ ਇਸ ਵਿਰਾਸਤ ਨੂੰ ਸੰਭਾਲਣ ਲਈ ਹਰ ਹੀਲਾ ਕੀਤਾ ਜਾਵੇਗਾ। ਇਸ ਸਬੰਧੀ ਮਾਹਿਰਾਂ ਦੀ ਰਾਏ ਲਈ ਗਈ ਹੈ।

## ਫਿਲਮ '47 ਤੋਂ 84' ਬਿਆਨ ਕਰੇਗੀ ਸਿੱਖ ਕਤਲੇਆਮ ਦਾ ਦੁਖਾਂਤ




**ਜਲੰਧਰ:** ਸ਼ਮਾਰੂ ਕੰਪਨੀ ਵੱਲੋਂ ਬਬਲੀ ਸਿੰਘ ਦੀ ਦੇਖ-ਰੇਖ ਵਿਚ ਤਿਆਰ ਕੀਤੀ ਫ਼ਿਲਮ '47 ਤੋਂ 84: ਹੁਣ ਮੈਂ ਕਿਸ ਨੂੰ ਵਤਨ ਕਹੂੰਗਾ' ਭਾਰਤ ਵਿਚ ਹੋਏ ਸਿੱਖ ਕਤਲੇਆਮ ਤੇ ਘੱਲੂਘਾਰਾ ਦਿਵਸ ਦੀ 30ਵੀਂ ਵਰ੍ਹੇਗੰਢ ਮੌਕੇ 30 ਮਈ ਨੂੰ ਦੁਨੀਆ ਭਰ ਵਿਚ ਰਿਲੀਜ਼ ਕੀਤੀ ਜਾ ਰਹੀ ਹੈ। ਬਬਲੀ ਸਿੰਘ ਦਾ ਕਹਿਣਾ ਹੈ ਕਿ ਇਸ ਫ਼ਿਲਮ ਰਾਹੀਂ ਉਨ੍ਹਾਂ ਦੀ ਕੋਸ਼ਿਸ਼ ਹੈ ਕਿ ਉਹ ਸਿੱਖਾਂ ਨੂੰ ਇਨਸਾਫ਼ ਦਿਵਾਉਣ ਦੀ ਸੋਚ ਨੂੰ ਹਰ ਵਰਗ ਤੱਕ ਪਹੁੰਚਾ ਸਕਣ। ਸਾਡਾ ਇਸ ਫ਼ਿਲਮ ਨੂੰ ਬਣਾਉਣ ਦਾ ਮਕਸਦ ਅੱਜ ਦੀ ਨੌਜਵਾਨ ਪੀੜ੍ਹੀ ਨੂੰ 1984 ਵੇਲੇ ਵਾਪਰੀਆਂ ਸਿੱਖ ਵਿਰੋਧੀ ਘਟਨਾਵਾਂ ਤੋਂ ਜਾਣੂ ਕਰਵਾਉਣਾ ਹੈ ਕਿ ਇਹ ਕਿਉਂ ਅਤੇ ਕਿੰਨਾਂ ਹੋਇਆ ਅਤੇ ਕਿਸ ਤਰ੍ਹਾਂ ਇਸ ਦੁਖਾਂਤ ਦੇ ਪੀੜਤ ਲੋਕ 30 ਸਾਲਾਂ ਤੋਂ ਇਨਸਾਫ਼ ਦੀ ਉਡੀਕ ਵਿਚ ਸੰਘਰਸ਼ ਕਰ ਰਹੇ ਹਨ। ਭਾਰਤੀ ਲੋਕਤੰਤਰ ਦੇ ਸਿੱਖ ਵਿਰੋਧੀ ਤੇ ਪੱਖਪਾਤੀ ਰਵੱਈਏ ਨੂੰ ਬੇਨਕਾਬ ਕਰਦੀ ਇਹ ਫ਼ਿਲਮ 1947 ਤੋਂ 1984 ਤੱਕ ਦੀਆਂ ਫ਼ਿਰਕੂ ਦੰਗੇ ਤੇ ਕਤਲੇਆਮਨੁਮਾ ਘਟਨਾਵਾਂ ਨੂੰ ਅੰਜ਼ਾਮ ਦੇਣ ਪਿੱਛੇ ਕੋਝੀਆਂ ਸਿਆਸੀ ਚਾਲਾਂ ਨੂੰ ਦੁਨੀਆ ਭਰ ਦੇ ਇਨਸਾਫ਼ ਪਸੰਦ ਲੋਕਾਂ ਸਾਹਮਣੇ ਲੈ ਕੇ ਆਵੇਗੀ। ਫਿਲਮ ਦੇ ਨਿਰਦੇਸ਼ਕ ਰਾਜੀਵ ਸ਼ਰਮਾ ਹਨ ਅਤੇ ਸੰਗੀਤ ਆਰ. ਸ਼ੀਨ ਵੱਲੋਂ ਤਿਆਰ ਕੀਤਾ ਗਿਆ ਹੈ। ਉਘੇ ਲੇਖਕ ਲਾਲੀ ਗਿੱਲ ਵੱਲੋਂ ਲਿਖੀ ਗਈ ਫਿਲਮ ਦੀ ਕਹਾਣੀ ਦਰਸ਼ਕਾਂ ਦੇ ਦਿਲਾਂ ਨੂੰ ਝੰਜੋੜਦੀ ਹੋਈ ਇਕ ਖਾਸ ਵਰਗ ਦੀ ਸਿੱਖਾਂ ਪ੍ਰਤੀ ਸੌੜੀ ਸੋਚ ਨੂੰ ਉਜਾਗਰ ਕਰਦੀ ਹੈ।

# ਪ੍ਰੀਤਲੜੀ ਦੇ ਸੁਪਨਿਆਂ ਦਾ ਪ੍ਰੀਤ ਨਗਰ ਹੋਇਆ ਅਣਦੇਖੀ ਦਾ ਸ਼ਿਕਾਰ

**ਅੰਮ੍ਰਿਤਸਰ:** ਗੁਰਬਖਸ਼ ਸਿੰਘ ਪ੍ਰੀਤਲੜੀ ਦੇ ਸੁਪਨਿਆਂ ਦਾ ਪ੍ਰੀਤ ਨਗਰ ਬੁਨਿਆਦੀ ਸਹੂਲਤਾਂ ਤੋਂ ਸੱਖਣਾ ਹੈ। ਸਰਹੱਦੀ ਖੇਤਰ ਹੋਣ ਕਾਰਨ ਸਰਕਾਰ ਨੇ ਕਦੇ ਵੀ ਇਸ ਪਾਸੇ ਧਿਆਨ ਨਹੀਂ ਦਿੱਤਾ। ਵਿਧਾਨ ਸਭਾ ਜਾਂ ਲੋਕ ਸਭਾ ਚੋਣਾਂ ਆਉਂਦੀਆਂ ਹਨ ਤਾਂ ਉਮੀਦਵਾਰ ਵੋਟਾਂ ਲੈ ਕੇ ਜਿੱਤਣ ਮਗਰੋਂ ਲੋਕਾਂ ਦੀ ਸਾਰ ਨਹੀਂ ਲੈਂਦਾ। ਬੁਨਿਆਦੀ ਸਹੂਲਤਾਂ ਨਾ ਹੋਣ ਕਾਰਨ ਸਮੱਸਿਆਵਾਂ ਨਾਲ ਜੂਝਦੇ ਲੋਕ ਜੀਵਨ ਬਸਰ ਕਰਨ ਦੇ ਆਦੀ ਹੋ ਗਏ ਹਨ। ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਉਮੀਦਵਾਰ ਜਾਂ ਉਨ੍ਹਾਂ ਦੇ ਨੁਮਾਇੰਦੇ ਵੋਟਾਂ ਮੰਗਣ ਆਉਂਦੇ ਹਨ ਪਰ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਅਣਦੇਖਾ ਕਰ ਦਿੰਦੇ ਹਨ। ਸਾਰੇ ਜਾਣਦੇ ਹਨ ਕਿ ਜਿੱਤਣ ਤੋਂ ਬਾਅਦ ਕਿਸੇ ਨੇ ਮੁੜ ਨਹੀਂ ਆਉਣਾ। ਸਾਡੇ ਮਸਲੇ ਜਿਉਂ ਦੇ ਤਿਉਂ ਹੀ ਰਹਿਣੇ ਹਨ। ਅਸੀਂ ਵੀ ਹਰੇਕ ਨੂੰ ਵੋਟ ਪਾਉਣ ਲਈ ਹੁੰਗਾਰਾ ਭਰ ਦਿੰਦੇ ਹਾਂ।

ਪ੍ਰੀਤ ਨਗਰ ਪੰਜਾਬੀ ਸਾਹਿਤ ਜਗਤ ਦਾ ਇਕ ਮੁਕੱਦਸ ਸਥਾਨ ਹੈ। ਗੁਰਬਖਸ਼ ਸਿੰਘ ਪ੍ਰੀਤਲੜੀ ਨੇ ਆਪਣੀ ਲੇਖਣੀ ਨਾਲ ਪੰਜਾਬੀ ਸਾਹਿਤ ਦੀ ਨੁਹਾਰ ਹੀ ਬਦਲ ਦਿੱਤੀ ਸੀ। ਉਨ੍ਹਾਂ ਵੱਲੋਂ ਇਥੇ ਰਚਿਆ ਗਿਆ ਸਾਹਿਤ ਤੇ ਪ੍ਰੀਤਲੜੀ ਵਿਚ ਛੱਪਦੇ ਰਹੇ ਲੇਖਾਂ ਨੇ ਲੋਕਾਂ ਨੂੰ ਜੀਵਨ-ਜਾਚ ਤੇ ਮਾਨਵੀ ਕਦਰਾਂ-ਕੀਮਤਾਂ ਸਿਖਾਈਆਂ। ਪ੍ਰੀਤਲੜੀ ਅੱਜ ਵੀ ਪੂਨਮ ਸੁਮੀਤ ਸਿੰਘ ਦੀ ਸੰਪਾਦਨਾ ਹੇਠ ਪ੍ਰਕਾਸ਼ਿਤ ਹੋ ਰਹੀ ਹੈ ਤੇ ਸਾਹਿਤ ਜਗਤ ਵਿਚ ਇਸ ਦਾ ਅੱਜ ਵੀ ਵਿਲੱਖਣ ਸਥਾਨ ਹੈ। ਪ੍ਰੀਤ ਨਗਰ ਦੀ ਧਰਤੀ 'ਕਿਸੇ ਦਿਲ ਸਾਂਝੇ ਦੀ ਧੜਕਣ, ਕਿਸੇ ਪ੍ਰੀਤ ਗੀਤ ਦੀ ਲੈਅ, ਜਿਸ ਵਿਚ ਪਰੋਤੀ ਸਭ ਸ਼ੈਅ' ਦੇ ਮੰਤਵ ਨਾਲ ਵਧੀ-ਫੁੱਲੀ। ਜਦੋਂ 1934 ਵਿਚ ਪ੍ਰੀਤਲੜੀ ਸ਼ੁਰੂ ਹੋਈ ਸੀ ਤਾਂ ਇਸ ਦੇ ਟਾਈਟਲ ਸਫੇ 'ਤੇ ਉਨ੍ਹਾਂ ਦਾ ਪਹਿਲਾ ਮਾਟੋ ਲਿਖਿਆ ਹੁੰਦਾ ਸੀ 'ਇਕ ਦਿਲ ਸਾਂਝੇ ਦੀ ਧੜਕਣ, ਕਿਸੇ ਪ੍ਰੀਤ ਗੀਤ ਦੀ ਲੈਅ, ਪਤੇ



> **ਪੰਜਾਬ ਸਰਕਾਰ ਨੇ ਸਾਹਿਤਕ ਵਿਰਾਸਤ ਦੀ ਸਾਰ ਨਾ ਲਈ। ਸਾਹਿਤਕਾਰ ਵੀ ਭੁੱਲ ਹੀ ਗਏ ਪੰਜਾਬ ਦੀ ਇਹ ਵਿਰਾਸਤ।**

ਪ੍ਰੀਤਲੜੀ ਦੇ ਦੱਸਣ, ਜਿਸ ਵਿਚ ਪਰੋਤੀ ਸਭੇ ਸ਼ੈਅ'। 1938 ਵਿਚ ਸ੍ਰੀ ਗੁਰਬਖਸ਼ ਸਿੰਘ ਪ੍ਰੀਤਲੜੀ ਦੇ ਪਰਿਵਾਰ ਦੇ ਇਥੇ ਵੱਸਣ ਤੋਂ ਬਾਅਦ ਸਭ ਤੋਂ ਪਹਿਲਾਂ ਨਾਵਲਕਾਰ ਨਾਨਕ ਸਿੰਘ ਪਰਿਵਾਰ ਸਮੇਤ ਇਥੇ ਆ ਕੇ ਵੱਸੇ ਸਨ। ਪ੍ਰੀਤ ਨਗਰ ਲੇਖਕਾਂ ਤੇ ਸਨੇਹੀਆਂ ਲਈ ਆਪਣੀ ਵੱਖਰੀ ਨੁਹਾਰ ਕਾਰਨ ਖਿੱਚ ਦਾ ਕੇਂਦਰ ਬਣਿਆ ਤੇ ਫਿਰ ਇਹ ਲੇਖਕਾਂ ਦਾ ਮੱਕਾ ਬਣ ਗਿਆ। ਪ੍ਰੀਤਲੜੀ ਪਰਿਵਾਰ ਅੱਜ ਵੀ ਇਥੇ ਰਹਿ ਰਿਹਾ ਹੈ। ਗੁਰਬਖਸ਼ ਸਿੰਘ ਪ੍ਰੀਤਲੜੀ ਦੇ ਪੁੱਤਰ ਤੇ ਬਾਲ ਲੇਖਕ ਹਿਰਦੈਪਾਲ ਸਿੰਘ, ਜਿਹੜੇ ਲੰਮਾ ਸਮਾਂ ਬਾਲ ਸੰਦੇਸ਼ ਪ੍ਰਕਾਸ਼ਤ ਕਰਦੇ ਰਹੇ ਹਨ, ਉੱਘੇ ਕਹਾਣੀਕਾਰ ਮੁਖਤਾਰ ਗਿੱਲ ਅੱਜ ਵੀ ਇਥੇ ਰਹਿ ਰਹੇ ਹਨ। ਸੰਖੇਪ ਵਿਚ ਗੱਲ ਕਰੀਏ ਤਾਂ ਪੰਜਾਬੀ, ਹਿੰਦੀ, ਉਰਦੂ ਦੇ ਮਹਾਨ ਲੇਖਕ ਇਸ ਮੁਕੱਦਸ ਨਗਰੀ ਨਾਲ ਜੁੜ ਗਏ। ਇਸ ਵੇਲੇ ਇਥੇ ਗੁਰਬਖਸ਼ ਸਿੰਘ-ਨਾਨਕ ਸਿੰਘ ਫਾਊਂਡੇਸ਼ਨ ਵੱਲੋਂ ਪ੍ਰੀਤ ਭਵਨ ਉਸਾਰਿਆ ਗਿਆ ਹੈ ਤੇ ਪ੍ਰੀਤ ਮਿਲਣੀਆਂ ਦਾ ਸਿਲਸਿਲਾ ਨਿਰੰਤਰ ਜਾਰੀ ਹੈ।

ਆਜ਼ਾਦੀ ਦੇ 66 ਵਰ੍ਹਿਆਂ ਮਗਰੋਂ ਵੀ ਪੰਜਾਬੀ ਸਾਹਿਤ ਦੀ ਇਹ ਵਿਰਾਸਤ ਸਰਕਾਰ ਵੱਲੋਂ ਅਣਗੌਲੀ ਹੋਈ ਹੈ। ਸਰਕਾਰ ਨੇ ਆਪਣੀ ਕੋਈ ਜ਼ਿੰਮੇਵਾਰੀ ਨਹੀਂ ਨਿਭਾਈ ਤੇ ਇਸ ਨੂੰ ਬੁਨਿਆਦੀ ਸਹੂਲਤਾਂ ਤੋਂ ਵਾਂਝੇ ਰੱਖਿਆ ਹੈ। ਪ੍ਰੀਤ ਨਗਰ ਵਾਸੀ ਬਲਾਕ ਸਮਿਤੀ ਚੋਗਾਵਾਂ ਦੇ ਚੇਅਰਮੈਨ ਰਾਂਝਾ ਸਿੰਘ ਦਾ ਕਹਿਣਾ ਹੈ ਕਿ ਪ੍ਰੀਤ ਨਗਰ ਲੋਪੋਕੇ ਨਾਲ ਜੁੜਿਆ ਹੋਇਆ ਹੈ ਪਰ ਇਥੋਂ ਦਾ ਕੋਈ ਪੰਚਾਇਤ ਮੈਂਬਰ ਨਹੀਂ। ਲੋਪੋਕੇ ਵਿਚ ਸੋਲਰ ਸਟਰੀਟ ਲਾਈ ਹੈ ਪਰ ਪ੍ਰੀਤ ਨਗਰ ਨੂੰ ਇਹ ਸਹੂਲਤ ਨਹੀਂ ਮਿਲੀ। ਪਾਣੀ ਦੇ ਨਿਕਾਸ ਦਾ ਕੋਈ ਪ੍ਰਬੰਧ ਨਹੀਂ, ਸੀਵਰੇਜ ਦੀ ਸਹੂਲਤ ਨਹੀਂ। ਮੜ੍ਹੀਆਂ ਦਾ ਬੁਰਾ ਹਾਲ ਹੈ, ਰਾਹ ਕੱਚਾ ਹੈ। ਬਰਸਾਤਾਂ ਦੇ ਦਿਨਾਂ ਵਿਚ ਲੋਕਾਂ ਨੂੰ ਬਹੁਤ ਮੁਸ਼ਕਿਲ ਪੇਸ਼ ਆਉਂਦੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਮੌਜੂਦਾ ਦਸਵੀਂ ਤੱਕ ਦਾ ਸਰਕਾਰੀ ਸਕੂਲ ਪਹਿਲਾਂ ਸਿਰਫ ਕੁੜੀਆਂ ਲਈ ਹੁੰਦਾ ਸੀ ਪਰ ਹੁਣ ਮੁੰਡੇ-ਕੁੜੀਆਂ ਦੋਵੇਂ ਪੜ੍ਹਦੇ ਹਨ। ਉਨ੍ਹਾਂ ਦੀ ਮੰਗ ਹੈ ਕਿ ਇਸ ਸਕੂਲ ਨੂੰ ਸਿਰਫ ਕੁੜੀਆਂ ਤੱਕ ਹੀ ਸੀਮਤ ਕੀਤਾ ਜਾਵੇ। ਪ੍ਰੀਤ ਨਗਰ ਵਿਚ 250 ਵੋਟਾਂ ਹਨ। ਸਾਰਾ ਪਿੰਡ ਪੂਰੇ ਉਤਸ਼ਾਹ ਨਾਲ ਵੋਟਾਂ ਵਿਚ ਹਿੱਸਾ ਲੈਂਦਾ ਹੈ। ਇਸ ਵਾਰ ਸੀ.ਪੀ.ਆਈ ਦੇ ਉਮੀਦਵਾਰ ਕਾਮਰੇਡ ਅਮਰਜੀਤ ਸਿੰਘ ਆਸਲ ਤੇ ਸੀ.ਪੀ.ਐਮ. ਦੇ ਉਮੀਦਵਾਰ ਕਾਮਰੇਡ ਰਤਨ ਸਿੰਘ ਰੰਧਾਵਾ ਨੇ ਹੀ ਨਿੱਜੀ ਤੌਰ 'ਤੇ ਇਸ ਪਿੰਡ ਵਿਚ ਪਹੁੰਚ ਕੀਤੀ ਹੈ। ਹੋਰ ਕਿਸੇ ਪਾਰਟੀ ਦਾ ਕੋਈ ਉਮੀਦਵਾਰ ਇਸ ਪਿੰਡ ਵਿਚ ਨਹੀਂ ਪਹੁੰਚਿਆ। ਭਾਵੇਂ ਉਮੀਦਵਾਰਾਂ ਦੇ ਪ੍ਰਤੀਨਿਧ ਲਗਾਤਾਰ ਪਿੰਡ ਵਿਚ ਆ ਰਹੇ ਹਨ, ਫਿਰ ਵੀ ਲੋਕ ਚੋਣਾਂ ਵਿਚ ਦਿਲਚਸਪੀ ਲੈ ਰਹੇ ਹਨ ਤੇ ਸਥਿਤੀ 'ਤੇ ਪੂਰੀ ਨਜ਼ਰ ਰੱਖ ਰਹੇ ਹਨ ਪਰ ਖਾਮੋਸ਼ ਹਨ।

# ਯਾਦਾਂ ਬਣ ਕੇ ਰਹਿ ਗਏ ਪਿੰਡਾਂ ਦੇ ਤੰਦੂਰ



**ਧੂਰੀ:** ਪੰਜਾਬ ਦਾ ਇਤਿਹਾਸ ਮਿੱਟੀ ਦੇ ਬਣੇ ਚੁੱਲ੍ਹਿਆਂ ਤੇ ਤੰਦੂਰਾਂ ਨਾਲ ਜੁੜਿਆ ਹੋਇਆ ਹੈ ਤੇ ਚੁੱਲ੍ਹੇ ਘਰਾਂ ਅੰਦਰ ਆਪਸੀ ਪਿਆਰ ਤੇ ਸਾਂਝ ਦਾ ਪ੍ਰਤੀਕ ਹੁੰਦੇ ਸਨ, ਜਿਉਂ ਜਿਉਂ ਪੰਜਾਬ ਅੰਦਰ ਤਰੱਕੀ ਹੁੰਦੀ ਗਈ ਪੰਜਾਬ ਦੇ ਘਰਾਂ ਵਿਚ ਇਨ੍ਹਾਂ ਦੀ ਹੋਂਦ ਬਿਲਕੁਲ ਖ਼ਤਮ ਹੁੰਦੇ ਹੋਏ ਪਿੰਡਾਂ ਦੇ ਕੁਝ ਘਰਾਂ ਤੱਕ ਸੀਮਤ ਹੋ ਕੇ ਰਹਿ ਗਈ ਹੈ। ਪਿੰਡਾਂ ਤੇ ਸ਼ਹਿਰਾਂ ਅੰਦਰ ਚੁੱਲ੍ਹਿਆਂ ਤੇ ਤੰਦੂਰਾਂ ਨੇ ਲੰਮਾ ਸਮਾਂ ਪੰਜਾਬ ਦੇ ਘਰਾਂ ਵਿਚ ਰਾਜ ਕੀਤਾ ਹੈ।

ਅੱਜ ਸ਼ਹਿਰੀ ਤੇ ਪੇਂਡੂ ਘਰ ਅੰਦਰ ਚੁੱਲ੍ਹਿਆਂ ਦੀ ਥਾਂ ਗੈਸੀ ਚੁੱਲ੍ਹਿਆਂ ਨੇ ਲੈ ਲਈ। ਕੋਈ ਸਮਾਂ ਸੀ ਜਦੋਂ ਘਰ ਅੰਦਰ ਸਮੁੱਚੇ ਪਰਿਵਾਰ ਦੀ ਰੋਟੀ ਇਨ੍ਹਾਂ ਚੁੱਲ੍ਹਿਆਂ ਉਪਰ ਬਣਦੀ ਸੀ। ਸਮੁੱਚੇ ਪਰਿਵਾਰ ਨੂੰ ਇਹ ਚੁੱਲ੍ਹਾ ਆਪਸੀ ਪਿਆਰ ਦੀਆਂ ਤੰਦਾਂ ਵਿਚ ਬੰਨ੍ਹ ਕੇ ਰੱਖਦਾ ਸੀ। ਸ਼ਹਿਰ ਅੰਦਰ ਚੁੱਲ੍ਹਿਆਂ ਦੇ ਦਰਸ਼ਨ ਨਾਮਾਤਰ ਤੇ ਤੰਦੂਰਾਂ ਦੇ ਦਰਸ਼ਨ ਸਿਰਫ ਢਾਬਿਆਂ ਉਪਰ ਹੀ ਹੁੰਦੇ ਹਨ।

ਅੱਜ ਵੀ ਤੰਦੂਰ ਦੀ ਰੋਟੀ ਖਾਣ ਦੇ ਸ਼ੌਕੀਨ ਇਨ੍ਹਾਂ ਢਾਬਿਆਂ 'ਤੇ ਜਾ ਕੇ ਸ਼ੌਕ ਪੂਰਾ ਕਰਦੇ ਹਨ। ਪੰਜਾਬ ਦੇ ਕਈ ਪਿੰਡਾਂ ਦੀਆਂ ਔਰਤਾਂ ਅੱਜ ਵੀ ਪਰਿਵਾਰ ਦੀ ਰੋਟੀ ਗੈਸੀ ਚੁੱਲ੍ਹਿਆਂ ਦੀ ਥਾਂ ਇਨ੍ਹਾਂ ਮਿੱਟੀ ਦੇ ਚੁੱਲ੍ਹਿਆਂ 'ਤੇ ਬਣਾਉਣ ਨੂੰ ਪਹਿਲ ਦਿੰਦੀਆਂ ਹਨ। ਮਿੱਟੀ ਦੇ ਕੰਮ ਨਾਲ ਜੁੜੇ ਇਕ ਵਿਅਕਤੀ ਬਲਵਿੰਦਰ ਸਿੰਘ ਦਾ ਕਹਿਣਾ ਹੈ ਕਿ ਪੰਜਾਬ ਅੰਦਰ ਇਕ ਸਮਾਂ ਅਜਿਹਾ ਸੀ ਜਦੋਂ ਉਸ ਨੂੰ ਮਿੱਟੀ ਦੇ ਚੁੱਲ੍ਹੇ ਬਣਾਉਣ ਦਾ ਵੱਡਾ ਆਰਡਰ ਮਿਲਦਾ ਸੀ ਪਰ ਅੱਜ ਇਹ ਸਭ ਬਿਲਕੁਲ ਖ਼ਤਮ ਹੋ ਚੁੱਕਾ ਹੈ ਤੇ ਉਹ ਹੁਣ ਮਿੱਟੀ ਦੇ ਗਮਲੇ, ਘੜੇ, ਹੋਰ ਸਾਮਾਨ ਬਣਾ ਕੇ ਪਰਿਵਾਰ ਦਾ ਗੁਜ਼ਾਰਾ ਕਰਦਾ ਹੈ।

# ‘ਹੱਸਦਾ ਪੰਜਾਬ’ ਡੈਲਸ, ਟੈਕਸਸ ਦਾ ਵਿਸਾਖੀ ਮੇਲਾ: ਤਸਵੀਰਾਂ ਦੀ ਜ਼ੁਬਾਨੀ



**Grand Sponsors: Manpreet Walia (Khalsa Panth USA)**

**Chief Guest: Bhupinder Walia**

**Platinum Sponsors:** HarbhajanNijjar, Tony Bhullar, Surjit Singh, Kuljit Cheema, Dhesi Brothers, Randhawa Brothers, Bagli Brothers, Penny Sidhu, Gurdev Hayer, Hardip Gurna, Roger Sangha, Davinder S. Gill, Joga Singh, Rajinder Sandhu, Birinder Sandhu, Parminder S. Sanghera, Parpal Malhi,Gursewak Singh, Mobile com Professional, Bahadur Sahota, Ranvir Walia, Walia Family, Punjabi Youth of Murphy, Gurminder Padda, Bawa's Truck Trailer Repair (Mattu & Raj), Sodi Toor, Noni Toor, Daljit Sidhu, Lakhvir Gill, P G Mechanical, Parmjit Johal, Raja Nijjar, Kuldeep, Randhir Gill (Billa), Jagi Sukhala, Akal Corp (Bobby, Paul Uppal), Dr. Chahal, NAPA Houston

**Gold Sponsors:** Tehsil S. Dhaliwal, Hawthorn Inn & Suites, Taj Mahal Rest., Maharaja Rest., Mumtaz Rest., Kurina Kulfi, Tandoor Indian Rest., Balkar Singh, Mukhtar Singh, Amir Dhillon, Ajmer Singh, Jagraj Singh, Pardeep S. Benipal, Nirbhai Benipal, US Tours & Travel

**Silver Sponsors:** Davinder Mudhar, Mandhir Bal, Roop Gill, Dalwinder Khatra,Gulam Warraich, Harbhajan Walia, Mashiana Corp., Jasdip Singh, Hardip K. Malhi, Gagan S. Benipal, Balbir S. Bains, Sukhjit Singh Gill, Ark Grocery (Mohinder), Zora Singh, H. Sunny Inc. (Balbir), Harvinder Malhi, Sarbjit S. Gill, Gurpreet Singh, Hardip S. Gill, Amreek Singh (Romee), Jassi Brar, Harry Brar, Rai Brothers, Satpal Serai, Cell Phone Warehouse, Jaskaran Dhillon, Hardip Chahal, Top line ATM Network, Rakesh S. Saini, Amarjit Dhillon, Kelvin S. Dhillon, Ajmer Mattu, Dr. Vijay Sharma, Gurmail S. Sooch, UR Studio, Kulwinder Kinda, 7Star Carrier, Jasvir Kandhola, PA, Gary Uppal, Transport LLC, Harminder S. Gill Jaswant Sandhu, Balvir Singh, Kulwinder S. Rawan, Bhupinder Sanghera, Satwinder Singh, Gurvinder Sandhu, Gobind Dhiman, Gurdawar Singh, Kaur S. Sandhu, Dr. Raj Kumar, V R Carriers, Mohan S. Maan

**Skylark CCTV**: install security cameras, networking and phone systems. Ph: 972-900-4989

**Media Sponsors**: Radio Hasda Punjab Fun Asia 1110AM from 3-4PM every Saturday-Exclusive Media partner ‘Fun-Asia’





ਮਨਪ੍ਰੀਤ ਸਿੰਘ ਵਾਲੀਆ



























*Sponsored Page*

# ਭਗਤ ਸਿੰਘ ਨੂੰ ਸ਼ਹੀਦ ਕਰਨ ਲਈ ਕਾਹਲੇ ਕਿਉਂ ਸਨ ਅੰਗਰੇਜ਼?

## ਸਾਂਡਰਸ ਕਤਲ ਕੇਸ ਵਾਲੀ ਐਫ.ਆਈ.ਆਰ. 'ਚ ਨਹੀਂ ਸੀ ਭਗਤ ਸਿੰਘ ਦਾ ਨਾਂ

**ਲਾਹੌਰ:** ਸ਼ਹੀਦ ਭਗਤ ਸਿੰਘ ਨੂੰ ਬੇਕਸੂਰ ਸਾਬਤ ਕਰਨ ਦੀਆਂ ਕੋਸ਼ਿਸ਼ਾਂ ਨੂੰ ਉਸ ਸਮੇਂ ਬੂਰ ਪਿਆ ਜਦੋਂ ਲਾਹੌਰ ਪੁਲਿਸ ਨੂੰ ਮਿਲੀ ਐਫ.ਆਈ.ਆਰ. ਵਿਚ ਇਸ ਉੱਘੇ ਕ੍ਰਾਂਤੀਕਾਰੀ ਦਾ ਨਾਮ ਨਹੀਂ ਮਿਲਿਆ।

ਭਗਤ ਸਿੰਘ ਯਾਦਗਾਰੀ ਫਾਊਂਡੇਸ਼ਨ ਦੇ ਚੇਅਰਮੈਨ ਅਤੇ ਪਟੀਸ਼ਨਰ ਇਮਤਿਆਜ਼ ਰਸ਼ੀਦ ਕੁਰੈਸ਼ੀ ਨੇ ਲਾਹੌਰ ਹਾਈ ਕੋਰਟ ਵਿਚ ਪਟੀਸ਼ਨ ਪਾ ਕੇ ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਵੱਲੋਂ ਤਤਕਾਲੀ ਐਸ.ਐਸ.ਪੀ. ਜੌਹਨ ਪੀ. ਸਾਂਡਰਸ ਨੂੰ ਮਾਰਨ ਖਿਲਾਫ਼ ਦਰਜ ਐਫ.ਆਈ.ਆਰ. ਦੀ ਤਸਦੀਕਸ਼ੁਦਾ ਕਾਪੀ ਮੁਹੱਈਆ ਕਰਾਉਣ ਦੀ ਮੰਗ ਕੀਤੀ ਸੀ। ਭਗਤ ਸਿੰਘ ਨੂੰ ਸਾਂਡਰਸ ਦੀ ਹੱਤਿਆ ਕਰਨ ਦੇ ਜੁਰਮ ਵਿਚ ਸਜ਼ਾ-ਏ-ਮੌਤ ਸੁਣਾਈ ਗਈ ਸੀ ਅਤੇ ਉਨ੍ਹਾਂ ਨੂੰ 23 ਸਾਲ ਦੀ ਉਮਰ ਵਿਚ 23 ਮਾਰਚ 1931 ਵਿਚ ਲਾਹੌਰ ਵਿਚ ਫਾਂਸੀ ਦੇ ਦਿੱਤੀ ਗਈ ਸੀ। ਕਰੀਬ 83 ਸਾਲਾਂ ਬਾਅਦ ਲਾਹੌਰ ਪੁਲਿਸ ਨੇ ਅਦਾਲਤ ਦੇ ਹੁਕਮਾਂ 'ਤੇ ਅਨਾਰਕਲੀ ਪੁਲਿਸ ਸਟੇਸ਼ਨ ਦੇ ਰਿਕਾਰਡ ਨੂੰ ਘੋਖਿਆ ਅਤੇ ਸਾਂਡਰਸ ਦੇ ਕਤਲ ਦੀ ਐਫ.ਆਈ.ਆਰ. ਲੱਭਣ ਵਿਚ ਕਾਮਯਾਬ ਰਹੇ।

ਇਹ ਐਫ.ਆਈ.ਆਰ. ਉਰਦੂ ਵਿਚ ਲਿਖੀ ਹੋਈ ਹੈ ਅਤੇ ਅਨਾਰਕਲੀ ਪੁਲਿਸ ਸਟੇਸ਼ਨ ਵਿਚ 17 ਦਸੰਬਰ 1928 ਨੂੰ ਸ਼ਾਮ ਸਾਢੇ ਚਾਰ ਵਜੇ ਦੋ ਅਣਪਛਾਤੇ ਬੰਦੂਕਧਾਰੀਆਂ ਖਿਲਾਫ਼ ਦਰਜ ਕੀਤੀ ਹੋਈ ਹੈ। ਇਸ ਕੇਸ ਵਿਚ ਅਨਾਰਕਲੀ ਪੁਲਿਸ ਸਟੇਸ਼ਨ ਦਾ ਅਧਿਕਾਰੀ ਹੀ ਸ਼ਿਕਾਇਤਕਰਤਾ ਸੀ।

ਸ਼ਿਕਾਇਤਕਰਤਾ ਅਤੇ ਪ੍ਰਤੱਖਦਰਸ਼ੀ ਦਾ ਕਹਿਣਾ ਸੀ ਕਿ ਉਸ ਨੇ ਜਿਸ ਬੰਦੇ ਦਾ ਪਿੱਛਾ ਕੀਤਾ, ਉਹ ਪੰਜ ਫੁੱਟ ਪੰਜ ਇੰਚ ਲੰਮਾ ਹਿੰਦੂ ਸੀ। ਉਸ ਦੇ ਚਿਹਰੇ 'ਤੇ ਛੋਟੀਆਂ ਮੁੱਛਾਂ ਸਨ ਅਤੇ ਸਰੀਰ ਪਤਲਾ ਤੇ ਮਜ਼ਬੂਤ ਸੀ। ਉਸ ਨੇ ਸਫੈਦ ਰੰਗ ਦਾ ਪਜਾਮਾ ਅਤੇ ਸਲੇਟੀ ਰੰਗ ਦਾ ਕੁੜਤਾ ਪਹਿਨਿਆ ਹੋਇਆ ਸੀ। ਉਸ ਨੇ ਸਿਰ 'ਤੇ ਕਾਲੇ ਰੰਗ ਦੀ ਕ੍ਰਿਸਟੀ ਵਰਗੀ ਛੋਟੀ ਟੋਪੀ ਵੀ ਰੱਖੀ ਹੋਈ ਸੀ।

ਇਹ ਕੇਸ ਭਾਰਤੀ ਦੰਡਾਵਲੀ ਤਹਿਤ ਧਾਰਾ 302, 120(1) ਅਤੇ 109 ਤਹਿਤ ਦਰਜ ਕੀਤਾ ਗਿਆ ਸੀ।

ਲਾਹੌਰ ਪੁਲਿਸ ਦੀ ਕਾਨੂੰਨੀ ਸ਼ਾਖਾ ਦੇ ਇੰਸਪੈਕਟਰ ਨੇ ਸੀਲਬੰਦ ਲਿਫਾਫੇ ਵਿਚ ਐਫ.ਆਈ.ਆਰ. ਦੀ ਤਸਦੀਕਸ਼ੁਦਾ ਕਾਪੀ ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ (ਲਾਹੌਰ) ਤਾਰਿਕ ਮਹਿਮੂਦ ਜ਼ਰਗਾਮ ਨੂੰ ਸੌਂਪੀ। ਅਦਾਲਤ ਨੇ ਐਫ.ਆਈ.ਆਰ. ਦੀ ਇਕ ਕਾਪੀ ਕੁਰੈਸ਼ੀ ਨੂੰ ਦਿੱਤੀ ਹੈ। ਜਨਾਬ ਕੁਰੈਸ਼ੀ ਨੇ ਕਿਹਾ ਹੈ ਕਿ ਭਗਤ ਸਿੰਘ ਦੇ ਕੇਸ ਦੀ ਸੁਣਵਾਈ ਕਰ ਰਹੇ ਵਿਸ਼ੇਸ਼ ਜੱਜਾਂ ਦੇ ਟ੍ਰਿਬਿਊਨਲ ਨੇ ਕੇਸ ਨਾਲ ਜੁੜੇ 450 ਗਵਾਹਾਂ ਨੂੰ ਸੁਣੇ ਬਿਨਾਂ ਹੀ ਭਗਤ ਸਿੰਘ ਤੇ ਸਾਥੀਆਂ ਨੂੰ ਮੌਤ ਦੀ ਸਜ਼ਾ ਸੁਣਾ ਦਿੱਤੀ। ਭਗਤ ਸਿੰਘ ਦੇ ਵਕੀਲਾਂ ਨੂੰ ਗਵਾਹਾਂ ਨਾਲ ਜਿਰ੍ਹਾ ਕਰਨ ਦਾ ਮੌਕਾ ਹੀ ਨਹੀਂ ਦਿੱਤਾ ਗਿਆ।

ਕੁਰੈਸ਼ੀ ਨੇ ਭਗਤ ਸਿੰਘ ਦੇ ਕੇਸ ਨੂੰ ਮੁੜ ਖੋਲ੍ਹਣ ਲਈ ਲਾਹੌਰ ਹਾਈ ਕੋਰਟ ਵਿਚ ਪਟੀਸ਼ਨ ਪਾਈ ਹੋਈ ਹੈ। ਸਾਂਡਰਸ ਕੇਸ ਵਿਚ ਭਗਤ ਸਿੰਘ ਨੂੰ ਬੇਕਸੂਰ ਸਾਬਤ ਕਰਨ ਦੀ ਕੋਸ਼ਿਸ਼ ਵਿਚ ਲੱਗੇ ਕੁਰੈਸ਼ੀ ਨੂੰ ਉਸ ਸਮੇਂ ਰਾਹਤ ਮਿਲੀ ਸੀ ਜਦੋਂ ਹਾਈ ਕੋਰਟ ਨੇ ਇਹ ਮਾਮਲਾ ਵੱਡੀ ਬੈਂਚ ਦੇ ਗਠਨ ਲਈ ਚੀਫ ਜਸਟਿਸ ਹਵਾਲੇ ਕਰ ਦਿੱਤਾ ਸੀ।

*ਭਗਤ ਸਿੰਘ ਆਪਣੇ ਦੌਰ ਦਾ ਅਜਿਹਾ ਸ਼ਖਸ ਸੀ ਜਿਸ ਨੇ ਮੁੱਖ ਧਾਰਾ ਸਿਆਸਤ ਨੂੰ ਸਿੱਧਾ ਵੰਗਾਰਿਆ। ਇਸੇ ਕਰ ਕੇ ਦਿਨਾਂ ਵਿਚ ਹੀ ਉਹ ਅਤੇ ਉਸ ਦੇ ਅਨੇਕਾਂ ਸਾਥੀਆਂ ਅੰਗਰੇਜ਼ ਸ਼ਾਸਕਾਂ ਦੀਆਂ ਅੱਖਾਂ ਵਿਚ ਰੜਕਣ ਲੱਗੇ। ਇਸ ਦਾ ਵੱਡਾ ਸਬੂਤ ਹੁਣ ਮਿਲਿਆ ਹੈ ਕਿ ਜਿਸ ਕਤਲ ਲਈ ਭਗਤ ਸਿੰਘ ਨੂੰ ਫਾਂਸੀ ਦਿੱਤੀ ਗਈ, ਉਸ ਦੀ ਐਫ.ਆਈ.ਆਰ. ਵਿਚ ਤਾਂ ਉਸ ਦਾ ਨਾਂ ਹੀ ਨਹੀਂ ਸੀ।*



## ਭਗਤ ਸਿੰਘ ਅਤੇ ਪੱਤਰਕਾਰੀ

ਇਕ ਕ੍ਰਾਂਤੀਕਾਰੀ ਸਿਆਸੀ ਕਾਮੇ ਲਈ ਪੱਤਰਕਾਰੀ ਦਾ ਤਜਰਬਾ ਕਿੰਨਾ ਕਾਰਗਰ ਸਿੱਧ ਹੋ ਸਕਦਾ ਹੈ, ਭਗਤ ਸਿੰਘ ਨੂੰ ਵੇਖ ਕੇ ਇਸ ਨੂੰ ਜਾਣਿਆ ਜਾ ਸਕਦਾ ਹੈ। ਪੱਤਰਕਾਰੀ ਦੇ ਪੇਸ਼ੇ ਦਾ ਸਾਕਾਰਾਤਮਕ ਪੱਖ ਇਹ ਹੈ ਕਿ ਉਸ ਦੇ ਜ਼ਰੀਏ ਆਮ ਲੋਕਾਂ ਨਾਲ ਵੱਡੇ ਪੈਮਾਨੇ 'ਤੇ ਸੂਚਨਾ ਅਤੇ ਸੰਵਾਦ ਦੇ ਪੱਧਰ 'ਤੇ ਜੁੜਨ ਦੀ ਸੰਭਾਵਨਾ ਰਹਿੰਦੀ ਹੈ।

17 ਸਾਲ ਦੀ ਉਮਰ ਵਿਚ ਜਦੋਂ ਕ੍ਰਾਂਤੀਕਾਰੀ ਲਹਿਰ ਨੂੰ ਜੀਵਨ ਸਮਰਪਿਤ ਕਰ ਕੇ ਭਗਤ ਸਿੰਘ ਘਰੋਂ ਨਿਕਲਿਆ ਤਾਂ ਜੈ ਚੰਦਰ ਵਿਦਿਅਲੰਕਰ ਦਾ ਪੱਤਰ ਲੈ ਕੇ ਸਿੱਧਾ 'ਪ੍ਰਤਾਪ' ਦੇ ਸੰਪਾਦਕ ਗਣੇਸ਼ ਸ਼ੰਕਰ ਵਿਦਿਆਰਥੀ ਨੂੰ ਮਿਲਿਆ। ਵਿਦਿਆਰਥੀ ਜੀ ਨੇ ਭਗਤ ਸਿੰਘ ਨੂੰ 'ਪ੍ਰਤਾਪ' ਦੇ ਸੰਪਾਦਕੀ ਵਿਭਾਗ ਵਿਚ ਕੰਮ ਦੇ ਦਿੱਤਾ। ਉਥੋਂ ਉਹਨੇ ਬਲਵੰਤ ਦੇ ਨਾਂ ਹੇਠ ਲਿਖਣਾ ਸ਼ੁਰੂ ਕੀਤਾ। ਫਿਰ ਲਹਿਰ ਦੀਆਂ ਜ਼ਰੂਰਤਾਂ ਲਈ ਬਲਵੰਤ ਨਾਂ ਨਾਲ ਹੀ 1925 ਵਿਚ ਦਿੱਲੀ ਦੇ 'ਦੈਨਿਕ ਅਰਜੁਨ' ਅਖ਼ਬਾਰ ਦੇ ਸੰਪਾਦਕੀ ਵਿਭਾਗ ਵਿਚ ਕੰਮ ਕੀਤਾ। ਉਸ ਦੇ ਅਧਿਐਨ ਤੇ ਲਗਨ ਦੀ ਚਰਚਾ ਉਸ ਦੇ ਹਰ ਸਾਥੀ ਨੇ ਕੀਤੀ ਹੈ। ਇਨ੍ਹਾਂ ਕਿਤਾਬਾਂ ਵਿਚ ਸਾਹਿਤ ਵੀ ਸੀ, ਰਾਜਨੀਤੀ ਤੇ ਇਤਿਹਾਸ ਵੀ। 1928 ਵਿਚ ਉਨ੍ਹਾਂ ਨੇ ਸੋਹਣ ਸਿੰਘ ਜੋਸ਼ ਦੀ ਰਹਿਨੁਮਾਈ ਵਿਚ ਨਿਕਲਣ ਵਾਲੀ ਪੱਤ੍ਰਿਕਾ 'ਕਿਰਤੀ' ਵਿਚ ਵੀ ਕੰਮ ਕੀਤਾ। ਫਿਰਕਾਪ੍ਰਸਤ ਦੰਗੇ ਤੇ ਉਨ੍ਹਾਂ ਦਾ ਇਲਾਜ, ਧਰਮ ਤੇ ਅਜ਼ਾਦੀ ਸੰਗਰਾਮ, ਅਛੂਤ ਸਮੱਸਿਆ ਜਿਹੇ ਮਹੱਤਵਪੂਰਨ ਲੇਖ ਉਹਨੇ ਉਸੇ ਸਾਲ ਕਿਰਤੀ 'ਚ ਲਿਖੇ ਸਨ। 'ਚਾਂਦ' ਦੇ ਨਵੰਬਰ 1928 ਦੇ 'ਫਾਂਸੀ ਅੰਕ' ਵਿਚ ਕ੍ਰਾਂਤੀਕਾਰੀਆਂ ਦੇ 37 ਰੇਖਾ ਚਿੱਤਰ ਉਹਨੇ ਲਿਖੇ। ਉਹਨੂੰ ਹਿੰਦੀ, ਉਰਦੂ ਤੇ ਪੰਜਾਬੀ, ਤਿੰਨਾਂ ਜ਼ੁਬਾਨਾਂ ਵਿਚ ਲਿਖਣ ਦੀ ਮੁਹਾਰਤ ਹਾਸਿਲ ਸੀ।

ਭਗਤ ਸਿੰਘ ਪੱਤਰਕਾਰੀ ਦੇ ਮਹੱਤਵ ਨੂੰ ਬਹੁਤ ਚੰਗੇ ਢੰਗ ਨਾਲ ਸਮਝਦਾ ਸੀ। ਇਸ ਨੂੰ ਬੰਬ ਧਮਾਕੇ ਦੇ ਪ੍ਰਸੰਗ ਵਿਚ ਵੀ ਵੇਖਿਆ ਜਾ ਸਕਦਾ ਹੈ। ਬੰਬ ਧਮਾਕੇ ਤੋਂ ਕੁਝ ਦਿਨ ਪਹਿਲਾਂ ਉਹਨੇ ਆਪਣੇ ਤੇ ਬਟੁਕੇਸ਼ਵਰ ਦੱਤ ਦੇ ਦਿੱਲੀ ਦੇ ਕਸ਼ਮੀਰੀ ਗੇਟ ਵਿਖੇ ਰਾਮਨਾਥ ਫੋਟੋਗ੍ਰਾਫਰ ਦੀ ਦੁਕਾਨ 'ਤੇ ਫੋਟੋ ਖਿਚਵਾਏ। ਉਹਨੇ ਅਸੈਂਬਲੀ ਵਿਚ ਬੰਬ ਧਮਾਕੇ ਨਾਲ ਭੇਜੇ ਗਏ ਪਰਚੇ ਨੂੰ ਪਹਿਲਾਂ ਹੀ ਪ੍ਰੈਸ ਬਿਆਨ ਦੇ ਰੂਪ ਵਿਚ ਟਾਈਪ ਕਰਾ ਲਿਆ ਸੀ। 'ਹਿੰਦੋਸਤਾਨ ਟਾਈਮਜ਼' ਦੇ ਪੱਤਰਕਾਰ ਚਮਨ ਲਾਲ ਨੇ ਉਸੇ ਸ਼ਾਮ ਭਗਤ ਸਿੰਘ ਤੇ ਦੱਤ ਦੀ ਫੋਟੋ ਦੇ ਨਾਲ ਵਿਸ਼ੇਸ਼ ਅੰਕ ਦੇ ਰੂਪ 'ਚ ਪੂਰਾ ਬਿਆਨ ਛਾਪਿਆ। 'ਨੌਜਵਾਨ ਭਾਰਤ ਸਭਾ' ਨਾਲ ਜੁੜੇ ਰਹੇ 'ਸਟੇਟਸਮੈਨ' ਦੇ ਪੱਤਰਕਾਰ ਦੁਰਗਾਦਾਸ ਖੰਨਾ ਨੇ ਉਸੇ ਬਿਆਨ ਨੂੰ ਕਲਕੱਤਾ ਨਾ ਭੇਜ ਕੇ ਲੰਡਨ ਭੇਜ ਦਿੱਤਾ ਜਿਸ ਨਾਲ ਨਾ ਕੇਵਲ ਭਾਰਤ, ਬਲਕਿ ਬਹੁਤ ਸਾਰੇ ਦੇਸ਼ਾਂ ਵਿਚ ਅਸੈਂਬਲੀ ਬੰਬ ਧਮਾਕੇ ਦੀ ਖ਼ਬਰ ਛਪੀ ਸੀ।

ਭਗਤ ਸਿੰਘ ਦੀ ਸ਼ਹਾਦਤ ਨੇ ਭਾਰਤ ਦੀ ਪੱਤਰਕਾਰੀ ਨੂੰ ਨਵਾਂ ਵੇਗ ਦਿੱਤਾ। 'ਭਵਿੱਖ' ਅਤੇ 'ਅੱਭਯੁਦਿਯ' ਦੇ ਉਹਦੇ ਉਤੇ ਕੇਂਦਰਤ ਅੰਕਾਂ ਨੂੰ ਸਰਕਾਰ ਨੇ ਜ਼ਬਤ ਕਰ ਲਿਆ। ਭਗਤ ਸਿੰਘ ਦੇ ਮੁਕੱਦਮੇ ਦੀ ਅਖ਼ਬਾਰਾਂ ਦੀ ਰਿਪੋਰਟਿੰਗ ਅਤੇ ਛਪੀ ਕਿਤਾਬ 'ਤੇ ਪਾਬੰਦੀ ਲੱਗ ਗਈ ਸੀ। ਹਿੰਦੀ ਵਿਚ 54, ਮਰਾਠੀ 'ਚ 4, ਤਾਮਿਲ 'ਚ 19, ਅੰਗਰੇਜ਼ੀ 'ਚ 9, ਪੰਜਾਬੀ 'ਚ 7, ਬੰਗਾਲਾ, ਸਿੰਧੀ, ਗੁਜਰਾਤੀ 'ਚ 2-2 ਅਤੇ ਕੰਨੜ ਤੇ ਤੇਲਗੂ ਵਿਚ 1-1 ਅਜਿਹੇ ਪ੍ਰਕਾਸ਼ਨ 1930 ਤੋਂ 1946 ਦੇ ਵਿਚਕਾਰ ਜ਼ਬਤ ਕੀਤੇ ਗਏ।

**-ਪ੍ਰੋਫੈਸਰ ਚਮਨ ਲਾਲ**

# ਉਮਰ ਦੀਆਂ ਤਰਕਾਲਾਂ ਨਾ ਸੁੰਨੀਆਂ ਹੋਣ ਦਿਓ...

**ਸੁਘੜ ਸੋਚ**



**ਬੀਬੀ ਸੁਰਜੀਤ ਕੌਰ ਸੈਕਰਾਮੈਂਟੋ**
**ਫੋਨ: 916-687-3536**

ਇਸ ਦੁਨੀਆਂ ਵਿਚ ਜਿਉਣ ਲਈ ਆਪਣਾ ਘਰ ਹੋਣਾ, ਉਨਾ ਹੀ ਜ਼ਰੂਰੀ ਹੈ ਜਿੰਨੀ ਜ਼ਿੰਦਗੀ। ਜਿਸ ਦਾ ਆਪਣਾ ਘਰ ਨਹੀਂ, ਸਮਝੋ ਉਸ ਦਾ ਕੁਝ ਵੀ ਨਹੀਂ। ਇਨਸਾਨ ਹੀ ਕਿਉਂ, ਚਰਿੰਦੇ ਅਤੇ ਪਰਿੰਦੇ ਵੀ ਆਪਣੇ ਘਰ ਬਣਾਉਂਦੇ ਹਨ। ਸੰਸਾਰ ਭਰ ਵਿਚ ਅਣਗਿਣਤ ਅਜਿਹੇ ਇਨਸਾਨ ਜਾਂ ਪਰਿਵਾਰ ਵੀ ਹਨ ਜੋ ਗੁਰਬਤ ਨਾਲ ਜੂਝਦੇ ਹੋਏ ਸੜਕਾਂ ਕਿਨਾਰੇ ਫੁੱਟਪਾਥਾਂ ਉਤੇ ਆਪਣੇ ਆਪ ਨਾਲ ਜੂਝ ਰਹੇ ਹਨ, ਪਰ ਅੱਜ ਦੀ ਗੱਲ ਦਾ ਵਿਸ਼ਾ ਰਤਾ ਅਲੱਗ ਹੈ। ਅੱਜ ਮੈਂ ਅਮਰੀਕਾ ਵਿਚ ਵੱਸਦੇ ਆਪਣੇ ਪੰਜਾਬੀ ਬਜ਼ੁਰਗਾਂ ਜਾਂ 'ਕੱਲੀਆਂ ਰਹਿ ਗਈਆਂ ਬੁੱਢੀਆਂ ਮਾਂਵਾਂ ਅਤੇ ਅਧਖੜ ਉਮਰ ਦੀਆਂ ਉਨ੍ਹਾਂ ਔਰਤਾਂ ਦੀ ਗੱਲ ਕਰ ਰਹੀ ਹਾਂ ਜੋ ਬੇਘਰੀਆਂ ਹਨ ਅਤੇ ਦਰ-ਦਰ ਧੱਕੇ ਖਾ ਰਹੀਆਂ ਹਨ।

ਸੋ, ਇਹ ਗੱਲ ਉਨ੍ਹਾਂ ਦੀ ਹੈ ਜੋ ਆਪਣੇ ਹੀ ਘਰਾਂ ਅਤੇ ਪਰਿਵਾਰਾਂ ਵਿਚ ਰਹਿੰਦੇ ਹੋਏ ਵੀ ਬੇਘਰ ਹਨ, ਤੇ ਬੇਵੱਸ ਜਾਂ ਲਾਚਾਰ ਮਹਿਸੂਸ ਕਰ ਰਹੇ ਹਨ। ਇਥੇ ਗੱਲ ਅਮੀਰੀ ਜਾਂ ਗਰੀਬੀ ਦੀ ਨਹੀਂ, ਕਿਉਂਕਿ ਜਿਸ ਮੁਲਕ ਵਿਚ ਅਸੀਂ ਬੈਠੇ ਹਾਂ, ਇਸ ਦਾ ਕਾਨੂੰਨ ਕਿਸੇ ਨੂੰ ਭੁੱਖੇ ਜਾਂ ਬੇਸਹਾਰੇ ਨਹੀਂ ਰਹਿਣ ਦਿੰਦਾ। ਪੈਂਹਠ ਸਾਲ ਦੀ ਉਮਰ ਹੁੰਦੇ ਹੀ ਰੋਟੀ ਅਤੇ ਬਿਮਾਰੀ ਵਿਚ ਇਲਾਜ ਦਾ ਆਪਣਾ ਵਾਅਦਾ ਬਾਖ਼ੂਬੀ ਨਿਭਾ ਰਿਹਾ ਹੈ। ਇਸ ਦੇ ਬਾਵਜੂਦ ਸਾਡੇ ਲੋਕਾਂ ਦੀਆਂ ਆਪਣੀਆਂ ਪਰਿਵਾਰਕ ਮਜਬੂਰੀਆਂ, ਅਧੂਰੀਆਂ ਖਵਾਹਿਸ਼ਾਂ, ਅਮੀਰ ਬਣਨ ਦੇ ਚਾਅ ਤੇ ਸੱਧਰਾਂ ਸਾਡੇ ਵੱਡਿਆਂ ਦੇ ਬੁਢਾਪੇ ਨੂੰ ਘੁਣ ਵਾਂਗ ਖਾ ਰਹੇ ਹਨ। ਅਸੀਂ ਆਉਣ ਵਾਲੇ ਕੱਲ੍ਹ ਦੀ ਝੂਠੀ ਜ਼ਿੰਦਗੀ ਲਈ ਆਪਣੇ ਅੱਜ ਨੂੰ ਵੀ ਨਰਕ ਤੋਂ ਬਦਤਰ ਬਣਾ ਕੇ ਬੈਠ ਗਏ ਹਾਂ। ਕੁਝ ਕੁ ਘਰ ਪਰਿਵਾਰਾਂ ਨੂੰ ਛੱਡ ਕੇ ਬਾਕੀ ਦੇ ਬਜ਼ੁਰਗ ਜੋ ਜ਼ਿੰਦਗੀ ਜੀਅ ਰਹੇ ਹਨ, ਉਸ ਦਾ ਉਨ੍ਹਾਂ ਨੂੰ ਹੀ ਪਤਾ ਹੈ। ਮਜਬੂਰੀ ਜਾਂ ਲਾਲਚਵੱਸ ਬੱਚੇ ਮਾਪਿਆਂ ਦੀ ਬੁਢਾਪਾ ਪੈਨਸ਼ਨ ਤਾਂ ਹਰ ਮਹੀਨੇ ਲੈਣ ਨੂੰ ਤਿਆਰ ਰਹਿੰਦੇ ਹਨ, ਪਰ ਬਜ਼ੁਰਗਾਂ ਦਾ ਬਣਦਾ ਸਤਿਕਾਰ ਜਾਂ ਉਨ੍ਹਾਂ ਕੋਲ ਦੋ ਮਿੰਟ ਬੈਠ ਕੇ ਉਨ੍ਹਾਂ ਨੂੰ ਆਪਣਾਪਨ ਦੇਣ ਲਈ ਕੋਈ ਤਿਆਰ ਨਹੀਂ।

ਕੁਝ ਸਮਾਂ ਪਹਿਲਾਂ ਦੀ ਗੱਲ ਹੈ, ਅਸੀਂ ਇਕ ਗੁਰੂਘਰ ਵਿਚ ਕੀਰਤਨ ਲਈ ਗਏ। ਦਰਬਾਰ ਹਾਲ ਵਿਚ ਅਜੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪੈਣੇ ਸਨ, ਸੋ ਭਾਈ ਸਾਹਿਬ ਆਖਣ ਲੱਗੇ, 'ਅਜੇ ਬਹੁਤ ਟਾਈਮ ਪਿਆ ਹੈ, ਚਲੋ ਚਾਹ-ਪਾਣੀ ਛਕਦੇ ਹਾਂ।' ਸੈਕਟਰੀ ਜੀ ਵੀ ਸਾਡੇ ਨਾਲ ਆ ਗਏ। ਕਮਰੇ ਵਿਚ ਬੈਠੇ ਚਾਹ ਪੀਂਦਿਆਂ ਗੱਲਾਂ-ਬਾਤਾਂ ਸ਼ੁਰੂ ਹੋ ਗਈਆਂ।

ਅਚਾਨਕ ਹੀ ਉਸ ਕਮਰੇ ਦੀ ਨੁਕਰੇ ਲੱਗ ਕੇ ਬੈਠੀ ਬਜ਼ੁਰਗ ਮਾਂ ਕੁਰਲਾ ਉਠੀ, 'ਰੱਬ ਦਾ ਵਾਸਤਾ ਜੇ, ਮੈਨੂੰ ਇੱਥੋਂ ਨਾ ਕੱਢਿਓ ਜੇ! ਮੈਂ ਕਿਤੇ ਨਹੀਂ ਜੇ ਜਾਣਾ...ਮੇਰਾ ਕੋਈ ਘਰ ਨਹੀਂ ਹੈ, ਮੈਨੂੰ ਇਥੇ ਹੀ ਪਈ ਰਹਿਣ ਦਿਓ...।' ਮੈਂ ਹੈਰਾਨ ਹੋ ਬਜ਼ੁਰਗ ਮਾਂ ਵੱਲ ਦੇਖਿਆ ਤਾਂ ਭਾਈ ਸਾਹਿਬ ਆਖਣ ਲੱਗੇ, 'ਮੈਂ ਵੀ ਤੁਹਾਨੂੰ ਇਸੇ ਲਈ ਇਸ ਕਮਰੇ ਵਿਚ ਲੈ ਕੇ ਆਇਆ ਹਾਂ ਕਿ ਤੁਸੀਂ ਵੀ ਦੇਖੋ, ਸਾਡੇ ਘਰ ਪਰਿਵਾਰਾਂ ਵਿਚ ਕੀ ਕੁਝ ਹੋ ਰਿਹਾ ਹੈ!

ਇਨ੍ਹਾਂ ਬਿਖਰ ਰਹੇ ਪਰਿਵਾਰਕ ਢਾਂਚਿਆਂ ਦਾ ਕੀ ਕੀਤਾ ਜਾਵੇ?' ਸੈਕਟਰੀ ਸਾਹਿਬ ਬੋਲੇ, 'ਦਸ ਦਿਨ ਹੋ ਗਏ, ਇਹ ਬਜ਼ੁਰਗ ਮਾਂ ਕਿਤੇ ਸੜਕ ਕਿਨਾਰੇ ਤੁਰੀ ਫਿਰਦੀ ਸੀ। ਕਿਸੇ ਹਮ-ਵਤਨੀ ਨੇ ਦੇਖ ਲਿਆ ਤੇ ਉਹ ਗੱਡੀ ਵਿਚ ਬਿਠਾ ਕੇ ਇੱਥੇ ਛੱਡ ਗਿਆ। ਇਹ ਬਜ਼ੁਰਗ ਮਾਂ ਆਪਣੇ ਪੁੱਤਰ ਅਤੇ ਨੂੰਹ ਕੋਲ ਰਹਿੰਦੀ ਹੈ ਅਤੇ ਆਖਦੀ ਹੈ, ਉਹ ਮੈਨੂੰ ਘਰ ਰੱਖਣਾ ਨਹੀਂ ਚਾਹੁੰਦੇ, ਬਹੁਤ ਤੰਗ ਕਰਦੇ ਹਨ। ਨੂੰਹ ਹਰ ਵੇਲੇ ਆਖਦੀ ਹੈ, ਜਿਥੇ ਮਰਜ਼ੀ ਤੁਰ ਜਾ, ਪਰ ਘਰੋਂ ਨਿਕਲ ਜਾ। ਜਦ ਮਾਂ ਦੇ ਨੂੰਹ-ਪੁੱਤਰ ਨੂੰ ਬੁਲਾ ਕੇ ਪੁੱਛਿਆ ਤਾਂ ਉਹ ਆਖਦੇ ਹਨ, ਸਾਨੂੰ ਇਸ ਨੇ ਦੁਖੀ ਕੀਤਾ ਹੋਇਆ ਹੈ। ਮਾਂ ਆਖਦੀ ਹੈ, ਮੈਂ ਇਨ੍ਹਾਂ ਦੇ ਬੱਚੇ ਵੀ ਸੰਭਾਲਦੀ ਹਾਂ, ਘਰ ਦਾ ਸਾਰਾ ਕੰਮ-ਕਾਜ ਵੀ ਕਰਦੀ ਹਾਂ, ਫਿਰ ਵੀ ਇਹ ਮੈਨੂੰ ਰੋਟੀ ਦੇਣ ਤੋਂ ਦੁਖੀ ਹੋ ਰਹੇ ਹਨ।' ਭਾਈ ਸਾਹਿਬ ਕਹਿਣ ਲੱਗੇ, 'ਸਾਨੂੰ ਸਮਝ ਨਹੀਂ ਆਉਂਦੀ ਕਿ ਇਨ੍ਹਾਂ ਦਾ ਕੀ ਫੈਸਲਾ ਕਰੀਏ ਅਤੇ ਕਿਸ ਨੂੰ ਕੀ ਸਮਝਾਈਏ!'

ਮੈਂ ਉਸ ਬਜ਼ੁਰਗ ਮਾਂ ਵੱਲ ਦੇਖ ਰਹੀ ਸਾਂ ਜਿਹੜੀ ਜ਼ਿੰਦਗੀ ਦੇ ਆਖਰੀ ਪੜਾਅ 'ਤੇ ਗੁਰੂਘਰ ਵਿਚ ਆਸਰਾ ਲੱਭਦੀ ਲਗਾਤਾਰ ਰੋ ਰਹੀ ਸੀ, ਤੇ ਵਾਸਤੇ ਪਾ ਰਹੀ ਸੀ ਕਿ ਘਰ ਨਹੀਂ ਜਾਣਾ। ਇਹ ਘਰ ਜਾਂ ਪਰਿਵਾਰ ਕੋਈ ਪਹਿਲਾ ਜਾਂ ਆਖਰੀ ਨਹੀਂ ਹੋਵੇਗਾ, ਜਿਥੇ ਇਹ ਕੰਮ ਹੋ ਰਿਹਾ ਹੋਵੇ। ਸਾਰੇ ਬੰਦ ਦਰਵਾਜ਼ਿਆਂ ਪਿੱਛੇ ਕੁਝ ਨਾ ਕੁਝ ਅਜਿਹਾ ਹੀ ਚੱਲ ਰਿਹਾ ਹੈ। ਸਾਡੇ ਵੱਡਿਆਂ ਦੇ ਘਰ ਪਰਿਵਾਰਾਂ ਵਾਲੇ ਵਕਤ ਕਦੋਂ ਦੇ ਮਰ-ਮੁੱਕ ਚੁੱਕੇ ਹਨ। ਨਾ ਹੀ ਉਹ ਸਮੇਂ ਮੁੜ ਕੇ ਆਉਣੇ ਹਨ, ਨਾ ਹੀ ਸਾਡੇ ਘਰ ਪਰਿਵਾਰ ਸਾਂਝੇ ਤੇ ਇਕੱਠੇ ਹੋਣੇ ਹਨ, ਤੇ ਨਾ ਹੀ ਬੱਚਿਆਂ ਅਤੇ ਬਜ਼ੁਰਗਾਂ ਦੀਆਂ ਦੂਰੀਆਂ ਮੁੱਕਣੀਆਂ ਹਨ।

ਬੱਚੇ ਇਸ ਲਈ ਮਜਬੂਰ ਹਨ, ਕਿਉਂਕਿ ਉਨ੍ਹਾਂ ਨੂੰ ਵਕਤ ਦੇ ਹਾਣੀ ਬਣਨ ਲਈ ਦਿਨ-ਰਾਤ ਕੰਮ ਕਰਨਾ ਪੈਂਦਾ ਹੈ। ਵੱਡੇ ਘਰ ਅਤੇ ਮਹਿੰਗੀਆਂ ਕਾਰਾਂ ਦੀਆਂ ਖਵਾਹਿਸ਼ਾਂ, ਬੇਸ਼ੁਮਾਰ ਖਰਚੇ, ਉਪਰੋਂ ਆਪਣੇ ਬੱਚਿਆਂ ਦੀ ਦੇਖ-ਭਾਲ। ਦਿਨ-ਰਾਤ ਕੰਮ ਕਰ ਕੇ ਸਿਰੇ ਦਾ ਮਾਨਸਿਕ ਤਣਾਉ। ਇਹ ਸਭ ਕੁਝ ਦੇਖ ਕੇ ਬਜ਼ੁਰਗ ਮਾਂ-ਬਾਪ ਵੀ ਅੰਦਰੇ-ਅੰਦਰ ਕੁੜਦੇ ਤੇ ਧੁਖਦੇ ਹਨ।

ਬਜ਼ੁਰਗ ਚਾਹੁੰਦੇ ਹਨ ਕਿ ਉਨ੍ਹਾਂ ਦੇ ਬੱਚੇ ਵੀ ਸੁਖੀ ਰਹਿਣ, ਤੇ ਚੰਗੇ ਜੀਵਨ ਜਿਉਣ। ਆਪਣੇ ਦੁੱਖ-ਦਰਦ ਉਨ੍ਹਾਂ ਨਾਲ ਸਾਂਝੇ ਕਰਨ। ਮਾਂ-ਬਾਪ ਆਪਣੀ ਜ਼ਿੰਦਗੀ ਦੇ ਤਜਰਬੇ ਵੀ ਆਪਣੇ ਬੱਚਿਆਂ ਨਾਲ ਸਾਂਝੇ ਕਰਨੇ ਚਾਹੁੰਦੇ ਹਨ। ਉਹ ਜਦੋਂ ਵੀ ਬੱਚਿਆਂ ਨਾਲ ਗੱਲ ਕਰਨ ਦੀ ਕੋਸ਼ਿਸ਼ ਕਰਦੇ ਹਨ, ਤਾਂ ਬੱਚੇ ਉਨ੍ਹਾਂ ਨੂੰ ਅਨਪੜ੍ਹ ਜਾਂ ਕੁਝ ਪੁੱਠਾ-ਸਿੱਧਾ ਆਖ ਕੇ ਉਨ੍ਹਾਂ ਨੂੰ ਚੁੱਪ ਕਰਵਾ ਦਿੰਦੇ ਹਨ। ਬੱਸ, ਇਥੋਂ ਹੀ ਬੇਗਾਨਾਪਣ ਸ਼ੁਰੂ ਹੋ ਜਾਂਦਾ ਹੈ। ਨਿੱਕੀਆਂ-ਨਿੱਕੀਆਂ ਗੱਲਾਂ ਤੋਂ ਵਧ ਕੇ ਬੋਲ-ਬੁਲਾਰੇ ਮਾਂ-ਬਾਪ ਅਤੇ ਬੱਚਿਆਂ ਵਿਚਕਾਰ ਦੂਰੀਆਂ ਪੈਦਾ ਕਰ ਦਿੰਦੇ ਹਨ। ਬਹੁਤੇ ਘਰਾਂ ਵਿਚ ਨਵੀਂ ਪੀੜ੍ਹੀ ਦਾ ਵੱਧ ਕਸੂਰ ਹੁੰਦਾ ਹੈ, ਪਰ ਕਈ ਘਰਾਂ ਵਿਚ ਬਜ਼ੁਰਗ ਵੀ ਹੱਦਾਂ-ਬੰਨੇ ਟੱਪ ਜਾਂਦੇ ਹਨ। ਬਾਕੀ ਅਗਲੀ, ਤੀਜੀ ਪੀੜ੍ਹੀ ਦੇ ਬੱਚੇ ਤਾਂ ਅੱਗ 'ਤੇ ਘਿਉ ਪਾਉਣ ਦਾ ਕੰਮ ਕਰ ਰਹੇ ਹਨ। ਦਾਦਾ-ਦਾਦੀ ਜਾਂ ਨਾਨਾ-ਨਾਨੀ ਜਦ ਬੱਚਿਆਂ ਨੂੰ ਸਾਰਾ ਦਿਨ ਇੰਟਰਨੈਟ ਜਾਂ ਗੇਮਾਂ ਖੇਡਦੇ ਦੇਖ ਕੇ ਕੁਝ ਕਹਿਣਾ ਚਾਹੁੰਦੇ ਹਨ, ਤਾਂ ਮਹਾਂਭਾਰਤ ਸ਼ੁਰੂ ਹੋ ਜਾਂਦਾ ਹੈ।

ਇਕ ਬੀਬੀ ਜੀ ਫੋਨ 'ਤੇ ਦੱਸ ਰਹੇ ਸਨ ਕਿ ਉਹ ਰਿਸ਼ਤੇ ਵਿਚੋਂ ਇਕ ਪਰਿਵਾਰ ਨਾਲ ਉਨ੍ਹਾਂ ਦੇ ਲੜਕੇ ਲਈ ਲੜਕੀ ਦੇਖਣ ਲਈ ਗਏ। ਜਿਸ ਲੜਕੀ ਨੂੰ ਦੇਖਣ ਗਏ, ਉਸ ਨੇ ਸਿੱਧਾ ਸਵਾਲ ਕੀਤਾ ਕਿ ਜਿਸ ਲੜਕੇ ਨਾਲ ਉਹਦਾ ਰਿਸ਼ਤਾ ਹੋਣ ਜਾ ਰਿਹਾ ਹੈ, ਕੀ ਉਹਦੇ ਮਾਂ-ਬਾਪ ਜਿਉਂਦੇ ਹਨ, ਜੇ ਜਿਉਂਦੇ ਹਨ ਤਾਂ ਉਨ੍ਹਾਂ ਦੀ ਦੇਖ-ਭਾਲ ਕਿਸ ਨੇ ਕਰਨੀ ਹੈ, ਕਿਉਂਕਿ ਮੈਂ ਤਾਂ ਇਹ ਕੰਮ ਕਰਨ ਲਈ ਤਿਆਰ ਨਹੀਂ ਹਾਂ। ਸੋ, ਉਹ ਪਰਿਵਾਰ ਇਹ ਗੱਲ ਸੁਣ ਕੇ ਉਠ ਕੇ ਘਰ ਨੂੰ ਆ ਗਿਆ। ਇਹ ਵਿਚਾਰ ਹਨ ਸਾਡੀ ਅਗਲੀ ਜਾਂ ਇਥੇ ਦੀ ਜੰਮਪਲ ਤੀਜੀ ਪੀੜ੍ਹੀ ਦੇ।

ਇਥੇ ਮੈਂ ਸਰਬ ਸੰਗਤ ਅਤੇ ਗੁਰੂਘਰਾਂ ਦੀਆਂ ਕਮੇਟੀਆਂ ਅੱਗੇ ਇਕ ਗੱਲ ਰੱਖਣੀ ਚਾਹੁੰਦੀ ਹਾਂ। ਸੁਣਿਆ ਹੈ, ਅਮਰੀਕਾ ਵਿਚ ਪੰਜ ਸੌ ਜਾਂ ਇਸ ਤੋਂ ਵੀ ਵੱਧ ਗੁਰੂਘਰ ਬੜੀ ਸ਼ਾਨੋ-ਸ਼ੌਕਤ ਨਾਲ ਪਾਵਨ ਗੁਰਬਾਣੀ ਰਾਹੀਂ ਸਮੁੱਚੀ ਮਾਨਵਤਾ ਨੂੰ ਸੰਗਤ ਅਤੇ ਪੰਗਤ ਨਾਲ ਜੋੜਨ ਦੀ ਅਦੁੱਤੀ ਸੇਵਾ ਕਰ ਰਹੇ ਹਨ। ਬਹੁਤੇ ਗੁਰੂਘਰਾਂ ਵਿਚ ਪਰਉਪਕਾਰੀ ਸੰਗਤ ਜਾਂ ਕਮੇਟੀਆਂ ਵੱਲੋਂ ਐਤਵਾਰ ਦੇ ਦਿਨ ਪੰਜਾਬੀ ਸਕੂਲ ਚਲਾਏ ਜਾ ਰਹੇ ਹਨ। ਬੱਚਿਆਂ ਨੂੰ ਮਾਂ-ਬੋਲੀ ਅਤੇ ਧਰਮ ਨਾਲ ਜੋੜਨ ਦੇ ਨੇਕ ਉਪਰਾਲੇ ਕੀਤੇ ਜਾ ਰਹੇ ਹਨ, ਪਰ ਸਾਡੇ ਭਾਈਚਾਰੇ ਦੇ ਬਜ਼ੁਰਗਾਂ ਦਾ ਜੋ ਮੁੱਦਾ ਹੈ, ਇਹ ਵੀ ਅਣਗੌਲਿਆ ਕੀਤੇ ਜਾਣ ਵਾਲਾ ਨਹੀਂ ਹੈ।

ਇੰਨੇ ਗੁਰੂਘਰ ਹੋਣ ਦੇ ਬਾਵਜੂਦ ਕਿਸੇ ਵੀ ਗੁਰੂਘਰ ਦੀ ਪ੍ਰਬੰਧਕ ਕਮੇਟੀ ਨੇ ਪਰਿਵਾਰਕ ਮਸਲੇ ਹੱਲ ਕਰਨ ਜਾਂ ਮਾਪਿਆਂ ਦੇ ਬੁਢਾਪੇ ਦੀ ਤਕਲੀਫ ਦੂਰ ਕਰਨ ਲਈ ਅਜੇ ਤੱਕ ਕੋਈ ਕਦਮ ਨਹੀਂ ਉਠਾਇਆ। ਕਿੰਨਾ ਚੰਗਾ ਹੋਵੇ, ਜੇ ਗੁਰੂਘਰਾਂ ਅੰਦਰ ਬਜ਼ੁਰਗ ਜੋੜਿਆਂ, 'ਕੱਲੀਆਂ ਨਿਮਾਣੀਆਂ ਮਾਂਵਾਂ ਜਾਂ ਬੇਸਹਾਰਾ ਰੁਲ ਰਹੀਆਂ ਔਰਤਾਂ ਲਈ ਬੁਢਾਪਾ ਘਰ ਜਾਂ ਰੈਣ ਬਸੇਰੇ ਬਣਾਏ ਜਾਣ। ਬਹੁਤੇ ਗੁਰੂਘਰਾਂ ਕੋਲ ਖੁੱਲ੍ਹੀਆਂ-ਡੁੱਲ੍ਹੀਆਂ ਥਾਂਵਾਂ ਵੀ ਹਨ ਅਤੇ ਬੇਸ਼ੁਮਾਰ ਪੈਸਾ ਵੀ ਹੈ। ਇਨ੍ਹਾਂ ਖਾਲੀ ਪਈਆਂ ਥਾਂਵਾਂ ਅਤੇ ਬੈਂਕਾਂ ਵਿਚ ਪਏ ਪੈਸੇ ਨਾਲ ਆਪਣੇ ਭਾਈਚਾਰੇ ਦੇ ਬਜ਼ੁਰਗ ਅਤੇ ਬੇਸਹਾਰਾ ਲੋਕਾਂ ਲਈ ਸੁੱਖ-ਸਹੂਲਤਾਂ ਮੁਹੱਈਆ ਕੀਤੇ ਜਾਣ। ਇਹ ਬਹੁਤ ਵੱਡੇ ਪਰਉਪਕਾਰ ਅਤੇ ਸੇਵਾ ਦਾ ਕਾਰਜ ਹੋ ਨਿਬੜੇਗਾ। ਜੇ ਗੁਰੂਘਰਾਂ ਅੰਦਰ ਅਜਿਹਾ ਕਰਨਾ ਸੰਭਵ ਨਾ ਹੋਵੇ, ਤਾਂ ਗੁਰੂਘਰਾਂ ਦੇ ਨੇੜੇ-ਤੇੜੇ ਇਹ ਉਪਰਾਲਾ ਕੀਤਾ ਜਾਵੇ। ਇਹੋ ਜਿਹਾ ਟਿਕਾਣਾ ਆਉਣ ਵਾਲੇ ਸਮੇਂ ਦੀ ਮੰਗ ਵੀ ਹੈ ਅਤੇ ਜ਼ਰੂਰਤ ਵੀ।

ਜੇ ਕਿਸੇ ਵੀ ਗੁਰੂਘਰ ਦੀ ਕਮੇਟੀ ਇਸ ਚੰਗੇ ਅਤੇ ਨੇਕ ਕਾਰਜ ਲਈ ਪਹਿਲ-ਕਦਮੀ ਕਰੇਗੀ ਤਾਂ ਸੰਗਤ ਵੀ ਇਸ ਵਿਚ ਵਧ-ਚੜ੍ਹ ਕੇ ਸਹਿਯੋਗ ਦੇਵੇਗੀ। ਉਂਜ ਵੀ ਗੁਰੂ ਤਾਂ ਨਿਮਾਣਿਆਂ ਦਾ ਮਾਣ ਹੈ, ਨਿਤਾਣਿਆਂ ਦਾ ਤਾਣ ਹੈ, ਨਿਓਟਿਆਂ ਦੀ ਓਟ ਹੈ ਅਤੇ ਨਿਆਸਰਿਆਂ ਦਾ ਆਸਰਾ ਹੈ।

ਮੇਰਾ ਇਹ ਮਕਸਦ ਬਿਲਕੁਲ ਨਹੀਂ, ਕਿ ਬਜ਼ੁਰਗ ਮਾਂ-ਬਾਪ ਅਤੇ ਬੇਸਹਾਰਾ ਬੀਬੀਆਂ ਆਪਣੇ ਘਰ-ਪਰਿਵਾਰ ਤਿਆਗ ਕੇ ਬੁਢਾਪਾ ਘਰਾਂ ਵਿਚ ਚਲੇ ਜਾਣ; ਮੈਂ ਤਾਂ ਸਿਰਫ ਬੇਸਹਾਰਿਆਂ ਦੇ ਸਹਾਰੇ ਲਈ ਬੇਨਤੀ ਕਰ ਰਹੀ ਹਾਂ। ਜਿਨ੍ਹਾਂ ਨੂੰ ਆਪਣੇ ਘਰਾਂ-ਪਰਿਵਾਰਾਂ ਵਿਚ ਸਨਮਾਨ ਅਤੇ ਸੁੱਖ ਮਿਲ ਰਿਹਾ ਹੈ, ਉਹ ਤਾਂ ਵਡਭਾਗੇ ਹਨ; ਪਰ ਜੋ ਦੁਰਕਾਰੇ ਜਾ ਰਹੇ ਹਨ, ਉਨ੍ਹਾਂ ਨੂੰ ਵੀ ਇਹ ਅਹਿਸਾਸ ਕਰਵਾਇਆ ਜਾਵੇ ਕਿ ਉਹ ਬੇਘਰੇ ਨਹੀਂ ਹਨ, ਉਨ੍ਹਾਂ ਦਾ ਵੀ ਕੋਈ ਘਰ ਹੈ।

# ਕੈਪਟਨ ਦੀ ਪੁਸਤਕ 'ਆਖਰੀ ਲਮਹੇ ਦੀ ਦਾਸਤਾਨ' ਨੇ ਰਿਕਾਰਡ ਤੋੜੇ

**ਪਟਿਆਲਾ:** ਅੰਮ੍ਰਿਤਸਰ ਲੋਕ ਸਭਾ ਚੋਣ ਪਿੜ ਤੋਂ ਉਮੀਦਵਾਰ ਬਣਨ ਮਗਰੋਂ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਲਿਖੀ ਗਈ ਤੀਸਰੀ ਪੁਸਤਕ 'ਦਿ ਲਾਸਟ ਸਨਸੈੱਟ' ਦੀ ਜਿਥੇ ਕਾਫ਼ੀ ਚਰਚਾ ਹੈ ਉਥੇ ਹੀ ਇਸ ਦੇ ਪੰਜਾਬੀ ਅਨੁਵਾਦ 'ਆਖ਼ਰੀ ਲਮਹੇ ਦੀ ਦਾਸਤਾਨ-ਲਾਹੌਰ ਦਰਬਾਰ ਦਾ ਚੜ੍ਹਦਾ ਤੇ ਡੁੱਬਦਾ ਸੂਰਜ' ਪੁਸਤਕ ਦੀ ਵਿਕਰੀ ਵਿਚ ਵੀ ਚੋਖ਼ਾ ਵਾਧਾ ਹੋਇਆ।



ਇਸ ਪੁਸਤਕ ਵਿਚ ਲਾਹੌਰ ਦਰਬਾਰ, ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦਾ ਸੁਨਹਿਰੀ ਦੌਰ ਤੇ ਉਨ੍ਹਾਂ ਦੀ ਜਥੇਬੰਦਕ ਅਨੂਠੀ ਕਲਾ, ਜਿਸ ਕਰਕੇ ਸਿੱਖ ਖ਼ਾਲਸਾ ਫ਼ੌਜ ਬਣੀ ਤੇ ਅੰਗਰੇਜ਼ਾਂ ਨਾਲ ਹੋਈਆਂ ਸਿੱਖਾਂ ਦੀਆਂ ਦੋ ਜੰਗਾਂ ਦਾ ਵਿਸਥਾਰ ਤੇ ਦਿਲਚਸਪ ਢੰਗ ਨਾਲ ਵੇਰਵਾ ਹੈ, ਦੀ ਤਸੱਲੀਬਖ਼ਸ਼ ਵਿਕਰੀ ਹੋਈ ਹੈ। ਅਜੋਕੇ ਗਰਮਾ-ਗਰਮ ਸਿਆਸੀ ਦੌਰ ਵਿਚ ਕੈਪਟਨ ਅਮਰਿੰਦਰ ਸਿੰਘ ਨੂੰ ਸਿਰਫ਼ ਇਕ ਰਾਜਸੀ ਆਗੂ ਵਜੋਂ ਹੀ ਜਾਣਿਆ ਜਾਂਦਾ ਹੈ ਪਰ ਇਕ ਚੰਗੇ ਖੋਜੀ ਤੇ ਲੇਖਕ ਵੀ ਹਨ। ਕੈਪਟਨ ਅਮਰਿੰਦਰ ਸਿੰਘ ਪਹਿਲਾਂ ਦੋ ਕਿਤਾਬਾਂ 'ਲੈਸਟ ਵੀ ਫੌਰਗੈੱਟ: ਦਿ ਹਿਸਟਰੀ ਆਫ਼ ਇੰਡੀਅਨ ਆਰਮੀ ਫ੍ਰਾਮ 1947-1965' ਤੇ 'ਏ ਰਿਜ ਟੂ ਫ਼ਾਰ; ਵਾਰ ਇਨ ਦ ਕਾਰਗਿਲ ਹਾਈਟਸ 1999' ਲਿਖ ਚੁੱਕੇ ਹਨ ਪਰ ਇਸ ਤੀਜੀ ਪੁਸਤਕ ਜਿਹੜੀ ਉਨ੍ਹਾਂ ਭਾਵੇਂ ਅੰਗਰੇਜ਼ੀ ਵਿਚ 'ਦਿ ਲਾਸਟ ਸਨਸੈੱਟ' ਦੇ ਨਾਂਅ ਹੇਠ ਲਿਖੀ ਹੈ ਪਰ ਇਸ ਪੁਸਤਕ ਦਾ ਪੰਜਾਬੀ ਵਿਚ ਅਨੁਵਾਦ ਲਾਹੌਰ ਬੁੱਕ ਸ਼ਾਪ ਲੁਧਿਆਣਾ ਵੱਲੋਂ 'ਆਖ਼ਰੀ ਲਮਹੇ ਦੀ ਦਾਸਤਾਨ' ਨਾਮ ਹੇਠ ਕੀਤਾ ਹੈ।

ਕੈਪਟਨ ਅਮਰਿੰਦਰ ਸਿੰਘ ਦੀ ਇਹ ਪਹਿਲੀ ਅਜਿਹੀ ਪੁਸਤਕ ਹੋ ਨਿੱਬੜੀ ਹੈ ਜਿਹੜੀ ਸੰਜੀਦਾ ਪੰਜਾਬੀਆਂ ਨੇ ਹੱਥੋ-ਹੱਥੀ ਖਰੀਦੀ ਹੈ। ਇਹ ਪੁਸਤਕ ਮੂਲ ਰੂਪ ਵਿਚ ਭਾਵੇਂ 2009 ਵਿਚ ਛਪੀ ਤੇ ਪੰਜਾਬੀ ਵਿਚ ਤਰਜ਼ਮੇ ਮਗਰੋਂ 2010 ਵਿਚ ਪ੍ਰਕਾਸ਼ਿਤ ਹੋਈ ਸੀ। ਹੁਣ ਜਦੋਂ ਇਸ ਪੁਸਤਕ ਦੇ ਲੇਖਕ ਕੈਪਟਨ ਅਮਰਿੰਦਰ ਸਿੰਘ ਅੰਮ੍ਰਿਤਸਰ ਤੋਂ ਲੋਕ ਸਭਾ ਚੋਣ ਲਈ ਉਮੀਦਵਾਰ ਬਣੇ, ਤਾਂ ਉਸ ਮਗਰੋਂ ਇਹ 'ਆਖ਼ਰੀ ਲਮਹੇ ਦੀ ਦਾਸਤਾਨ' ਹੋਰ ਜ਼ਿਆਦਾ ਚਰਚਾ ਵਿਚ ਆਈ ਹੈ ਤੇ ਇਸ ਦੀ ਵਿਕਰੀ ਵਿਚ ਵੀ ਚੋਖ਼ਾ ਵਾਧਾ ਹੋਇਆ ਹੈ।

ਲਾਹੌਰ ਬੁੱਕ ਸ਼ਾਪ ਦੇ ਐਮ.ਡੀ. ਤੇਜਿੰਦਰ ਸਿੰਘ ਦਾ ਕਹਿਣਾ ਹੈ ਕਿ ਇਸ ਦਾ ਤਿੰਨ ਹਜ਼ਾਰ ਦਾ ਪਹਿਲਾ ਐਡੀਸ਼ਨ ਤਕਰੀਬਨ ਵਿਕਣ ਕਿਨਾਰੇ ਹੈ ਤੇ ਹੁਣ ਦੂਜੇ ਵੱਡੇ ਐਡੀਸ਼ਨ ਦੀ ਤਿਆਰੀ ਵਿੱਢ ਦਿੱਤੀ ਗਈ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਆਮ ਤੌਰ 'ਤੇ ਪੰਜਾਬੀ ਕਿਤਾਬਾਂ ਦੀ ਵਿਕਰੀ ਦਾ ਮੁੱਦਾ ਬੜਾ ਨਿਰਾਸ਼ਾਜਨਕ ਮੰਨਿਆ ਜਾਂਦਾ ਹੈ ਜਦ ਕਿ ਇਤਿਹਾਸ ਦੀਆਂ ਪੁਸਤਕਾਂ ਲਈ ਪਾਠਕ ਲੱਭਣੇ ਹੋਰ ਵੀ ਔਖੇ ਹਨ ਪਰ ਕੈਪਟਨ ਅਮਰਿਦਰ ਸਿੰਘ ਦੀ ਇਸ ਇਤਿਹਾਸਕ ਪੁਸਤਕ ਨੇ ਅਜਿਹੇ ਸਾਰੇ ਭਰਮ ਤੋੜ ਦਿੱਤੇ ਹਨ।

## ਸੁਮੇਧ ਸਿੰਘ ਸੈਣੀ ਨੇ ਕੀਤੀ ਦਸਤਾਵੇਜ਼ਾਂ ਨਾਲ ਛੇੜਛਾੜ?

**ਚੰਡੀਗੜ੍ਹ/ਦਿੱਲੀ:** ਸੀ.ਬੀ.ਆਈ ਨੇ ਦਾਅਵਾ ਕੀਤਾ ਹੈ ਕਿ ਪੰਜਾਬ ਪੁਲਿਸ ਦੇ ਮੁਖੀ ਸੁਮੇਧ ਸਿੰਘ ਸੈਣੀ ਖ਼ਿਲਾਫ਼ ਨਾਜਾਇਜ਼ ਹਿਰਾਸਤ ਵਿਚ ਰੱਖਣ ਤੇ ਅਗਵਾ ਦੇ ਮਾਮਲੇ ਵਿਚ ਪ੍ਰਮੁੱਖ ਗਵਾਹ ਨਾਲ ਜਿਰ੍ਹਾ ਦੌਰਾਨ ਮੁਲਜ਼ਮ ਪੱਖ ਵੱਲੋਂ ਪੇਸ਼ ਦਸਤਾਵੇਜ਼ਾਂ ਦੀਆਂ ਤਸਦੀਕਸ਼ੁਦਾ ਕਾਪੀਆਂ ਨਾਲ ਛੇੜਛਾੜ ਕੀਤੀ ਗਈ ਹੈ। ਇਸ ਮਾਮਲੇ ਵਿਚ ਪ੍ਰਮੁੱਖ ਗਵਾਹ ਕਾਰੋਬਾਰੀ ਅਸ਼ੀਸ਼ ਕੁਮਾਰ ਨਾਲ ਜਿਰ੍ਹਾ ਦੌਰਾਨ ਇਹ ਦੋਸ਼ ਲਾਇਆ ਗਿਆ।

ਅਦਾਲਤ ਵਿਚ ਇਸਤਗਾਸਾ ਪੱਖ ਵੱਲੋਂ ਸੀ.ਬੀ.ਆਈ ਦੇ ਵਿਸ਼ੇਸ਼ ਸਰਕਾਰੀ ਵਕੀਲ ਵਾਈ.ਕੇ ਸਕਸੈਨਾ ਨੇ ਇਕ ਅਰਜ਼ੀ ਦੇ ਕੇ ਜੱਜ ਦਾ ਧਿਆਨ ਇਸ ਪਾਸੇ ਦਿਵਾਇਆ। ਇਸ ਅਰਜ਼ੀ 'ਤੇ ਸੁਣਵਾਈ ਕਰਦਿਆਂ ਜੱਜ ਮਹਿੰਦੀਰੱਤਾ ਨੇ ਆਖਿਆ ਕਿ ਉਨ੍ਹਾਂ ਦੇ ਧਿਆਨ ਵਿਚ ਇਕ ਗੱਲ ਲਿਆਂਦੀ ਗਈ ਹੈ ਕਿ ਇਸ ਮਾਮਲੇ ਦੇ ਪ੍ਰਮੁੱਖ ਗਵਾਹ ਨਾਲ ਜਿਰ੍ਹਾ ਦੌਰਾਨ ਮੁਲਜ਼ਮ ਪੱਖ ਵੱਲੋਂ ਪੇਸ਼ ਦਸਤਾਵੇਜ਼ਾਂ ਦੀਆਂ ਤਸਦੀਕਸ਼ੁਦਾ ਕਾਪੀਆਂ ਨਾਲ ਛੇੜਛਾੜ ਕੀਤੀ ਗਈ ਜਾਪਦੀ ਹੈ ਅਤੇ ਨਿਆਂ ਪ੍ਰਦਾਨ ਕਰਨ ਦੇ ਹਿੱਤ ਵਿਚ ਇਸ ਬਾਰੇ ਜ਼ਰੂਰੀ ਲੋੜੀਂਦੇ ਕਦਮ ਚੁੱਕਣ ਦੀ ਲੋੜ ਹੈ।

ਜਸਟਿਸ ਮਹਿੰਦੀਰੱਤਾ ਨੇ ਕਿਹਾ ਕਿ ਭਾਵੇਂ ਜਨਤਕ ਰਿਕਾਰਡ ਦੀ ਕੋਈ ਵੀ ਤਸਦੀਕਸ਼ੁਦਾ ਕਾਪੀ ਪ੍ਰਮਾਣ ਕਾਨੂੰਨ ਦੀ ਧਾਰਾ 74 ਅਧੀਨ ਅਦਾਲਤ ਵਿਚ ਪੇਸ਼ ਕੀਤੀ ਜਾ ਸਕਦੀ ਹੈ ਪਰ ਇਸ ਮਾਮਲੇ ਵਿਚ ਜਿਰ੍ਹਾ ਮੌਕੇ ਦਸਤਾਵੇਜ਼ਾਂ ਵਿਚ ਛੇੜਛਾੜ ਹੋਣ ਤੇ ਜਾਅਲੀ ਦਸਤਾਵੇਜ਼ ਪੇਸ਼ ਕੀਤੇ ਜਾਣ ਦੇ ਦੋਸ਼ ਲਾਏ ਹਨ ਤੇ ਇਸ ਮਾਮਲੇ ਵਿਚ ਇਹ ਵਧੇਰੇ ਢੁਕਵਾਂ ਹੋਵੇਗਾ ਕਿ ਮੁਲਜ਼ਮ ਪੱਖ ਇਨ੍ਹਾਂ ਦੋਸ਼ਾਂ ਦੇ ਸੰਦਰਭ ਵਿਚ ਆਪਣਾ ਪੱਖ ਪੇਸ਼ ਕਰੇ। ਜੱਜ ਨੇ ਇਸ ਮਾਮਲੇ ਦੀ ਅਗਲੀ ਸੁਣਵਾਈ 15 ਮਈ 'ਤੇ ਪਾ ਦਿੱਤੀ ਹੈ।

## ਪੰਜਾਬ ਪੁਲਿਸ ਸ਼ਿਕਾਇਤ ਅਥਾਰਿਟੀ ਦੇ ਚੇਅਰਮੈਨ ਵਜੋਂ ਬੈਂਸ ਦੀ ਨਿਯੁਕਤੀ ਰੱਦ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਪੰਜਾਬ ਪੁਲਿਸ ਸ਼ਿਕਾਇਤ ਅਥਾਰਿਟੀ ਦੇ ਚੇਅਰਮੈਨ ਵਜੋਂ ਡੀ.ਐਸ. ਬੈਂਸ ਦੀ ਨਿਯੁਕਤੀ ਰੱਦ ਕਰਦਿਆਂ ਇਸ ਦੇ ਮੈਂਬਰਾਂ ਸੂਬੇ ਸਿੰਘ ਤੇ ਬੀ.ਆਰ ਗਰਗ ਨੂੰ ਵੀ ਹਟਾ ਦਿੱਤਾ ਹੈ। ਸਰਕਾਰ ਨੇ ਬੀਤੀ ਚਾਰ ਮਾਰਚ ਨੂੰ ਜਾਰੀ ਦੋ ਹੋਰ ਨੋਟੀਫਿਕੇਸ਼ਨ ਵੀ ਵਾਪਸ ਲੈ ਲਏ ਹਨ ਜਿਨ੍ਹਾਂ ਰਾਹੀਂ ਸੂਬਾ ਤੇ ਜ਼ਿਲ੍ਹਾ ਪੱਧਰੀ ਪੁਲਿਸ ਸ਼ਿਕਾਇਤ ਅਥਾਰਿਟੀਆਂ ਕਾਇਮ ਕਰਨ ਦਾ ਫੈਸਲਾ ਲਿਆ ਗਿਆ ਸੀ।

ਇਹ ਜਾਣਕਾਰੀ ਸਰਕਾਰ ਨੇ ਪੰਜਾਬ ਤੇ ਹਰਿਆਣਾ ਹਾਈਕੋਰਟ ਵਿਚ ਇਸ ਬਾਰੇ ਦਾਇਰ ਇਕ ਪਟੀਸ਼ਨ ਦੀ ਸੁਣਵਾਈ ਦੌਰਾਨ ਦਿੱਤੀ। ਸੁਣਵਾਈ ਦੌਰਾਨ ਪ੍ਰਮੁੱਖ ਸਕੱਤਰ (ਗ੍ਰਹਿ ਤੇ ਨਿਆਂ) ਐਸ.ਐਸ ਚੰਨੀ ਵੱਲੋਂ ਰਾਜਪਾਲ ਪੰਜਾਬ ਦੇ ਨਾਂਅ ਉਤੇ ਜਾਰੀ ਨੋਟੀਫਿਕੇਸ਼ਨ ਪੇਸ਼ ਕੀਤਾ ਗਿਆ, ਜਿਸ ਵਿਚ ਉਪਰੋਕਤ ਫੈਸਲੇ ਲਏ ਗਏ ਹਨ। ਦੂਜੇ ਪਾਸੇ ਪਟੀਸ਼ਨਰ ਤੇ ਵਕੀਲ ਐਚ.ਸੀ. ਅਰੋੜਾ ਨੇ ਇਸ ਨੋਟੀਫਿਕੇਸ਼ਨ ਨੂੰ ਅਦਾਲਤੀ ਮਾਣਹਾਨੀ ਕਰਾਰ ਦਿੱਤਾ ਹੈ।

# ਕਿਸਾਨ ਖੁਦਕੁਸ਼ੀਆਂ ਬਾਰੇ ਗੰਭੀਰ ਨਹੀਂ ਬਾਦਲ


**ਚੰਡੀਗੜ੍ਹ:** ਪੰਜਾਬ ਸਰਕਾਰ ਸੂਬੇ ਵਿਚ ਕਰਜ਼ੇ ਕਾਰਨ ਖੁਦਕੁਸ਼ੀਆਂ ਕਰ ਚੁੱਕੇ ਕਿਸਾਨਾਂ ਦੇ ਪਰਿਵਾਰਾਂ ਨੂੰ ਢੁੱਕਵਾਂ ਮੁਆਵਜ਼ਾ ਦੇਣ ਲਈ ਬਿਲਕੁਲ ਵੀ ਗੰਭੀਰ ਨਹੀਂ ਹੈ। ਪੰਜਾਬ ਤੇ ਹਰਿਆਣਾ ਹਾਈਕੋਰਟ ਵੱਲੋਂ ਅਜਿਹੇ ਕਿਸਾਨ ਪਰਿਵਾਰਾਂ ਲਈ ਇਕ ਕਾਰਗਰ ਯੋਜਨਾ ਬਣਾਉਣ ਦੇ ਹੁਕਮਾਂ 'ਤੇ ਅਜੇ ਤੱਕ ਵੀ ਮੁਕੰਮਲ ਅਮਲ ਨਹੀਂ ਹੋ ਸਕਿਆ। ਹਾਈਕੋਰਟ ਵੱਲੋਂ ਇਸ ਯੋਜਨਾ ਬਾਰੇ ਪਾਲਣਾ ਰਿਪੋਰਟ ਦੇਣ ਦੀ ਸਮਾਂ ਹੱਦ ਵੀ ਮੁੱਕ ਚੁੱਕੀ ਹੈ, ਜਿਸ ਬਾਰੇ ਹਲਫ਼ਨਾਮਾ ਪੇਸ਼ ਕਰਦਿਆਂ ਖੇਤੀਬਾੜੀ ਵਿਭਾਗ ਦੇ ਸਕੱਤਰ ਕਾਹਨ ਸਿੰਘ ਪੰਨੂ ਨੇ ਹੋਰ ਤਿੰਨ ਮਹੀਨਿਆਂ ਦੀ ਮੋਹਲਤ ਮੰਗੀ ਹੈ।

ਹਾਲਾਂਕਿ ਕੰਮ ਵਿਚ ਦੇਰੀ ਹੋਣ ਦਾ ਕੋਈ ਸਪਸ਼ਟ ਕਾਰਨ ਤਾਂ ਪੰਜਾਬ ਸਰਕਾਰ ਵੱਲੋਂ ਨਹੀਂ ਦੱਸਿਆ ਜਾ ਰਿਹਾ ਪਰ ਪੰਨੂ ਨੇ ਹਾਈਕੋਰਟ ਨੂੰ ਇਹ ਵੀ ਦੱਸਿਆ ਹੈ ਕਿ ਇਸ ਬਾਰੇ ਆਂਧਰਾ ਮਾਡਿਊਲ ਦਾ ਅਧਿਐਨ ਕਰਨ ਵਾਸਤੇ ਸਬੰਧਤ ਸੂਬੇ ਨਾਲ ਚਿੱਠੀ ਪੱਤਰੀ ਵੀ ਸ਼ੁਰੂ ਕੀਤੀ ਹੋਈ ਹੈ ਤੇ ਹੋਰਨਾਂ ਸਬੰਧਤ ਵਿਭਾਗਾਂ, ਅਦਾਰਿਆਂ ਆਦਿ ਨਾਲ ਵੀ ਰਾਬਤਾ ਬਣਾਇਆ ਜਾ ਰਿਹਾ ਹੈ।

ਹਾਈਕੋਰਟ ਨੇ ਲੰਘੀ 17 ਫਰਵਰੀ ਨੂੰ ਹੀ ਪੰਜਾਬ ਸਰਕਾਰ ਨੂੰ ਪੀੜਤ ਪਰਿਵਾਰਾਂ ਨੂੰ ਢੁੱਕਵੇਂ ਮੁਆਵਜ਼ੇ ਤੇ ਮੁੜ ਵਸੇਬੇ ਦੇ ਪ੍ਰਬੰਧਾਂ ਹਿੱਤ ਇਕ ਕਾਰਗਰ ਯੋਜਨਾ ਤਿਆਰ ਕਰਨ ਦੇ ਹੁਕਮ ਦਿੱਤੇ ਸਨ। ਹਾਈਕੋਰਟ ਦੇ ਚੀਫ਼ ਜਸਟਿਸ ਸੰਜੇ ਕਿਸ਼ਨ ਕੌਲ ਤੇ ਜਸਟਿਸ ਅਰੁਣ ਪੱਲੀ ਵਾਲੇ ਡਿਵੀਜ਼ਨ ਬੈਂਚ ਵੱਲੋਂ 'ਮੂਵਮੈਂਟ ਅਗੈਂਸਟ ਸਟੇਟ ਰਿਫ੍ਰੈਸ਼ਨ' ਦੀ ਸਾਲ 2007 ਤੋਂ ਦਾਇਰ ਕੀਤੀ ਜਨਹਿਤ ਪਟੀਸ਼ਨ 'ਤੇ ਇਹ ਫ਼ੈਸਲਾ ਸੁਣਾਇਆ ਗਿਆ ਸੀ, ਜਿਸ ਰਾਹੀਂ ਪੰਜਾਬ ਸਰਕਾਰ ਨੂੰ ਆਉਂਦੇ ਦੋ ਮਹੀਨਿਆਂ ਦੇ ਅੰਦਰ-ਅੰਦਰ ਆਂਧਰਾ ਪ੍ਰਦੇਸ਼ ਵਾਲੀ ਅਜਿਹੀ ਹੀ ਸਕੀਮ ਦੇ ਮਾਡਿਊਲ 'ਤੇ ਆਪਣੀ ਸਕੀਮ ਮੁਕੰਮਲ ਕਰਕੇ ਦੋ ਮਈ ਤੋਂ ਪਹਿਲਾਂ-ਪਹਿਲਾਂ ਹਾਈਕੋਰਟ ਕੋਲ ਪੇਸ਼ ਕਰਨ ਲਈ ਵੀ ਕਿਹਾ ਗਿਆ।

ਇਸ ਬਾਰੇ ਇਹ ਵੀ ਜਾਣਕਾਰੀ ਮਿਲੀ ਹੈ ਕਿ ਸੂਬਾ ਸਰਕਾਰ ਵੱਲੋਂ ਸੱਜਰਾ ਸਰਵੇ ਸ਼ੁਰੂ ਕਰਨ ਹਿੱਤ ਕੁਝ ਮਹੀਨੇ ਪਹਿਲਾਂ ਹੀ ਪੰਜਾਬੀ ਯੂਨੀਵਰਸਿਟੀ ਪਟਿਆਲਾ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਮਾਹਿਰਾਂ ਤੇ ਸੀਨੀਅਰ ਅਰਥਸ਼ਾਸਤਰੀਆਂ ਨਾਲ ਇਕ ਮੀਟਿੰਗ ਕਰ ਸਰਵੇ ਦੀ ਤਿਆਰੀ ਕਰਨ ਲਈ ਵਿਚਾਰਾਂ ਕੀਤੀਆਂ ਜਾ ਚੁੱਕੀਆਂ ਹਨ।

ਹਾਲਾਂਕਿ ਸ. ਪੰਨੂ ਦਾ ਕਹਿਣਾ ਹੈ ਕਿ ਸੂਬਾ ਸਰਕਾਰ ਵੱਲੋਂ ਉਕਤ ਮਾਮਲੇ ਦੇ ਨਬੇੜੇ ਵੇਲੇ ਹਾਈਕੋਰਟ ਨੂੰ ਦਿੱਤੇ ਭਰੋਸੇ ਮੁਤਾਬਕ ਮੁਆਵਜ਼ੇ ਦੀਆਂ ਦੋਵੇਂ ਕਿਸ਼ਤਾਂ ਬਾਬਤ ਲੋੜੀਂਦੀ ਰਕਮ ਵੀ ਸਬੰਧਤ ਅਥਾਰਟੀਆਂ ਨੂੰ ਜਾਰੀ ਕੀਤੀ ਜਾ ਚੁੱਕੀ ਹੈ। ਹਾਈਕੋਰਟ ਨੂੰ ਇਹ ਵੀ ਦੱਸਿਆ ਗਿਆ ਕਿ ਸੂਬਾ ਸਰਕਾਰ ਕੋਲ ਮੌਜੂਦ ਅੰਕੜਿਆਂ ਮੁਤਾਬਕ ਸਾਲ 2000 ਤੋਂ 2011 ਦੌਰਾਨ ਤਕਰੀਬਨ 6926 ਕਿਸਾਨਾਂ ਤੇ ਖੇਤ ਮਜ਼ਦੂਰਾਂ ਵੱਲੋਂ ਖੁਦਕੁਸ਼ੀਆਂ ਕੀਤੀਆਂ ਗਈਆਂ ਹਨ।



# ਗੀਤ ਲਿਖਣ ਮੈਂ ਬਹਿ ਜਾਂਦਾ ਹਾਂ...

ਕਲਾ ਪਰਿਕਰਮਾ

*ਸ਼ਮਸ਼ੇਰ ਸੰਧੂ ਦੀ ਬਹੁਤੀ ਪਛਾਣ ਗੀਤਾਂ ਕਰ ਕੇ ਹੈ। ਹੁਣੇ-ਹੁਣੇ ਉਹਦੇ ਚੋਣਵੇਂ ਗੀਤਾਂ ਦੀ ਕਿਤਾਬ ਛਪੀ ਹੈ- ਮੇਰੇ ਚੋਣਵੇਂ ਗੀਤ। ਉਹਨੇ ਇਸ ਕਿਤਾਬ ਦੇ ਮੁੱਖਬੰਦ ਵਜੋਂ ਪੂਰਾ ਗੀਤ ਲਿਖ ਮਾਰਿਆ ਹੈ ਜੋ ਅਸੀਂ ਆਪਣੇ ਪਾਠਕਾਂ ਲਈ ਇਥੇ ਛਾਪ ਰਹੇ ਹਾਂ। ਇਸ ਤੋਂ ਇਲਾਵਾ ਹੇਠਾਂ ਪਰਦੇਸੀਆਂ ਬਾਰੇ ਗੀਤ 'ਤੁਰ ਪਰਦੇਸ ਗਿਉਂ' ਛਾਪਿਆ ਜਾ ਰਿਹਾ ਹੈ। ਬਹੁਤ ਘੱਟ ਲੋਕ ਜਾਣਦੇ ਹਨ ਕਿ ਉਹਨੇ ਕਹਾਣੀਆਂ ਵੀ ਲਿਖੀਆਂ ਹਨ। ਪਿੱਛੇ ਜਿਹੇ ਉਹਦੀ ਵਾਰਤਕ ਕਿਤਾਬ 'ਇਕ ਪਾਸ਼ ਇਹ ਵੀ' ਛਪੀ ਹੈ। -ਸੰਪਾਦਕ*

ਦਿਲ ਜਦ ਬਹੁਤ ਉਦਾਸ ਹੋ ਜਾਵੇ
ਗੀਤ ਲਿਖਣ ਮੈਂ ਬਹਿ ਜਾਂਦਾ ਹਾਂ
ਘਟਨਾ ਆਮ ਜਾਂ ਖਾਸ ਹੋ ਜਾਵੇ
ਗੀਤ ਲਿਖਣ ਮੈਂ ਬਹਿ ਜਾਂਦਾ ਹਾਂ
ਵਹਿਣਾਂ ਵਿਚ ਜਦ ਵਹਿ ਜਾਂਦਾ ਹਾਂ
ਥੱਕ ਟੁੱਟ ਕੇ ਜਦ ਢਹਿ ਜਾਂਦਾ ਹਾਂ
ਆਪਣੇ ਅੰਦਰ ਲਹਿ ਜਾਂਦਾ ਹਾਂ
ਗੀਤ ਲਿਖਣ ਮੈਂ ਬਹਿ ਜਾਂਦਾ ਹਾਂ।

ਗੀਤ ਮੇਰਾ ਪਰਛਾਵਾਂ ਬਣ ਗਏ
ਗੀਤ ਮੇਰਾ ਸਿਰਨਾਵਾਂ ਬਣ ਗਏ
'ਸੰਮੀ' ਨੇ ਸੀ ਧਾਂਕ ਜਮਾਈ
'ਜੁਗਨੀ' ਨੇ ਸੀ ਟੌਅਰ ਬਣਾਈ
'ਦੁਪੱਟਾ' ਤਾਂ ਏਨਾ ਲਹਿਰਾਇਆ
ਖੁਸ਼ੀਆਂ ਦਾ ਇਕ ਹੜ੍ਹ ਜਿਹਾ ਆਇਆ
'ਯਾਰ ਬੋਲਦਾ' ਹੱਦ ਮੁਕਾ'ਤੀ
ਗੀਤ ਕਾਹਦਾ ਗੱਲ ਸਿਰੇ ਈ ਲਾ'ਤੀ
'ਪੇਕੇ' ਲਿਖ ਕੇ ਖੁਦ ਹੀ ਰੋਇਆ
ਜੱਗ ਵੀ ਸਾਰਾ ਪਾਗ਼ਲ ਹੋਇਆ
'ਦਿਲ ਦੀ ਛਤਰੀ' ਬੜੀ ਨਿਆਰੀ
ਅਜੇ ਤੱਕ ਛਾਂ ਦਿੰਦੀ ਪਿਆਰੀ
ਪੰਜ ਪੰਜ ਗੀਤ 'ਕੱਠੇ ਲਿਖ ਮਾਰੇ
ਗਿਣਨੇ ਔਖੇ ਗੀਤ ਉਹ ਸਾਰੇ

ਕੁਝ ਗੀਤ ਲਿਖੇ ਮੈਂ ਸੋਚ ਸੋਚ ਕੇ
ਕੁਝ ਗੀਤ ਲਿਖੇ ਮੈਂ ਬੋਚ ਬੋਚ ਕੇ
ਕੁਝ ਗੀਤ ਰੁਲ ਗਏ ਵਿਚਾਰੇ
ਉਂਝ ਸੀ ਮੈਨੂੰ ਬਹੁਤ ਪਿਆਰੇ
ਕੁਝ ਗੀਤ ਕਦੇ ਨਾ ਹੋਏ ਪੂਰੇ
ਅਜੇ ਤੱਕ ਉਹ ਪਏ ਅਧੂਰੇ
ਬਹੁਤ ਗੀਤਾਂ ਵਿਚ ਭੰਗੜਾ ਪਾਇਆ
ਪਰ ਕਈ ਗੀਤਾਂ ਰੋਣ ਵੀ ਲਾਇਆ
ਕੁਝ ਗੀਤ ਐਵੇਂ ਈ ਹਿੱਟ ਹੋ ਗਏ
ਅਗਲੇ ਪਿਛਲੇ ਧੋਣੇ ਧੋ ਗਏ।

ਗੀਤਾਂ ਦਾ ਮੈਨੂੰ ਬਹੁਤ ਸਹਾਰਾ
ਬਿਨ ਗੀਤੋਂ ਮੈਂ 'ਕੱਲਾ-ਕਾਰਾ
ਗੀਤਾਂ ਵਿਚ ਹੈ ਸ਼ੋਹਰਤ ਵੱਡੀ
ਤਾਹੀਏਂ ਨਜ਼ਮ ਕਹਾਣੀ ਛੱਡੀ
ਕੁਝ ਮਿੱਤਰਾਂ ਫਿਟਕਾਰਾਂ ਪਾਈਆਂ
ਕਈ ਆਏ ਮੈਨੂੰ ਦੇਣ ਵਧਾਈਆਂ
ਗੀਤਾਂ ਦੇ ਨਾਲ ਕਰੀਆਂ ਪੈੜਾਂ
ਵਿਚ ਵਿਦੇਸ਼ਾਂ ਕਰੀਆਂ ਸੈਰਾਂ
ਕੁਝ ਗੀਤਾਂ ਮੇਰਾ ਨਾਂ ਚਮਕਾਇਆ
ਕੁਝ ਗੀਤ ਲਿਖ ਕੇ ਮੈਂ ਪਛਤਾਇਆ।

**ਸ਼ਮਸ਼ੇਰ ਸੰਧੂ**
ਫੋਨ: 91-98763-12860




ਬਿੰਦਰੱਖੀਏ ਜਿਹਾ ਕੋਈ ਨਈਂ ਹੋਣਾ
ਉਸ ਦਾ ਦੇਣਾ ਦੇ ਨਈਂ ਹੋਣਾ
ਹੰਸਰਾਜ ਰਿਹਾ ਮੰਨਦਾ ਕਹਿਣਾ
ਉਹ ਤਾਂ ਸਦਾ ਹੈ ਚੇਤੇ ਰਹਿਣਾ
ਨੂਰੀ, ਮਾਣਕ, ਚੀਮਾ, ਵਾਰਸ
ਇਨ੍ਹਾਂ ਵੀ ਮੈਨੂੰ ਦਿੱਤੀ ਢਾਰਸ
ਬਿੱਟੀ ਚੜ੍ਹੀ ਜਾਂ ਮੈਂ ਚੜ੍ਹਾਈ
ਹੁਣ ਕੁਝ ਕਹਿ ਨਹੀਂ ਸਕਦਾ ਭਾਈ
ਗੁਰਦਾਸ ਮਾਨ, ਸਰਦੂਲ ਤੇ ਛਿੰਦਾ
ਗੱਬਰ, ਸੱਤੀ, ਕੁਲਬੀਰ ਤੇ ਭਿੰਦਾ
ਜਗਮੋਹਨ ਕੌਰ, ਖਾਨ ਅਤੇ ਮਲਕੀਤ
ਕੰਠ, ਦਿਲਸ਼ਾਦ ਤੇ ਮਨਪ੍ਰੀਤ
ਸਰਬਜੀਤ, ਨੈਨਸੀ ਤੇ ਸਿੰਮੀ
ਕੰਠ, ਮਾਵੀ, ਪਰਮਿੰਦਰ, ਪੰਮੀ
ਲਾਡੀ, ਥਾਂਦੀ, ਹਰਦੀਪ, ਨਛੱਤਰ
ਕੁਲ ਗਿਣਤੀ ਹੈ ਸੱਤਰ-ਬਹੱਤਰ।

ਕਈ ਥਾਈਂ ਗੀਤਾਂ ਭੱਲ ਬਣਾਈ
ਕਈ ਥਾਂਵਾਂ 'ਤੇ ਕਦਰ ਘਟਾਈ
ਗੀਤ ਲਿਖਣੇ ਊਂ ਔਖੇ ਵੀ ਨੇ
ਪਰ ਲਿਖਣੇ ਊਂ ਸੌਖੇ ਵੀ ਨੇ
ਗੀਤਾਂ 'ਤੇ ਮੈਂ ਚੜ੍ਹ ਕੇ ਰਹਿਨਾਂ
ਉਂਝ ਗੀਤਾਂ ਤੋਂ ਡਰ ਕੇ ਰਹਿਨਾਂ
ਗੀਤਾਂ ਦੇ ਨਾਲ ਨੋਟ ਕਮਾਏ
ਗੀਤਾਂ ਦੇ ਨਾਲ ਮਿੱਤਰ ਬਣਾਏ

ਗੀਤਾਂ ਨੇ ਕਈ ਵੈਰ ਪੁਆਏ
ਕੁਝ ਗੀਤ ਮੈਂ ਖੁਦ ਵੀ ਗਾਏ
ਕਈ ਗੀਤਾਂ ਨਾਲ ਧਰਤ 'ਚ ਖੁੱਭਦਾਂ
ਕਈ ਗੀਤਾਂ ਨਾਲ ਅੰਬਰੀਂ ਉਡਦਾਂ।
ਕੋਈ ਕੋਈ ਗੀਤ ਹੈ ਹਿੱਕ 'ਚ ਚੁੱਭਦਾ
ਕਿਸੇ ਗੀਤ ਨਾਲ ਸਾਗਰ ਡੁੱਬਦਾ
ਗੀਤਾਂ ਵਿਚ ਮੈਂ ਪਿੰਡ ਪਰੋਇਆ
ਪਿੰਡ ਮਦਾਰਾ ਚਰਚਿਤ ਹੋਇਆ


ਇਕ ਨੁਕਤੇ 'ਤੇ ਧਿਆਨ ਹੋ ਜਾਵੇ
ਜਾਂ ਫਿਰ ਦਿਲ ਹੈਰਾਨ ਹੋ ਜਾਵੇ
ਜਾਂ ਫਿਰ ਕੋਈ ਨੁਕਸਾਨ ਹੋ ਜਾਵੇ
ਜਦ ਕਿਧਰੇ ਸਨਮਾਨ ਹੋ ਜਾਵੇ
ਜਾਂ ਕਿਧਰੇ ਅਪਮਾਨ ਹੋ ਜਾਵੇ
ਗੀਤਾਂ ਦੇ ਨਾਲ ਖਹਿ ਜਾਂਦਾ ਹਾਂ
ਗੀਤ ਲਿਖਣ ਮੈਂ ਬਹਿ ਜਾਂਦਾ ਹਾਂ
ਗੀਤ ਲਿਖਣ ਬੱਸ ਬਹਿ ਜਾਂਦਾ ਹਾਂ।

## ਤੁਰ ਪਰਦੇਸ ਗਿਉਂ...

*ਮੀਂਹ ਵਰ੍ਹਦਾ ਏ ਦਿਲ ਡਰਦਾ ਏ
ਚਿੱਤ ਉਡਜੂੰ ਉਡਜੂੰ ਕਰਦਾ ਏ
ਪਰ ਉਡ ਕੇ ਕਿੱਧਰ ਨੂੰ ਜਾਵਾਂ
ਤੁਰ ਪਰਦੇਸ ਗਿਉਂ
ਤੂੰ ਲੈ ਕੇ ਚਾਰ ਕੁ ਲਾਵਾਂ।*

*ਕਹਿੰਦੇ ਚਿੱਟਾ ਖੂਨ ਹੋ ਜਾਂਦਾ
ਵਿਚ ਕਨੇਡਾ ਜਾ ਕੇ।
ਸੱਧਰਾਂ ਦਾ ਗਲ ਘੁੱਟਿਆ ਜਾਵੇ
ਡਾਲਰ ਵਿਚ ਚੁੰਧਿਆ ਕੇ।
ਉਠ ਤੜਕੇ ਵੇ ਛੱਤ ਚੜ੍ਹ ਕੇ ਵੇ
ਮੈਂ ਰੋਜ਼ ਔਂਸੀਆਂ ਪਾਵਾਂ।
ਵੇ ਤੁਰ ਪਰਦੇਸ ਗਿਉਂ...*

*ਘਰ ਦੇ ਸੁੱਖ ਨੂੰ ਉਹ ਕੀ ਜਾਣਨ
ਜੋ ਪੈਸੇ ਦੇ ਲੋਭੀ।
ਖੁਸ਼ੀਆਂ ਮੇਰੇ ਨੇੜੇ ਢੁੱਕਣ
ਮੈਂ ਜਨਮਾਂ ਤੋਂ ਸੋਗੀ।
ਮੁੱਖ ਮੋੜ ਗਿਉਂ ਦਿਲ ਤੋੜ ਗਿਉਂ*



*ਨਾ ਦੱਸ ਕੇ ਗਿਉਂ ਸਿਰਨਾਵਾਂ।
ਵੇ ਤੁਰ ਪਰਦੇਸ ਗਿਉਂ...*

*ਕਦੇ ਕਦੇ ਮੈਂ ਬੂਹਾ ਭੇੜ ਕੇ
ਹਾਰ ਸ਼ਿੰਗਾਰ ਲਗਾਵਾਂ।
ਸ਼ੀਸ਼ਾ ਮੈਨੂੰ ਕਰੇ ਚਹੇੜਾਂ
ਖੜ੍ਹੀ ਖੜ੍ਹੀ ਮਰ ਜਾਵਾਂ।
ਨਾ ਰੋਕ ਸਕੀ ਨਾ ਟੋਕ ਸਕੀ
ਜਦ ਟੁਰਿਉਂ ਛੁਡਾ ਕੇ ਬਾਹਵਾਂ।
ਵੇ ਤੁਰ ਪਰਦੇਸ ਗਿਉਂ...*

*ਕੱਲ੍ਹ ਇਕ ਭੈੜਾ ਸੁਪਨਾ ਆਇਆ
ਤੂੰ ਹੋ ਗਿਆ ਬੇਗਾਨਾ।
ਗੋਰੀ ਚਮੜੀ ਪਿੱਛੇ ਸੰਧੂ
ਹੋਇਆ ਫਿਰੇ ਦੀਵਾਨਾ।
ਅੱਖ ਸੁੱਕਦੀ ਨਾ ਸ਼ੱਕ ਮੁੱਕਦੀ ਨਾ
ਮੈਂ ਸੁਪਨਾ ਲੈ ਪਛਤਾਵਾਂ।
ਵੇ ਤੁਰ ਪਰਦੇਸ ਗਿਉਂ...
ਤੂੰ ਲੈ ਕੇ ਚਾਰ ਕੁ ਲਾਵਾਂ।*

# ਆਖ ਤਸਵੀਰਾਂ ਬੋਲਦੀਆਂ

ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 17 ਮਈ 2014 ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-116



*ਨਸ਼ਾ ਕਸੂਤਾ ਕਰ ਲਿਆ ਹੋਣੈ, ਡਿੱਗੇ ਪਏ 'ਅਕਾਲੀ' ਨੇ।
ਮਰੇ ਗਲੇ, ਪਰ ਵੋਟ 'ਥਿਆਈ, ਮਿਹਨਤ ਕਰੀ ਇਯਾਲੀ ਨੇ!*

## ਕੈਪਸ਼ਨ ਮੁਕਾਬਲਾ-114



ਮਸਾਂ ਮਸਾਂ ਤਾਂ ਦਾਅ ਲੱਗਿਆ,
ਕਿਉਂ ਨਾ ਅੱਜ ਫਿਰ ਮੌਜ ਮਨਾਈਏ।
ਕਾਠੀ ਉਤੋਂ ਪੈਰ ਨ੍ਹੀਂ ਆਉਂਦੇ,
ਕੈਂਚੀ ਪਾ ਕੇ ਦੱਬੀਂ ਜਾਈਏ।
***-ਜਗਮੀਤ ਸਿੰਘ ਪੰਧੇਰ***
***ਫੋਨ: 91-98783-37222***

---

ਸਿੱਖ ਲਈ ਹੁਣ ਕੈਂਚੀ ਆਪਾਂ
ਫਿਰ ਕਾਠੀ ਦੀ ਤਿਆਰੀ।
ਨਹੀਂਓ ਭੁੱਲਦੀ ਪਹਿਲੀ-ਪਹਿਲੀ
ਸਾਈਕਲ ਵਾਲੀ ਸਵਾਰੀ।
***-ਹਰਮੀਕ ਸਿੰਘ ਵਿੱਕੀ***
***ਸਟਾਕਟਨ, ਕੈਲੀਫੋਰਨੀਆ।***

---

ਪਾ ਕੇ ਕੈਂਚੀ ਪਹਿਲੇ ਦਿਨ ਕਾਕਾ
ਚਾਈਂ ਚਾਈਂ ਸਾਈਕਲ ਸਿੱਖਣ ਲੱਗਾ।
ਛਿਲਾ ਕੇ ਗਿੱਟੇ, ਭੰਨਾ ਲਏ ਗੋਡੇ
ਬੈਠ ਚੁੱਲ੍ਹੇ ਅੱਗੇ ਸੇਕਣ ਲੱਗਾ।
ਤਾਰਾਂ ਟੁੱਟੀਆਂ, ਹੈਂਡਲ ਹੋਇਆ ਵਿੰਗਾ
ਚੈਨ ਕਵਰ ਖੜ ਖੜ ਕਰਨ ਲੱਗਾ।
ਬਾਪੀ ਤੋਂ ਤਾਂ ਖਾਧੀਆਂ ਝਿੜਕਾਂ
ਮਾਂ ਕੋਲ ਬੈਠ ਰਊਂ ਰਊਂ ਕਰਨ ਲੱਗਾ।
***-ਸੇਵਾ ਸਿੰਘ ਨੂਰਪੁਰੀ***
***ਫੋਨ: 408-912-3438***

---

ਜਦ ਕੈਂਚੀ-ਸਾਈਕਲ ਆ ਜਾਂਦਾ
ਚਾਅ ਚੜ੍ਹਦਾ ਦੂਣ ਸਵਾਇਆ।
ਦਿਲ ਕਰਦੈ ਖੂਬ ਭਜਾਈਏ
ਰੋਕੇ ਨਾ ਚਾਚਾ-ਤਾਇਆ।
***-ਫਕੀਰ ਚੰਦ ਸੈਂਪਲਾ, ਐਲ ਏ***

---

ਸਾਨੂੰ ਨੀ ਪਤਾ ਭਾਈ ਖੱਬੇ-ਸੱਜੇ ਦਾ।
ਗੁੱਸਾ ਨਾ ਕਰੇ ਕੋਈ
'ਠਾਹ' ਵਿਚ ਵੱਜੇ ਦਾ।
ਇਕੋ ਸਾਡੀ ਰੀਝ ਹੈ ਜੀ
ਰੇਸਾਂ ਲਾਉਣੀਆਂ
ਗੋਡੇ, ਲੱਤਾਂ, ਬਾਹਾਂ,
ਕੂਹਣੀਆਂ ਭਨਾਉਣੀਆਂ!
***-ਬੱਲੀ ਸਿੰਘ, ਸੈਨ ਹੋਜ਼ੇ***

---

ਸਾਈਕਲ ਦੀ ਸਵਾਰੀ
ਬੜੀ ਚਮਤਕਾਰੀ।
ਨਾ ਗੈਸ ਦਾ ਖਰਚਾ
ਨਾ ਲੱਗੇ ਕੋਈ ਬਿਮਾਰੀ।
***-ਗੁਰਦੇਵ ਸਿੰਘ ਵਿਰਦੀ, ਕੈਨੇਡਾ***

# ਵੇਖ ਸਾਹਮਣੇ ਮੋੜ 'ਤੇ ਕੀ ਲਿਖਿਆ...

## ਨੋਕ-ਝੋਕ



ਐਸ. ਅਸ਼ੋਕ ਭੌਰਾ

*ਜਿਹੜੇ ਲੋਕ ਇਸ ਭਰਮ ਵਿਚ ਹਨ ਕਿ ਫੁੱਲ ਮੁਰਝਾਉਣ ਤੋਂ ਬਾਅਦ ਇਕ ਵਾਰ ਫਿਰ ਖਿੜ ਸਕਦਾ ਹੈ, ਉਹ ਭੁਲੱਕੜ ਹਨ; ਕਿਉਂਕਿ ਜ਼ਮੀਨ-ਅਸਮਾਨ 'ਕੱਠੇ ਵੀ ਹੋ ਜਾਣ, ਤਦ ਵੀ ਇੱਦਾਂ ਨਹੀਂ ਹੋ ਸਕਦਾ। ਫੁੱਲ ਕੋਲ ਬੈਠ ਕੇ ਖੁਸ਼ਬੂ ਦੀ ਹੀ ਕਲਪਨਾ ਕੀਤੀ ਜਾ ਸਕਦੀ ਹੈ। ਰੂੜੀਆਂ ਦੇ ਢੇਰ ਕੋਲ ਨੱਕ 'ਕੱਠਾ ਕਰਨਾ ਹੀ ਪਵੇਗਾ। ਕਾਲੇ ਕਾਂ ਚਿੱਟੇ ਵੀ ਹੋ ਜਾਣ, ਚਿੜੀਆਂ ਦੇ ਚਿਹਰਿਆਂ 'ਤੇ ਰੌਣਕ ਪਰਤ ਆਉਣ ਦੀ ਆਸ ਨਹੀਂ ਬਣੇਗੀ। ਵੱਗ ਵਿਚੋਂ ਵਿਛੜੇ ਜਾਨਵਰ 'ਤੇ ਹੀ ਸ਼ੇਰ ਵਾਰ ਕਰਦਾ ਹੈ, ਕਿਉਂਕਿ ਉਹ ਜਾਣਦੈ ਕਿ ਜਿੱਦਣ ਵੱਗ 'ਕੱਠਾ ਹੋ ਗਿਆ, ਜੰਗਲ ਦੀ ਬਾਦਸ਼ਾਹਤ ਹੱਥੋਂ ਨਿਕਲ ਜਾਵੇਗੀ। ਕਾਲੀਆਂ ਘਟਾਵਾਂ ਦੇਖ ਕੇ ਸਾਉਣ ਮਹੀਨੇ ਪੈਲਾਂ ਪਾਉਣਾ ਮੋਰ ਦੀ ਮਸਤੀ ਹੋ ਸਕਦੀ ਹੈ ਪਰ ਜੀਵ ਵਿਗਿਆਨ ਅਨੁਸਾਰ ਸਾਰਾ ਦਿਨ ਭਾਰੇ ਖੰਭਾਂ ਨੂੰ ਖਿੱਚੀ ਫਿਰਨ ਵਾਲੇ ਮੋਰ ਦੀ ਇਹ ਥਕਾਵਟ ਦੂਰ ਕਰਨ ਅਤੇ ਕਸਰਤ ਕਰਨ ਦੀ ਮੁਹਿੰਮ ਦਾ ਹੀ ਹਿੱਸਾ ਹੈ। ਕੱਚੇ ਘੜਿਆਂ ਨੂੰ ਕੱਚੇ ਹੋਣ ਦਾ ਡਰ ਨਹੀਂ ਹੁੰਦਾ, ਉਹ ਸਿਰਫ ਪਾਣੀ ਦੀ ਮਾਰ ਤੋਂ ਹੀ ਭੈਅ ਖਾਂਦੇ ਹਨ। ਬਹੁਤ ਸਾਰੇ ਕਵੀਆਂ ਨੇ ਕਵਿਤਾ ਮਹਿਬੂਬ ਨੂੰ ਮੁਖਾਤਿਬ ਹੋ ਕੇ ਉਹਦੇ ਚਿਹਰੇ ਦੀ ਖੂਬਸੂਰਤੀ 'ਤੇ ਲਿਖੀ ਸੀ, ਪਰ ਮਹਿਬੂਬ ਨੇ ਉਨ੍ਹਾਂ ਦੇ ਸੁਪਨਿਆਂ ਵਿਚ ਆਉਣਾ ਵੀ ਕਈ ਵਾਰ ਮੁਨਾਸਿਫ ਨਹੀਂ ਸਮਝਿਆ। ਇਸੇ ਕਰ ਕੇ ਕਵੀਆਂ ਦੇ ਸੁਭਾਅ ਵਿਚ ਝੱਲਾਪਣ ਭਾਰੂ ਹੋ ਜਾਂਦਾ ਹੈ। ਆਪਣੇ ਮੁਲਕ ਵਿਚ ਭੈੜੇ ਕੰਮ ਕਰ ਕੇ ਜਸ ਖੱਟਣ ਦੀ ਸੋਚ ਨੇ ਲੀਡਰਾਂ ਦੀ ਗਿਣਤੀ ਵਧਾਈ ਹੈ। ਇਸੇ ਕਰ ਕੇ ਇਮਾਨਦਾਰ ਇਨਸਾਨਾਂ ਦੀ ਘਾਟ ਲਗਾਤਾਰ ਵਧ ਰਹੀ ਹੈ। ਜੇ ਬੁੱਢਾ ਹੋ ਕੇ, ਉਮਰ ਵਿਹਾ ਕੇ ਕੋਈ ਥੱਕ ਨਹੀਂ ਰਿਹਾ, ਜੇ ਕੋਈ ਇਕੋ ਕਾਰਜ ਤੋਂ ਮੁਕਤ ਨਹੀਂ ਹੋਣਾ ਚਾਹੁੰਦਾ, ਜਿਹਦੇ ਲੀੜੇ ਤਾਂ ਚਿੱਟੇ ਹੋਣ ਪਰ ਖੀਸਾ ਭ੍ਰਿਸ਼ਟਾਚਾਰ ਨਾਲ ਲਿਬੜਿਆ ਹੋਵੇ, ਤਾਂ ਉਹ ਮੇਰੇ ਮੁਲਕ ਦਾ ਰਾਜਸੀ ਨੇਤਾ ਹੀ ਹੋ ਸਕਦਾ ਹੈ। ਪੁੱਤਰ ਮੋਹ ਵਿਚ ਲਗਾਤਾਰ ਗਲਤੀਆਂ ਕਰਨ ਦਾ ਸੰਕਲਪ ਹਿੰਦੋਸਤਾਨ ਦੀ ਰਾਜਨੀਤੀ ਨੇ ਹੀ ਪੈਦਾ ਕਰ ਕੇ ਦਿੱਤਾ ਹੈ। ਇਸੇ ਕਰ ਕੇ ਵੋਟ ਅਤੇ ਵੋਟਰ ਲਗਾਤਾਰ ਝਗੜਦੇ ਆਏ ਹਨ। ਸਾਹਮਣੇ ਲਿਖਿਆ ਪੜ੍ਹਨ ਵਾਲੇ ਕੂਹਣੀ ਮੋੜ 'ਤੇ ਵੀ ਸੱਟ ਨਹੀਂ ਖਾਂਦੇ।*

"ਅੱਜ ਤਾਂ ਬਈ ਕਾਂ ਦੀ ਅੱਖ ਨਿਕਲਦੀ ਐ, ਵੋਟਾਂ ਦੀ ਗਰਮੀ ਤੋਂ ਬਾਅਦ ਲੱਗਦੈ ਉਪਰ ਵਾਲਾ ਵੀ ਹੱਥ ਦਿਖਾਉਣ ਲੱਗ ਪਿਐ...।" ਨੱਥਾ ਸਿਹੁੰ ਨੇ ਬੋਹੜ ਹੇਠ ਇੱਟ ਦਾ ਪੀਹੜਾ ਬਣਾਉਂਦਿਆਂ ਗੱਲ ਤੋਰੀ।

"ਆਹੋ ਤੇਰਾ 'ਗਰੇਜ (ਅੰਗਰੇਜ਼) ਦਾ ਰੰਗ ਉਤਰਦਾ ਹੋਣੈ। ਆਏਂ ਚੱਬ ਕੇ ਗੱਲ ਕਰਦੈ ਜਿੱਦਾਂ ਕਸ਼ਮੀਰ ਵਿਚ ਪੈਦਾ ਹੋਇਆ ਹੁੰਦੈ।" ਮੱਘਰ ਨੇ ਜਿਵੇਂ ਆਉਂਦੀ ਬੋਚ ਲਈ ਹੋਵੇ।

"ਕਰ ਲਓ ਕੱਦੂ 'ਚ ਮੋਰੀ-ਲਾਰੀ ਬਠਿੰਡੇ ਦੀ ਫਤਨੀ ਆਂ, ਟਿਕਟ ਦਸੂਹੇ ਦੀ ਮੰਗੀ ਜਾਂਦੈ। ਰੱਬ ਤੋਂ ਡਰ ਮੱਘਰਾ! ਦੋ ਸਾਲ ਹੋ ਗਏ ਆ ਖੁੱਚ ਪਈ, ਮਸਾਂ ਇਕ ਅੱਖ ਨਾਲ ਵੀ ਲੰਗੇ ਡੰਗ ਦੀਹਦਾ, ਵੱਡਾ ਵਲੈਤ ਵਾਲਾ ਰਾਜ ਕੁਮਾਰ। ਇਹ ਰਾਮਦੇਵ ਵਾਂਗ ਸਹੁਰੀ ਦੇ ਨੇ ਗੱਲ ਨੀ ਕਰਨੀ ਚੱਜ ਦੀ।"

"ਨੱਥਾ ਸਿਹਾਂ! ਰਾਮਦੇਵ ਦਾ ਕੀ ਰੌਲਾ ਪੈਂਦਾ? ਕਿਤੇ ਯੋਗ ਕੈਂਪ ਲੱਗਣਾ?" ਮਾਸਟਰ ਕਰਨੈਲ ਸਿੰਘ ਨੇ ਵੀ ਆਉਂਦਿਆਂ ਅਤਿਸ਼ਬਾਜ਼ੀ ਚਲਾ'ਤੀ।

"ਮਾਹਟਰਾ ਲੱਗ ਹਟੇ ਹੁਣ ਉਹਦੇ ਕੈਂਪ, ਜੇ ਮੋਦੀ ਕਿਤੇ ਨਾ ਬਣਿਆ, ਤਾਂ ਪਹਿਲਾਂ ਤਾਂ ਦਿੱਲਿਉਂ ਤੀਵੀਆਂ ਆਲੇ ਕੱਪੜੇ ਪਾ ਕੇ ਨੱਠ ਪਿਆ ਸੀ, ਹੁਣ ਤਾਂ ਦੋ ਕੋਹ ਨੀ ਤੁਰਨ ਦੇਣਾ ਕਿਸੇ ਨੇ। ਚਲੋ ਰਾਮਦੇਵ ਦੇ ਤਾਂ ਫਿਰ ਵੀ ਡੂਢ ਕੁ ਹੈਗੀ ਆ, ਆਹ ਮੱਘਰ ਇਕ ਨਾਲ ਨੀ ਭੁੰਜੇ ਪੈਣ ਦਿੰਦਾ ਕੁਝ।"

"ਨੱਥਾ ਸਿਹਾਂ! ਬੰਦੇ ਕ-ਬੰਦੇ 'ਚ ਫਰਕ ਹੁੰਦੈ। ਮਹਾਰਾਜਾ ਰਣਜੀਤ ਸਿਹੁੰ ਦੀ ਵੀ ਇਕ ਅੱਖ ਸੀ।"

"ਚੱਲ ਮਾਹਟਰਾ, ਅਸੀਂ ਕਿਹੜਾ ਤੇਰੇ ਵਾਂਗੂੰ ਪੜ੍ਹੇ-ਲਿਖੇ ਆਂ, ਪਰ ਐਂ ਜ਼ਰੂਰ ਪਤੈ ਕਿ ਉਹਦੀ ਇਕੋ ਅੱਖ ਸੁਲੱਖਣੀ ਸੀ, ਬੜਾ ਧਰਮੀ ਰਾਜਾ ਸੀ। ਆਹ ਜਿਹੜੇ ਆਂਹਦੇ ਸੀ, ਉਹਦੇ ਵਰਗਾ ਰਾਜ ਦਿਆਂਗੇ, ਬਹਿ ਜਾਣ ਕਿਤੇ ਇਨ੍ਹਾਂ ਦੀਆਂ ਦੋਏ, ਇਨ੍ਹਾਂ ਨੂੰ ਆਪਣੇ ਘਰ ਤੋਂ 'ਗਾਂਹ ਦੀਹਦਾ ਈ ਨੀ। ਇਨ੍ਹਾਂ ਦਾ ਹੋ ਗਿਆ ਸਭ ਕੁਝ ਪੰਜਾਂ ਸਾਲਾਂ 'ਚ ਦੂਣਾ। ਕਿਲੋਆਂ ਦੇ ਹਿਸਾਬ ਨਾਲ ਇਨ੍ਹਾਂ ਕੋਲ ਸੋਨਾ ਚਾਂਦੀ ਆ, ਤੇ ਮਾਇਆ ਗਿਣੇ ਨੀ ਹੁੰਦੀ। ਹੈ ਹਾ ਪੈ ਜਾਏ ਕਿਤੇ ਇਨ੍ਹਾਂ ਦੀ ਮੂਧੀ ਬੇੜੀ।"

ਨੱਥੂ ਨੇ ਹਟਕੋਰਾ ਲੈ ਕੇ ਭਰੇ ਗਲੇ ਨਾਲ ਗੱਲ ਫਿਰ ਅੱਗੇ ਤੋਰੀ, "ਮਾਹਟਰਾ ਮਰ ਗਿਆ ਨਾ ਆਪਣੇ ਪਿੰਡ ਆਲਾ ਅੱਛਰ ਸਿੰਹੁ ਪਰਸੋਂ ਫਾਹਾ ਲੈ ਕੇ...।"

"ਸੱਚੀਂ! ਉਹਦਾ ਟੱਬਰ ਉਜੜ ਗਿਆ। ਪਿਛਲੇ ਸਾਲ ਪੁੱਤ ਮਰ ਗਿਆ ਸੀ ਗੱਭਰੂ, ਤੇ ਐਤਕੀਂ ਹਾੜ੍ਹੀ ਚੁੱਕਣ ਤੋਂ ਪਹਿਲਾਂ ਈ ਪਿਉ ਚਲੇ ਗਿਆ। ਬੜੀ ਸੋਹਣੀ ਉਦਣ ਵੋਟ ਪਾਉਣ ਗਿਆ ਸੀ।"

"ਵੇਖ ਨੱਥਾ ਸਿਹਾਂ! ਮੁੰਡਾ ਤਾਂ ਉਹਦਾ ਚੰਗਾ ਸੀ, ਜ਼ੋਰ ਕਰਦਾ ਹੁੰਦਾ ਸੀ, ਬੀ.ਏ. ਪਾਸ ਸੀ। ਚਿੱਟੇ ਨੇ ਲੈ ਲਿਆ।"

"ਚੱਲ ਮਾਹਟਰਾ! ਆਏਂ ਦੱਸ, ਜਿੱਧਰ ਦੇਖ ਲਓ, ਚਿੱਟਾ ਚਿੱਟਾ...। ਕਾਲੀ ਨਾਗਣੀ ਜੀਹਨੂੰ ਫੀਮ ਆਂਹਦੇ ਆ, ਉਹ ਤਾਂ ਸੁਣੀ ਸੀ, ਇਹ ਕੀ ਬਲਾ ਆ? ਐਤਕੀਂ ਵੋਟਾਂ ਵਿਚ ਚਿੱਟਾ ਚਿੱਟਾ ਹੋਈ ਜਾ ਰਹੀ ਸੀ, ਕਈਆਂ ਨੂੰ ਬੀਬੇ ਸਮਝਦੇ ਸੀ, ਉਹ ਵੀ ਬਦਨਾਮ ਕਰ'ਤੇ...ਭਲਾ ਕਿਥੇ ਨੀਲੀ ਤੇ ਕਿਥੇ ਚਿੱਟਾ?"

"ਨੱਥਾ ਸਿਹਾਂ, ਕੀ ਦੱਸਾਂ... ਆਪਣੇ ਪਿੰਡ ਜਾਗਰ ਤੇ ਨਿਹਾਲਾ ਭੁੱਕੀ ਪੀਂਦੇ ਹੁੰਦੇ ਸੀ, ਮਸਾਂ ਦੋ ਜਣੇ। ਭੁੱਕੀ ਹੁੰਦੀ ਸੀ ਭਲੇ ਵੇਲਿਆਂ ਵਿਚ ਵੀਹਾਂ ਨੂੰ ਸੇਰ ਪੱਕੀ, ਤੇ ਅੱਜ ਡੂਢ-ਦੋ ਹਜ਼ਾਰ ਨੂੰ ਆ, ਤੇ ਚਿੱਟਾ ਹਜ਼ਾਰਾਂ ਦਾ ਤੋਲਾ ਮਿਲਦੈ।"

"ਅੱਛਾ! ਤੇ ਅੱਛਰ ਸਿਹੁੰ ਤਾਂ ਬੀਬਾ ਬੰਦਾ ਸੀ, ਤੇ ਸੁੱਖ ਨਾਲ ਮੁੰਡਾ ਵੀ ਆਂਹਦੇ ਪੜ੍ਹਿਆ-ਲਿਖਿਆ ਸੀ। ਇਹ ਚਿੱਟਾ ਪੀਣ ਦਾ ਭੂੰਡਾਂ ਦੇ ਖੱਖਰ 'ਚ ਕਿਥੋਂ ਹੱਥ ਪਾ ਲਿਆ?"

"ਪਿਛਲੀਆਂ ਵੋਟਾਂ 'ਚ ਨੌਕਰੀ ਦੇ ਲਾਲਚ ਨੂੰ ਲੀਡਰਾਂ ਦੇ ਚਮਚਿਆਂ ਨੇ ਫਸਾ ਲਿਆ ਆਪਣੇ ਜਾਲ ਵਿਚ। ਵੋਟਾਂ ਵੇਲੇ ਮੁੰਡਿਆਂ ਨੂੰ ਵੰਡਦਾ-ਵੰਡਦਾ ਆਪ ਪੀਣ ਲੱਗ ਪਿਆ। ਦੋ ਸਾਲਾਂ ਵਿਚ 'ਗਾਂਹ ਨੂੰ ਹੀ ਚਲੇ ਗਿਆ, ਪਿਛਾਂਹ ਨੀ ਮੁੜ ਹੋਇਆ।"

"ਭੁੱਕੀ ਨਾਲ ਤਾਂ ਅਮਲੀ ਸੱਠ-ਸੱਠ ਦੇ ਨੀ ਮਰਦੇ ਹੁੰਦੇ ਸੀ।"

"ਨੱਥਾ ਸਿਹਾਂ, ਚੁੱਪ ਈ ਕਰ, ਜੇ ਆਹੀ ਹਾਲ ਰਿਹਾ ਤਾਂ ਵੇਖੀਂ ਅਗਲੇ ਸਾਲਾਂ ਵਿਚ ਪਿਉਆਂ ਦੇ ਮੋਢਿਆਂ ਤੋਂ ਪੁੱਤਾਂ ਦੀਆਂ ਅਰਥੀਆਂ ਨੀ ਲੱਥਣੀਆਂ।"

"ਮਾਹਟਰਾ, ਭਲਾ ਅੱਛਰੂ ਨੇ ਕਿੰਨਾ ਕੁ ਕਰਜ਼ਾ ਦੇਣਾ ਸੀ ਬੈਂਕ ਆਲਿਆਂ ਦਾ ਜਿਹੜੀ ਉਹਨੇ ਜਾਨ ਗਵਾ ਲਈ?"

"ਜ਼ਮੀਨ ਚਾਰ ਕਨਾਲ ਬਚਦੀ ਸੀ, ਉਹ ਪੁੱਤ ਦੇ ਚਿੱਟੇ ਨੇ ਨਿਗਲ ਲਈ। ਦੋ-ਚਾਰ ਕਿੱਲੇ ਠੇਕੇ 'ਤੇ ਲੈ ਕੇ ਵਾਹੀ ਕਰਦਾ ਸੀ, ਦੋ ਫਸਲਾਂ ਮਰ ਗਈਆਂ...ਹੋਊ ਕੋਈ ਢਾਈ ਤਿੰਨ ਲੱਖ।"

"ਚੱਲੋ ਸਾਡੇ ਕੋਲ ਤਾਂ ਹਜ਼ਾਰ-ਪੰਜ ਸੌ ਨੀ ਹੋਣਾ... ਬੀਬੀ ਨੇ ਅਚਾਰ ਪਾਉਣਾ ਸੀ ਅਰਬਾਂ ਦਾ। ਇਕ ਦਿਨ ਹਜਾਜ (ਜਹਾਜ਼) ਵਿਚ ਨਾ ਬਹਿੰਦੇ ਪਿਉ-ਪੁੱਤ ਤਾਂ ਪਤਾ ਨੀ ਕਿੰਨੇ ਕੁ ਅੱਛਰੂ ਬਚ ਜਾਣੇ ਸੀ।"

"ਸੁਣ ਓ ਜਾਗਰਾ, ਕਿਹੜੇ ਪੇ-ਪੁੱਤ ਦੀਆਂ ਗੱਲਾਂ ਕਰਦੇ ਆ...।" ਨਿਹਾਲੇ ਅਮਲੀ ਨੇ ਜਾਗਰ ਨਾਲ ਸੱਥ ਵਿਚ ਬੈਠਦਿਆਂ ਹੀ ਅਨਾਰ ਚਲਾ'ਤਾ।

"ਮਾਹਟਰ ਜੀ, ਨਿਹਾਲੇ ਨੂੰ ਪੁੱਛੋ, ਪਈ ਪਿਛਲੀ ਵਾਰ ਤਾਂ ਇਹਨੇ ਨਸ਼ੇ ਦੀ ਵਾਧ-ਘਾਟ 'ਚ ਵੋਟ ਪਾਈ ਈ ਨਹੀਂ ਸੀ, ਐਤਕਾਂ ਕੀਹਨੂੰ ਪਾਈ ਐ?"

"ਓਏ ਨੱਥੂਆ! ਮਾਹਟਰ ਨੇ ਪੁੱਛ ਕੇ ਹੁਣ ਦੋਹਰ ਪਾਉਣੀ ਆਂ। ਸੁਆਲ ਤੇਰਾ ਈ, ਮੈਨੂੰ ਸਮਝ ਆ ਗਿਐ।"

"ਦੱਸ ਫੇਰ।"

"ਐਤਕਾਂ ਤੇਰੀ ਭਰਜਾਈ ਪਹਿਲਾਂ ਈ ਝਾੜੂ ਚੁੱਕ ਕੇ ਮੇਰੇ ਪਿੱਛੇ ਪੈ ਗਈ, ਅਖੇ ਜੇ ਐਤਕੀਂ ਕਿਸੇ ਤੋਂ ਭੁੱਕੀ ਦਾ ਪਾਈਆ ਵੀ ਲਿਆ ਤਾਂ ਤੇਰੀ ਖੈਰ ਨ੍ਹੀਂ। ਮੈਂ ਪੁੱਛਿਆ, ਭਾਗਵਾਨੇ ਚੱਲ ਮੈਂ ਆਏਂ ਤਾਂ ਨਾ ਕਰੂੰ ਜਿੱਦਾਂ ਤੂੰ ਆਂਹਨੀ ਆਂ, ਪਰ ਸਾਰੀ ਉਮਰ ਦੇ ਅਸੂਲ ਕਿਉਂ ਤੋੜ ਲਏ। ਅੱਗਿਉਂ ਬੋਲੀ, ਗੱਲ ਮੇਰੀ ਲੜ ਬੰਨ੍ਹ ਲੈ, ਇਹ ਭੇਤ ਦੱਸੂੰ ਤੈਨੂੰ ਵੋਟਾਂ ਤੋਂ ਇਕ ਦਿਨ ਪਹਿਲਾਂ, ਤੇ ਭਰਾਵਾ ਉਹਦੀ ਬਹਿੰਦੀ ਮੈਨੂੰ ਝਾੜੂ ਦਿਖਾ ਦਿਆ ਕਰੇ।"

"ਪਈ ਫਿਰ ਖਾਣੇ?"

"ਤੂੰ ਖਾਣੇ ਦੀ ਗੱਲ ਕਰਦੈਂ, ਮੇਰਾ ਤਾਂ ਕੋਈ ਖਾਨਾ ਈ ਨੀ ਬੰਦ ਰਿਹਾ, ਸਭ ਖੁੱਲ੍ਹ ਗਏ। ਅਮਲੀਆਂ ਦੇ ਘਰਾਂ ਵਿਚ ਜਿੰਨਾ ਝਾੜੂ ਮਸ਼ਹੂਰ ਹੋਇਆ, ਬੱਸ ਗੱਲ ਈ ਛੱਡ ਦੇ...ਅੱਗੋਂ ਜਿਹੜੀ ਕਹਿੰਦੀ ਹੁੰਦੀ ਸੀ, ਝਾੜੂ-ਬਹਾਰੀ ਸਿੱਧੇ ਨੀ ਖੜ੍ਹੇ ਕਰੀਦੇ, ਵੱਸਦੇ ਘਰਾਂ 'ਚ ਚੰਗੇ ਨੀ ਹੁੰਦੇ, ਉਹ ਝਾੜੂ ਉਹਨੇ ਬਾਹਰਲੇ ਬੂਹੇ ਨਾਲ ਪੰਦਰਾਂ ਦਿਨ ਸਿੱਧਾਂ ਈ ਖੜ੍ਹਾ ਕਰੀ ਰੱਖਿਆ। ਆਪਣੇ ਤਾਂ ਫਿਰ ਅੰਦਰਲਾ ਨਿਹਾਲ ਸਿੰਘ ਜਾਗ ਪਿਆ ਮਾਹਟਰਾ, ਹੁਣ ਅੱਗੇ ਹੋਰ ਦੱਸਣ ਦੀ ਲੋੜ ਈ ਨੀ ਰਹੀ।"

"ਤੇ ਜਾਗਰਾ ਤੂੰ ਕੀ ਕੀਤਾ?" ਮੱਘਰ ਨੇ ਨਿਹਾਲੇ ਦੀ ਗੱਲ ਮੁੱਕਦਿਆਂ ਹੀ ਨੱਕਾ ਦੂਜੇ ਪਾਸੇ ਮੋੜ ਲਿਆ।

"ਮੱਘਰਾ ਫਿਰ ਸੱਚ ਸੁਣਨਾ?"

"ਝੂਠ ਤਾਂ ਤੂੰ ਕਦੇ ਜ਼ਿੰਦਗੀ 'ਚ ਨੀ ਬੋਲਿਆ ਅਮਲੀਆ, ਨਾਲੇ ਨਿਹਾਲੇ ਨੇ ਵੇਖ ਲੈ ਸਿਰੇ ਲਾ'ਤੀ।"

"ਤੈਨੂੰ ਸਹੀ ਗੱਲ ਦੱਸਾਂ, ਪਈ ਸਾਡਾ ਪਿਉ ਸੀ ਕੱਟੜ 'ਕਾਲੀ। ਇੰਦਰਾ ਗਾਂਧੀ ਦੇ ਵੇਲੇ ਵੀ ਸਾਡੇ ਕੱਚੇ ਕੋਠੇ 'ਤੇ ਖੱਟੀ ਝੰਡੀ ਲੱਗੀ ਹੁੰਦੀ ਸੀ। ਮਾੜੀ ਕਿਸਮਤ ਨੂੰ ਅਸੀਂ ਆਹ ਅਮਲ ਲਾ ਲਿਆ, ਨਹੀਂ ਤਾਂ ਵਜ਼ੀਰੀਆਂ ਅਸੀਂ ਨਾ ਲੈਂਦੇ ਕਿਤੇ?"

"ਲੈ ਦੂਣੀ ਦਾ ਪਹਾੜਾ ਨੀ ਆਉਂਦਾ... ਚੱਕਿਆ ਸਾਲਾ ਵਜ਼ੀਰੀਆਂ ਦਾ... ਤੂੰ ਗੱਲ ਕਰ ਜਿਹੜੀ ਕਰਨ ਆਲੀ ਐ।" ਨਿਹਾਲੇ ਨੇ ਵਿਚੋਂ ਟੋਕਿਆ।

"ਕੁੱਤੇ ਵਾਂਗੂੰ ਭੌਂਕੀ ਜਾਨੈਂ...ਗੱਲ ਤਾਂ ਸੁਣ ਲੈ, ਜਿਹੜੇ ਆਹ ਪਾੜ੍ਹਿਆਂ ਜਾਂ ਸਕੂਲਾਂ ਦੇ ਵਜ਼ੀਰ ਲੱਗਿਓ ਆ...ਇਹ ਵੀ ਦਸਵੀਂ ਨੀ ਟੱਪੇ।"

"ਜਾਗਰਾ ਤੂੰ ਆਪਣਾ 'ਜਾਨੀ ਚੋਰ' ਸੁਣਾਈ ਚੱਲ, ਛੱਡ ਇਹਦੀ ਗੱਲ। ਇਹ ਤਾਂ ਕਮਲਾ ਐ ਨਿਹਾਲਾ। ਖੋਲ੍ਹ ਦੇ ਅੱਜ ਚਿੱਠਾ, ਪਈ ਵੋਟ ਕੀਹਨੂੰ ਪਾਈ ਸੀ?"

"ਮਾਹਟਰ ਜੀ, ਰੱਬ ਦੀ ਸਹੁੰ...ਬੁੜ੍ਹਾ ਮਰਨ ਲੱਗਾ ਇਕ ਹੋਰ ਸਹੁੰ ਪੁਆ ਗਿਆ ਸੀ ਕਿ ਵੋਟ ਪੰਥ ਨੂੰ ਪਾਇਓ।"

"ਚੱਲ ਛੱਡ ਫੇ' ਤੇਰੀ ਤਾਂ ਗੱਲ ਮੁੱਕ ਗਈ...ਤੂੰ ਤਾਂ ਬੰਨ੍ਹ'ਤੀ ਸਿਰੇ ਗੰਢ।"

"ਮੱਘਰਾ ਮੋਦੀ ਵਾਂਗੂੰ ਕਾਹਲਾ ਬੜਾ ਪੈਨਾਂ, ਸੁਣ ਤਾਂ ਲੈ ਪੂਰੀ।"

"ਗਾਂ ਕਿਤੇ ਵਛੇਰਾ ਦੇ ਦਊ?" ਨਿਹਾਲੇ ਨੇ ਵਿਚ ਦੀ ਹੋਰ ਛੱਡ'ਤੀ।

"ਮਾਹਟਰ ਜੀ, ਪੂਰੀ ਕਰਾਂ ਕਿ ਨਾ?"

"ਕਰ, ਤੂੰ ਕਰ।"

"ਇਹ ਤਾਂ ਥੋਨੂੰ ਪਤਾ ਈ ਆ, ਪਈ ਆਪਣਾ ਜਿਹੜਾ ਸ਼ਿਵਦੁਆਲੇ ਵੱਲ ਡੂਢ ਕੁ ਮਰਲਾ ਥਾਂ ਐ, ਸੌਦਾ ਤਾਂ ਮੈਂ ਉਥੇ ਈ ਆਂ। ਆਪਣਾ ਨਸ਼ਾ ਪੱਤਾ ਤਾਂ ਪੂਰਾ ਸੀ, ਰਾਤ ਨੂੰ ਆ ਗਿਆ ਕਰਤਾਰਾ ਅਮਲੀ। ਉਹਦਾ ਮੁੰਡਾ ਛੋਟਾ ਸਪਾਹੀ (ਸਿਪਾਹੀ) ਭਰਤੀ ਹੋਇਆ...ਉਹ ਆਂਹਦਾ, ਜਾਗਰਾ! ਆਹ ਕੱਪ ਪੀ ਕੇ ਵੇਖ, ਮਾਲ ਸ਼ੁੱਧ ਆ ਪੂਰਾ, ਮੁੰਡਾ ਥਾਣਿਉਂ ਲਿਆਇਆ। ਨਾਕੇ ਤੋਂ ਫੜਿਆ ਸੀ। ਮੈਂ ਵਾਧੂ ਹੋ ਗਿਆ, ਤੇ ਅੱਖ ਲੱਗ ਗਈ ਪੂਰੀ। ਪੈਂਦੀ ਸੱਟੇ ਮੈਂ ਕੂਚ ਕਰ ਗਿਆ। ਜਾ ਪਹੁੰਚਿਆ ਧਰਮ ਰਾਜ ਦੀ ਕਚਹਿਰੀ। ਮਨ 'ਚ ਸੋਚਿਆ ਰੱਬ ਨੇ ਵੀ ਕਮਲ ਘੋਟਿਆ, ਭਲਕੇ ਵੋਟਾਂ ਪੈਣੀਆਂ ਸਨ, ਇਕ ਦਿਨ ਹੋਰ ਛੱਡ ਆਉਂਦਾ, ਕੀ ਕਰਾਉਣਾ ਸੀ ਮੈਥੋਂ?"

"ਉਪਰਲੀ ਗੱਲ ਹੌਲੀ-ਹੌਲੀ ਦੱਸ ਜਾਗਰਾ! ਬੜਾ ਸੁਆਦ ਆਉਂਦੈ ਉਪਰਲੀਆਂ ਹੇਠ ਸੁਣ ਕੇ।"

"ਨਿਹਾਲਿਆ, ਚੁੱਪ ਕਰ ਜਾ ਹੁਣ। ਲਓ ਜੀ ਮਾਹਟਰ ਜੀ! ਜਦੋਂ ਮੈਨੂੰ ਜਮਰਾਜਾਂ ਨੇ ਅੰਦਰ ਵਾੜ ਕੇ ਅੰਦਰੋਂ ਲਾਈ ਕੁੰਡੀ, ਧਰਮ ਰਾਜ ਸਾਹਮਣੇ ਬੈਠਾ...ਸਜ਼ਾਵਾਂ ਸੁਣਾਵੇ। ਕਤਾਰ ਬੜੀ ਲੰਬੀ। ਸੱਜੇ ਪਾਸੇ ਸ਼ੀਸ਼ਿਆਂ 'ਚੋਂ ਸਵਰਗ ਦਿਸੇ। ਅੰਦਰ ਪਰੀਆਂ ਘੁੰਮਣ...ਹਾਏ ਹਾਏ! ਕਿਆ ਨਜ਼ਾਰੇ, ਦੱਸੇ ਨੀ ਜਾ ਸਕਦੇ। ਮੈਂ ਵੀ ਲੱਗ ਗਿਆ ਕਤਾਰ 'ਚ।"

"ਮਾਹਟਰ ਜੀ, ਪੈ ਗਈ ਬਿਮਾਰੀ ਬਿਜਲੀ ਨੂੰ। ਲੱਗਣਗੇ ਹੁਣ ਲੰਬੇ ਕੱਟ। ਸੂਰਜ ਤਾਂ ਭਾਵੇਂ ਅੱਗ ਵਰ੍ਹਾ ਰਿਹੈ ਪਰ ਬਠਿੰਡੇ ਤੇ ਲਹਿਰੇ ਪੈ ਗਈ ਠੰਢ। ਮੁੱਕ ਚੱਲਿਆ ਕੋਲਾ। ਬਿਜਲੀ ਬਣਨੀ ਬੰਦ... ਨਾਲੇ ਵੋਟਾਂ ਪੈ ਗਈਆਂ। ਇਹ ਹੋਣਾ ਈ ਸੀ। ਸਾਈਕਲ 'ਤੇ ਜਾਂਦੇ ਦੋਧੀ ਨੇ ਸਾਈਕਲ ਦੀ ਘੰਟੀ ਦੀ ਟਰਨ-ਟਰਨ ਵਜਾਈ, ਤੇ ਆਪਣੀ ਗੱਲ ਕਹਿ ਕੇ 'ਗਾਂਹ ਤੁਰ ਗਿਆ।

"ਇਹ ਲੰਬੜਦਾਰ ਦੋਧੀ ਪੂਰਾ ਨੈਸ਼ ਆ। ਮੇਰੀ ਸਾਰੀ ਗੱਲ ਗੁਆ'ਤੀ... ਸੁਆਦ ਈ ਕਰ'ਤਾ ਖਰਾਬ। ਇਹਨੂੰ ਬਠਿੰਡੇ ਆਲੇ ਕੋਲੇ ਦਾ ਫਿਕਰ ਪਿਐ, ਐਧਰ ਸਾਡੇ ਦਿਲ 'ਤੇ ਕੋਲਾ ਧੁਖਦਾ! ਸਾਡੀਆਂ ਤੀਵੀਆਂ ਨੇ ਝਾੜੂ ਨਾਲ ਡਰਾ ਕੇ ਚਮਚਾ ਭੁੱਕੀ ਨੀ ਲੈਣ ਦਿੱਤੀ।"

"ਨਿਹਾਲਿਆ, ਚੁੱਪ ਕਰ ਹੁਣ ਤੂੰ, ਪੂਰੀ ਕਰਨ ਦੇ ਜਾਗਰ ਨੂੰ।"

ਤੇ ਜਾਗਰ ਨੇ ਕਥਾ ਅੱਗੇ ਤੋਰ ਲਈ...

"ਜਦ ਨੂੰ ਧਰਮ ਰਾਜ ਦੀ ਕੁਰਸੀ ਕੰਬ'ਗੀ। ਉਹ ਵੀ ਤ੍ਰਬਕ ਕੇ ਉਠ ਖੜ੍ਹਾ ਹੋਇਆ। ਫਿਰ ਖੜਕਿਆ ਪੂਰੇ ਜ਼ੋਰ ਦੀ ਟੱਲ, ਸਪੀਕਰ ਲੱਗ ਪਿਆ। ਬੋਲਣ ਆ ਗਏ ਹੇਠੋਂ ਦੋ ਜਣੇ ਜਿਹੜੇ ਖਾਂਦੇ ਸੀ ਰੇਤਾ, ਬਜਰੀ। ਪਾ ਲਈਆਂ ਢਿੱਡ ਵਿਚ ਬੱਸਾਂ। ਖੀਸੇ 'ਚ ਗਲੋਕਾਂ। ਨਸ਼ਿਆਂ 'ਚ ਧੱਕ'ਤੀ ਜਵਾਨੀ... ਬਈ ਦਸ ਮਿੰਟ ਸਪੀਕਰ ਬੋਲੀ ਗਿਆ। ਜਿਥੇ ਮੈਂ ਖੜ੍ਹਾ ਸੀ, ਉਹਦੇ ਕੋਲ ਈ ਸੀ ਸੁਰਗ ਦਾ ਬੂਹਾ। ਉਥੋਂ ਵੀ ਨਿਕਲ ਕੇ ਲੋਕ ਵੇਖਣ ਆ ਗਏ... ਅੰਦਰ ਵੜਦਿਆਂ ਹੀ ਇਕ ਬੀਬੀ ਦੀ ਆਵਾਜ਼ ਆਈ। ਚੀਕ ਕੇ ਆਂਹਦੀ, 'ਆ ਗਏ ਰੱਬਾ ਇਥੇ ਵੀ ਪਿਉ-ਪੁੱਤ, ਹੁਣ ਗਿਆ ਤੇਰਾ ਰਾਜ...।' ਤੇ ਨਾਲ ਹੀ ਬੱਤੀ ਗੁੱਲ। ਨ੍ਹੇਰਾ ਈ ਨ੍ਹੇਰਾ। ਮੈਂ ਤਾਂ ਲੰਘ ਗਿਆ ਬੂਹਾ ਮਲਕ ਦੇਣੀ ਸੁਰਗ ਦਾ। ਜਦ ਨੂੰ ਜਗ ਪਈਆਂ ਖਤਰੇ ਦੀਆਂ ਲਾਲ ਬੱਤੀਆਂ। ਮੈਂ ਸੋਚਿਆ, ਚਲੋ ਊਂ ਤਾਂ ਸਾਨੂੰ ਕਿਸੇ ਨੇ ਕਿਥੇ ਸੁਰਗ 'ਚ ਆਉਣ ਦੇਣਾ ਸੀ, ਭਲਾ ਹੋਵੇ ਪਿਉ-ਪੁੱਤ ਦਾ, ਸੁਰਗ 'ਚ ਤਾਂ ਆ ਗਏ...।"

"ਐਵੇਂ ਜਾਗਰਾ ਰੇਹੜੇ ਦੀ ਰੇਲ ਗੱਡੀ ਬਣਾਈ ਜਾਨੈਂ। ਪਤਾ ਲੱਗ ਗਿਆ, ਤੂੰ ਵੋਟ ਕੀਹਨੂੰ ਪਾਈ ਆ।"

"ਵੱਡਾ ਸਿਆਣਾ 'ਗਾਂਹ ਵੀ ਸੁਣ...ਹਾਲੇ ਮੁੜ ਕੇ ਲੋਅ ਹੋਈ ਈ ਸੀ, ਦੋ ਪਰੀਆਂ ਕੱਚ ਦੇ ਕੰਗਣੀ ਵਾਲੇ ਗਲਾਸ ਵਾਂਗ ਨੱਕੋ-ਨੱਕ ਭਰ ਕੇ ਬਦਾਮਾਂ ਵਾਲਾ ਦੁੱਧ ਲੈ ਕੇ ਆ ਗਈਆਂ ਕਿ ਹੇਠਾਂ ਤੋਂ ਕਲਯੁੱਗ ਵਿਚ ਵੀ ਕੋਈ ਧਰਮੀ ਬੰਦਾ ਆਇਆ, ਤੇ ਮਾਹਟਰ ਜੀ! ਹਾਲੇ ਮੈਂ ਗਲਾਸ ਨੂੰ ਹੱਥ ਪਾਇਆ ਹੀ ਸੀ, ਆਹ ਵੱਢੀ ਮੇਰੀ ਲੱਤ 'ਤੇ ਦੰਦੀ ਮੱਖੀ ਜਿੱਡੇ ਮੱਛਰ ਨੇ। ਲੱਤ ਵੱਜੀ ਪੱਖੇ 'ਚ, ਤੇ ਪੱਖਾ ਮੱਝ 'ਤੇ ਜਾ ਡਿਗਿਆ। ਤ੍ਰਬਕ ਕੇ ਉਠਿਆ ਤਾਂ ਪਸ਼ੂਆਂ ਆਲੇ ਵਿਹੜੇ 'ਚ ਪਿਆ ਸੀ, ਤੇ ਤੁਹਾਡੀ ਭਰਜਾਈ ਭਾਨੀ ਝਾੜੂ ਫੇਰ ਰਹੀ ਸੀ ਤੇ ਐਤਕਾਂ ਆਪਾਂ ਝੁਠਿਆਂ ਪਿੱਛੇ ਬਾਪੂ ਦੀ ਸੱਚੀ ਸਹੁੰ ਤੋੜ ਹੀ ਦਿੱਤੀ ਫੇਰ।

ਤੇ ਢਾਣੀ ਬੋਹੜ ਹੇਠੋਂ ਖਿਲਰ ਗਈ।

## ਆ ਜਾ ਮੇਰੇ ਪਿੰਡ ਦੀ ਨੁਹਾਰ ਦੇਖ ਲੈ

ਆ ਜਾ ਮੇਰੇ ਪਿੰਡ ਦੀ ਨੁਹਾਰ ਦੇਖ ਲੈ,  
ਗੁੰਮ-ਸੁੰਮ ਫਿਰਦਾ ਪੰਜਾਬ ਦੇਖ ਲੈ।  
ਦੁੱਧ ਦੀਆਂ ਲਹਿਰਾਂ ਦੀ ਥਾਂ ਨਸ਼ੇ ਦੀ ਭੱਠੀ 'ਚ,  
ਤਪੇ ਮਾਝਾ ਤੇ ਮਾਲਵਾ, ਦੁਆਬਾ ਦੇਖ ਲੈ।

ਜੱਟ ਕਰੇ ਖੁਦਕੁਸ਼ੀ,  
ਘਰ ਕੰਧਾਂ ਨਾਲੋਂ ਉਚੀਆਂ ਜੁਆਨ ਧੀਆਂ,  
ਜ਼ਾਰੋ-ਜ਼ਾਰ ਰੋਂਦੀਆਂ ਨੂੰ,  
ਮੈਲੀ ਅੱਖ ਦੇਖਦਾ ਜਹਾਨ ਦੇਖ ਲੈ।...

ਸੜਕਾਂ 'ਤੇ ਡੁੱਲ੍ਹਦਾ ਏ ਖੂਨ ਸੂਹੇ ਰੰਗ ਦਾ,  
ਸਾਲੂ ਲਾਹ ਕੇ ਚਿੱਟੀ ਚੁੰਨੀ 'ਚ ਫਿਰੇ ਰੋਂਦੀ,  
ਉਜੜਿਆ ਉਹਦਾ ਉਹ ਜਹਾਨ ਦੇਖ ਲੈ।...

ਬਾਪੂ ਦੀ ਗਰੀਬੀ ਨਾਲ ਪੰਡ ਡਿਗਰੀਆਂ ਦੀ  
ਸ਼ਹਿਰ-ਸ਼ਹਿਰ ਖਾਕ ਛਾਣਦਾ ਜੁਆਨ ਦੇਖ ਲੈ।  
ਗੁੰਮ-ਸੁੰਮ ਫਿਰਦਾ ਪੰਜਾਬ ਦੇਖ ਲੈ।...

ਕੋਰਟ-ਕਚਹਿਰੀ 'ਚ ਭਾਈ-ਭੈਣ ਲਾਉਣ ਮੇਲੇ  
ਪੈਸੇ ਖਾਤਰ ਮੁੱਕਿਆ ਚਾਅ-ਮਲ੍ਹਾਰ ਦੇਖ ਲੈ।

ਢੂੰਡਿਆਂ ਨਾ ਲੱਭਦੇ ਸਰੂ ਜਿਹੇ ਜੁਆਨ ਪੁੱਤ,  
ਫਿਰੇ ਸਾਰਾ ਪੰਜਾਬ, ਜਾਪੇ ਜੋ ਬਿਮਾਰ ਦੇਖ ਲੈ।

ਪੁੱਤ ਕੋਈ ਨਸ਼ਿਆਂ ਨੇ ਖਾਧਾ,  
ਕੋਈ ਪਰਦੇਸੀ ਹੋ ਗਿਆ,  
ਡੰਗੋਰੀ ਮਾਪਿਆਂ ਦੀ ਹਾਲੋਂ ਬੇਹਾਲ ਦੇਖ ਲੈ।  
ਆ ਜਾ ਮੇਰੇ ਪਿੰਡ ਦੀ ਨੁਹਾਰ ਦੇਖ ਲੈ।

*-ਸੁਖਨਿੰਦਰ ਕੌਰ ਫੇਅਰਫੀਲਡ*  
*ਫੋਨ: 510-270-8624*

## ਗੱਲ ਬਣੀ ਕਿ ਨਹੀਂ

*-ਐਸ. ਅਸ਼ੋਕ ਭੌਰਾ*

### ਗਿੱਧੇ ਦੇ ਪਿੜ 'ਚੋਂ

ਰੰਗਲੇ ਤੋਤੇ ਨੇ ਗਿੱਧੇ ਵਿਚ ਛਾਲ ਮਾਰੀ, ਏਨਾ ਪਿੜ ਕਿਉਂ ਤੁਸਾਂ ਨੇ ਪੱਟਿਆ ਜੇ?  
ਦੱਸੋ ਕਿਥੇ ਨੇ ਰਾਹੁਲ ਦੇ ਹਾਰ ਪੈ ਗਏ ਤੇ ਨਾ ਹੀ ਮੋਦੀ ਨੇ ਹਾਲੇ ਕੁਝ ਖੱਟਿਆ ਜੇ?  
ਬੰਦੇ ਸਿਆਣਿਆਂ ਨੇ ਐਤਕਾਂ ਸ਼ਹਿਦ ਖਾਧਾ ਤੇ ਮਹੁਰਾ ਮੂਰਖਾਂ ਨੇ ਮੁੜ ਤੋਂ ਚੱਟਿਆ ਜੇ।  
ਪਤਾ ਲੱਗ ਜੂ ਥੋੜਾ ਜਿਹਾ ਸਬਰ ਕਰ ਲਓ, ਕੀ ਗੁਆਇਆ ਤੇ ਕਿੰਨਾ ਕੁ ਵੱਟਿਆ ਜੇ।  
ਅੱਗੋਂ ਗਿੱਧੇ ਨੇ ਖਿੱਚ ਕੇ ਪਾਈ ਬੋਲੀ, ਸਾਨੂੰ ਚਾਅ ਨਹੀਂ ਰਾਹੁਲਾਂ-ਮੋਦੀਆਂ ਦਾ।  
ਰਾਜਨੀਤੀ ਵਿਚ ਧਰਮ ਨਹੀਂ ਰਾਸ ਆਉਣਾ, ਮੁੱਲ ਪੈਣਾ ਨਹੀਂ 'ਨਿੱਕਰਾਂ-ਬੋਦੀਆਂ' ਦਾ।  
ਇਹ ਠੁਮਕੇ ਗਿੱਧੇ ਵਿਚ ਤਾਂ ਲੱਗਦੇ, ਨਿੱਘ ਮਾਣਾਂਗੇ ਨਵੀਆਂ ਗੋਦੀਆਂ ਦਾ।  
ਅੱਗੋਂ ਸਮੇਂ ਨੇ ਵੀ ਸੂਈ ਨੂੰ ਦੇ ਗੇੜਾ, ਗੱਲ ਆਪਣੀ ਹੈ ਪੂਰੀ ਸੁਣਾ ਦਿੱਤੀ।  
ਯੁਗ ਬਦਲੇ ਜਾਂ ਮਿੱਤਰੋ ਨਾ ਬਦਲੇ, ਪਰ ਸੁੱਤੀ, ਝਾੜੂ ਨੇ ਜਨਤਾ ਜਗਾ ਦਿੱਤੀ।

ਗੁਰਮਤਿ ਵਿਚਾਰ

# ਨਾਨਕ ਸਚੇ ਨਾਮ ਵਿਣੁ ਸਭੇ ਟੋਲ ਵਿਣਾਸੁ



ਡਾ. ਗੁਰਨਾਮ ਕੌਰ, ਕੈਨੇਡਾ

ਇਸ ਸਲੋਕ ਵਿਚ ਗੁਰੂ ਨਾਨਕ ਦੇਵ ਅਕਾਲ ਪੁਰਖ ਦੇ ਨਾਮ ਦੀ ਵਡਿਆਈ ਦੱਸ ਰਹੇ ਹਨ, ਜਿਸ ਨੇ ਇਹ ਸਾਰਾ ਸੰਸਾਰ ਸਾਜਿਆ ਹੈ ਅਤੇ ਮਨੁੱਖ ਲਈ ਹਰ ਤਰ੍ਹਾਂ ਦੇ ਪਦਾਰਥਾਂ ਦੀ ਦਾਤ ਬਖ਼ਸ਼ਿਸ਼ ਕੀਤੀ ਹੈ। ਇਨ੍ਹਾਂ ਪਦਾਰਥਾਂ ਦੇ ਭੋਗ ਵਿਚ ਪੈ ਕੇ ਹੀ ਮਨੁੱਖ ਉਸ ਦੇਣਹਾਰ ਨੂੰ ਭੁੱਲ ਜਾਂਦਾ ਹੈ।

ਗੁਰੂ ਨਾਨਕ ਸਾਹਿਬ ਦੱਸਦੇ ਹਨ ਕਿ ਜੇ ਉਸ ਸੱਚੇ ਰੱਬ ਦਾ ਨਿਵਾਸ ਮਨੁੱਖ ਦੇ ਮਨ ਵਿਚ ਨਹੀਂ ਹੈ ਅਰਥਾਤ ਮਨੁੱਖ ਦਾ ਅੰਦਰਲਾ ਉਸ ਵਾਹਿਗੁਰੂ ਨਾਲ ਨਹੀਂ ਜੁੜਿਆ ਹੋਇਆ, ਫਿਰ ਵਧੀਆ ਭੋਜਨ ਅਤੇ ਵੰਨ-ਸੁਵੰਨੇ ਪਦਾਰਥ ਖਾਣ ਜਾਂ ਸੁੰਦਰ ਪੁਸ਼ਾਕਾਂ ਪਹਿਨਣ ਦਾ ਕੀ ਸੁਆਦ ਰਹਿ ਜਾਂਦਾ ਹੈ? ਜੇ ਮਨੁੱਖ ਵਧੀਆ ਮੇਵੇ, ਘਿਉ ਵਰਗਾ ਵਧੀਆ ਪਦਾਰਥ, ਮਿੱਠਾ ਗੁੜ, ਮੈਦਾ ਅਤੇ ਮਾਸ ਵਰਗੇ ਪਦਾਰਥਾਂ ਦੀ ਵਰਤੋਂ ਕਰਦਾ ਹੈ ਤਾਂ ਇਸ ਨਾਲ ਕਿਹੜੀ ਵੱਡੀ ਪ੍ਰਾਪਤੀ ਹੋ ਜਾਣੀ ਹੈ? ਜੇ ਮਨੁੱਖ ਨੂੰ ਸੋਹਣੇ ਕਪੜੇ ਪਹਿਨਣ ਲਈ, ਸੁੰਦਰ ਇਸਤਰੀ ਆਦਿ ਮਿਲ ਜਾਵੇ ਜਿਸ ਨਾਲ ਉਹ ਦੁਨਿਆਵੀ ਰੰਗ-ਤਮਾਸ਼ੇ ਮਾਣੇ, ਫਿਰ ਵੀ ਇਹ ਕਿਸ ਕਿਸਮ ਦੀ ਪ੍ਰਾਪਤੀ ਹੈ? ਜੇ ਮਨੁੱਖ ਬਹੁਤ ਤਾਕਤ ਦਾ ਮਾਲਕ ਹੋਵੇ, ਉਸ ਕੋਲ ਫ਼ੌਜ, ਚੋਬਦਾਰ ਅਤੇ ਚੋਰ-ਬਰਦਾਰ ਹੋਣ ਅਤੇ ਮਹਿਲਾਂ ਦਾ ਵਾਸੀ ਹੋਵੇ, ਫਿਰ ਵੀ ਕੀ ਹੋ ਜਾਵੇਗਾ? ਕਹਿਣ ਤੋਂ ਭਾਵ ਹੈ ਕਿ ਸੰਸਾਰਕ ਪ੍ਰਾਪਤੀਆਂ ਹੋਣੀਆਂ ਕੋਈ ਬਹੁਤ ਵੱਡੀ ਗੱਲ ਨਹੀਂ ਹੈ।

ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਇਹ ਸਾਰੇ ਦੁਨਿਆਵੀ ਪਦਾਰਥ ਆਉਣੀ ਜਾਣੀ ਚੀਜ਼ ਹਨ, ਨਾਸ਼ਵੰਤ ਹਨ। ਇਹ ਤਾਕਤ ਅਤੇ ਮਾਲ-ਅਸਬਾਬ, ਕਿਸੇ ਨੇ ਵੀ ਸਦਾ ਮਨੁੱਖ ਦੇ ਨਾਲ ਨਹੀਂ ਨਿਭਣਾ। ਮਨੁੱਖ ਦੇ ਨਾਲ ਸਿਰਫ਼ ਉਸ ਸੱਚੇ ਨਾਮ ਨੇ ਜਾਣਾ ਹੈ,

ਕਿਆ ਖਾਧੈ ਕਿਆ ਪੈਧੈ ਹੋਇ॥
ਜਾ ਮਨਿ ਨਾਹੀ ਸਚਾ ਸੋਇ॥
ਕਿਆ ਮੇਵਾ ਕਿਆ ਘਿਉ ਗੁੜੁ ਮਿਠਾ
ਕਿਆ ਮੈਦਾ ਕਿਆ ਮਾਸੁ॥
ਕਿਆ ਕਪੜੁ ਕਿਆ ਸੇਜ ਸੁਖਾਲੀ
ਕੀਜਹਿ ਭੋਗ ਬਿਲਾਸ॥
ਕਿਆ ਲਸਕਰ ਕਿਆ ਨੇਬ ਖਵਾਸੀ
ਆਵੈ ਮਹਲੀ ਵਾਸੁ॥
ਨਾਨਕ ਸਚੇ ਨਾਮ ਵਿਣੁ
ਸਭੇ ਟੋਲ ਵਿਣਾਸੁ॥੨॥ (ਪੰਨਾ ੧੪੨)

ਹਿੰਦੁਸਤਾਨੀ ਸਮਾਜ ਦਾ ਸਭ ਤੋਂ ਵੱਡਾ ਨੁਕਸਾਨ ਵਰਣ-ਵੰਡ ਨੇ ਕੀਤਾ ਹੈ। ਵਰਣ-ਵੰਡ 'ਤੇ ਆਧਾਰਤ ਹਿੰਦੁਸਤਾਨੀ ਸਮਾਜ ਵੱਖ ਵੱਖ ਜਾਤੀਆਂ ਵਿਚ ਵੰਡਿਆ ਗਿਆ ਜਿਸ ਨੇ ਖਾਸ ਕਿਸਮ ਦੀ ਗ਼ੁਲਾਮੀ ਨੂੰ ਜਨਮ ਦਿੱਤਾ, ਜਿਸ ਦਾ ਜੂਲਾ ਇਸ ਇੱਕੀਵੀਂ ਸਦੀ ਤੱਕ ਵੀ ਸਮਾਜ ਆਪਣੇ ਗਲੋਂ ਨਹੀਂ ਲਾਹ ਸਕਿਆ। ਗੁਰੂ ਨਾਨਕ ਸਾਹਿਬ ਨੇ ਸਮਾਜਿਕ ਗ਼ੁਲਾਮੀ ਦੀ ਇਸ ਜ਼ਹਿਮਤ ਨੂੰ ਬਹੁਤ ਸ਼ਿੱਦਤ ਨਾਲ ਅਨੁਭਵ ਕੀਤਾ ਅਤੇ ਇਸ ਨੂੰ ਮਨੁੱਖ ਦੇ ਨਿਜੀ ਅਤੇ ਸਮਾਜਿਕ ਵਿਕਾਸ ਵਿਚ ਬਹੁਤ ਵੱਡਾ ਰੋੜਾ ਸਮਝਿਆ। ਇਸੇ ਲਈ ਉਨ੍ਹਾਂ ਨੇ ਆਪਣੀ ਬਾਣੀ ਵਿਚ ਇਸ ਜਾਤੀ-ਵੰਡ ਦੀ ਨਿਖੇਧੀ ਕੀਤੀ ਅਤੇ ਮਨੁੱਖੀ ਬਰਾਬਰੀ ਦਾ ਸਿਧਾਂਤ ਦਿੱਤਾ।

ਇਸ ਪਉੜੀ ਵਿਚ ਵੀ ਗੁਰੂ ਨਾਨਕ ਸਾਹਿਬ ਦੱਸ ਰਹੇ ਹਨ ਕਿ ਅਕਾਲ ਪੁਰਖ ਦੀ ਦਰਗਾਹ ਵਿਚ ਫ਼ੈਸਲਾ ਉਚੀ ਜਾਂ ਨੀਵੀਂ ਜਾਤ ਕਰਕੇ ਨਹੀਂ ਹੋਣਾ ਬਲਕਿ ਉਥੇ ਮਨੁੱਖ ਦੀ ਸੱਚਾਈ ਦੀ ਪਰਖ ਕੀਤੀ ਜਾਣੀ ਹੈ। ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ ਕਿ ਪਰਮਾਤਮਾ ਦੇ ਦਰਬਾਰ ਵਿਚ ਸੱਚੇ ਨਾਮ ਦਾ ਸੌਦਾ ਪਰਖਿਆ ਜਾਂਦਾ ਹੈ, ਉਥੇ ਜਾਤ ਅਨੁਸਾਰ ਫ਼ੈਸਲਾ ਨਹੀਂ ਹੁੰਦਾ ਅਰਥਾਤ ਜਾਤ ਦਾ ਕੋਈ ਲਿਹਾਜ਼ ਨਹੀਂ ਕੀਤਾ ਜਾਂਦਾ। ਇਸ ਲਈ ਜਾਤ ਦਾ ਅਭਿਮਾਨ ਕਰਨਾ ਵਿਅਰਥ ਹੈ। ਜਾਤ ਦਾ ਅਭਿਮਾਨ ਜਾਂ ਅਹੰਕਾਰ ਕਰਨਾ ਮਹੁਰੇ (ਜ਼ਹਿਰ) ਦੇ ਬਰਾਬਰ ਹੈ। ਮਹੁਰਾ ਜੇ ਕਿਸੇ ਦੇ ਹੱਥ ਵਿਚ ਹੋਵੇਗਾ ਅਤੇ ਉਸ ਨੂੰ ਖਾਵੇਗਾ ਤਾਂ ਫਿਰ, ਭਾਵੇਂ ਉਹ ਕਿਸੇ ਵੀ ਜਾਤ ਦਾ ਹੋਵੇ ਮਰ ਜਾਵੇਗਾ। ਅਕਾਲ ਪੁਰਖ ਦਾ ਇਹ ਨਿਆਉਂ ਹਰ ਸਮੇਂ, ਹਰ ਇੱਕ ਜੁਗ ਵਿਚ ਵਰਤਦਾ ਹੈ ਅਰਥਾਤ ਜਾਤ ਦਾ ਲਿਹਾਜ ਕਿਸੇ ਵੀ ਜੁਗ ਵਿਚ ਨਹੀਂ ਕੀਤਾ ਜਾਂਦਾ।

ਕਹਿਣ ਤੋਂ ਭਾਵ ਹੈ ਕਿ ਮਨੁੱਖ ਕੀ ਹੈ ਇਸ ਦਾ ਫੈਸਲਾ ਉਸ ਦੇ ਕੀਤੇ ਹੋਏ ਆਪਣੇ ਕਰਮਾਂ 'ਤੇ ਆਧਾਰਤ ਹੁੰਦਾ ਹੈ ਨਾ ਕਿ ਇਸ ਤੱਥ ਉਤੇ ਕਿ ਉਹ ਕਿਸ ਜਾਤ ਵਿਚ ਪੈਦਾ ਹੋਇਆ ਹੈ। ਅਕਾਲ ਪੁਰਖ ਦੇ ਦਰਬਾਰ ਵਿਚ ਉਹੀ ਮਨੁੱਖ ਮਾਣ ਜਾਂ ਇੱਜ਼ਤ ਪ੍ਰਾਪਤ ਕਰਦਾ ਹੈ ਜਿਹੜਾ ਉਸ ਦੇ ਹੁਕਮ ਦਾ ਅਨੁਸਾਰੀ ਹੋ ਕੇ ਚੱਲਦਾ ਹੈ। ਅਕਾਲ ਪੁਰਖ ਨੇ ਮਨੁੱਖ ਦੀ ਇਸ ਸੰਸਾਰ 'ਤੇ ਸਾਜਨਾ ਉਸ ਨੂੰ ਹੁਕਮ ਮੰਨਣ ਦਾ ਕਾਰਜ ਦੇ ਕੇ ਕੀਤੀ ਹੈ। (ਇਸੇ ਨੂੰ ਜਪੁਜੀ ਵਿਚ 'ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ' ਕਿਹਾ ਹੈ)। ਤਬਲਬਾਜ਼ ਅਰਥਾਤ ਨਗਾਰਚੀ ਗੁਰੂ ਨੇ ਸ਼ਬਦ ਦੀ ਵਿਚਾਰ ਰਾਹੀਂ ਇਹੀ ਗੱਲ ਸਮਝਾਈ ਹੈ। ਜਿਨ੍ਹਾਂ ਨੇ ਇਸ ਸ਼ਬਦ ਦੇ ਢੰਡੋਰੇ ਨੂੰ ਸੁਣਿਆ ਅਤੇ ਸਮਝਿਆ ਹੈ ਉਹ ਇਸ ਰਸਤੇ (ਹੁਕਮ ਅਨੁਸਾਰੀ ਹੋਣ ਦੇ) 'ਤੇ ਚੱਲ ਪਏ ਹਨ ਅਰਥਾਤ ਉਨ੍ਹਾਂ ਨੇ ਗੁਰਮੁਖਿ ਦਾ ਰਸਤਾ ਅਪਨਾ ਲਿਆ ਹੈ, ਗੁਰੂ ਦੇ ਦੱਸੇ ਰਸਤੇ ਦੇ ਪਾਂਧੀ ਬਣ ਗਏ ਹਨ, ਕਈਆਂ ਨੇ ਇਸ ਰਸਤੇ 'ਤੇ ਤੁਰਨ ਦੀ ਤਿਆਰੀ ਕਰ ਲਈ ਹੈ ਅਤੇ ਕਈਆਂ ਨੇ ਆਪਣਾ ਸਮਾਨ ਲੱਦ ਲਿਆ ਹੈ ਅਤੇ ਕਈ ਛੇਤੀ ਛੇਤੀ ਦੌੜ ਪਏ ਹਨ,

ਜਾਤੀ ਦੈ ਕਿਆ ਹਥਿ ਸਚੁ ਪਰਖੀਐ॥
ਮਹੁਰਾ ਹੋਵੈ ਹਥਿ ਮਰੀਐ ਚਖੀਐ॥
ਸਚੇ ਕੀ ਸਿਰਕਾਰ ਜੁਗੁ ਜੁਗੁ ਜਾਣੀਐ॥
ਹੁਕਮੁ ਮੰਨੇ ਸਿਰਦਾਰੁ
ਦਰਿ ਦੀਬਾਣੀਐ॥... (ਪੰਨਾ ੧੪੨)

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਮਨੁੱਖ ਨੂੰ ਸਮਝਾਉਣ ਵਾਸਤੇ ਆਮ ਜੀਵਨ ਵਿਚੋਂ ਬਹੁਤ ਸਾਰੇ ਦ੍ਰਿਸ਼ਟਾਂਤ ਲਏ ਗਏ ਹਨ ਜਿਵੇਂ ਖੇਤੀ, ਵਿਉਪਾਰ ਆਦਿ। ਇਥੇ ਗੁਰੂ ਨਾਨਕ ਦੇਵ ਜੀ ਦੱਸਦੇ ਹਨ ਕਿ ਜਦੋਂ ਕਣਕ ਆਦਿ ਦੀ ਫ਼ਸਲ ਪੱਕ ਜਾਂਦੀ ਹੈ ਤਾਂ ਉਤੋਂ ਉਤੋਂ ਬੂਟਿਆਂ ਨੂੰ ਵੱਢ ਲਿਆ ਜਾਂਦਾ ਹੈ, ਕਣਕ ਦੀ ਨਾੜ ਅਤੇ ਖੇਤ ਨੂੰ ਕੀਤੀ ਹੋਈ ਵਾੜ ਪਿੱਛੇ ਰਹਿ ਜਾਂਦੇ ਹਨ। ਇਸ ਵੱਢੀ ਹੋਈ ਫ਼ਸਲ ਨੂੰ ਸਿੱਟਿਆਂ ਸਮੇਤ ਗਾਹ ਲਿਆ ਜਾਂਦਾ ਹੈ, ਤੇ ਬੋਹਲ ਉਡਾ ਕੇ ਦਾਣੇ ਵੱਖ ਕਰ ਲਏ ਜਾਂਦੇ। ਫਿਰ ਇਨ੍ਹਾਂ ਦਾਣਿਆਂ ਨੂੰ ਪੀਸ ਕੇ ਆਟਾ ਬਣਾਉਣ ਲਈ ਚੱਕੀ ਦੇ ਦੋਵੇਂ ਪੁੜ ਰੱਖ ਕੇ ਮਨੁੱਖ ਆ ਬੈਠਦਾ ਹੈ।

ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਇਹ ਬੜਾ ਅਸਚਰਜ ਤਮਾਸ਼ਾ ਹੈ ਕਿ ਜਿਹੜੇ ਦਾਣੇ ਚੱਕੀ ਦੇ ਦਰ 'ਤੇ ਆ ਬੈਠਦੇ ਹਨ ਅਰਥਾਤ ਕਿੱਲੀ ਦੇ ਨਾਲ ਲੱਗ ਜਾਂਦੇ ਹਨ, ਉਹ ਪੀਸੇ ਜਾਣ ਤੋਂ ਬਚ ਜਾਂਦੇ ਹਨ ਅਤੇ ਬਾਕੀ ਦੇ ਪਿਸ ਕੇ ਆਟਾ ਬਣ ਜਾਂਦਾ ਹੈ। ਇਸੇ ਤਰ੍ਹਾਂ ਜਿਹੜੇ ਮਨੁੱਖ ਅਕਾਲ ਪੁਰਖ ਦੇ ਦਰ 'ਤੇ ਰਹਿੰਦੇ ਹਨ, ਉਨ੍ਹਾਂ ਨੂੰ ਸੰਸਾਰ ਦੇ ਵਿਕਾਰ ਛੂਹ ਨਹੀਂ ਸਕਦੇ (ਉਹ ਵਿਕਾਰਾਂ ਰਾਹੀਂ ਪੀਸੇ ਜਾਣ ਤੋਂ ਬਚ ਜਾਂਦੇ ਹਨ),

ਜਾ ਪਕਾ ਤਾ ਕਟਿਆ
ਰਹੀ ਸੁ ਪਲਰਿ ਵਾੜਿ॥
ਸਣੁ ਕੀਸਾਰਾ ਚਿਥਿਆ ਕਣੁ
ਲਇਆ ਤਨੁ ਝਾੜਿ॥
ਦੁਇ ਪੁੜ ਚਕੀ ਜੋੜਿ ਕੈ
ਪੀਸਣ ਆਇ ਬਹਿਠੁ॥
ਜੋ ਦਰਿ ਰਹੇ ਸੁ ਉਬਰੇ
ਨਾਨਕ ਅਜਬੁ ਡਿਠੁ॥੧॥ (ਪੰਨਾ ੧੪੨)

ਅਗਲੇ ਸਲੋਕ ਵਿਚ ਗੰਨੇ ਦਾ ਦ੍ਰਿਸ਼ਟਾਂਤ ਲਿਆ ਗਿਆ ਹੈ। ਗੁਰੂ ਨਾਨਕ ਸਾਹਿਬ ਮਨੁੱਖ ਨੂੰ ਗੰਨੇ ਦੀ ਉਦਾਹਰਣ ਰਾਹੀਂ ਸੰਬੋਧਨ ਕਰਦੇ ਹਨ ਕਿ ਦੇਖ ਗੰਨੇ ਨੂੰ ਪਹਿਲਾਂ ਵੱਢਿਆ ਜਾਂਦਾ ਹੈ, ਫਿਰ ਛਿਲ ਕੇ ਸਾਫ ਕਰਕੇ ਭਰੀਆਂ ਬੰਨ੍ਹ ਲਈਆਂ ਜਾਂਦੀਆਂ ਹਨ। ਫਿਰ ਵੇਲਣੇ ਦੀਆਂ ਲੱਠਾਂ ਵਿਚ ਰੱਖ ਕੇ ਭਲਵਾਨ ਇਸ ਨੂੰ ਪੀੜਨ ਲਈ ਰੱਖ ਦਿੰਦੇ ਹਨ। ਪੀੜ ਕੇ ਇਸ ਦੀ ਰਹੁ (ਗੰਨੇ ਦਾ ਰਸ) ਕੱਢ ਲਈ ਜਾਂਦੀ ਹੈ ਅਤੇ ਉਸ ਨੂੰ ਕੜਾਹੇ ਵਿਚ ਪਾ ਕੇ ਪਕਾਇਆ ਜਾਂਦਾ ਹੈ। ਜਦੋਂ ਅੱਗ ਦਾ ਸੇਕ ਲੱਗਦਾ ਹੈ ਅਤੇ ਰਹੁ ਕੜ੍ਹਦੀ ਹੈ ਤਾਂ ਉਹ ਇੱਕ ਤਰ੍ਹਾਂ ਨਾਲ ਵਿਲਕਦੀ ਹੈ। ਗੰਨੇ ਦੇ ਫੋਗ ਨੂੰ ਵੀ ਸਾਂਭ ਲਿਆ ਜਾਂਦਾ ਹੈ ਅਤੇ ਸੁਕਾ ਕੇ ਬਾਲਣ ਦੇ ਰੂਪ ਵਿਚ ਅੱਗ ਵਿਚ ਬਾਲਿਆ ਜਾਂਦਾ ਹੈ।

ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਮਿੱਠੇ ਕਾਰਨ ਜਿਸ ਤਰ੍ਹਾਂ ਗੰਨਾ ਖ਼ੁਆਰ ਹੋਇਆ ਹੈ, ਇਸੇ ਤਰ੍ਹਾਂ ਮਨੁੱਖ ਮਾਇਆ ਦੀ ਮਿਠਾਸ ਦੇ ਮੋਹ ਵਿਚ ਖ਼ੁਆਰ ਹੁੰਦਾ ਹੈ,

ਵੇਖੁ ਜਿ ਮਿਠਾ ਕਟਿਆ
ਕਟਿ ਕੁਟਿ ਬਧਾ ਪਾਇ॥
ਖੁੰਢਾ ਅੰਦਰਿ ਰਖਿ ਕੈ
ਦੇਨਿ ਸੁ ਮਲ ਸਜਾਇ॥
ਰਸੁ ਕਸੁ ਟਟਰਿ ਪਾਈਐ
ਤਪੈ ਤੈ ਵਿਲਲਾਇ॥
ਭੀ ਸੋ ਫੋਗੁ ਸਮਾਲੀਐ
ਦਿਚੈ ਅਗਿ ਜਲਾਇ॥
ਨਾਨਕ ਮਿਠੈ ਪਤਰੀਐ
ਵੇਖਹੁ ਲੋਕਾ ਆਇ॥੨॥ (ਪੰਨਾ ੧੪੩)

ਅਗਲੀ ਪਉੜੀ ਵਿਚ ਗੁਰੂ ਨਾਨਕ ਸਾਹਿਬ ਉਨ੍ਹਾਂ ਮਨੁੱਖਾਂ ਦੀ ਗੱਲ ਕਰ ਰਹੇ ਹਨ ਜੋ ਇਸ ਸੰਸਾਰ 'ਤੇ ਆ ਕੇ ਆਪਣੇ ਸਿਰਜਣਹਾਰ ਨੂੰ ਵਿਸਾਰ ਦਿੰਦੇ ਹਨ ਅਤੇ ਇਸ ਤਰ੍ਹਾਂ ਮਨ ਵਿਚ ਨਵੀਆਂ ਨਵੀਆਂ ਆਸਾਂ ਲੈ ਕੇ ਜਿਉਂਦੇ ਹਨ ਜਿਵੇਂ ਸਦਾ ਇਥੇ ਹੀ ਬੈਠੇ ਰਹਿਣਾ ਹੋਵੇ।

ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ ਕਿ ਇੱਕ ਇਨਸਾਨ ਅਜਿਹੇ ਹਨ ਜਿਹੜੇ ਮਨ ਵਿਚ ਬਹੁਤ ਸਾਰੀਆਂ ਆਸਾਂ ਨਿੱਤ ਬਣਾਉਂਦੇ ਅਤੇ ਪਾਲਦੇ ਰਹਿੰਦੇ ਹਨ ਅਤੇ ਉਨ੍ਹਾਂ ਦੇ ਮਨ ਵਿਚ ਮੌਤ ਦਾ ਬਿਲਕੁਲ ਵੀ ਖਿਆਲ ਨਹੀਂ ਆਉਂਦਾ, ਮੌਤ ਦਾ ਚਿੱਤ-ਚੇਤਾ ਵੀ ਨਹੀਂ ਰਹਿੰਦਾ। ਅਜਿਹੇ ਬੰਦੇ ਹਰ ਰੋਜ਼ ਜੰਮਦੇ ਅਤੇ ਮਰਦੇ ਹਨ ਅਰਥਾਤ ਸਹਿਸਿਆਂ ਵਿਚ ਦੁੱਖ ਭੋਗਦੇ ਹਨ, ਕਦੀ ਸੌਖੇ ਹੁੰਦੇ ਹਨ ਅਤੇ ਕਦੇ ਦੁਖੀ। ਭਾਵ ਅਜਿਹੇ ਬੰਦਿਆਂ ਦੀ ਜਦੋਂ ਕੋਈ ਆਸ ਪੂਰੀ ਹੋ ਜਾਂਦੀ ਹੈ ਤਾਂ ਖ਼ੁਸ਼ ਹੋ ਜਾਂਦੇ ਹਨ, ਨਹੀਂ ਪੂਰੀ ਹੁੰਦੀ ਤਾਂ ਦੁਖੀ ਹੁੰਦੇ ਹਨ। ਆਪਣੇ ਮਨ ਵਿਚ ਉਹ ਆਪਣੇ ਆਪ ਨੂੰ ਚੰਗਾ ਕਹਿੰਦੇ ਅਤੇ ਸਮਝਦੇ ਹਨ। ਅਜਿਹੇ ਮਨਮੁਖਾਂ ਨੂੰ ਜਮਰਾਜ ਨਿੱਤ ਦੇਖਦਾ ਹੈ ਭਾਵ ਮੌਤ ਸਿਰ 'ਤੇ ਮੰਡਰਾਉਂਦੀ ਰਹਿੰਦੀ ਹੈ। ਅਜਿਹੇ ਮਨਮੁਖ ਜਿਹੜੇ ਆਪਣੇ ਸਿਰਜਣਹਾਰ ਦੇ ਕੀਤੇ ਕੰਮਾਂ ਨੂੰ ਨਹੀਂ ਜਾਣਦੇ ਭਾਵ ਉਸ ਦੇ ਸ਼ੁਕਰਗੁਜ਼ਾਰ ਨਹੀਂ ਹੁੰਦੇ, ਲੂਣ-ਹਰਾਮੀ ਹੁੰਦੇ ਹਨ (ਲੂਣ-ਹਰਾਮੀ ਉਸ ਨੂੰ ਕਹਿੰਦੇ ਹਨ ਜੋ ਕਿਸੇ ਵੱਲੋਂ ਕੀਤੇ ਹੋਏ ਭਲੇ ਨੂੰ ਯਾਦ ਨਹੀਂ ਰੱਖਦਾ), ਅਜਿਹੇ ਮਨੁੱਖ ਬੱਧੇ-ਰੁੱਧੇ ਹੀ ਉਸ ਅਕਾਲ ਪੁਰਖ ਨੂੰ ਨਤਮਸਤਕ ਹੁੰਦੇ ਹਨ, ਇਸ ਲਈ ਸਿਰਜਣਹਾਰ ਨੂੰ ਪਿਆਰੇ ਨਹੀਂ ਲਗਦੇ। ਜਿਸ ਮਨੁੱਖ ਨੇ ਉਸ ਸੱਚੇ ਰੱਬ ਨਾਲ ਮੇਲ ਕਰ ਲਿਆ ਹੈ ਅਤੇ ਸਦੀਵੀ ਆਪਣੇ ਮੁੱਖ ਵਿਚ ਅਕਾਲ ਪੁਰਖ ਦੇ ਨਾਮ ਦਾ ਸਿਮਰਨ ਕਰਦਾ ਹੈ, ਉਹ ਉਸ ਰੱਬ ਨੂੰ ਪਿਆਰਾ ਲੱਗਦਾ ਹੈ। ਅਜਿਹੇ ਮਨੁੱਖ ਨੂੰ ਤਖਤ 'ਤੇ ਬੈਠੇ ਨੂੰ ਸਾਰੇ ਲੋਕ ਸਲਾਮ ਕਰਦੇ ਹਨ ਭਾਵ ਸਭ ਉਸ ਦਾ ਸਤਿਕਾਰ ਕਰਦੇ ਹਨ, ਉਹ ਅਕਾਲ ਪੁਰਖ ਵੱਲੋਂ ਧੁਰੋਂ ਲਿਖੇ ਗਏ ਇਸ ਲੇਖ ਦਾ ਫਲ ਪ੍ਰਾਪਤ ਕਰਦਾ ਹੈ,

ਇਕਨਾ ਮਰਣੁ ਨ ਚਿਤਿ
ਆਸ ਘਣੇਰਿਆ॥
ਮਰਿ ਮਰਿ ਜੰਮਹਿ ਨਿਤ
ਕਿਸੈ ਨ ਕੇਰਿਆ॥... (ਪੰਨਾ ੧੪੩)

ਅਗਲੇ ਸਲੋਕ ਵਿਚ ਗੁਰੂ ਨਾਨਕ ਸਾਹਿਬ ਦੱਸਦੇ ਹਨ ਕਿ ਮੱਛੀ ਦਾ ਸੁਭਾਅ ਪਾਣੀ ਵਿਚ ਰਹਿਣਾ ਅਤੇ ਤੈਰਨਾ ਹੈ, ਫਿਰ ਸਮੁੰਦਰ ਭਾਵੇਂ ਕਿੰਨਾ ਵੀ ਡੂੰਘਾ ਹੋਵੇ, ਪਾਣੀ ਉਸ ਦਾ ਕੀ ਕਰ ਸਕਦਾ ਹੈ? ਉਸ ਨੂੰ ਫਰਕ ਨਹੀਂ ਪੈਂਦਾ। ਇਸੇ ਤਰ੍ਹਾਂ ਪੰਛੀ ਨੇ ਆਕਾਸ਼ ਵਿਚ ਉਡਣਾ ਹੁੰਦਾ ਹੈ, ਫਿਰ ਆਕਾਸ਼ ਕਿੰਨਾ ਵੀ ਵਿਸ਼ਾਲ ਹੈ, ਇਸ ਨਾਲ ਪੰਛੀ ਨੂੰ ਕੋਈ ਫਰਕ ਨਹੀਂ ਪੈਂਦਾ। ਇਸੇ ਤਰ੍ਹਾਂ ਪੱਥਰ 'ਤੇ ਸਰਦੀ-ਗਰਮੀ ਦਾ ਕੋਈ ਅਸਰ ਨਹੀਂ ਹੁੰਦਾ। ਭਾਵੇਂ ਕਿੰਨਾ ਵੀ ਕੱਕਰ ਪਵੇ ਪੱਥਰ ਨੂੰ ਕੀ ਫਰਕ ਪੈਂਦਾ ਹੈ? ਘਰ ਵੱਸਦਾ ਹੈ ਜਾਂ ਨਹੀਂ, ਖੁੱਸਰੇ ਨੂੰ ਇਸ ਨਾਲ ਕੀ? ਜੇ ਕੁੱਤੇ ਨੂੰ ਚੰਦਨ ਵੀ ਲਾ ਦਿੱਤਾ ਜਾਵੇ ਇਸ ਦਾ ਕੋਈ ਫਰਕ ਨਹੀਂ ਪੈਂਦਾ, ਉਸ ਦਾ ਕੁੱਤੇ ਵਾਲਾ ਸੁਭਾਅ ਬਦਲ ਨਹੀਂ ਸਕਦਾ। ਬੋਲੇ ਆਦਮੀ ਅੱਗੇ ਸਮਝਾਉਣੀਆਂ ਦੇਈਏ, ਉਸ ਨੂੰ ਸਿਆਣੀਆਂ ਗੱਲਾਂ ਦੱਸੀਏ, ਸਿਮਰਤੀਆਂ ਦਾ ਪਾਠ ਵੀ ਕਰੀਏ ਤਾਂ ਉਸ ਨੂੰ ਕੋਈ ਫਰਕ ਨਹੀਂ ਪੈਂਦਾ ਕਿਉਂਕਿ ਉਸ ਦੇ ਕੰਨ ਉਸ ਆਵਾਜ਼ ਤੇ ਪਾਠ ਨੂੰ ਸੁਣ ਨਹੀਂ ਸਕਦੇ, ਇਸ ਲਈ ਉਹ ਕੋਈ ਗੱਲ ਸਮਝ ਹੀ ਨਹੀਂ ਸਕਦਾ। ਜਿਸ ਬੰਦੇ ਨੂੰ ਅੱਖਾਂ ਤੋਂ ਦਿਸਦਾ ਨਹੀਂ ਹੈ ਜੇ ਉਸ ਅੱਗੇ ਪੰਜਾਹ ਦੀਵੇ ਬਾਲ ਦੇਈਏ, ਉਸ ਨੂੰ ਫਿਰ ਵੀ ਦਿੱਸਣਾ ਨਹੀਂ ਹੈ। ਚੁਗਣ ਗਏ ਪਸ਼ੂਆਂ ਦੇ ਵੱਗ ਅੱਗੇ ਜੇ ਸੋਨਾ ਪਾ ਦੇਈਏ, ਉਹ ਉਸ ਨੂੰ ਨਹੀਂ ਖਾਣਗੇ, ਉਹ ਘਾਹ ਹੀ ਚੁਗਣਗੇ। ਸੋਨੇ ਦੀ ਉਨ੍ਹਾਂ ਅੱਗੇ ਕੋਈ ਕੀਮਤ ਨਹੀਂ ਹੋਵੇਗੀ। ਇਸੇ ਤਰ੍ਹਾਂ ਜੇ ਲੋਹੇ ਦਾ ਕੁਸ਼ਤਾ ਵੀ ਕਰ ਦੇਈਏ ਤਾਂ ਵੀ ਉਹ ਲੋਹਾ ਹੀ ਰਹੇਗਾ, ਕਪਾਹ ਵਰਗਾ ਨਰਮ ਨਹੀਂ ਹੋਵੇਗਾ।

ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਮੂਰਖ ਆਦਮੀ ਵੀ ਇਸੇ ਤਰ੍ਹਾਂ ਹੈ। ਉਸ ਉਤੇ ਕਿਸੇ ਕਿਸਮ ਦੀ ਸਿੱਖਿਆ ਦਾ ਕੋਈ ਅਸਰ ਨਹੀਂ ਹੁੰਦਾ, ਉਹ ਜਦੋਂ ਵੀ ਕੁਝ ਬੋਲੇਗਾ ਤਾਂ ਅਜਿਹਾ ਹੀ ਬੋਲੇਗਾ ਜਿਸ ਨਾਲ ਵਿਨਾਸ਼ ਹੋਵੇ, ਦੂਸਰਿਆਂ ਦਾ ਨੁਕਸਾਨ ਹੋਵੇ,

ਮਛੀ ਤਾਰੂ ਕਿਆ ਕਰੇ
ਪੰਖੀ ਕਿਆ ਆਕਾਸੁ॥
ਪਥਰ ਪਾਲਾ ਕਿਆ ਕਰੇ
ਖੁਸਰੇ ਕਿਆ ਘਰ ਵਾਸੁ॥
ਕੁਤੇ ਚੰਦਨੁ ਲਾਈਐ
ਭੀ ਸੋ ਕੁਤੀ ਧਾਤੁ॥... (ਪੰਨਾ ੧੪੩)

ਇਸ ਸਲੋਕ ਵਿਚ ਗੁਰੂ ਨਾਨਕ ਸਾਹਿਬ ਨੇ ਦੱਸਿਆ ਹੈ ਕਿ ਅਕਾਲ ਪੁਰਖ ਦੀ ਸਿਫਤਿ-ਸਾਲਾਹ ਕਰਕੇ ਉਸ ਨਾਲ ਜੁੜਿਆ ਜਾ ਸਕਦਾ ਹੈ। ਗੁਰੂ ਸਾਹਿਬ ਕਹਿੰਦੇ ਹਨ ਕਿ ਜੇ ਕਹਿੰ, ਸੋਨਾ ਜਾਂ ਲੋਹਾ ਟੁੱਟ ਜਾਵੇ ਤਾਂ ਲੋਹਾਰ-ਸੁਨਿਆਰ ਅੱਗ ਵਿਚ ਤਾ ਕੇ ਗਾਂਢਾ ਲਾ ਦਿੰਦਾ ਹੈ। ਜੇ ਪਤਨੀ ਨਾਲ ਪਤੀ ਨਾਰਾਜ਼ ਹੋ ਜਾਵੇ ਤਾਂ ਸੰਸਾਰ ਵਿਚ ਇਹ ਪੁੱਤਰਾਂ ਰਾਹੀਂ ਜੁੜ ਜਾਂਦੇ ਹਨ। ਜੇ ਰਾਜਾ ਪਰਜਾ ਪਾਸੋਂ ਮਾਮਲਾ ਆਦਿ ਮੰਗਦਾ ਹੈ ਅਤੇ ਪਰਜਾ ਨਾ ਦੇਵੇ ਤਾਂ ਰਾਜਾ ਨਾਰਾਜ਼ ਹੋ ਜਾਂਦਾ ਹੈ ਪਰ ਮਾਮਲਾ ਦੇਣ ਨਾਲ ਉਨ੍ਹਾਂ ਦਾ ਮੇਲ ਹੋ ਜਾਂਦਾ ਹੈ। ਭੁੱਖ ਨਾਲ ਤੜਪ ਰਹੇ ਬੰਦੇ ਦਾ ਆਪਣੇ ਸਰੀਰ ਨਾਲ ਤਾਂ ਸਬੰਧ ਬਣਦਾ ਹੈ ਜੇ ਉਹ ਰੋਟੀ ਖਾ ਲਵੇ। ਕਾਲ (ਸੋਕੇ) ਨੂੰ ਗੰਢ ਤਾਂ ਪੈਂਦੀ ਹੈ ਜੇ ਬਹੁਤ ਮੀਂਹ ਪਵੇ ਅਤੇ ਨਦੀਆਂ ਪਾਣੀ ਨਾਲ ਭਰ ਜਾਣ। ਮਿੱਠੇ ਬੋਲਾਂ ਨਾਲ ਪ੍ਰੇਮ ਦੀ ਗੰਢ ਪੈਂਦੀ ਹੈ। ਵੇਦ ਆਦਿ ਧਰਮ ਪੁਸਤਕਾਂ ਨਾਲ ਮਨੁੱਖ ਦਾ ਜੋੜ ਤਾਂ ਬੈਠਦਾ ਹੈ ਜੇ ਉਹ ਸੱਚ ਬੋਲੇ। ਮਰ ਗਏ ਲੋਕਾਂ ਨੂੰ ਪਿੱਛੇ ਤਾਂ ਯਾਦ ਕੀਤਾ ਜਾਂਦਾ ਹੈ ਜੇ ਉਹ ਨੇਕੀ ਅਤੇ ਦਾਨ ਕਰਦਾ ਰਹੇ। ਇਸੇ ਤਰ੍ਹਾਂ ਸੰਸਾਰ ਦਾ ਇਹ ਵਿਹਾਰ ਚੱਲਦਾ ਹੈ। ਮੂਰਖ ਮੂੰਹ 'ਤੇ ਮਾਰ ਪੈਣ 'ਤੇ ਚੁੱਪ ਕਰਦਾ ਹੈ।

ਗੁਰੂ ਨਾਨਕ ਸਾਹਿਬ ਇਹ ਵਿਚਾਰ ਪੇਸ਼ ਕਰਦੇ ਹਨ ਕਿ ਜੇ ਅਕਾਲ ਪੁਰਖ ਦੀ ਸਿਫਤਿ-ਸਾਲਾਹ ਕਰਦੇ ਰਹੀਏ ਤਾਂ ਉਸ ਨਾਲ ਮੇਲ ਮਿਲਦਾ ਹੈ,

ਕੈਹਾ ਕੰਚਨੁ ਤੁਟੈ ਸਾਰੁ॥
ਅਗਨੀ ਗੰਢੁ ਪਾਏ ਲੋਹਾਰੁ॥
ਗੋਰੀ ਸੇਤੀ ਤੁਟੈ ਭਤਾਰੁ॥
ਪੁਤੀਂ ਗੰਢੁ ਪਵੈ ਸੰਸਾਰਿ॥
ਰਾਜਾ ਮੰਗੈ ਦਿਤੈ ਗੰਢੁ ਪਾਇ॥
ਭੁਖਿਆ ਗੰਢੁ ਪਵੈ ਜਾ ਖਾਇ॥
(ਪੰਨਾ ੧੪੩)

## ਬਾਜੀਗਰਿ ਜੈਸੇ ਬਾਜੀ ਪਾਈ...

ਗੁਰਬਾਣੀ ਗਿਆਨ

**ਰਾਗੁ ਸੂਹੀ ਮਹਲਾ ੫ ਘਰੁ ੧**
ਬਾਜੀਗਰਿ ਜੈਸੇ ਬਾਜੀ ਪਾਈ॥
ਨਾਨਾ ਰੂਪ ਭੇਖ ਦਿਖਲਾਈ॥
ਸਾਂਗੁ ਉਤਾਰਿ ਥੰਮਿਓ ਪਾਸਾਰਾ॥
ਤਬ ਏਕੋ ਏਕੰਕਾਰਾ॥੧॥
ਕਵਨ ਰੂਪ ਦ੍ਰਿਸਟਿਓ ਬਿਨਸਾਇਓ॥
ਕਤਹਿ ਗਇਓ ਉਹੁ ਕਤ ਤੇ ਆਇਓ॥੧॥ਰਹਾਉ॥
ਜਲ ਤੇ ਊਠਹਿ ਅਨਿਕ ਤਰੰਗਾ॥
ਕਨਿਕ ਭੂਖਨ ਕੀਨੇ ਬਹੁ ਰੰਗਾ॥
ਬੀਜੁ ਬੀਜਿ ਦੇਖਿਓ ਬਹੁ ਪਰਕਾਰਾ॥
ਫਲ ਪਾਕੇ ਤੇ ਏਕੰਕਾਰਾ॥੨॥
ਸਹਸ ਘਟਾ ਮਹਿ ਏਕੁ ਆਕਾਸੁ॥
ਘਟ ਫੂਟੇ ਤੇ ਓਹੀ ਪ੍ਰਗਾਸੁ॥
ਭਰਮ ਲੋਭ ਮੋਹ ਮਾਇਆ ਵਿਕਾਰ॥
ਭ੍ਰਮ ਛੂਟੇ ਤੇ ਏਕੰਕਾਰ॥੩॥
ਓਹੁ ਅਬਿਨਾਸੀ ਬਿਨਸਤ ਨਾਹੀ॥
ਨਾ ਕੋ ਆਵੈ ਨਾ ਕੋ ਜਾਹੀ॥
ਗੁਰਿ ਪੂਰੈ ਹਉਮੈ ਮਲੁ ਧੋਈ॥
ਕਹੁ ਨਾਨਕ ਮੇਰੀ ਪਰਮ ਗਤਿ ਹੋਈ॥੪॥

ਪੰਜਵੇਂ ਸਤਿਗੁਰੂ ਜੀ ਉਚਾਰਨ ਕਰਦੇ ਹਨ, ਬਾਜੀਗਰਿ ਜੈਸੇ ਬਾਜੀ ਪਾਈ, ਹੇ ਭਾਈ! ਜਿਵੇਂ ਬਾਜ਼ੀਗਰ ਜਦੋਂ ਬਾਜ਼ੀ ਪਾ ਕੇ ਵਿਖਾਉਂਦਾ ਹੈ ਤਾਂ; ਨਾਨਾ ਰੂਪ ਭੇਖ ਦਿਖਲਾਈ, ਉਹ ਬਾਜ਼ੀਗਰ ਤਰ੍ਹਾਂ-ਤਰ੍ਹਾਂ ਦੇ ਰੂਪ ਅਤੇ ਤਮਾਸ਼ੇ ਵਿਖਾਉਂਦਾ ਹੈ। ਇਸੇ ਤਰ੍ਹਾਂ ਉਸ ਪ੍ਰਭੂ ਪਰਮਾਤਮਾ ਨੇ ਵੀ ਇਹ ਜਗਤ ਰੂਪੀ ਤਮਾਸ਼ਾ ਰਚਿਆ ਹੋਇਆ ਹੈ ਅਤੇ ਇਸ ਵਿਚ ਅਨੇਕਾਂ ਹੀ ਤਰ੍ਹਾਂ ਦੇ ਰੂਪ ਅਤੇ ਭੇਖ ਵਿਖਾ ਰਿਹਾ ਹੈ, ਪਰ ਜਦੋਂ ਪਰਮਾਤਮਾ ਸੰਸਾਰ ਰੂਪੀ ਸਵਾਂਗ ਲਾਹ ਕੇ ਪਸਾਰੇ ਨੂੰ ਰੋਕ ਦਿੰਦਾ ਹੈ, ਤਾਂ ਉਹ ਇਕੱਲਾ ਆਪ ਹੀ ਆਪ ਰਹਿ ਜਾਂਦਾ ਹੈ।

ਕਵਨ ਰੂਪ ਦ੍ਰਿਸਟਿਓ ਬਿਨਸਾਇਓ॥
ਕਤਹਿ ਗਇਓ ਉਹੁ ਕਤ ਤੇ ਆਇਓ॥੧॥ਰਹਾਉ॥

ਰਹਾਉ ਦੀ ਪੰਕਤੀ ਵਿਚ ਗੁਰਦੇਵ ਉਸ ਮਾਲਕ ਦੇ ਜੋ ਏਕ ਅਤੇ ਅਨੇਕਾਂ ਹੀ ਰੂਪ ਹਨ, ਉਨ੍ਹਾਂ ਬਾਰੇ ਆਖਦੇ ਹਨ, ਕਵਨ ਰੂਪ ਦ੍ਰਿਸਟਿਓ ਬਿਨਸਾਇਓ, ਹੇ ਭਾਈ! ਪ੍ਰਭੂ ਪਰਮਾਤਮਾ ਦੇ ਤਾਂ ਅਨੇਕਾਂ ਹੀ ਰੂਪ ਦਿਖਾਈ ਦਿੰਦੇ ਰਹਿੰਦੇ ਹਨ ਅਤੇ ਅਨੇਕਾਂ ਹੀ ਰੂਪ ਨਾਸ ਹੁੰਦੇ ਰਹਿੰਦੇ ਹਨ; ਕਤਹਿ ਗਇਓ ਉਹੁ ਕਤ ਤੇ ਆਇਓ, ਇਸ ਲਈ ਇਹ ਗੱਲ ਤਾਂ ਕੋਈ ਵੀ ਨਹੀਂ ਦੱਸ ਸਕਦਾ ਕਿ ਇਹ ਜੀਵ ਕਿਥੋਂ ਆਇਆ ਸੀ ਅਤੇ ਮੁੜ ਕਿਥੇ ਚਲਾ ਗਿਆ। ਉਹ ਮਾਲਕ ਪ੍ਰਭੂ ਆਪਣੇ ਇਸ ਕੌਤਕ ਨੂੰ ਆਪ ਹੀ ਜਾਣਦਾ ਹੈ।

ਜਲ ਤੇ ਊਠਹਿ ਅਨਿਕ ਤਰੰਗਾ॥
ਕਨਿਕ ਭੂਖਨ ਕੀਨੇ ਬਹੁ ਰੰਗਾ॥
ਬੀਜੁ ਬੀਜਿ ਦੇਖਿਓ ਬਹੁ ਪਰਕਾਰਾ॥
ਫਲ ਪਾਕੇ ਤੇ ਏਕੰਕਾਰਾ॥੨॥

ਗੁਰਦੇਵ ਜੀ ਦ੍ਰਿਸ਼ਟਾਂਤ ਦਿੰਦੇ ਹਨ, ਹੇ ਭਾਈ! ਜਿਵੇਂ ਪਾਣੀ ਵਿਚੋਂ ਅਨੇਕਾਂ ਹੀ ਲਹਿਰਾਂ ਉਠਦੀਆਂ ਹਨ ਅਤੇ ਮੁੜ ਕੇ ਪਾਣੀ ਵਿਚ ਹੀ ਸਮਾ ਜਾਂਦੀਆਂ ਹਨ; ਕਨਿਕ ਭੂਖਨ ਕੀਨੇ ਬਹੁ ਰੰਗਾ, ਜਿਵੇਂ ਸੋਨੇ ਤੋਂ ਤਰ੍ਹਾਂ-ਤਰ੍ਹਾਂ ਦੇ ਗਹਿਣੇ ਬਣਦੇ ਹਨ, ਪਰ ਅਸਲ ਵਿਚ ਉਹ ਸੋਨਾ ਹੀ ਹੁੰਦੇ ਹਨ; ਬੀਜੁ ਬੀਜਿ ਦੇਖਿਓ ਬਹੁ ਪਰਕਾਰਾ, ਜਿਵੇਂ ਰੁਖ ਦਾ ਬੀਜ, ਬੀਜ ਕੇ ਉਸ ਦੀਆਂ ਸ਼ਾਖਾਂ, ਪੱਤੇ, ਕਈ ਤਰ੍ਹਾਂ ਦਾ ਸਰੂਪ ਵੇਖਣ ਨੂੰ ਮਿਲਦਾ ਹੈ, ਪਰ ਜਦੋਂ ਫਲ ਪੱਕਦਾ ਹੈ, ਫਿਰ ਬੀਜ ਬਣ ਜਾਂਦਾ ਹੈ। ਸੋ, ਸੰਸਾਰ ਦਾ ਅਸਲ ਰੂਪ ਪ੍ਰਭੂ ਹੈ।

ਸਹਸ ਘਟਾ ਮਹਿ ਏਕੁ ਆਕਾਸੁ॥
ਘਟ ਫੂਟੇ ਤੇ ਓਹੀ ਪ੍ਰਗਾਸੁ॥
ਭਰਮ ਲੋਭ ਮੋਹ ਮਾਇਆ ਵਿਕਾਰ॥
ਭ੍ਰਮ ਛੂਟੇ ਤੇ ਏਕੰਕਾਰ॥੩॥

ਸਹਸ ਘਟਾ ਮਹਿ ਏਕੁ ਆਕਾਸੁ, ਹੇ ਭਾਈ! ਜਿਵੇਂ ਪਾਣੀ ਨਾਲ ਭਰੇ ਹੋਏ ਹਜ਼ਾਰਾਂ ਘੜਿਆਂ ਵਿਚ ਹੀ ਆਕਾਸ਼ ਵੱਖ-ਵੱਖ ਦਿਖਾਈ ਦਿੰਦਾ ਹੈ; ਘਟ ਫੂਟੇ ਤੇ ਓਹੀ ਪ੍ਰਗਾਸੁ, ਪਰ ਜਦੋਂ ਸਾਰੇ ਘੜੇ ਟੁੱਟ ਜਾਂਦੇ ਹਨ ਤਾਂ ਇਕ ਜੋ ਅਸਲ ਆਕਾਸ਼ ਹੈ, ਉਹੀ ਵਿਖਾਈ ਦਿੰਦਾ ਹੈ; ਭਰਮ ਲੋਭ ਮੋਹ ਮਾਇਆ ਵਿਕਾਰ, ਜਿਵੇਂ ਪ੍ਰਭੂ ਦੀ ਅੰਸ਼ ਜੀਵ ਆਤਮਾ ਦੇ ਅੰਦਰ ਵੀ ਭਰਮ ਕਾਰਨ ਲੋਭ ਮੋਹ ਅਤੇ ਮਾਇਆ ਰੂਪੀ ਵਿਕਾਰ ਉਠਦੇ ਰਹਿੰਦੇ ਹਨ, ਪਰ ਜਦੋਂ ਪ੍ਰਭੂ ਕਿਰਪਾ ਸਦਕਾ ਭਰਮ ਮਿਟ ਜਾਂਦਾ ਹੈ ਤਾਂ ਜੀਵ ਉਸ ਮਿਹਰਵਾਨ ਪ੍ਰਭੂ ਦਾ ਰੂਪ ਹੀ ਬਣ ਜਾਂਦਾ ਹੈ।

ਓਹੁ ਅਬਿਨਾਸੀ ਬਿਨਸਤ ਨਾਹੀ॥
ਨਾ ਕੋ ਆਵੈ ਨਾ ਕੋ ਜਾਹੀ॥
ਗੁਰਿ ਪੂਰੈ ਹਉਮੈ ਮਲੁ ਧੋਈ॥
ਕਹੁ ਨਾਨਕ ਮੇਰੀ ਪਰਮ ਗਤਿ ਹੋਈ॥੪॥

ਗੁਰੂ ਸਾਹਿਬ ਫਰਮਾਉਂਦੇ ਹਨ, ਹੇ ਭਾਈ! ਉਹ ਮਿਹਰਵਾਨ ਪ੍ਰਭ ਤਾਂ ਨਾਸ ਰਹਿਤ ਹੈ, ਉਹ ਕਦੇ ਵੀ ਨਾਸ ਨਹੀਂ ਹੁੰਦਾ; ਨਾ ਕੋ ਆਵੈ ਨਾ ਕੋ ਜਾਹੀ, ਉਹ ਪ੍ਰਭੂ ਤਾਂ ਜੀਵ ਆਤਮਾ ਰੂਪ ਹੋ ਕੇ ਵੀ ਨਾ ਕੋਈ ਆਤਮਾ ਜੰਮਦੀ ਹੈ ਅਤੇ ਨਾ ਹੀ ਕੋਈ ਆਤਮਾ ਮਰਦੀ ਹੈ। ਉਹ ਪ੍ਰਭ ਜੀ ਤਾਂ ਸਦਾ ਅਟੱਲ ਰਹਿਣ ਵਾਲਾ ਹੈ ਅਤੇ ਸਦਾ ਹੀ ਅਟੱਲ ਰਹੇਗਾ। ਇਹ ਨਾਨਕ ਆਖਦਾ ਹੈ, ਪੂਰੇ ਗੁਰੂ ਨੇ ਮੇਰੇ ਅੰਦਰੋਂ ਹਉਮੈ ਦੀ ਮੈਲ ਧੋ ਦਿੱਤੀ ਹੈ। ਹੁਣ ਮੇਰੀ ਆਤਮਾ ਅਵਸਥਾ ਉਚੀ ਬਣ ਗਈ ਹੈ ਅਤੇ ਹੁਣ ਮੈਨੂੰ ਇਹ ਸੰਸਾਰ ਪ੍ਰਭੂ ਦਾ ਰੂਪ ਹੀ ਦਿਸ ਰਿਹਾ ਹੈ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

# ਸੁੱਚੇ ਪੰਜਾਬੀ ਸਭਿਆਚਾਰ ਦਾ ਦਰਪਣ

## ਪ੍ਰੋ. ਨਿਰੰਜਣ ਸਿੰਘ ਮਾਨ-1

**ਸ. ਗੁਰਬਚਨ ਸਿੰਘ ਭੁੱਲਰ ਨੇ ਇਸ ਲੇਖ ਲੜੀ ਵਿਚ ਉਸ ਦੌਰ ਦਾ ਜ਼ਿਕਰ ਛੋਹਿਆ ਹੈ ਜਦੋਂ ਲੋਕ-ਸਰੋਕਾਰਾਂ ਨਾਲ ਜੁੜੇ ਲੋਕ ਘਰੋਂ ਨਿਕਲ ਤੁਰੇ ਸਨ ਅਤੇ ਤਨ, ਮਨ, ਧਨ ਲਾ ਕੇ ਨਿਸ਼ਕਾਮ ਸੇਵਾ ਵਿਚ ਜੁਟ ਗਏ ਸਨ। ਨੌਜਵਾਨਾਂ ਵਿਚ ਜਨੂੰਨ ਦਾ ਇਹ ਉਹ ਦੌਰ ਸੀ ਜਦੋਂ ਸੁਰਿੰਦਰ ਕੌਰ ਵਰਗੀ ਗਾਇਕਾ ਸੰਸਾਰ ਭਰ ਵਿਚ ਮਸ਼ਹੂਰ ਹੋ ਕੇ ਵੀ ਪਿੰਡਾਂ-ਸ਼ਹਿਰਾਂ ਦੇ ਸਾਧਾਰਨ ਘਰਾਂ ਵਿਚ ਰੁੱਖਾ-ਮਿੱਸਾ ਖਾ ਕੇ ਅਮਨ ਦਾ ਹੋਕਾ ਦੇਣ ਵਾਲਿਆਂ ਨਾਲ ਦਿਨ-ਰਾਤ ਤੁਰੀ ਫਿਰਦੀ ਸੀ। ਪੰਜਾਬੀ ਸਭਿਆਚਾਰ ਲਈ ਵਿਰਾਟ ਪੱਧਰ ਉਤੇ ਹੋਈ ਇਸ ਸੁੱਚੀ ਸਰਗਰਮੀ ਦੀਆਂ ਗੱਲਾਂ ਲੇਖਕ ਨੇ ਆਪਣੀ ਇਸ ਲੇਖ ਲੜੀ ਵਿਚ ਕੀਤੀਆਂ ਹਨ। -ਸੰਪਾਦਕ**

ਮੈਂ ਕੋਈ ਛੇ ਦਹਾਕੇ ਪਹਿਲਾਂ ਦੀ ਗੱਲ ਕਰਨ ਲਗਿਆ ਹਾਂ। ਉਹ ਨਿਸ਼ਕਾਮਤਾ ਦਾ ਦੌਰ ਸੀ, ਸਾਂਝੇ ਭਲੇ ਵਾਸਤੇ ਕੁਰਬਾਨੀ ਦਾ ਦੌਰ ਸੀ। ਇਹ ਉਹ ਦੌਰ ਸੀ ਜਦੋਂ ਕੁਛ ਕਰਨ ਦੇ ਸਮਰੱਥ ਲੋਕ ਆਪਣੀ ਕਰਨੀ ਦਾ ਮੁੱਲ ਵੱਟਣ ਬਾਰੇ ਨਹੀਂ ਸਨ ਸੋਚਦੇ। ਗਾਇਕ ਆਪਣੀ ਗਾਇਕੀ ਸਾਂਝੇ ਲੋਕ-ਹਿਤੈਸ਼ੀ ਮਨੋਰਥ ਦੇ ਨਮਿਤ ਕਰ ਦਿੰਦੇ ਸਨ। ਮੰਚ-ਕਲਾਕਾਰ ਆਪਣੀ ਕਲਾ ਜਨਤਕ ਮਸਲਿਆਂ ਨੂੰ ਸਮਰਪਿਤ ਕਰ ਦਿੰਦੇ ਸਨ। ਕਿਸੇ ਮਾਇਕ ਮੁਆਵਜ਼ੇ ਦੀ ਆਸ ਜਾਂ ਸੰਭਾਵਨਾ ਹੋਣੀ ਤਾਂ ਦੂਰ, ਇਹ ਸਮਾਜ-ਸੇਵਾ ਨੂੰ ਪ੍ਰਣਾਏ ਹੋਏ ਉਹ ਲੋਕ ਸਨ ਜੋ ਆਪਣੇ ਮਿਸ਼ਨ ਦੇ ਜਨੂੰਨ ਵਿਚ



ਗੁਰਬਚਨ ਸਿੰਘ ਭੁੱਲਰ
ਫੋਨ: 01191-1165736868
bhullargs@gmail.com

ਅਕਸਰ ਪੱਲਿਉਂ ਖਰਚ ਕਰਦੇ ਸਨ।

ਇਹ ਆਪਣੀ ਕਲਾ ਨੂੰ ਸ਼ਹਿਰੀ ਇਲਾਕਿਆਂ ਤੱਕ, ਪੜ੍ਹੇ-ਲਿਖੇ ਲੋਕਾਂ ਤੱਕ ਵੀ ਸੀਮਤ ਨਹੀਂ ਸਨ ਰਖਦੇ। ਇਹ ਉਸੇ ਨਿਸ਼ਚੇ, ਲਗਨ ਅਤੇ ਉਤਸ਼ਾਹ ਨਾਲ ਪਿੰਡਾਂ ਵਿਚ ਜਾਂਦੇ ਸਨ। ਨਾ ਮੰਚ ਦਾ ਕੋਈ ਪ੍ਰਬੰਧ ਤੇ ਨਾ ਰੋਸ਼ਨੀ ਦਾ ਕੋਈ ਵਸੀਲਾ। ਕੋਈ ਵੀ ਚੌਂਤਰਾ ਜਾਂ ਉਚਾ ਥਾਂ ਮੰਚ ਬਣ ਜਾਂਦਾ ਸੀ ਅਤੇ ਲਾਲਟੈਣ ਰੋਸ਼ਨੀ ਦਾ ਸੋਮਾ ਹੁੰਦੀ ਸੀ। ਇਨ੍ਹਾਂ ਲੋਕਾਂ ਨੂੰ ਨਾ ਖਾਣ-ਪੀਣ ਦੀ ਕੋਈ ਸਮੱਸਿਆ ਸੀ ਅਤੇ ਨਾ ਸੌਣ ਦੀ। ਕਿਸੇ ਪੇਂਡੂ ਘਰ ਦਾ ਸਾਦਾ-ਸਾਧਾਰਨ ਰੋਟੀ-ਟੁੱਕ ਇਨ੍ਹਾਂ ਲਈ ਪਕਵਾਨ ਹੁੰਦਾ ਸੀ। ਗਰਮੀਆਂ ਵਿਚ ਤਾਂ ਸੌਣ ਦੀ ਕੋਈ ਸਮੱਸਿਆ ਹੀ ਨਹੀਂ ਸੀ, ਸਰਦੀਆਂ ਵਿਚ ਵੀ ਬੱਸ ਇਕ ਕੋਠੜੀ ਪੁਰਸ਼ਾਂ ਵਾਸਤੇ ਅਤੇ ਇਕ ਇਸਤਰੀਆਂ ਵਾਸਤੇ ਚਾਹੀਦੀ ਸੀ। ਕਲਾਕਾਰ ਬਹੁਤੇ ਹਨ ਤੇ ਬਿਸਤਰੇ ਘੱਟ ਰਹਿ ਗਏ ਹਨ, ਤਾਂ ਵੀ ਕੋਈ ਫ਼ਰਕ ਨਹੀਂ ਸੀ ਪੈਂਦਾ। ਇਕ ਇਕ ਰਜ਼ਾਈ ਵਿਚ ਦੋ ਦੋ ਜਣੇ ਵੜ ਕੇ ਮੌਜ ਨਾਲ ਸੌਂਦੇ ਹੋਏ ਮੈਂ ਆਪ ਦੇਖੇ ਸਨ। ਚਾਹਨਾ ਬੱਸ ਇਕੋ ਸੀ, ਲੋਕ-ਹਿਤੈਸ਼ੀ ਸੁਨੇਹਾ ਘਰ ਘਰ ਪੁੱਜਣਾ ਚਾਹੀਦਾ ਹੈ!

ਪ੍ਰੋ. ਨਿਰੰਜਣ ਸਿੰਘ ਮਾਨ ਉਨ੍ਹਾਂ ਹਸਤੀਆਂ ਦੀ ਪਹਿਲੀ ਪੰਗਤੀ ਵਿਚ ਸ਼ਾਮਲ ਸਨ ਜਿਨ੍ਹਾਂ ਨੇ ਆਜ਼ਾਦੀ ਤੋਂ ਇਕਦਮ ਬਾਅਦ ਪੰਜਾਬ ਦੇ ਸਾਹਿਤਕ-ਸਭਿਆਚਾਰਕ ਅਤੇ ਸਮਾਜਕ-ਰਾਜਨੀਤਕ ਖੇਤਰਾਂ ਵਿਚ ਵੱਡੀ ਦੇਣ ਦਿੱਤੀ। ਇਹ ਕੋਈ ਅਤਿਕਥਨੀ ਨਹੀਂ ਕਿ ਉਨ੍ਹਾਂ ਸਭਨਾਂ ਨੇ ਆਮ ਲੋਕਾਂ ਦੀ ਸੋਚ ਨੂੰ ਸਾਕਾਰਾਤਮਕ ਸੇਧ ਦੇਣ ਨੂੰ ਅਤੇ ਜੀਵਨ ਦੀਆਂ ਉਚੀਆਂ-ਸੁੱਚੀਆਂ ਕਦਰਾਂ-ਕੀਮਤਾਂ ਨਾਲ ਜੋੜਨ ਨੂੰ ਆਪਣਾ ਮੁੱਖ ਮਨੋਰਥ ਬਣਾਇਆ ਅਤੇ ਬਦਲੇ ਵਿਚ ਕੁਛ ਵੀ ਨਾ ਚਾਹਿਆ। ਜ਼ਿਕਰ ਪੰਜਾਬ ਵਿਚ ਅਮਨ-ਲਹਿਰ ਦਾ ਹੋਵੇ ਜਾਂ ਇਪਟਾ ਦਾ, ਸੁੱਚੀ ਲੋਕ-ਪੱਖੀ ਗਾਇਕੀ ਦਾ ਹੋਵੇ ਜਾਂ ਖਰੇ ਨਿਰਮਲ ਸਭਿਆਚਾਰ ਦਾ, ਖੱਬੇਪੱਖੀ ਸੋਚ ਦਾ ਹੋਵੇ ਜਾਂ ਲੋਕ-ਹਿਤੈਸ਼ੀ ਰਾਜਨੀਤੀ ਦਾ, ਪ੍ਰੋ. ਮਾਨ ਦਾ ਨਾਂ ਉਸ ਵਿਚ ਆਉਣਾ ਹੀ ਹੁੰਦਾ ਹੈ।

ਉਹ ਸਾਊ-ਸਨਿਮਰ ਮਨੁੱਖ, ਰਸਭਰੇ ਗਾਇਕ, ਅਣਥੱਕ ਸਮਾਜ-ਸੇਵੀ, ਪ੍ਰਭਾਵਸ਼ਾਲੀ ਅਧਿਆਪਕ ਅਤੇ ਮੋਹਵੰਤੇ ਦੋਸਤ ਵਜੋਂ ਪੁਰਖ਼ਲੂਸ ਸ਼ਖ਼ਸੀਅਤ ਦੇ ਸੁਆਮੀ ਸਨ। ਮਿਲਣਾ-ਵਰਤਣਾ ਤਾਂ ਇਕ ਪਾਸੇ, ਜਿਸ ਕਿਸੇ ਨੇ ਉਨ੍ਹਾਂ ਨੂੰ ਇਕ ਵਾਰ ਦੇਖ-ਸੁਣ ਲਿਆ, ਉਹ ਉਸ ਦੇ ਚੇਤੇ ਵਿਚ ਆਪਣੀ ਪੱਕੀ ਥਾਂ ਬਣਾ ਲੈਂਦੇ ਸਨ। ਇਸ ਤੱਥ ਦੀ ਇਕ ਮਿਸਾਲ ਮੈਂ ਹਾਂ। ਮੈਂ ਚੜ੍ਹਦੀ ਉਮਰੇ, ਕੋਈ ਸੱਠ ਸਾਲ ਪਹਿਲਾਂ ਉਨ੍ਹਾਂ ਨੂੰ ਸਿਰਫ਼ ਇਕ ਵਾਰ ਗਾਉਂਦਿਆਂ ਸੁਣਿਆ ਸੀ। ਫੇਰ ਸੰਪਰਕ ਉਨ੍ਹਾਂ ਦੇ ਵਿਛੋੜੇ ਤੋਂ ਕੁਛ ਸਾਲ ਪਹਿਲਾਂ ਬਣਿਆ। ਇਸ ਵਾਹ ਸਦਕਾ ਅਤੇ ਲੰਮੇ ਸਮੇਂ ਤੱਕ ਅਮਨ ਲਹਿਰ ਤੇ ਇਪਟਾ ਵਿਚ ਉਨ੍ਹਾਂ ਦੀਆਂ ਸਰਗਰਮੀਆਂ ਬਾਰੇ ਲਗਾਤਾਰ ਪੜ੍ਹਦੇ-ਸੁਣਦੇ ਰਹਿਣ ਸਦਕਾ ਉਨ੍ਹਾਂ ਦੀ ਬੜੀ ਗੂੜ੍ਹੀ ਅਤੇ ਸਪੱਸ਼ਟ ਤਸਵੀਰ ਮਨ ਵਿਚ ਉਕਰੀ ਗਈ।

ਉਸ ਜ਼ਮਾਨੇ ਵਿਚ ਇਨ੍ਹਾਂ ਕਲਾ ਵਾਲਿਆਂ ਦੇ ਸੀਨੇ ਵਿਚ ਆਪਣੀ ਕਲਾ ਨੂੰ ਲੋਕਾਂ ਦੇ ਲੇਖੇ ਲਾਉਣ ਦੀ ਠਾਠਾਂ ਮਾਰਦੀ ਉਮੰਗ ਦੇਖਣ-ਜਾਣਨ ਵਾਸਤੇ ਪ੍ਰੋ. ਮਾਨ ਨਾਲ ਲੰਮਾ ਸਮਾਂ ਸਟੇਜ ਸਾਂਝੀ ਕਰਦੀ ਰਹੀ ਸਾਡੀ ਵੱਡੀ ਗਾਇਕਾ ਸੁਰਿੰਦਰ ਕੌਰ ਦੀ ਮਿਸਾਲ ਹੀ ਕਾਫ਼ੀ ਹੈ। ਪ੍ਰੋ. ਮਾਨ ਤੇ ਉਨ੍ਹਾਂ ਵਰਗੇ ਹੋਰ ਸਾਥੀ ਤਾਂ ਭਲਾ ਅਜਿਹੇ ਪੇਂਡੂ ਜੀਵਨ ਦੇ ਆਦੀ ਸਨ, ਪਰ ਜ਼ਰਾ ਸੋਚੋ, ਮਲੂਕੜੀ ਜਿਹੀ ਇਹ ਸ਼ਹਿਰਨ ਕੁੜੀ, ਜਿਸ ਦੀ ਪ੍ਰਸਿੱਧੀ ਉਸ ਸਮੇਂ ਤੱਕ ਰੇਡੀਓ ਅਤੇ ਤਵਿਆਂ ਰਾਹੀਂ ਘਰ ਘਰ ਪਹੁੰਚ ਚੁੱਕੀ ਸੀ, ਇਕ ਆਵਾਜ਼ ਦਿੱਤਿਆਂ ਝੱਟ ਦਿੱਲੀ ਤੋਂ ਪੰਜਾਬ ਆ ਪੁਜਦੀ। ਉਹ ਮਾਇਆ ਦਾ ਕੋਈ ਖ਼ਿਆਲ ਤੱਕ ਮਨ ਵਿਚ ਲਿਆਂਦੇ ਬਿਨਾਂ ਸਾਡੇ ਮਾਲਵੇ ਦੇ ਪਿੰਡਾਂ-ਸ਼ਹਿਰਾਂ ਵਿਚ ਵੀ ਸਾਧਾਰਨ ਘਰਾਂ ਵਿਚ ਰੁੱਖਾ-ਮਿੱਸਾ ਖਾ ਕੇ ਤੇ ਘਰੇਲੂ ਖੱਦਰ ਦੀਆਂ ਲੇਫ-ਤਲਾਈਆਂ ਵਿਚ ਰਾਤਾਂ ਕੱਟ ਕੇ ਅਮਨ ਦਾ ਹੋਕਾ ਦਿੰਦੀ ਫਿਰਦੀ ਰਹੀ।

ਮਨੁੱਖਜਾਤੀ ਦੀ ਰੂਹ ਉਤੇ ਦੂਜੀ ਸੰਸਾਰ ਜੰਗ ਦੇ ਲਾਏ ਗਹਿਰੇ ਜ਼ਖ਼ਮ ਅਜੇ ਭਰਨ ਵੀ ਨਹੀਂ ਸਨ ਲੱਗੇ ਕਿ ਤੀਜੀ ਸੰਸਾਰ ਜੰਗ ਦੇ ਚੰਦਰੇ ਬੱਦਲ ਗਾੜ੍ਹੇ ਹੋਣ ਲੱਗ ਪਏ ਸਨ। ਦੂਜੀ ਜੰਗ ਵਿਚ ਅਟੱਲ ਜਿੱਤ ਪ੍ਰਤੱਖ ਦਿਸਦੀ ਹੋਣ ਦੇ ਬਾਵਜੂਦ ਅਮਰੀਕਾ ਨੇ ਜਪਾਨ ਦੇ ਦੋ ਸ਼ਹਿਰਾਂ ਉਤੇ ਅਜਿਹਾ ਕਹਿਰ ਵਰਤਾ ਦਿੱਤਾ ਸੀ ਜਿਹੋ ਜਿਹਾ ਮਨੁੱਖਜਾਤੀ ਨੇ ਆਪਣੇ ਸਾਰੇ ਇਤਿਹਾਸ ਵਿਚ ਨਹੀਂ ਸੀ ਦੇਖਿਆ। 6 ਅਗਸਤ 1945 ਨੂੰ ਹੀਰੋਸ਼ੀਮਾ ਉਤੇ ਐਟਮ ਬੰਬ ਸੁੱਟ ਦਿੱਤਾ ਗਿਆ। ਬਰਬਾਦੀ ਦੀ ਭਿਆਨਕਤਾ ਦੇਖ-ਸੁਣ ਕੇ ਦੁਨੀਆਂ ਅਜੇ ਸੁੰਨ ਹੋਈ ਪਈ ਸੀ ਕਿ 9 ਅਗਸਤ ਨੂੰ ਨਾਗਾਸਾਕੀ ਨੂੰ ਨਿਸ਼ਾਨਾ ਬਣਾਇਆ ਗਿਆ। ਇਸ ਵਹਿਸ਼ੀ ਕਾਰਵਾਈ ਨਾਲ ਮਨੁੱਖ ਤਾਂ ਕੀ, ਧਾਤਾਂ ਤੇ ਪੱਥਰ ਤੱਕ ਪੰਘਰ ਕੇ ਸਭ ਕੁਛ ਰਿਝਦਾ ਹੋਇਆ ਲਾਵਾ ਬਣ ਗਿਆ। ਮਿੰਟਾਂ ਵਿਚ ਡੇਢ ਲੱਖ ਤੋਂ ਵੱਧ ਬੇਦੋਸ਼ੇ ਲੋਕ ਮੌਤ ਦੇ ਮੂੰਹ ਪੈ ਗਏ ਅਤੇ ਉਨ੍ਹਾਂ ਨਾਲੋਂ ਵੱਧ ਲੋਕ ਨਰਕੀ ਜੀਵਨ ਦੇ ਵੱਸ ਪੈ ਗਏ ਜੋ ਮਰਨ ਵਾਲਿਆਂ ਨੂੰ ਖ਼ੁਸ਼ਕਿਸਮਤ ਕਹਿਣ ਲੱਗੇ ਤੇ ਹੌਲੀ ਹੌਲੀ ਮੌਤ ਦੇ ਮੂੰਹ ਪੈਂਦੇ ਰਹੇ।

ਅਮਰੀਕਾ ਦਾ ਉਦੇਸ਼ ਵਿਰੋਧੀਆਂ ਨੂੰ ਹਰਾਉਣਾ ਨਹੀਂ ਸੀ। ਉਹ ਤਾਂ ਪਹਿਲਾਂ ਹੀ ਹਾਰੇ ਹੋਏ ਸਨ। ਉਹ ਆਪਣੇ ਬੰਬਾਂ ਦੀ ਤਬਾਹਕਾਰ ਸਮਰੱਥਾ ਜਿਉਂਦੇ-ਵਸਦੇ ਲੋਕਾਂ ਉਤੇ ਪਰਖਣਾ ਚਾਹੁੰਦਾ ਸੀ। ਇਸੇ ਕਰਕੇ ਦੋਵੇਂ ਬੰਬ ਵੱਖ ਵੱਖ ਭਾਂਤ ਦੇ ਵਰਤੇ ਗਏ। ਅਮਰੀਕਾ ਦੇ ਵਹਿਸ਼ੀ ਇਰਾਦੇ ਦਾ ਪਤਾ ਇਕ ਹੋਰ ਗੱਲ ਤੋਂ ਵੀ ਲਗਦਾ ਹੈ। ਦੂਜਾ ਬੰਬ ਕੋਕੂਰਾ ਸ਼ਹਿਰ ਉਤੇ ਸੁੱਟਿਆ ਜਾਣਾ ਸੀ। ਪਰ ਹੀਰੋਸ਼ੀਮਾ ਦੇ ਉਲਟ ਉਸ ਉਤੇ ਸੰਘਣੀ ਧੁੰਦ ਛਾਈ ਹੋਈ ਸੀ। ਝੱਟ ਫ਼ੈਸਲਾ ਲੈ ਲਿਆ ਗਿਆ ਕਿ ਬੰਬ ਸਾਫ਼ ਮੌਸਮ ਵਾਲੇ ਸ਼ਹਿਰ



ਪ੍ਰੋ. ਨਿਰੰਜਣ ਸਿੰਘ ਮਾਨ
ਪ੍ਰੀਤਨਗਰ ਵਿਚ, 1946

ਨਾਗਾਸਾਕੀ ਉਤੇ ਸੁੱਟ ਦਿੱਤਾ ਜਾਵੇ। ਇਹ ਸਭ ਚੇਤੇ ਕਰਦਿਆਂ ਸੀਨੇ ਵਿਚ ਦਰਦਮੰਦ ਦਿਲ ਰੱਖਣ ਵਾਲੇ ਹਰ ਵਿਅਕਤੀ ਦਾ, ਉਹ ਚਾਹੇ ਦੁਨੀਆਂ ਦੇ ਕਿਸੇ ਵੀ ਹਿੱਸੇ ਵਿਚ ਰਹਿੰਦਾ ਸੀ, ਸਾਮਰਾਜੀਆਂ ਵਲੋਂ ਪੈਦਾ ਕੀਤੀ ਜਾ ਰਹੀ ਤੀਜੀ ਸੰਸਾਰ ਜੰਗ ਦੀ ਚੰਦਰੀ ਸੰਭਾਵਨਾ ਨਾਲ ਫ਼ਿਕਰਮੰਦ ਹੋਣਾ ਸੁਭਾਵਿਕ ਸੀ। ਹਰ ਕੋਈ ਸਮਝਦਾ ਸੀ ਕਿ ਹੋਰ ਜੰਗ ਦੀ ਸੂਰਤ ਵਿਚ ਮਨੁੱਖਜਾਤੀ ਦਾ ਕੁਛ ਵੀ ਬਾਕੀ ਨਹੀਂ ਰਹਿਣਾ।

ਕਿਸੇ ਸਿਆਣੇ ਦਾ ਇਹ ਕਥਨ ਹਰ ਜਾਗ੍ਰਿਤ ਵਿਅਕਤੀ ਨੂੰ ਕੁਛ ਕਰਨ ਵਾਸਤੇ ਪ੍ਰੇਰਨ ਲਗਿਆ ਕਿ ਮੈਨੂੰ ਤੀਜੀ ਸੰਸਾਰ ਜੰਗ ਦਾ ਤਾਂ ਪਤਾ ਨਹੀਂ, ਚੌਥੀ ਸੰਸਾਰ ਜੰਗ ਜ਼ਰੂਰ ਪੱਥਰਾਂ ਅਤੇ ਟੰਬਿਆਂ ਨਾਲ ਲੜੀ ਜਾਵੇਗੀ। ਉਹਦਾ ਭਾਵ ਸੀ, ਤੀਜੀ ਸੰਸਾਰ ਜੰਗ ਮਨੁੱਖ ਨੂੰ ਉਸ ਜੰਗਲੀ ਪੜਾਅ ਉਤੇ ਪਹੁੰਚਦਾ ਕਰ ਦੇਵੇਗੀ ਜਿਥੋਂ ਉਹ ਲੱਖਾਂ ਸਾਲ ਪਹਿਲਾਂ ਸਭਿਅਤਾ ਵੱਲ ਦੇ ਰਾਹ ਉਤੇ ਤੁਰਿਆ ਸੀ! ਸੰਸਾਰ ਭਰ ਦੇ ਹੋਸ਼ਮੰਦ ਲੋਕ ਜਾਗੇ, ਜਥੇਬੰਦ ਹੋਏ ਅਤੇ ਆਮ ਲੋਕਾਂ ਨੂੰ ਜਾਗਣ ਦਾ ਹੋਕਾ ਦੇਣ ਵਿਚ ਜੁਟ ਗਏ।

15 ਮਾਰਚ 1950 ਨੂੰ ਸਟਾਕਹੋਮ ਤੋਂ ਇਕ ਮਾਨਵੀ ਆਵਾਜ਼ ਉਚੀ ਹੋਈ। ਫ਼ਰਾਂਸੀਸੀ ਵਿਗਿਆਨੀ ਫ਼ਰੈਡਰਿਕ ਜੁਲੀਓ-ਕਿਊਰੀ ਦੀ ਪਹਿਲਕਦਮੀ ਸਦਕਾ ਸੰਸਾਰ ਅਮਨ ਕੌਂਸਲ ਨੇ ਸਟਾਕਹੋਮ-ਅਪੀਲ ਜਾਰੀ ਕੀਤੀ ਜੋ ਅਮਨ-ਅਪੀਲ ਦੇ ਨਾਂ ਨਾਲ ਪ੍ਰਸਿੱਧ ਹੋਈ। ਇਸ ਵਿਚ ਐਟਮ ਬੰਬ ਨੂੰ ਗ਼ੈਰ-ਕਾਨੂੰਨੀ ਕਰਾਰ ਦੇਣ ਦੀ ਅਤੇ ਇਸ ਦੀ ਵਰਤੋਂ ਕਰਨ ਵਾਲੀ ਸਰਕਾਰ ਨੂੰ ਮਨੁੱਖਜਾਤੀ ਵਿਰੁਧ ਜੰਗੀ ਅਪਰਾਧੀ ਸਮਝੇ ਜਾਣ ਦੀ ਮੰਗ ਕੀਤੀ ਗਈ ਸੀ। ਅਪੀਲ ਦੀ ਹਾਮੀ ਅਨੇਕ ਪ੍ਰਸਿੱਧ ਵਿਗਿਆਨੀਆਂ, ਲੇਖਕਾਂ, ਕਲਾਕਾਰਾਂ, ਅਕਾਦਮੀਸ਼ਨਾਂ ਅਤੇ ਹੋਰ ਵੱਖ ਵੱਖ ਖੇਤਰਾਂ ਦੀਆਂ ਪ੍ਰਮੁੱਖ ਹਸਤੀਆਂ ਨੇ ਭਰੀ। ਨਤੀਜੇ ਵਜੋਂ ਸੰਸਾਰ ਭਰ ਵਿਚ ਅਮਨ ਕਮੇਟੀਆਂ ਹੋਂਦ ਵਿਚ ਆ ਗਈਆਂ। ਨਿਸਚਿਤ ਸਮੇਂ ਤੱਕ ਅਮਨ-ਅਪੀਲ ਉਤੇ ਹੋਏ 27,34,70,566 ਦਸਤਖ਼ਤ ਸੰਸਾਰ ਅਮਨ ਕੌਂਸਲ ਕੋਲ ਪੁੱਜ ਗਏ!

ਡਾ. ਸੈਫ਼ੂਦੀਨ ਕਿਚਲੂ ਦੀ ਪ੍ਰਧਾਨਗੀ ਵਿਚ ਕੁੱਲ-ਹਿੰਦ ਅਮਨ ਕਮੇਟੀ ਕਾਇਮ ਕੀਤੀ ਗਈ। ਪੰਜਾਬ ਅਮਨ ਕਮੇਟੀ ਦੇ ਪ੍ਰਧਾਨ ਗੁਰਬਖ਼ਸ਼ ਸਿੰਘ ਪ੍ਰੀਤਲੜੀ ਬਣੇ, ਜੋ ਕੁੱਲ-ਹਿੰਦ ਅਮਨ ਕਮੇਟੀ ਦੇ ਮੀਤ ਪ੍ਰਧਾਨ ਵੀ ਸਨ ਅਤੇ ਜਨਰਲ ਸਕੱਤਰ ਦੀ ਵੱਡੀ ਜ਼ਿੰਮੇਵਾਰੀ ਪ੍ਰੋ. ਨਿਰੰਜਣ ਸਿੰਘ ਮਾਨ ਨੇ ਆਪਣੇ ਮੋਢਿਆਂ ਉਤੇ ਲਈ। ਨਗਰ ਨਗਰ ਅਮਨ-ਅਪੀਲ ਉਤੇ ਦਸਤਖ਼ਤ ਕਰਵਾਏ ਜਾਣ ਲੱਗੇ ਅਤੇ ਜੰਗ ਦੇ ਵਿਰੁਧ ਆਵਾਜ਼ ਉਚੀ ਕਰਨ ਵਾਸਤੇ ਅਮਨ ਕਾਨਫ਼ਰੰਸਾਂ ਕੀਤੀਆਂ ਜਾਣ ਲੱਗੀਆਂ। ਪੰਜਾਬ ਵਿਚ ਦਸਤਖ਼ਤ ਇਕੱਤਰ ਕਰਨ ਦੀ ਮੁਹਿੰਮ ਨੂੰ ਜਥੇਬੰਦ ਕਰਨ ਵਿਚ ਪ੍ਰੋ. ਮਾਨ ਦੀ ਵੱਡੀ ਭੂਮਿਕਾ ਰਹੀ। ਅਮਨ ਲਹਿਰ ਦੇ, ਖ਼ਾਸ ਕਰਕੇ ਪੰਜਾਬੀਆਂ ਉਤੇ, ਪ੍ਰਭਾਵ ਦਾ ਅੰਦਾਜ਼ਾ ਇਥੋਂ ਲਾਇਆ ਜਾ ਸਕਦਾ ਹੈ ਕਿ ਅਮਨ-ਅਪੀਲ ਉਤੇ ਦੁਨੀਆਂ ਭਰ ਵਿਚੋਂ ਸਭ ਤੋਂ ਵੱਧ ਦਸਤਖ਼ਤ ਦਿਲਜੀਤ ਕੌਰ ਨੇ ਕਰਵਾਏ। ਉਹ ਪੰਜਾਬੀ ਦੇ ਵੱਡੇ ਪ੍ਰਕਾਸ਼ਕ ਭਾਪਾ ਪ੍ਰੀਤਮ ਸਿੰਘ ਦੀ ਜੀਵਨ-ਸਾਥਣ ਸੀ। ਉਹ ਦਸਤਖ਼ਤ ਇਕੱਠੇ ਕਰਨ ਲਈ ਹਫ਼ਤਿਆਂ-ਬੱਧੀ ਪੰਜਾਬ ਤੇ ਦਿੱਲੀ ਦੀਆਂ ਗਲੀਆਂ ਵਿਚ ਘੁੰਮਦੀ ਰਹੀ। ਸੰਸਾਰ ਅਮਨ ਕੌਂਸਲ ਨੇ ਉਹਨੂੰ ਵੀਆਨਾ ਬੁਲਾ ਕੇ ਸਨਮਾਨਿਤ ਕੀਤਾ। ਡਾ. ਕਿਚਲੂ ਦੀ ਅਗਵਾਈ ਵਿਚ ਗਏ ਡੈਲੀਗੇਸ਼ਨ ਵਿਚ ਗੁਰਬਖ਼ਸ਼ ਸਿੰਘ ਵੀ ਸ਼ਾਮਲ ਸਨ।

ਇਸ ਤੋਂ ਕੁਛ ਸਮਾਂ ਪਹਿਲਾਂ ਰੰਗਮੰਚ ਨੂੰ ਲੋਕ-ਹਿਤ ਵਿਚ ਭੁਗਤਾਉਣ ਵਾਸਤੇ ਅਤੇ ਜਨਤਾ ਵਿਚ ਸਭਿਆਚਾਰਕ ਜਾਗ੍ਰਿਤੀ ਲਿਆਉਣ ਵਾਸਤੇ ਇਪਟਾ, ਭਾਵ ਇੰਡੀਅਨ ਪੀਪਲਜ਼ ਥੀਏਟਰ ਐਸੋਸੀਏਸ਼ਨ ਹੋਂਦ ਵਿਚ ਆ ਚੁੱਕੀ ਸੀ। ਇਸ ਦਾ ਜਨਮ ਬੰਗਾਲ ਵਿਚ ਅੰਗਰੇਜ਼ ਦੇ ਪਾਏ ਆਦਮਖ਼ੋਰ ਕਾਲ ਦੀ ਦਾਹੀ ਬਰਬਾਦੀ ਦੇ ਪੈਦਾ ਕੀਤੇ ਅਥਾਹ ਜਨਤਕ ਰੋਹ ਵਿਚੋਂ ਹੋਇਆ। ਦੂਜੀ ਸੰਸਾਰ ਜੰਗ ਦੇ ਢਾਹੇ ਕਹਿਰ ਨੇ, ਅਮਨ ਲਹਿਰ ਦੇ ਦੇਸ਼-ਵਿਆਪੀ ਪਸਾਰ ਵਾਂਗ, ਬੰਗਾਲ ਤੋਂ ਬਾਹਰ ਦੇਸ਼ ਭਰ ਵਿਚ ਇਪਟਾ ਦੇ ਪਸਾਰ ਨੂੰ ਵੀ ਜ਼ਰੂਰੀ ਬਣਾ ਦਿੱਤਾ। ਇਸੇ ਕਰਕੇ ਭਾਵੇਂ ਇਸ ਦਾ ਮੁੱਢ ਬੰਗਾਲ ਵਿਚ ਬੱਝਿਆ ਸੀ, ਛੇਤੀ ਹੀ ਪੂਰਾ ਦੇਸ਼ ਇਸ ਦੀ ਕਰਮਭੂਮੀ ਬਣ ਗਿਆ। ਇਸ ਦੇ ਮੋਢੀਆਂ ਦੇ ਨਾਂ ਉਸ ਸਮੇਂ ਦੇ ਸਭਿਆਚਾਰਕ ਮਹਾਂਰਥੀਆਂ ਦੀ ਸੂਚੀ ਪੜ੍ਹਨ ਵਾਂਗ ਹਨ।

ਪ੍ਰਿਥਵੀਰਾਜ ਕਪੂਰ, ਰਿਤਵਿਕ ਘਟਕ, ਉਤਪਲ ਦੱਤ, ਬਿਜਨ ਭੱਟਾਚਾਰੀਆ, ਸ਼ੰਭੂ ਮਿੱਤਰਾ, ਤ੍ਰਿਪਤੀ ਮਿੱਤਰਾ, ਸ਼ੋਭਾ ਸੇਨ, ਮਾਨਿਕੁੰਤਲਾ ਸੇਨ, ਬਲਰਾਜ ਸਾਹਨੀ, ਖ਼ਵਾਜਾ ਅਹਿਮਦ ਅੱਬਾਸ, ਸਲਿਲ ਚੌਧਰੀ, ਪੰਡਿਤ ਰਵੀ ਸ਼ੰਕਰ, ਸਫ਼ਦਰ ਮੀਰ, ਗੋਪਾਲ ਹਾਲਦਾਰ ਅਤੇ ਹੋਰ ਅਨੇਕ ਵੱਡੇ ਐਕਟਰ, ਲੇਖਕ, ਗਾਇਕ, ਸੰਗੀਤਕਾਰ, ਨਿਰਦੇਸ਼ਕ ਆਦਿ ਇਸ ਸੂਚੀ ਵਿਚ ਸ਼ਾਮਲ ਸਨ।

(ਚਲਦਾ)



*ਇਪਟਾ ਦੇ ਇਕ ਪ੍ਰੋਗਰਾਮ ਸਮੇਂ-ਖੱਬਿਓਂ ਪਹਿਲੇ ਪ੍ਰੋ. ਮਾਨ, ਦੂਜੀ ਪ੍ਰੀਤ (ਜੋ ਮਗਰੋਂ ਸ਼੍ਰੀਮਤੀ ਮਾਨ ਬਣੀ), ਘੜੇ ਵਾਲੀ ਸੁਰਿੰਦਰ ਕੌਰ ਅਤੇ ਇਕ ਛੱਡ ਕੇ ਪ੍ਰਤਿਮਾ ਪੱਤਰ (ਪੁਤਰੀ ਗੁਰਬਖ਼ਸ਼ ਸਿੰਘ)*

## ਮਿੰਨੀ ਕਹਾਣੀ

### ਸਿਆਣਾ ਕੌਣ?

ਜੁਲਾਈ-ਅਗਸਤ ਦੀ ਦੁਪਹਿਰ, ਪਾਲੀ ਨੇ ਆਪਣੀ ਮਾਂ ਨੂੰ ਟੁੱਟੀ-ਭੱਜੀ ਖੁਰਲੀ ਸਵਾਰਦੀ ਨੂੰ ਦੇਖਿਆ, ਜੋ ਕਿ ਡੰਗਰਾਂ ਨੇ ਕੁੱਝ ਦਿਨ ਪਹਿਲਾਂ ਸਿੰਙ ਮਾਰ-ਮਾਰ ਕੇ ਖਿਲਾਰ ਦਿੱਤੀ ਸੀ। ਪਾਲੀ ਨੇ ਮਾਂ ਨੂੰ ਕਿਹਾ, "ਮਾਂ ਖੁਰਲੀ ਤਾਂ ਕੱਲ੍ਹ ਰਹਿਣੀ ਨਹੀਂ।"

"ਇਨ੍ਹਾਂ ਖੋਲੀਆਂ ਨੂੰ ਵੇਚਿਆ-ਸਾੜਿਆ ਨਹੀਂ ਜਾਂਦਾ। ਝੋਟੇ ਪਾਲ ਕੇ ਕੀ ਕਰਨੇ ਆਂ। ਤੁਸੀ ਪਿਓ-ਪੁੱਤ ਕਿਹੜਾ ਹੱਥ ਲਾਉਣਾ ਏ।" ਮਾਂ ਗੁੱਸੇ 'ਚ ਬੋਲੀ। ਸ਼ਾਮ ਦਾ ਹਨੇਰਾ ਹੁੰਦਿਆਂ ਹੀ ਝੋਟੀ ਨੇ ਸਿੰਙ ਮਾਰ ਕੇ ਖੁਰਲੀ ਦੀ ਇੱਕ ਗੁਠ ਭੰਨ'ਤੀ। ਪਾਲੀ ਮੁਸਕਰਾਉਂਦਾ ਬੋਲਿਆ, "ਮਾਂ ਖੁਰਲੀ।" ਪਾਲੀ ਦੀ ਮਾਂ ਨੇ ਅਣ-ਵੇਖਿਆ ਕਿਹਾ, "ਖਸਮਾਂ ਨੂੰ ਖਾਣ...।"

ਕੁੱਝ ਦਿਨ ਤੱਕ ਟੁੱਟੀ ਖੁਰਲੀ ਨੂੰ ਮਾੜੀਆਂ-ਮੋਟੀਆਂ ਇੱਟਾਂ ਜੋੜ-ਜੁੜ ਕੇ ਗੁਜ਼ਾਰਾ ਕਰਨ ਬਾਅਦ ਪਾਲੀ ਦੀ ਮਾਂ ਫਿਰ ਘਾਣੀ ਦਾ ਬੱਠਲ ਚੁੱਕੀ ਉਸੇ ਖੁਰਲੀ ਵੱਲ ਚੱਲੀ ਸੀ ਕਿ ਪਾਲੀ ਨੇ ਵੇਖ ਲਿਆ। ਦੁਪਹਿਰ ਦੀ ਤਿੱਖੀ ਧੁੱਪ ਨਾਲ ਪਸੀਨਾ ਆਉਣਾ ਸੁਭਾਵਿਕ ਸੀ। ਮੁੜਕੇ 'ਚ ਡੁੱਬੀ ਮਾਂ ਨੂੰ ਪਾਲੀ ਨੇ ਕਿਹਾ, "ਅੱਜ ਫਿਰ ਤੂੰ ਲੱਗ ਪਈ, ਸ਼ਾਮ ਨਹੀਂ ਹੋਣੀ ਤੇ ਖੁਰਲੀ ਪਹਿਲਾਂ ਟੁੱਟੀ ਪਊ...।" ਇੱਕ ਅੱਤ ਦੀ ਗਰਮੀ ਉਤੋਂ ਪਾਲੀ ਦੇ ਮਖੌਲ। ਮਾਂ ਨੇ ਸਿਰ ਦੇ ਲਿਗੜੇ ਨਾਲ ਮੂੰਹ ਪੂੰਝਦੀ ਨੇ ਪਾਲੀ ਦੀ ਧੂੜ ਲਾਹ'ਤੀ। ਪਾਲੀ ਮਾਂ ਤੋਂ ਖਰੀਆਂ-ਖਰੀਆਂ ਸੁਣ ਕੇ ਅੰਦਰ ਕਿਤਾਬ ਪੜ੍ਹਨ ਬੈਠ ਗਿਆ। ਦੂਜੇ ਦਿਨ ਸਵੇਰੇ ਪਾਲੀ ਦੀ ਮਾਂ ਡੰਗਰਾਂ ਨੂੰ ਪੱਠੇ ਪਾਉਣ ਗਈ, ਖੁਰਲੀ ਦਾ ਸਤਿਆਨਾਸ ਹੋਇਆ ਵੇਖ ਕੇ ਗੁੱਸੇ ਨਾਲ ਬੋਲੀ, "ਕੰਜਰਾਂ ਦੀਆਂ ਨੇ ਕਿਵੇਂ ਖੁਰਲੀ ਦਾ ਹਾਲ ਕਰ ਰੱਖਿਆ ਏ। ਸਾਰਾ ਦਿਨ ਪਿਓ-ਪੁੱਤ ਮੰਜੇ ਤੋੜੀ ਜਾਣਗੇ।" ਕਿਵੇਂ ਨਾ ਕਿਵੇਂ ਕਰਕੇ ਪਾਲੀ ਦੀ ਮਾਂ ਨੇ ਪੱਠੇ ਪਾਏ।

ਖੁਰਲੀ ਨੂੰ ਕਿਸੀ ਵੀ ਹੱਥ ਨਾ ਲਾਇਆ। ਪਾਲੀ ਦੀ ਮਾਂ ਘਰਦਿਆਂ ਤੇ ਡੰਗਰਾਂ ਤੋਂ ਬੜੀ ਤੰਗ ਸੀ। ਉਹ ਫਿਰ ਘਾਣੀ ਦਾ ਬੱਠਲ ਲੈ ਜਾ ਕੇ ਖੁਰਲੀ ਲਿੱਪ ਰਹੀ ਸੀ। ਪਾਲੀ ਦੀ ਛੋਟੀ ਭੈਣ ਭਾਂਡੇ ਮਾਂਜ ਰਹੀ ਸੀ। ਪਾਲੀ ਪਾਣੀ ਪੀਣ ਆਇਆ। ਛੋਟੀ ਨੇ ਪਾਲੀ ਨੂੰ ਹੌਲੀ ਜਿਹੀ ਕਿਹਾ, "ਵੀਰੇ! ਮਾਂ ਦੀ ਮਿਹਨਤ ਅੱਜ ਵੀ ਬੇਕਾਰ ਜਾਊਗੀ।" ਮਾਂ ਨੇ ਸੁਣ ਲਿਆ। "ਅੱਗ ਲਾਵਾਂ ਮੈਂ!" ਪਾਲੀ ਦੀ ਮਾਂ ਗੁੱਸੇ ਨਾਲ ਬੋਲੀ। ਪਾਲੀ ਤੇ ਛੋਟੀ ਚੁੱਪ ਕਰ ਗਏ।

ਕਈ ਦਿਨ ਲੰਘ ਗਏ, ਡੰਗਰਾਂ ਨੇ ਖੁਰਲੀ ਨੂੰ ਜ਼ਰਾ ਵੀ ਨਾ ਹਿਲਾਇਆ। ਪਾਲੀ ਪੱਠੇ ਕੁਤਰਨ ਤੋਂ ਬਾਅਦ ਮਾਂ ਤੋਂ ਗੱਲਾਂ-ਗੱਲਾਂ 'ਚ ਪੁੱਛਣ ਲੱਗਿਆ, "ਮਾਂ, ਕੀ ਅੱਜ ਦੇ ਸਮੇਂ 'ਚ ਬੰਦੇ ਨਾਲੋਂ ਜਾਨਵਰ ਚੰਗੇ ਨੇ?" ਪਾਲੀ ਦੀ ਮਾਂ ਧਿਮੀ ਜਿਹੀ ਬੋਲੀ, "ਹਾਂ ਪੁੱਤਰਾ।"

"ਮਾਂ! ਦੇਖ ਤੂੰ ਖੁਰਲੀ ਨੂੰ ਵਾਰ-ਵਾਰ ਬਣਾਇਆ ਤੇ ਮੱਝਾਂ ਨੇ ਵਾਰ-ਵਾਰ ਢਾਹਿਆ। ਪਰ ਤੇਰੀ ਜਦੋ-ਜਹਿਦ ਤੋਂ ਬਾਅਦ ਉਨ੍ਹਾਂ ਹਿਲਾਇਆ ਤੱਕ ਨਹੀਂ। ਸਗੋਂ ਤੇਰੇ ਦੁੱਖ ਨੂੰ ਪਛਾਣਿਆ," ਪਾਲੀ ਥੋੜਾ ਚਿਰ ਰੁਕ ਕੇ ਬੋਲਿਆ।

"ਡੰਗਰ ਤਾਂ ਸਾਡਾ ਦੁੱਖ ਪਛਾਣ ਜਾਂਦੇ ਨੇ, ਪਰ ਬੰਦੇ ਨੂੰ ਹੀ ਦੁੱਖ ਨਹੀਂ ਦਿਖਦੇ," ਪਾਲੀ ਦੀ ਮਾਂ ਨੇ ਚੁਲ੍ਹੇ 'ਤੇ ਬੈਠਦੀ ਨੇ ਕਿਹਾ। "ਬੰਦਾ ਤਾਂ ਆਪਣੀ ਜਿੰਦ ਨਹੀਂ ਛੱਡਦਾ। ਉਹ ਆਪਣੀ ਜਿੰਦ ਨੂੰ ਹੀ ਜਿੱਤ ਸਮਝਦਾ ਹੈ। ਆ ਵੇਖ ਤੇਰੇ ਬਾਪੂ ਨੂੰ ਹੀ...ਕਿੰਨੀ ਵਾਰ ਕਿਹਾ ਹੈ ਆਪਾਂ ਸ਼ਰੀਕੇ ਨਾਲ ਮੱਥਾ ਲਾਉਣ ਜੋਗੇ ਨਹੀਂ। ਕਿੱਥੇ ਸੁਣਦਾ ਏ...! ਹੁਣ ਤੂੰ ਹੀ ਦੱਸ ਪੁੱਤਰਾ ਸਾਡੇ 'ਚ ਸਿਆਣਾ ਕੌਣ...ਅਸੀਂ ਜਾਂ ਡੰਗਰ?"

*-ਅੰਮ੍ਰਿਤ ਰਾਏ*
*ਫੋਨ: 91-97796-02891*




ਚਿੱਤ ਚੇਤਾ

ਕਾਨਾ ਸਿੰਘ
ਫੋਨ: 91-95019-44944

# ਤੇ ਰੋ ਰਹੀ ਸੀ ਮਾਂ ਵੀ

*ਕਾਨਾ ਸਿੰਘ ਦੀਆਂ ਲਿਖਤਾਂ ਦਾ ਬਿਰਤਾਂਤ ਕਿਸੇ ਬਾਤ ਤੋਂ ਘੱਟ ਨਹੀਂ ਹੁੰਦਾ। ਲਿਖਤ ਦੇ ਸ਼ੁਰੂ ਵਿਚ ਹੀ ਉਹ ਪਾਠਕ ਨੂੰ ਉਂਗਲ ਫੜਾ ਨਾਲ ਤੋਰ ਲੈਂਦੀ ਹੈ, ਤੇ ਫਿਰ ਪੂਰੀ ਲਿਖਤ ਪੜ੍ਹੇ ਬਗੈਰ ਕੋਈ ਚਾਰਾ ਨਹੀਂ ਬਚਦਾ! "ਤੇ ਰੋ ਰਹੀ ਸੀ ਮਾਂ ਵੀ" ਨਾਂ ਦੇ ਇਸ ਲੇਖ ਵਿਚ ਵੀ ਇਸੇ ਤਰ੍ਹਾਂ ਦੇ ਰੰਗ ਘੁਲੇ ਹੋਏ ਹਨ। ਉਸ ਦੀ ਲਿਖਤ ਵਿਚ ਸਾਧਾਰਨ ਤੋਂ ਸਾਧਾਰਨ ਘਟਨਾ ਵਿਚ ਵੀ ਆਸਾਧਰਨ ਰੰਗ ਭਰਨ ਦੀ ਤਾਕਤ ਹੈ। ਜਾਪਦਾ ਹੈ, ਉਹ ਪਾਠਕ ਨੂੰ ਸਹਿਜੇ-ਸਹਿਜੇ ਕਿਸੇ ਪਹਾੜੀ ਰਾਸਤੇ ਉਤੇ ਲਈ ਤੁਰੀ ਜਾਂਦੀ ਹੈ, ਪਾਠਕ ਨੂੰ ਟੀਸੀ 'ਤੇ ਪੁੱਜ ਕੇ ਪਤਾ ਲੱਗਦਾ ਹੈ ਕਿ ਉਹ ਕਿਥੋਂ ਕਿਥੇ ਅੱਪੜ ਗਿਆ ਹੈ। ਉਥੇ ਹੀ ਫਿਰ ਲੇਖ ਦਾ ਸਿਖਰ ਹੁੰਦਾ ਹੈ। ਇਸ ਲੇਖ ਦਾ ਅੰਤ ਇਸੇ ਤਰ੍ਹਾਂ ਦੀ ਸਿਖਰ ਹੈ। -ਸੰਪਾਦਕ*

***ਹੁਣ ਤਾਂ ਮਾਲਕ ਸੀ ਜੋਤੀ ਸਾਰੇ ਘਰ ਦੀ। ਮਲਕਾ। ਜਿੱਥੇ ਜੀ ਆਵੇ, ਆਪਣੇ ਕਤੂਰਿਆਂ ਨੂੰ ਫਿਰਾਏ, ਲਡਿਆਏ, ਦੁੱਧ ਚੁੰਘਾਏ। ਸਾਡੀ ਕੀ ਮਜਾਲ ਜੁ ਉਸ ਵਲ ਅੱਖ ਚੁੱਕ ਕੇ ਵੀ ਤੱਕ ਜਾਈਏ। ਜੇ ਸੰਨੀ ਉਸ ਦੇ ਕਿਸੇ ਕਤੂਰੇ ਨੂੰ ਫੜਨ ਨੂੰ ਕਰਦਾ, ਤਾਂ ਇਸ ਤਰ੍ਹਾਂ ਮੈਨੂੰ ਬਿਫ਼ਰ ਕੇ ਪੈਂਦੀ, ਮਾਨੋ ਆਖ ਰਹੀ ਹੋਵੇ- ਸੰਭਾਲ ਆਪਣੇ ਕੁਝ ਲੱਗਦੇ ਨੂੰ?***



ਕੌਣ ਕਹਿੰਦਾ ਹੈ ਕਿ ਜਿਹੜੇ ਗੱਜਦੇ ਹਨ, ਉਹ ਵੱਸਦੇ ਨਹੀਂ, ਤੇ ਜਿਹੜੇ ਭੌਂਕਦੇ ਹਨ, ਉਹ ਵੱਢਦੇ ਨਹੀਂ?... ਉਹ ਭੌਂਕਦਾ-ਭੌਂਕਦਾ ਹੀ ਆਇਆ ਸੀ ਸਾਹਮਣੇ ਪਾਸਿਉਂ, ਤੇ ਬਿਨਾਂ ਕਿਸੇ ਕਾਰਨ ਮੈਨੂੰ ਜੰਘ 'ਤੇ ਵੱਢ ਕੇ ਦੌੜ ਗਿਆ।

ਮਸਾਂ ਪੰਜ ਸੱਤ ਵਰ੍ਹਿਆਂ ਦੀ ਹੀ ਹੋਵਾਂਗੀ। ਖੇਡ-ਖੇਡ ਵਿਚ ਦੌੜ ਦਾ ਮੁਕਾਬਲਾ। ਪੂਰੇ ਦਰਜਨ ਬਾਲਕ, ਤੇ ਇਕੋ ਥਾਂ ਤੋਂ ਸ਼ੁਰੂ। ਨਵੇਂ ਮੁਹੱਲੇ ਦੀ ਪੁਰਾਣੀ ਗਲੀ ਵਿਚੋਂ ਦੌੜਦੀ ਨੂੰ ਉਸ ਅਚਾਨਕ ਹੀ ਆਣ ਵੱਢਿਆ ਸੀ। ਮਾਂ ਨੇ ਤਾਂਬੇ ਦੇ ਪੈਸੇ ਉਪਰ ਸੁਰਮਾ ਪਾ ਕੇ ਜ਼ਖ਼ਮ ਉਪਰ ਪੱਟੀ ਬੰਨ੍ਹ ਦਿੱਤੀ ਸੀ। ਉਦੋਂ ਰੁਪਏ ਦੇ ਸੋਲ੍ਹਾਂ ਆਨੇ ਹੁੰਦੇ ਸਨ ਤੇ ਚੌਂਠ ਪੈਸੇ। ਪੈਸੇ ਦਾ ਆਕਾਰ ਅੱਜ ਦੇ ਰੁਪਏ ਤੋਂ ਵੀ ਵੱਡਾ ਹੁੰਦਾ ਸੀ। ਮੋਰੀ ਵਾਲਾ ਪੈਸਾ ਵੀ ਉਸ ਤੋਂ ਕੁਝ ਸਾਲ ਬਾਅਦ ਵਿਚ ਪ੍ਰਚਲਿਤ ਹੋਇਆ ਸੀ। ਮੈਨੂੰ ਕੋਈ ਟੀਕੇ-ਟਾਕੇ ਨਹੀਂ ਸਨ ਲਵਾਏ ਗਏ। ਬੱਸ ਇਹੋ ਜਿਹੇ ਘਰੋਗੀ ਓੜ੍ਹ-ਤੋੜ੍ਹ ਹੀ ਕਾਫ਼ੀ ਹੁੰਦੇ ਸਨ ਉਦੋਂ।

ਉਸ ਮੈਨੂੰ ਕਿਉਂ ਵੱਢਿਆ, ਤੇ ਫਿਰ ਮੈਨੂੰ ਹੀ ਕਿਉਂ ਵੱਢਿਆ ਸੀ? ਸੋਚ-ਸੋਚ ਕੇ ਮੈਂ ਪ੍ਰੇਸ਼ਾਨ ਹੁੰਦੀ। ਬਾਅਦ ਵਿਚ ਸਕੂਲ ਦੀ ਪਾਠ-ਪੁਸਤਕ ਵਿਚ ਕਹਾਣੀ ਪੜ੍ਹੀ- ਲੇਲੇ ਤੇ ਬਘਿਆੜ ਦੀ... 'ਦ ਵੁਲਫ਼ ਐਂਡ ਦੀ ਲੈਂਬ।' ਭੇੜੀਏ ਨੇ ਲੇਲੇ ਨੂੰ ਖਾਣਾ ਸੀ, ਤੇ ਖਾ ਗਿਆ ਪਰ ਉਸ ਖਾਣ ਦੇ ਪੱਜ ਤਾਂ ਪਾਏ। ਅਖੇ, ਤੂੰ ਮੇਰਾ ਪਾਣੀ ਜੂਠਾ ਕਰ ਰਿਹੈਂ... ਤੂੰ ਮੈਨੂੰ ਪਿਛਲੇ ਸਾਲ ਗਾਲ ਕੱਢੀ ਸੀ... ਅੱਛਾ ਜੇ ਤੂੰ ਉਦੋਂ ਨਹੀਂ ਸੀ ਜੰਮਿਆ, ਤਾਂ ਫਿਰ ਤੇਰਾ ਕੋਈ ਪਿਉ-ਦਾਦਾ ਹੋਵੇਗਾ, ਵਗੈਰਾ ਵਗੈਰਾ! ਪਰ ਉਸ ਜ਼ਾਲਮ ਕੁੱਤੇ ਨੇ ਤਾਂ ਬਿਨਾਂ ਕਿਸੇ ਪੱਜ ਦੇ ਹੀ ਮੈਨੂੰ ਵਲੂੰਧਰ ਕੇ ਹਮੇਸ਼ਾਂ ਲਈ ਹੈਰਾਨ ਕਰ ਦਿੱਤਾ ਸੀ। ਅੱਖ ਪਲਕਾਰੇ ਵਿਚ ਹੀ।

ਉਹ ਕੁੱਤਾ ਸੀ ਭੌਂਕਣਹਾਰ, ਤੇ ਇਸ ਲਈ ਉਸ ਦੀ ਜਾਤ ਦੇ ਕਿਸੇ ਵੀ ਜੀਵ ਨਾਲ ਮੇਰੀ ਅੰਤਾਂ ਦੀ ਨਫਰਤ ਹੋ ਜਾਣੀ ਕੁਦਰਤੀ ਸੀ। ਭੈਅ ਤੋਂ ਉਪਜੀ ਘੋਰ ਘ੍ਰਿਣਾ! ਉਸ ਤੋਂ ਬਾਅਦ ਗਲੀ-ਮੁਹੱਲੇ ਵਿਚ ਜੇ ਦੂਰੋਂ ਕਿਤੋਂ ਵੀ ਮੈਨੂੰ ਕੋਈ ਕੁੱਤਾ ਨਜ਼ਰ ਆ ਜਾਂਦਾ ਤਾਂ ਮੈਂ ਰਸਤਾ ਵਲਾਅ ਕੇ ਲੰਘਦੀ। ਕੁੱਤੇ ਦੀ ਭੌਂਕ ਹੀ ਕਾਫੀ ਸੀ ਮੇਰੇ ਪਸੀਨੇ ਛੁਟਾਉਣ ਲਈ। ਵਕਤ ਦੇ ਨਾਲ-ਨਾਲ ਕੁੱਤਿਆਂ ਪ੍ਰਤੀ ਮੇਰੀ ਨਫਰਤ ਵੀ ਜੁਆਨ ਹੁੰਦੀ ਗਈ।

ਬਾਈ-ਤੇਈ ਵਰ੍ਹਿਆਂ ਦੀ ਹੋਵਾਂਗੀ ਜਦੋਂ ਵਾਯੂ ਸੈਨਿਕ, ਭਗਤ ਵੀਰ ਆਪਣੀ ਅੰਡੇਮਾਨ ਤੇ ਨਿਕੋਬਾਰ ਦੀ ਬਦਲੀ ਦੌਰਾਨ ਛੁੱਟੀ ਉਤੇ ਦਿੱਲੀ ਆਇਆ, ਤੇ ਨਾਲ ਹੀ ਲੈ ਆਇਆ ਆਪਣੀ ਪਾਲੀ ਹੋਈ ਕਤੂਰੀ ਵੀ। ਜੋਤੀ ਸੀ ਉਸ ਦਾ ਨਾਂ। ਕੁਝ ਹੀ ਦਿਨਾਂ ਵਿਚ ਜੋਤੀ ਸਾਰੇ ਪਰਿਵਾਰ ਦੀ ਚਹੇਤੀ ਬਣ ਗਈ। ਜੇ ਵੈਰ ਸੀ ਉਸ ਦਾ ਤਾਂ ਸਿਰਫ਼ ਮੇਰੇ ਨਾਲ। ਘੜੇ ਵੱਟੇ ਦਾ ਵੈਰ! ਨੌਕਰੀਉਂ ਆਉਂਦੀ ਤਾਂ ਭੌਂਕਦੀ, ਯੂਨੀਵਰਸਿਟੀ ਤੋਂ ਆਉਂਦੀ ਤਾਂ ਭੌਂਕਦੀ। ਸੜ ਬਲ ਜਾਂਦੀ ਮੈਂ। ਜੋਤੀ ਨੂੰ ਗੁੱਸਾ ਚੜ੍ਹਦਾ ਕਿ ਮੈਂ ਹੋਰਨਾਂ ਵਾਂਗ ਉਸ ਦੇ ਨੇੜੇ ਢੁੱਕ ਕੇ ਉਸ ਨੂੰ ਕਿਉਂ ਨਹੀਂ ਪੁਚਕਾਰਦੀ; ਤੇ ਮੈਨੂੰ ਕੌਫਤ ਆਉਂਦੀ ਉਸ ਦੇ ਕੁੱਤੇਪਣ ਤੋਂ। ਉਹ ਕੁੱਤੀ ਸੀ, ਤੇ ਉਹ ਵੀ ਖੂੰਖ਼ਾਰ ਅਲਸੇਸ਼ੀਅਨ।

ਜੇ ਨਿੱਕੀ ਪੋਮਰੇਨੀਅਨ, ਖਰਗੋਸ਼ ਵਰਗੀ ਰੇਸ਼ਮੀ ਪਿਸਤੀ ਜਿਹੀ ਹੁੰਦੀ ਤਾਂ ਵੀ ਸ਼ਾਇਦ ਮੇਰੇ ਮਨ ਵਿਚ ਉਸ ਲਈ ਕੁਝ ਨਰਮੀ ਆ ਜਾਂਦੀ ਪਰ ਉਹ ਤਾਂ ਜਿਤਨਾ ਭੌਂਕਦੀ, ਉਤਨਾ ਹੀ ਮੈਨੂੰ ਯਾਦ ਆਉਂਦਾ ਉਸ ਦੀ ਕਿਸਮ ਦਾ ਉਹ ਜੀਵ, ਉਸ ਦਾ ਕੋਈ ਪੂਰਵਜ ਜੋ ਮੈਂ ਨਿਰਦੋਸ਼ ਦੀ ਲੱਤ ਉਤੇ ਸਦਾ ਲਈ ਨਿਸ਼ਾਨ ਛੱਡ ਗਿਆ ਸੀ।

---

'ਉਹ ਤੇਰੇ ਲਾਡੇ ਕੀ ਤਰਸਨੀ ਐ, ਜ਼ਰਾ ਕੋਲ ਜਾ ਕੇ ਪਿਆਰ ਕਰੇਂ ਸੁ ਤਾਂ ਆਪੇ ਹੀ ਠੰਢਿਆਰ ਪੈ ਜਾਵੇ ਸੁ।' ਮਾਂ ਆਖਦੀ। ਉਂਜ ਵੀ ਮਾਂ ਨੂੰ ਕੁੱਤਿਆਂ ਨਾਲ ਬੜਾ ਮੋਹ ਸੀ।

'ਕੁੱਤਾ ਤੈ ਸਬਰ-ਸੰਤੋਖੀ ਜੀਵ ਹੋਨਾ ਵੈ, ਬੇਜ਼ੁਬਾਨ ਦਰਵੇਸ਼।' ਮਾਂ ਕਹਿੰਦੀ ਹੁੰਦੀ ਸੀ।

ਰੋਜ਼ਾਨਾ ਜ਼ਿੰਦਗੀ ਵਿਚ ਗਲੀ-ਮੁਹੱਲੇ ਦੇ ਕੁੱਤਿਆਂ ਤੋਂ ਇਲਾਵਾ ਮਾਂ ਮਈ-ਜੂਨ ਦੀ ਭੱਠ ਗਰਮੀ ਦੇ ਮਹੀਨਿਆਂ ਵਿਚ ਰੋਟੀਆਂ ਦਾ ਟੋਕਰਾ ਤੇ ਪਾਣੀ ਦੀ ਗਾਗਰ ਸਾਡੇ ਘਰੋਗੀ ਕੰਮਾਂ ਦੇ ਸਹਾਇਕ, ਮਜਨੂੰ ਦੇ ਸਿਰ 'ਤੇ ਚੁਕਾਈ ਦੂਰ-ਦੂਰ ਢੱਕੀਆਂ ਤੇ ਕੱਸੀਆਂ ਵਿਚ ਰਹਿੰਦੇ, ਭੁੱਖ ਤੇ ਤ੍ਰੇਹ ਨਾਲ ਹੌਂਕਦੇ-ਹਫਦੇ ਕੁੱਤਿਆਂ ਨੂੰ ਤ੍ਰਿਪਤਾਣ ਤੁਰ ਪੈਂਦੀ, ਪਰ ਮੇਰਾ ਕਠੋਰ ਮਨ ਕਦੇ ਤੇ ਕਿਸੇ ਵੀ ਕੁੱਤੇ ਲਈ ਨਾ ਪਸੀਜਦਾ। ਤੇ ਨਾ ਹੀ ਜੋਤੀ ਲਈ। ਨਾ ਮੈਂ ਜੋਤੀ ਦੇ ਨੇੜੇ ਫਟਕਦੀ ਤੇ ਨਾ ਉਹ ਮੈਨੂੰ ਭੌਂਕਣਾ ਬੰਦ ਕਰਦੀ।

ਸਾਡੀ ਨਫਰਤ ਦਾ ਕਾਰਨ ਦੁਵੱਲੀ ਹਉਮੈ ਵੀ ਸੀ। ਮੈਂ ਲਾਡਲੀ ਸਾਂ ਸਭ ਦੀ, ਤੇ ਜੋਤੀ ਮੇਰੇ ਲਈ ਰਾਖਵੀਂ ਤਵੱਜੋ ਆਪਣੇ ਵੱਲ ਖਿੱਚ ਰਹੀ ਸੀ। ਉਹ ਮੈਥੋਂ ਮੇਰਾ ਹੱਕ ਖੋਹ ਰਹੀ ਸੀ ਤੇ ਉਹ ਵੀ ਇਨਸਾਨ ਨਹੀਂ ਬਲਕਿ ਕੁੱਤੀ ਹੋ ਕੇ। ਜੇ ਜੋਤੀ ਆਪਣੇ ਮੂੰਹ ਨੂੰ ਠੱਪੀ ਲਾਂਦੀ, ਭੌਂਕ-ਭੌਂਕ ਕੇ ਕੰਨ ਨਾ ਖਾਂਦੀ, ਕਲੇਜਾ ਨਾ ਕੱਢਦੀ ਤਾਂ ਸ਼ਾਇਦ ਪਿਆਰ ਨਹੀਂ ਤਾਂ ਮੈਂ ਉਸ ਨੂੰ ਘੱਟੋ-ਘੱਟ ਬਰਦਾਸ਼ਤ ਤਾਂ ਕਰ ਹੀ ਲੈਂਦੀ, ਪਰ ਉਹ ਭੈੜ-ਭੜੱਥੀ ਤਾਂ ਭੌਂਕਦੀ ਹੀ ਰਹਿੰਦੀ। ਲਗਾਤਾਰ। ਮੈਨੂੰ ਸ਼ਿਸ਼ਤ ਲਾ ਕੇ। ਰੁਦਨ, ਘ੍ਰਿਣਾ ਤੇ ਵਿਦਰੋਹ ਨਾਲ ਬਿਫਰੀ ਹੋਈ ਸ਼ੇਰਨੀ ਜਿਹੀ, ਕਿਸ ਵੇਲੇ ਸੰਗਲੀ ਤੁੜਾ ਕੇ ਮੇਰੇ ਉਤੇ ਹਮਲਾ ਕਰ ਦਏਗੀ, ਮੈਨੂੰ ਬੋਟੀਓ-ਬੋਟੀ ਵੇਤਰ ਜਾਏਗੀ, ਇਸ ਆਤੰਕ ਨਾਲ ਸਹਿਮੀ ਘਬਰਾਈ, 'ਭੌਂਕ ਕੁੱਤੀਏ ਭੌਂਕ, ਮੌਤ ਪਵੀ, ਬੇੜਾ ਗਰਕ ਹੋਵੀ, ਕਿਸੇ ਨੀ ਆਈ ਤੂੰ ਮਰੇਂ ਕੰਬਖ਼ਤੇ।'... ਮਨ ਹੀ ਮਨ ਬੁੜਬੁੜਾਂਦੀ, ਕਚੀਚੀਆਂ ਵੱਟਦੀ ਮੈਂ ਜੋਤੀ ਨੂੰ ਸੌ-ਸੌ ਗਾਲ੍ਹਾਂ ਕੱਢਦੀ। ਭਗਤ ਵੀਰ 'ਤੇ ਵੀ ਡਾਢਾ ਗੁੱਸਾ ਆਉਂਦਾ ਜੋ ਆਫ਼ਤ ਦੀ ਇਸ ਪੰਡ ਨੂੰ ਘਰ ਛੱਡ ਗਿਆ ਸੀ।

ਜੋਤੀ ਨੂੰ ਵੱਡੀ ਤਕਲੀਫ ਇਹ ਸੀ ਕਿ ਜਦ ਤਕ ਮੈਂ ਘਰ ਹੋਵਾਂ, ਉਸ ਨੂੰ ਸੰਗਲੀ ਨਾਲ ਨੂੜੇ ਰਹਿਣਾ ਪੈਂਦਾ ਸੀ। ਮੈਂ ਸਵੇਰੇ ਨਵੀਨ ਸ਼ਾਹਦਰੇ ਦੇ ਸਕੂਲ ਪੜ੍ਹਾਉਣ ਜਾਂਦੀ ਸਾਂ, ਤੇ ਸ਼ਾਮੀ ਦਿੱਲੀ ਯੂਨੀਵਰਸਿਟੀ ਵਿਚ ਐਮ.ਏ. ਦੀ ਪੜ੍ਹਾਈ ਕਰਨ। ਵਿਚਕਾਰਲੇ ਦੋ-ਚਾਰ ਘੰਟੇ ਹੀ ਘਰ ਵਿਚ ਰਹਿਣ ਤੇ ਪੜ੍ਹਨ ਨੂੰ ਮਿਲਣ, ਤੇ ਉਹ ਵੀ ਜੋਤੀ ਨੂੰ ਬਰਦਾਸ਼ਤ ਨਾ ਹੋਣ, ਤੇ ਉਹ ਭੌਂਕ-ਭੌਂਕ ਕੇ ਘਰ ਦੀ ਸ਼ਾਂਤੀ ਵਿਚ ਵਿਘਨ ਪਾਏ, ਇਹ ਮੈਨੂੰ ਕਦੇ ਵੀ ਗਵਾਰਾ ਨਹੀਂ ਸੀ ਹੋ ਸਕਦਾ।

ਇਕ ਅੱਧ ਸਾਲ ਵਿਚ ਹੀ ਮੈਂ ਜੀਵਨ ਬੀਮਾ ਨਿਗਮ ਦੀ ਨੌਕਰੀ ਦੇ ਪ੍ਰਸੰਗ ਵਿਚ ਮੁੰਬਈ ਚਲੀ ਗਈ, ਤੇ ਫਿਰ ਉਥੇ ਝੱਟ ਮੰਗਣੀ ਤੇ ਪੱਟ ਵਿਆਹ।

---

ਸ਼ਾਦੀ ਮਗਰੋਂ ਜਦੋਂ ਵੀ ਮੈਂ ਪੇਕੇ ਆਉਂਦੀ, ਜੋਤੀ ਨੂੰ ਕਦੇ ਕੋਠੇ ਉਤੇ ਅਤੇ ਕਦੇ ਪਿਛਲੇ ਵਿਹੜੇ ਵਿਚ ਬੰਨ੍ਹ ਦਿੱਤਾ ਜਾਂਦਾ। ਉਹ ਭੌਂਕ-ਭੌਂਕ ਕੇ ਸਾਰਾ ਮੁਹੱਲਾ ਸਿਰ 'ਤੇ ਚੁੱਕ ਲੈਂਦੀ, ਪਰ ਜੇ ਕੋਈ ਨਵੀਂ ਵਿਆਹੀ ਧੀ ਪੇਕੇ ਆਈ ਹੋਵੇ, ਉਹ ਵੀ ਕੁਝ ਦਿਨਾਂ ਲਈ, ਤਾਂ ਕਿਸੇ ਵੀ ਜੋਤੀ ਦੀ ਕਦਰ ਉਸ ਤੋਂ ਵੱਧ ਨਹੀਂ ਹੋ ਸਕਦੀ। ਉਸ ਨੂੰ ਆਪਣਾ ਦੂਜਾ ਦਰਜਾ ਪ੍ਰਵਾਨ ਕਰਨਾ ਹੀ ਪੈਣਾ ਸੀ। ਉਸ ਦੇ ਲਈ ਭੌਂਕਦੇ ਰਹਿਣ ਤੋਂ ਬਿਨਾਂ ਹੋਰ ਕੋਈ ਚਾਰਾ ਹੀ ਨਹੀਂ ਸੀ। ਆਂਢ-ਗੁਆਂਢ ਦੀ ਸ਼ਾਂਤੀ ਭੰਗ ਹੋਣ ਕਾਰਨ ਸਾਡਾ ਦੁਵੱਲਾ ਵੈਰ ਖਾਸੀ ਰੋਚਕ ਚਰਚਾ ਦਾ ਵਿਸ਼ਾ ਹੁੰਦਾ।

---

ਪਹਿਲਾ ਜਣੇਪਾ ਕੱਟਣ ਮੈਨੂੰ ਪੇਕੇ ਆਉਣਾ ਪਿਆ। ਹਸਪਤਾਲੋਂ ਲਿਆ ਕੇ ਮੈਨੂੰ ਪਿਛਲੇ ਤੋਂ ਵੀ ਪਿਛਲੇਰੇ ਕਮਰੇ ਵਿਚ ਟਿਕਾਇਆ ਗਿਆ, ਤਾਂ ਜੁ ਜੋਤੀ ਮੇਰੀ ਨਜ਼ਰ ਤੋਂ ਓਹਲੇ ਹੀ ਰਹੇ ਪਰ ਮਾਂ-ਭਾਬੀਆਂ ਅਤੇ ਸਾਕ ਸਬੰਧੀਆਂ ਦੀ ਮੇਰੇ ਕਮਰੇ ਵਿਚ ਲਗਾਤਾਰ ਆਵਾਜਾਈ ਕਾਰਨ ਉਹ ਆਪਣੇ ਆਪ ਨੂੰ ਅਣਗੌਲਿਆ ਮਹਿਸੂਸ ਕਰਦੀ ਤੇ ਲਗਾਤਾਰ ਭੌਂਕਦੀ।

'ਹਾਇ ਮੇਰਾ ਬੱਚਾ ਡਰ ਜਾਸੀ, ਕਿਧਰੇ ਉਸ ਵਿਚ ਕੋਈ ਵਕਾਰ ਹੀ ਨਾ ਪੈ ਜਾਵੇ।' ਮੈਂ ਘਬਰਾਂਦੀ।

'ਭਾਵੇਂ ਕੋਈ ਕਿਤਨੇ ਢੋਲ ਪਿਆ ਖੜਕਾਵੇ, ਸੂਤਕੇ ਨੇ ਬੱਚੇ ਕੀ ਕੁਝ ਨਹੀਂ ਹੋਣਾ। ਨਾ ਉਹ ਸੁਣਨਾ ਵੈ ਤੈ ਨ੍ਹਾ ਹੀ ਘਬਰਾਨੇ ਵੈ।' ਮਾਂ ਸ਼ਿਸ਼ੂ ਸੰਨੀ ਦੇ ਕੰਨਾਂ ਕੋਲ ਗਲਾਸੀ ਵਿਚ ਚਮਚਾ ਪਾ ਕੇ ਖੜਕਾਂਦੀ ਹੋਈ 'ਪ੍ਰਤੱਖ ਕੀ ਪ੍ਰਮਾਣ ਕੇ ਆਖੇ' ਕਹਿ ਕਹਿ ਕੇ ਮੈਨੂੰ ਦੱਸਦੀ ਤੇ ਸਮਝਾਂਦੀ।

'ਜੇ ਕਿਧਰੇ ਸੰਗਲੀ ਤੁੜਾਅ ਕੇ ਜੋਤੀ ਮੇਰੇ ਸੁੱਤੇ ਪਏ ਬਾਲਕੇ ਕੀ ਵੇਤਰ ਛੋੜੇ ਤਾਂ?' ਮੈਂ ਡਰ ਕਾਰਨ ਸੰਨੀ ਨੂੰ ਆਪਣੇ ਬਿਸਤਰੇ ਕੋਲ ਪਏ ਪੰਘੂੜੇ ਵਿਚ ਨਾ ਪਾਂਦੀ, ਸਗੋਂ ਆਪਣੇ ਨਾਲ ਮੰਜੇ ਉਤੇ, ਤੇ ਉਹ ਵੀ ਕੰਧ ਵਾਲੇ ਪਾਸੇ ਪਾ ਕੇ ਅੱਗੇ ਆਪ ਲੇਟਦੀ।... ਹਰ ਵੇਲੇ ਜੋਤੀ ਦਾ ਖ਼ੌਫ!

---

ਧਮਾਣ ਮਗਰੋਂ ਫਰਵਰੀ ਦੀ ਨਿੱਘੀ ਧੁੱਪ ਵਿਚ ਦੁਪਹਿਰ ਵੇਲੇ ਮਾਂ ਸੰਨੀ ਨੂੰ ਧੁੱਪੇ ਪਾ ਕੇ ਮਾਲਸ਼ ਕਰਨਾ ਚਾਹੁੰਦੀ, ਪਰ ਜੋਤੀ ਮੇਰੇ ਬੱਚੇ ਨੂੰ ਤੱਕ-ਤੱਕ ਕੇ ਘੂਰੇ ਤੇ ਭੌਂਕੇ, ਇਹ ਮੈਂ ਕਿਵੇਂ ਬਰਦਾਸ਼ਤ ਕਰ ਸਕਦੀ ਸਾਂ। ਜੋਤੀ ਤੋਂ ਓਹਲੇ ਆਪਣੇ ਕਮਰੇ ਵਿਚ ਹੀ ਮੈਂ ਸਾਰਾ ਵਿਅੰਮ ਕੱਟਿਆ। ਸੰਨੀ ਸੁਸਤ ਰਹਿੰਦਾ ਸੀ। ਖ਼ੂਨ ਦੀ ਕਮੀ ਕਾਰਨ ਪੀਲਾ ਭੂਕ, ਕਮਜ਼ੋਰ। ਮਹੀਨੇ ਦੇ ਅੰਦਰ-ਅੰਦਰ ਹੀ ਉਸ ਨੂੰ ਬੁਖ਼ਾਰ ਹੋਣ ਲੱਗ ਪਿਆ।

'ਇਹ ਜ਼ਰੂਰ ਜੋਤੀ ਨੇ ਸਾੜੇ ਨਾ ਹੀ ਫਲ ਹੈ। ਜੇ ਹੋਰ ਕੁਝ ਦੇਰ ਹਿੱਥੇ ਰਹੀ ਤਾਂ ਸੰਨੀ ਨੇ ਨਹੀਂ ਬਚਣਾ।' ਜੋਤੀ ਦੀ ਨਫ਼ਰਤ ਕਾਰਨ ਮੈਨੂੰ ਅਜਿਹਾ ਵਹਿਮ ਪਿਆ ਕਿ ਅਠੱਤੀ ਦਿਨਾਂ ਦਾ ਹੀ ਬਿਮਾਰ ਬਾਲਕ ਗੋਦ ਲੈ ਕੇ ਮੈਂ ਹਵਾਈ ਜਹਾਜ਼ ਚੜ੍ਹ ਗਈ, ਮੁੰਬਈ ਲਈ। ਮਾਂ ਉਸ ਘੜੀ ਲਈ ਪਛਤਾਂਦੀ ਜਦੋਂ ਉਸ ਜੋਤੀ ਨੂੰ ਕਬੂਲ ਕੀਤਾ ਸੀ।

'ਜੇ ਪਹਿਲੇ ਪਤਾ ਹੋਨਾ ਤਾਂ ਕਿਸੇ ਕੀ ਦੇ ਹੀ ਛੋੜਨੇ, ਆਪ ਨਾ ਪਾਲਨੇ ਜੋਤੀ ਆਂ। ਹੁਣ ਕੇ ਕਰੀਏ? ਘਰੇ ਨਾ ਜੀਅ ਹੈ, ਕਿਹੜੇ ਫਾਹੇ ਲਾਈਏ ਸ਼ੋਹਦੀ ਆਂ।' ਮਾਂ ਹੱਥ ਮਲਦੀ।

---

ਸੰਨੀ ਚਾਰ ਬਸੰਤਾਂ ਪਾਰ ਕਰ ਚੁੱਕਾ ਸੀ ਤੇ ਦੀਪੀ ਇਕ, ਜਦੋਂ ਮੇਰੇ ਦਿੱਲੀ ਦੌਰਾਨ ਜੋਤੀ ਗਰਭਵਤੀ ਸੀ। ਸ਼ਾਇਦ ਇਹ ਉਹਦੀ ਤੀਜੀ ਸੂ ਸੀ।

ਹੁਣ ਮੇਰੇ ਮਾਪੇ ਸ਼ਾਹਦਰੇ ਦਾ ਮਕਾਨ ਵੇਚ-ਵੱਟ ਕੇ ਜੰਗਪੁਰੇ ਆ ਟਿਕੇ ਸਨ। ਇਸ ਮਕਾਨ ਦੀ ਉਪਰਲੀ ਮੰਜ਼ਿਲ ਉਤੇ ਉਹ ਆਪ ਰਹਿੰਦੇ ਸਨ। ਇਕੋ ਤੇ ਇਕਹਿਰਾ ਛੱਤ ਹੋਣ ਕਾਰਨ ਇਥੇ ਜੋਤੀ ਨੂੰ ਤੇ ਮੈਨੂੰ ਇਕ-ਦੂਜੇ ਨੂੰ ਆਹਵੇਂ-ਸਾਹਵੇਂ ਬਰਦਾਸ਼ਤ ਕਰਨ ਬਗੈਰ ਹੋਰ ਕੋਈ ਚਾਰਾ ਨਹੀਂ ਸੀ। ਜੋਤੀ ਜ਼ਿਆਦਾ ਕਰ ਕੇ ਪੌੜੀਆਂ ਵਿਚਲੇ ਖੁੱਡੇ ਵਿਚ ਹੀ ਸੁਸਤਾਂਦੀ, ਤੇ ਜਾਂ ਫਿਰ ਮਈ-ਜੂਨ ਦੀ ਤਪਸ਼ ਤੋਂ ਘਾਬਰ ਕੇ ਬੈਠਕ ਦੇ ਦੀਵਾਨ ਕੋਲ ਪੱਖੇ ਹੇਠਾਂ ਆ ਪੈਂਦੀ।

ਪੂਰੇ ਸੂਰੇ ਦਿਨ। ਡਾਢਾ ਔਖਾ ਤੁਰਦੀ ਜੋਤੀ ਤੇ ਖਾਂਦੀ ਵੀ ਵੱਧ ਘੱਟ ਹੀ। ਔਖੇ ਸਾਹ ਲੈਂਦੀ, ਨਿਸੱਤੀ ਜਿਹੀ ਜੋਤੀ ਦੀਆਂ ਵੱਖੀਆਂ ਵੱਲ ਜਦੋਂ ਮੈਂ ਤੱਕਦੀ ਤਾਂ ਮੈਨੂੰ ਦੋਹਾਂ ਬੱਚਿਆਂ ਦੇ ਗਰਭਕਾਲ ਦੌਰਾਨ ਆਪਣੀ ਅਜਿਹੀ ਹਾਲਤ ਚੇਤੇ ਹੋ ਆਉਂਦੀ। ਨਿੱਕਾ ਵਜੂਦ ਤੇ ਵੱਡਾ ਪੇਟ, ਪੂਰੇ ਨੌਂ ਮਹੀਨੇ ਮੈਨੂੰ ਕੁਝ ਨਾ ਪਚਦਾ।

ਜੋਤੀ ਲਈ ਮੇਰੀ ਨਫ਼ਰਤ ਕੁਝ-ਕੁਝ ਹਮਦਰਦੀ ਦਾ ਰੰਗ ਪਕੜਨ ਲੱਗੀ। ਹੁਣ ਜੋਤੀ ਵੀ ਮੇਰੇ ਉਤੇ ਪਹਿਲਾਂ ਵਰਗੀ ਕੁਰੱਖਤੀ ਨਾਲ ਨਹੀਂ ਸੀ ਭੌਂਕਦੀ, ਫਿਰ ਵੀ ਉਸ ਦੀਆਂ ਅੱਖਾਂ ਵਿਚ ਸਿੱਧਾ ਤੱਕਣ ਜਾਂ ਉਸ ਦੇ ਨੇੜੇ ਫਟਕਣ ਦੀ ਹਿੰਮਤ ਮੈਨੂੰ ਅਜੇ ਵੀ ਨਹੀਂ ਸੀ ਹੋ ਰਹੀ।

ਪਿਛਲੇ ਚੰਦ ਸਾਲਾਂ ਵਿਚ ਵਿਆਹੇ-ਵਰੇ ਭਰਾਵਾਂ ਨੇ ਆਪੋ-ਆਪਣੇ ਵੱਖਰੇ ਘਰ ਵਸਾ ਲਏ ਸਨ। ਨਿੱਕਾ ਕੁਆਰਾ ਵੀਰ ਤੇ ਪਿਤਾ ਜੀ ਦਿਨ ਚੜ੍ਹੇ ਹੀ ਪਟਰੋਲ ਪੰਪ ਦਾ ਕਾਰੋਬਾਰ ਸੰਭਾਲਣ ਤੁਰ ਪੈਂਦੇ। ਪਿੱਛੇ ਘਰ ਵਿਚ ਅਕਸਰ ਬਿਮਾਰ ਰਹਿੰਦੀ ਮਾਂ ਦੀ ਇਕਮਾਤਰ ਸੰਗਣ ਜੋਤੀ ਹੀ ਸੀ।

ਇਕਲਾਪੇ ਦੀ ਮਾਰੀ ਨੂੰ ਮੇਰੇ ਬੱਚਿਆਂ ਦੀ ਰੌਣਕ ਖੁਸ਼ਗਵਾਰ ਲੱਗੀ ਹੋਵੇਗੀ, ਸ਼ਾਇਦ ਇਸੇ ਕਰ ਕੇ ਜਾਂ ਮਾਤਰਤਾ ਦੇ ਅਨੁਭਵ ਕਰ ਕੇ ਹੀ ਸਹੀ, ਜੋਤੀ ਦੇ ਸੁਭਾਅ ਵਿਚ ਕੁਝ ਨਰਮੀ ਮੈਂ ਪ੍ਰਤੱਖ ਵੇਖ ਰਹੀ ਸਾਂ। ਸੰਨੀ ਉਸ ਦੀ ਪੂਛ ਨਾਲ ਖੇਡਦਾ, ਉਸ ਦੇ ਕੰਨ ਖਿੱਚਦਾ ਬਥੇਰਾ ਖਰਵਾ ਪਿਆਰ ਵੀ ਕਰ ਲੈਂਦਾ, ਪਰ ਉਹ ਉਸ ਅੱਗੇ ਰਤਾ ਨਾ ਕੁਸਕਦੀ ਸਗੋਂ ਮੇਮਣੀ ਜਿਹੀ ਬਣੀ ਨਿਸੱਲ ਪਈ ਰਹਿੰਦੀ। ਜੇ ਸੰਨੀ ਬਾਹਲਾ ਹੀ ਅੱਥਰਾ ਹੋ ਜਾਂਦਾ ਤਾਂ ਜੋਤੀ ਦੀ ਮਾੜੀ ਜਿਹੀ ਘੁਰਕੀ ਤੋਂ ਵੀ ਮੈਂ ਡਰ ਜਾਂਦੀ।

ਜਾਨਵਰ ਦਾ ਤੇ ਉਹ ਵੀ ਕੁੱਤੇ ਦਾ ਕੀ ਭਰੋਸਾ? ਸੰਸਕਾਰਾਂ ਵਿਚ ਪਏ ਵਿਸ਼ਵਾਸਾਂ ਦੀ ਪਕੜ ਬੜੀ ਪੀਢੀ ਹੁੰਦੀ ਹੈ। 'ਕਾਂ ਕਰਾੜ ਕੁੱਤੇ ਨਾ, ਵਿਸਾਹ ਨਾ ਖਾਈਏ ਸੁੱਤੇ ਨਾ।' ਦਾਦੀ ਕਹਿੰਦੀ ਹੁੰਦੀ ਸੀ।

---

ਕੁਝ ਦਿਨ ਪਾ ਕੇ ਇਕ ਸਵੇਰ ਪੌੜੀਆਂ ਵਿਚੋਂ ਮੱਧਮ ਤੇ ਔਖੀ ਜਿਹੀ ਚਲਊਂ-ਚਲਊਂ ਸੁਣਨ ਨੂੰ ਮਿਲੀ।

'ਵਾਹਗੁਰੂ ਵਾਹਗੁਰੂ! ਰੱਬਾ ਖੈਰੀਂ ਮੇਰੀ ਘੜੀ ਕੱਢੀਂ।' ਘਬਰਾਈ ਹੋਈ ਮਾਂ ਦੇ ਹੋਠ ਉਸੇ ਤਰ੍ਹਾਂ ਮੂਲਮੰਤਰ ਲਈ ਫਰਕਣ ਲੱਗੇ ਜਿਸ ਤਰ੍ਹਾਂ ਸੰਨੀ ਦੇ ਜਨਮ ਵੇਲੇ ਮੇਰੀਆਂ ਜਨਮ-ਪੀੜਾਂ 'ਤੇ। ਦੁਪਹਿਰ ਵੇਲੇ ਵਾਰੋ-ਵਾਰ ਮੂੰਹ ਨਾਲ ਪਕੜੀ ਜੋਤੀ ਸਾਰੇ ਬੱਚਿਆਂ ਨੂੰ ਛੱਤ 'ਤੇ ਲੈ ਆਈ। ਇਕ, ਦੋ, ਤਿੰਨ, ਚਾਰ-ਪੂਰੇ ਛੇ ਕਤੂਰੇ ਸਨ।

'ਸੂਈ ਕੁੱਤੀ ਨਾ ਕੇ ਭਰੋਸਾ? ਨੇੜੇ ਨਾ ਜਾਈਂ। ਕੱਟ ਲੈਸੀ ਆ?' ਮਾਂ ਸੰਨੀ ਨੂੰ ਬਾਹਾਂ ਵਿਚ ਲੈ ਕੇ ਕੁਝ ਮੇਰੇ ਸਹਿਮ ਕਾਰਨ ਤੇ ਕੁਝ ਆਪਣੇ ਵਲੋਂ ਪੱਕਿਆਂ ਕਰਦੀ।

ਹੁਣ ਤਾਂ ਮਾਲਕ ਸੀ ਜੋਤੀ ਸਾਰੇ ਘਰ ਦੀ। ਮਲਕਾ। ਜਿੱਥੇ ਜੀ ਆਵੇ, ਆਪਣੇ ਕਤੂਰਿਆਂ ਨੂੰ ਫਿਰਾਏ, ਲਡਿਆਏ, ਦੁੱਧ ਚੁੰਘਾਏ। ਸਾਡੀ ਕੀ ਮਜਾਲ ਜੁ ਉਸ ਵਲ ਅੱਖ ਚੁੱਕ ਕੇ ਵੀ ਤੱਕ ਜਾਈਏ। ਜੇ ਸੰਨੀ ਉਸ ਦੇ ਕਿਸੇ ਕਤੂਰੇ ਨੂੰ ਫੜਨ ਨੂੰ ਕਰਦਾ, ਤਾਂ ਇਸ ਤਰ੍ਹਾਂ ਮੈਨੂੰ ਬਿਫ਼ਰ ਕੇ ਪੈਂਦੀ ਮਾਨੋ ਆਖ ਰਹੀ ਹੋਵੇ, ਸੰਭਾਲ ਆਪਣੇ ਕੁਝ ਲੱਗਦੇ ਨੂੰ? ਮੇਰੇ ਸੋਤਰ ਸੁੱਕ ਜਾਂਦੇ। ਹੁਣ ਮੈਨੂੰ ਵੀ ਆਪਣਾ ਦੂਜਾ ਦਰਜਾ ਪ੍ਰਵਾਨ ਕਰਨਾ ਪੈ ਰਿਹਾ ਸੀ। ਜੋਤੀ ਇਕ-ਇਕ ਕਰ ਕੇ ਦੁਪਹਿਰੇ ਆਪਣੇ ਕਤੂਰੇ ਅੰਦਰ ਪੱਖੇ ਹੇਠਾਂ ਲੈ ਜਾਂਦੀ, ਤੇ ਸ਼ਾਮੀ ਬਾਹਰ ਵਾਓਲੇ।

ਦੋ-ਚਾਰ ਦਿਨਾਂ ਵਿਚ ਹੀ ਮਾਂ ਮਹਿਸੂਸ ਕਰਨ ਲੱਗੀ ਕਿ ਜੋਤੀ ਪਿਛਲੀ ਸੂ ਵਰਗਾ ਵਿਹਾਰ ਨਹੀਂ ਸੀ ਕਰ ਰਹੀ। ਕੁਝ ਸੁਸਤ, ਖਿਝੀ-ਖਿਝੀ, ਔਖੀ ਪਈ ਆਕੜਾਂ ਭੰਨਦੀ ਰਹਿੰਦੀ। ਖਾਂਦੀ ਪੀਂਦੀ ਵੀ ਕੁਝ ਨਾ। ਹੱਥ ਲਾਇਆ ਮਾਂ ਨੇ ਤਾਂ ਪਿੰਡਾ ਤਪੇ ਪਿਆ ਉਸ ਦਾ।

'ਜੋਤੀ ਆਂ ਤੈ ਭੱਠ ਬੁਖਾਰ ਹੈ, ਹੁਣ ਕੇ ਬਣਸੀ।' ਮਾਂ ਭਾਰੀ ਚਿੰਤਾਤੁਰ ਹੋਈ। ਜੋਤੀ ਨੂੰ ਦੁੱਧ ਵੀ ਬਰਾਬਰ ਨਹੀਂ ਸੀ ਉਤਰ ਰਿਹਾ। ਕਤੂਰੇ ਉਸ ਦੇ ਅੱਗੇ ਪਿੱਛੇ ਵਿਲੂੰ-ਵਿਲੂੰ ਕਰਦੇ।

'ਮਾਂ ਜੀ ਕੇ ਪਤਾ ਇਸ ਨੇ ਥਣ ਵੀ ਚਿਰੇ ਪਏ ਹੋਣ।' ਮੈਨੂੰ ਤੌਖਲਾ ਹੋਇਆ।

ਦਰਅਸਲ ਮੈਨੂੰ ਨਿੱਕੇ ਦੀਪੀ ਦੇ ਜਨਮ ਵੇਲੇ ਦੀ ਆਪਣੀ ਹਾਲਤ ਯਾਦ ਆ ਰਹੀ ਸੀ ਜਦੋਂ ਮੇਰੇ ਨਿੱਪਲ ਪੱਕ ਗਏ ਸਨ। ਪੀਕ ਪੈ ਗਈ ਸੀ ਉਨ੍ਹਾਂ ਵਿਚ। ਫੱਟੇ, ਪੱਕੇ ਥਣ ਜਦੋਂ ਮੈਂ ਨਵਜੰਮੇ ਬਾਲਕ ਦੇ ਮੂੰਹ ਵਿਚ ਪਾਉਂਦੀ ਤਾਂ ਉਹ ਭੈੜਾ ਜਿਹਾ ਮੂੰਹ ਬਣਾ ਕੇ ਬਾਹਰ ਕੱਢ ਦਿੰਦਾ। ਪੀਂਦਾ ਹੀ ਨਾ। ਦੁੱਧ ਮੇਰੀਆਂ ਛਾਤੀਆਂ ਨੂੰ ਚੜ੍ਹ ਗਿਆ। ਸੈਪਟਿਕ ਹੋ ਜਾਣ ਕਾਰਨ ਤੇਜ਼ ਬੁਖਾਰ। ਡਾਕਟਰ ਨੂੰ ਦਵਾਈਆਂ ਤੇ ਟੀਕਿਆਂ ਨਾਲ ਮੇਰਾ ਦੁੱਧ ਸੁਕਾਣਾ ਪਿਆ। ਦੀਪੀ ਨਾ ਚੁੰਘ ਸਕਿਆ। ਉਹ ਓਪਰੇ ਦੁੱਧ ਉਤੇ ਹੀ ਪਲਿਆ। ਕਿਧਰੇ ਜੋਤੀ ਨੇ ਦੁੱਧ ਉਪਰ ਮੇਰੀ ਨਫ਼ਰਤ ਨਾ ਪ੍ਰਛਾਵਾਂ ਤਾਂ ਨਹੀਂ? ਮੈਨੂੰ ਆਪਣਾ ਆਪ ਦੋਸ਼ੀ ਲੱਗੇ।

ਮਾਂ ਰੂੰ ਦੇ ਫੰਬੇ ਨੂੰ ਦੁੱਧ ਵਿਚ ਡੁਬੋ ਡੁਬੋ ਕੇ ਕਤੂਰਿਆਂ ਦੇ ਮੂੰਹਾਂ ਵਿਚ ਨਿਚੋੜੇ, ਪਰ ਜੋਤੀ ਦੇ ਰਾਜਵੇਂ ਦੁੱਧ ਬਿਨਾਂ ਉਨ੍ਹਾਂ ਨੂੰ ਸਬਰ ਕਿਵੇਂ ਆਵੇ? ਪੰਜ ਤਾਂ ਔਖੇ ਸੌਖੇ ਕੁਝ ਪੀ ਹੀ ਲੈਂਦੇ ਪਰ ਛੇਵਾਂ ਪਿੱਛੇ-ਪਿੱਛੇ, ਸੁਸਤ ਹੀ ਪਿਆ ਰਹਿੰਦਾ। ਨਾ ਉਹ ਜੋਤੀ ਨੂੰ ਚੁੰਘਦਾ, ਤੇ ਨਾ ਹੀ ਫੰਬੇ ਨੂੰ ਚੂਸਦਾ। ਉਸ ਦਾ ਪਿੰਡਾ ਵੀ ਜੋਤੀ ਵਾਂਗ ਬੁਖ਼ਾਰ ਨਾਲ ਤਪੇ ਪਿਆ।

'ਕੇ ਕਰੀਏ, ਡਾਕਟਰ ਕੋਲ ਕਿਸ ਤਰ੍ਹਾਂ ਖੜੀਏ? ਜੋਤੀ ਤੈ ਵਿਸਾਹ ਹੀ ਨਹੀਂ ਖਾਨੀ ਆਪਣੇ ਬੱਚਿਆਂ ਨਾ।' ਮਾਂ ਪ੍ਰੇਸ਼ਾਨ ਹੁੰਦੀ। ਅੰਦਰ ਬਾਹਰ ਲਿਆਂਦਿਆਂ ਜੇ ਜੋਤੀ ਦਾ ਇਕ ਅੱਧ ਕਤੂਰਾ ਅੱਗੇ ਪਿੱਛੇ ਹੋ ਜਾਂਦਾ ਤਾਂ ਉਹ ਮੈਨੂੰ ਸ਼ਿਸ਼ਤ ਲਾ ਕੇ ਜ਼ਬਰਦਸਤ ਭੌਂਕਦੀ। ਜੇ ਛੇਵਾਂ ਕਤੂਰਾ ਦੁੱਧ ਨਾ ਪੀਵੇ ਤਾਂ ਵੀ ਬਿਫਰ-ਬਿਫਰ ਕੇ ਉਹ ਮੈਨੂੰ ਹੀ ਭੌਂਕਦੀ।

ਉਹ ਮਾੜੀ ਮੋਟੀ ਨਰਮੀ ਜਿਹੜੀ ਮੈਂ ਜੋਤੀ ਦੇ ਗਰਭਕਾਲ ਵਿਚ ਵੇਖੀ ਸੀ, ਹੁਣ ਮੈਨੂੰ ਸਭ ਕਾਫ਼ੂਰ ਹੁੰਦੀ ਜਾਪੀ। ਹੁਣ ਤਾਂ ਜਿਵੇਂ ਉਸ ਦੀ ਹਰ ਮੁਸੀਬਤ ਦੀ ਜੜ੍ਹ ਮੈਂ ਹੀ ਹੋਵਾਂ। ਮੇਰੇ ਛੋਟੇ ਭਰਾ ਨੇ ਜੋਤੀ ਨੂੰ ਪਿਆਰ, ਪੁਚਕਾਰ, ਖਿੱਚ-ਧੂਹ ਕੇ ਕਤੂਰੇ ਸਮੇਤ ਡਾਕਟਰ ਵਲ ਲਿਜਾਣ ਦੀ ਕੋਸ਼ਿਸ਼ ਕੀਤੀ ਪਰ ਉਹ ਟੱਸ ਤੋਂ ਮੱਸ ਨਾ ਹੋਈ।

*(ਬਾਕੀ ਅਗਲੇ ਸਫੇ 'ਤੇ)*

# ਅੰਨ ਜੰਮਿਆ ਬੋਹਲ ਲਾਇ

ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਅੱਜ ਕਲ੍ਹ ਵਾਢੀ ਦੀ ਰੁੱਤ ਹੈ, ਕਿਸਾਨ ਦੀ ਹੱਡ-ਭੰਨਵੀਂ ਮਿਹਨਤ ਦੀ ਕਮਾਈ ਨੂੰ ਬੋਹਲ ਦੇ ਰੂਪ ਵਿਚ ਘਰ ਲੈ ਜਾਣ ਦੇ ਦਿਨ। ਗਾਹੀ ਹੋਈ ਕਣਕ ਉੜਾ ਕੇ ਪਿੜ ਵਿਚ ਲਾਏ ਗਏ ਦਾਣਿਆਂ ਦੇ ਢੇਰ ਨੂੰ ਬੋਹਲ ਕਹਿੰਦੇ ਹਨ। ਪੰਜਾਬੀ ਲੋਕ-ਸਾਹਿਤ ਅਤੇ ਸਾਹਿਤ ਵਿਚ ਬੋਹਲ ਦਾ ਖੂਬ ਜ਼ਿਕਰ ਮਿਲਦਾ ਹੈ। ਬਲਕਾਰ ਸਿੰਘ ਬਾਜਵਾ ਦੇ ਇਕ ਲੇਖ ਵਿਚ ਇਸ ਦਾ ਬਲਾਂ ਸੁਹਣਾ ਚਿੱਤਰਣ ਮਿਲਦਾ ਹੈ,

"ਬੋਹਲ ਨੂੰ ਖੇਸਾਂ ਨਾਲ ਢੱਕ ਦਿੱਤਾ ਜਾਂਦਾ। ਉਸ ਦੇ ਪੱਛਮ ਵਾਲੇ ਪਾਸੇ ਇੱਕ ਮੰਜੀ ਹੀਅ ਭਾਰ ਟੇਢੀ ਕਰ ਉਸ 'ਤੇ ਵੀ ਚਾਦਰ ਪਾ ਦਿੱਤੀ ਜਾਂਦੀ। ਬੋਹਲ ਦਾ ਮੂੰਹ ਪੂਰਬ ਵੱਲ ਹੁੰਦਾ। ਬੋਹਲ ਦੀ ਮਿਣਤੀ ਦੜੋਪੇ ਨਾਲ ਹੁੰਦੀ। ਦੜੋਪਾ ਦੋ ਸੇਰ ਦਾ ਹੁੰਦਾ ਤੇ ਟੋਪਾ ਇੱਕ ਸੇਰ ਦਾ। ਬੋਹਲ ਦੀ ਮਿਣਾਈ ਵਾਲੇ ਪਿੰਡ ਵਿਚ ਖਾਸ-ਖਾਸ ਬੰਦੇ ਹੁੰਦੇ। ਚੜ੍ਹਦੇ ਵੱਲ ਮੂੰਹ ਕਰ ਬੈਠਣ ਲਈ ਖੱਬੜ ਜਾਂ ਖੇਸ ਦਾ ਗੋਲ ਇੰਨੂੰ ਬਣਾ ਮਿਣਤੀ ਵਾਲਾ ਬੈਠ ਜਾਂਦਾ। ਚਿੜੀ- ਜਨੌਰ, ਸਾਧੂ-ਸੰਤਾਂ, ਪੀਰਾਂ-ਫਕੀਰਾਂ, ਮਲੰਗਾਂ ਆਦਿ ਦਾ ਇਸ਼ਟ ਧਿਆ ਕੇ ਬੋਹਲ ਦੀ ਮਿਣਤੀ ਸ਼ੁਰੂ ਹੋ ਜਾਂਦੀ। ਪਹਿਲੇ ਤੋਲ ਨੂੰ ਬਰਕਤ, ਦੂਜੇ ਨੂੰ ਵਾਹ ਦੇਹਿ ਤੇ ਤੀਜੇ ਨੂੰ ਤੇਰਾਂ ਕਹਿ ਗਿਣਤੀ ਦਾ ਅਮਲ ਚੱਲ ਪੈਂਦਾ। ਅਨਾਜ ਨੂੰ ਮਜ਼ਬੂਤ ਭਾਰੇ ਖੇਸਾਂ 'ਚ ਬੰਨਿਆ ਜਾਂਦਾ। 25 ਦੜੋਪਿਆਂ (ਦੋ ਮਣ ਤੋਂ ਉਪਰ ਭਾਵ ਅੱਧਾ ਕੁਇੰਟਲ) ਦੀਆਂ ਪੰਡਾਂ ਬੰਨ੍ਹੀਆਂ ਜਾਂਦੀਆਂ।"

ਬੋਹਲ ਪ੍ਰਤੀ ਸਤਿਕਾਰ ਵਜੋਂ ਸਿਰ ਨੰਗਾ ਨਹੀਂ ਸੀ ਰੱਖਿਆ ਜਾਂਦਾ। ਬੋਹਲ 'ਤੇ ਕਪੜਾ ਪਾ ਕੇ ਉਪਰ ਤੰਗਲੀ ਆਦਿ ਜਿਹੀ ਲੋਹੇ ਦੀ ਚੀਜ਼ ਰੱਖੀ ਜਾਂਦੀ ਹੈ। ਵਿਸ਼ਵਾਸ ਹੈ ਕਿ ਲੋਹਾ ਬਲਾਵਾਂ ਤੋਂ ਰਾਖੀ ਕਰਦਾ ਹੈ। ਬੋਹਲ ਦੀ ਸੰਤੁਸ਼ਟੀ ਤੋਂ ਅਕਸਰ ਹੀ ਕਿਸਾਨ ਬਾਟੀਆਂ ਭਰ ਕੇ ਕਣਕ ਦਾਨ ਕਰਦੇ ਹਨ। ਪਰ ਕਰਜ਼ਿਆਂ ਦੇ ਮਾਰੇ ਕਿਸਾਨ ਕਈ ਵਾਰੀ ਇਸ ਕਮਾਈ ਤੋਂ ਵੀ ਵੰਚਿਤ ਹੋ ਜਾਂਦੇ ਹਨ। ਮੇਰੇ ਪਿੰਡ ਦੇ ਕਵੀ ਗੁਰਦਾਸ ਰਾਮ ਆਲਮ ਦੀ ਇਕ ਕਵਿਤਾ ਦੇ ਬੋਲ ਹਨ,

ਜੇਠ ਹਾੜ ਦੀ ਗਰਮੀ ਝੱਲਾਂ
ਪੋਹ ਮਾਘ ਦਾ ਪਾਲਾ,
ਬੋਹਲ ਬਣੇ ਤਾਂ ਛਿਈ ਮਹੀਨੀਂ
ਚੁੱਕ ਲਿਜਾਵੇ ਲਾਲਾ।

ਸੰਤ ਰਾਮ ਉਦਾਸੀ ਵੀ ਕੁਝ ਅਜਿਹੇ ਭਾਵ ਪ੍ਰਗਟ ਕਰਦਾ ਹੈ,

ਗਲ ਲੱਗ ਕੇ ਸੀਰੀ ਦੇ ਜੱਟ ਰੋਵੇ
ਬੋਹਲਾਂ ਵਿਚੋਂ ਨੀਰ ਵਗਿਆ,
ਲਿਆ ਤੰਗਲੀ ਨਸੀਬਾਂ ਨੂੰ ਫਰੋਲੀਏ
ਤੂੜੀ ਵਿਚੋਂ ਪੁੱਤ ਜੱਗਿਆ।

ਅੰਮ੍ਰਿਤਾ ਪ੍ਰੀਤਮ ਦੀ ਵੀ ਸੁਣੋ,

ਰਾਖੀ ਰਖ ਰਖ ਮੈਂ ਮੁਈ
ਤੇ ਹੱਡ ਲਏ ਤੂੰ ਖੋਰ ਭਲਾ,
ਭਰ ਭਰ ਬੋਹਲ ਜੁ ਲਾ ਲਏ
ਉਤੋਂ ਪੈ ਗਏ ਚੋਰ ਭਲਾ।

ਗੁਰੂ ਅਰਜਨ ਦੇਵ ਨੇ ਬੋਹਲ ਸ਼ਬਦ ਨੂੰ ਨਾਮ ਦੀ ਕਮਾਈ ਵਜੋਂ ਵਰਤਿਆ ਹੈ, "ਨਾਉ ਬੀਜਣ ਲਗਾ ਆਸ ਕਰਿ ਹਰਿ ਬੋਹਲ ਬਖਸ ਜਮਾਇ ਜੀਉ॥" ਚੌਥੇ ਗੁਰੂ ਰਾਮ ਦਾਸ ਦੀ ਇਸ ਤੁਕ ਤੋਂ ਬੋਹਲ ਸ਼ਬਦ ਦੇ ਮੁਢਲੇ ਅਰਥਾਂ ਦਾ



ਆਭਾਸ ਹੁੰਦਾ ਹੈ, "ਸਭ ਧਰਤਿ ਭਈ ਹਰਿਆਵਲੀ ਅੰਨ ਜੰਮਿਆ ਬੋਹਲ ਲਾਇ॥" 'ਬੋਹਲ ਲਾਇ' ਤੋਂ ਲਗਦਾ ਹੈ ਜਿਵੇਂ ਵੱਡਾ ਢੇਰ ਬਣਦਾ ਹੈ। ਸਹੀ ਗੱਲ ਹੈ, ਬੋਹਲ ਸ਼ਬਦ ਵਿਚ ਬਹੁਤਾਤ ਦਾ ਭਾਵ ਹੈ ਤੇ ਇਹ ਬਣਿਆ ਹੈ ਸੰਸਕ੍ਰਿਤ ਦੇ ਸ਼ਬਦ ਬਹੁਲ ਤੋਂ ਜਿਸ ਵਿਚ ਅਧਿਕਤਾ, ਬਹੁਤਾਤ ਦੇ ਭਾਵ ਹਨ। ਆਮ ਬੋਲਚਾਲ ਵਿਚ ਬਹੁਲ ਸ਼ਬਦ ਪੰਜਾਬੀ ਵਿਚ ਬਹੁਤਾ ਨਹੀਂ ਚਲਦਾ ਪਰ ਕੁਝ ਸਮੇਂ ਤੋਂ, ਘਟੋ ਘਟ ਲਿਖਤੀ ਰੂਪ ਵਿਚ ਇਸ ਦੀ ਵਰਤੋਂ ਹੋਣ ਲੱਗ ਪਈ ਹੈ। ਇਹ ਸ਼ਬਦ ਬਹੁ-ਗਿਣਤੀ ਦੇ ਅਰਥਾਂ ਵਿਚ ਵਰਤਿਆ ਜਾਣ ਲੱਗਾ ਹੈ ਜਿਵੇਂ, "ਜੰਮੂ ਕਸ਼ਮੀਰ ਦੇ ਤਿੰਨ ਆਂਚਲ ਹਨ, ਹਿੰਦੂ ਬਹੁਲ ਵਾਲਾ ਜੰਮੂ, ਮੁਸਲਮਾਨ ਬਹੁਲ ਵਾਲਾ ਕਸ਼ਮੀਰ ਅਤੇ ਬੋਧੀ ਬਹੁਲ ਵਾਲਾ ਲੱਦਾਖ।"

ਗੁਰੂ ਅਰਜਨ ਦੇਵ ਨੇ ਵੱਡਾ ਮਿਹਰਬਾਨ ਦੇ ਅਰਥਾਂ ਵਿਚ 'ਬਹੁਲੋ ਕ੍ਰਿਪਾਲਾ' ਉਕਤੀ ਵਰਤੀ ਹੈ। ਬਹੁਲ ਦੇ ਅਰਥ ਆਕਾਸ਼, ਅਗਨੀ, ਸ਼ਿਵ ਅਤੇ ਕ੍ਰਿਸ਼ਨ ਵੀ ਹਨ ਕਿਉਂਕਿ ਇਹ ਸਭ ਵਿਰਾਟ ਹਨ। ਪਰ ਸਾਡੇ ਲਈ ਅਹਿਮ ਅਰਥ ਹੈ ਇਸ ਦਾ ਮਹੀਨੇ ਦਾ ਹਨੇਰਾ ਪੱਖ ਵਾਲਾ ਅਰਥ। ਅਸੀਂ ਜਾਣਦੇ ਹਾਂ ਕਿ ਕ੍ਰਿਸ਼ਨ ਦਾ ਰੰਗ ਕਾਲਾ ਸੀ ਇਸ ਲਈ ਹਨੇਰ ਪੱਖ ਨੂੰ ਕ੍ਰਿਸ਼ਨ ਪੱਖ ਜਾਂ ਬਹੁਲ ਪੱਖ ਵੀ ਕਿਹਾ ਜਾਂਦਾ ਹੈ। ਸ਼ਾਇਦ ਬਹੁਤੇ ਪੰਜਾਬੀ ਇਸ ਗੱਲ ਨੂੰ ਨਾ ਜਾਣਦੇ ਹੋਣਗੇ ਇਸ ਲਈ ਮੈਂ ਉਨ੍ਹਾਂ ਨੂੰ ਦੋ ਹੋਰ ਵਰਤਣੀਆਂ ਚਿਤਾਰਨਾ ਚਾਹੁੰਦਾ ਹਾਂ। ਸੰਸਕ੍ਰਿਤ ਰਾਹੀਂ ਪੰਜਾਬੀ ਵਿਚ ਦੋ ਸੰਖੇਪ ਪ੍ਰਚਲਿਤ ਹਨ-ਸਦੀ ਤੇ ਵਦੀ। ਪੰਡਿਤਾਂ ਤੇ ਜੋਤਸ਼ੀਆਂ ਨੇ ਤਿਥੀਆਂ ਲਈ ਸ਼ੁਕਲ-ਪੱਖ ਦਿਵਸ (ਚਾਨਣ ਪੱਖ ਦਿਨ) ਲਈ ਸ਼ੁਦਿ ਸੰਖੇਪ ਬਣਾਇਆ ਮਤਲਬ ਸ਼ੁਕਲ ਤੋਂ 'ਸ਼ੁ' ਲਿਆ ਅਤੇ ਦਿਵਸ ਤੋਂ 'ਦਿ' ਲਿਆ। ਇਹ ਸੰਖੇਪ ਪੰਜਾਬੀ ਵਿਚ 'ਸੁਦੀ' ਬਣਿਆ। ਬਹੁਲ ਦਿਵਸ (ਹਨੇਰ ਪੱਖ ਦਿਨ) ਲਈ 'ਬਦੀ' ਸੰਖੇਪ ਚਲਾਇਆ ਮਤਲਬ ਬਹੁਲ ਤੋਂ 'ਬ' ਲਿਆ ਅਤੇ ਦਿਵਸ ਤੋਂ 'ਦਿ'; ਅੱਜ ਕਲ੍ਹ ਸਮਾਜ-ਵਿਗਿਆਨ, ਰਾਜਨੀਤੀ, ਧਰਮ ਆਦਿ ਦੇ ਸੰਦਰਭਾਂ ਵਿਚ ਵਰਤਿਆ ਜਾਣ ਲੱਗਾ ਇਕ ਸ਼ਬਦ ਹੈ-ਬਹੁਲਵਾਦ। ਇਹ ਅੰਗਰੇਜ਼ੀ ਪਲੂਰਲਿਜ਼ਮ ਦਾ ਪੰਜਾਬੀ ਅਨੁਵਾਦਿਆ ਸ਼ਬਦ ਹੈ। ਬਹੁਲਵਾਦ ਉਹ ਸਥਿਤੀ ਜਾਂ ਵਿਚਾਰਧਾਰਾ ਹੈ ਜਿਸ ਅਨੁਸਾਰ ਵਿਭਿੰਨ ਸ਼੍ਰੇਣੀਆਂ, ਧਰਮ, ਨਸਲ ਆਦਿ ਆਪਣੀਆਂ ਰਵਾਇਤਾਂ ਕਾਇਮ ਰਖਦੇ ਹੋਏ ਅਤੇ ਇਕ ਦੂਜੇ ਦੀ ਵੱਖਰਤਾ ਨੂੰ ਸਵੀਕਾਰ ਕਰਦੇ ਹੋਏ ਸ਼ਾਂਤਮਈ ਢੰਗ ਨਾਲ ਵਿਚਰਦੇ ਹਨ। ਉਤਰ-ਆਧੁਨਕਿਤਾਵਾਦ ਦੇ ਅੰਤਰਗਤ ਇਸ ਸੰਕਲਪ 'ਤੇ ਜ਼ੋਰ ਦਿੱਤਾ ਜਾਂਦਾ ਹੈ। ਪਰ ਪੰਜਾਬੀ ਵਿਚ ਇਸ ਸ਼ਬਦ ਦਾ ਸਭ ਤੋਂ ਪ੍ਰਚਲਿਤ ਰੂਪ ਹੈ ਬਾਹਲਾ, "ਮੈਨੂੰ ਭਗਵੰਤ ਮਾਨ ਬਾਹਲਾ ਨੇੜਿਓਂ ਵੀ ਨਹੀਂ ਤੇ ਬਾਕੀ ਉਮੀਦਵਾਰ ਬਾਹਲੇ ਦੂਰ ਵੀ ਨਹੀਂ।" "ਜੇ ਕਿਸੇ ਨੂੰ ਬਾਹਲਾ ਈ ਦਰਦ ਏ ਤਾਂ ਲੈ ਜੇ ਮੇਰੇ ਖਸਮ ਨੂੰ ਆਪਣੇ ਘਰੇ ਤੇ ਜਮਾ ਲੇ ਮੁੰਡਾ" (ਕਰਮਜੀਤ ਕੁੱਸਾ) ਮਾਲਵੇ 'ਚ ਬਾਹਲਾ ਸ਼ਬਦ ਦਾ ਇਕ ਸ਼ਬਦ ਰੁਪਾਂਤਰ ਵਰਤਿਆ ਜਾਂਦਾ ਹੈ, ਬਲਾਂ, ਜਿਸ ਦੀ ਵਰਤੋਂ ਇਸ ਲੇਖ 'ਚ ਵੀ ਮਿਲਦੀ ਹੈ।

ਬਹੁਲ ਤੋਂ ਹੀ ਬਣਿਆ ਇਕ ਹੋਰ ਅਹਿਮ ਸ਼ਬਦ ਹੈ ਬਹੁਲੀ। ਸੱਜਰ ਸੂਈ ਮੱਝ, ਗਾਂ ਦੇ ਪਹਿਲੇ ਤਿੰਨ ਚਾਰ ਦਿਨਾਂ ਦਾ ਦੁਧ ਉਬਾਲਣ ਤੇ ਫਟ ਜਾਂਦਾ ਹੈ, ਇਸ ਨੂੰ ਬਹੁਲੀ ਕਹਿੰਦੇ ਹਨ,

ਹੁਣ ਤਾਂ ਲੋਭ ਨੇ ਚੁੱਕੀਆ ਸਿਰੀਆਂ,
ਹੁਣ ਤਾ ਕੋਈ ਨਾ ਸਿਰ ਪਲੋਸੇ।
ਨਾ ਬਹੁਲੀ ਦਾ ਛੰਨਾ ਮਿਲਦਾ,
ਨਾ ਸੀਸਾ ਦੇ ਮਿਲਣ ਪਰੋਸੇ।

ਬਹੁਲ ਸ਼ਬਦ ਵਿਚ ਸੰਘਣੇਪਣ ਦੇ ਭਾਵ ਹਨ ਇਸੇ ਲਈ ਇਸ ਉਤਮ ਪਦਾਰਥ ਲਈ ਬਹੁਲੀ ਸ਼ਬਦ ਪ੍ਰਚਲਿਤ ਹੋਇਆ। ਕੁਝ ਇਲਾਕਿਆਂ ਵਿਚ ਬਹੁਲੀ ਬਣ ਜਾਣ ਵਾਲੇ ਦੁਧ ਨੂੰ ਬਹੁਲਾ ਕਹਿੰਦੇ ਹਨ। ਕਈ ਲੋਕ ਇਸ ਨੂੰ ਚਾਹ ਕੇ ਖਾਂਦੇ ਹਨ ਪਰ ਕਈ ਨੱਕ ਬੁਲ੍ਹ ਵੱਟਦੇ ਹਨ। ਬਹੁਲੀ ਨੂੰ ਧਾਰਮਕ ਸਥਾਨਾਂ 'ਤੇ ਚੜ੍ਹਾਉਣ ਦਾ ਰਿਵਾਜ ਹੈ। ਰਵਾਇਤੀ ਤੌਰ 'ਤੇ ਹਰ ਉਤਮ ਪਦਾਰਥ ਤੇ ਬ੍ਰਾਹਮਣਾਂ ਦਾ ਹੱਕ ਹੁੰਦਾ ਸੀ ਇਸ ਲਈ ਪਰੰਪਰਕ ਤੌਰ 'ਤੇ ਇਹ ਬ੍ਰਾਹਮਣਾਂ ਨੂੰ ਭੇਟ ਕੀਤੀ ਜਾਂਦੀ ਸੀ।

ਇਨ੍ਹਾਂ ਸਾਰੇ ਸ਼ਬਦਾਂ ਦੇ ਪਿਛੇ ਅਸਲ ਵਿਚ ਸੰਸਕ੍ਰਿਤ ਦਾ 'ਬਹੁ' ਸ਼ਬਦ ਬੋਲਦਾ ਹੈ ਜਿਸ ਦਾ ਅਰਥ ਹੁੰਦਾ ਹੈ ਬਹੁਤਾ, ਜ਼ਿਆਦਾ, ਅਨੇਕ। ਬਹੁਤ ਜਾਂ ਬਹੁਤਾ ਸ਼ਬਦ ਇਸੇ ਤੋਂ ਬਣੇ। ਇਸ ਸ਼ਬਦ ਬਾਰੇ ਬਹੁਤਾ ਕੀ ਬੋਲਣਾ, ਗੁਰੂ ਨਾਨਕ ਦੇਵ ਅਨੁਸਾਰ, "ਬਹੁਤਾ ਕਹੀਐ ਬਹੁਤਾ ਹੋਇ॥" ਅਤੇ "ਬਹੁਤਾ ਕਰਮੁ ਲਿਖਿਆ ਨਾ ਜਾਇ॥" ਬਹੁਤ ਤੋਂ ਦੂਜੀ ਡਿਗਰੀ ਦਾ ਸ਼ਬਦ ਬਣਿਆ ਬਹੁਤੇਰਾ ਜੋ ਅੱਗੋਂ ਮੁਖ-ਸੁਖ ਨਾਲ ਬਥੇਰਾ ਬਣ ਗਿਆ। ਬਹੁਤ ਸ਼ਬਦ ਦਾ ਸੰਸਕ੍ਰਿਤ ਰੂਪ ਸੀ, ਬਹੁਤਵ। ਪਰ ਬਹੁ-ਸੁਤੰਤਰ ਤੌਰ 'ਤੇ ਵੀ ਵਰਤਿਆ ਜਾਣ ਵਾਲਾ ਸ਼ਬਦ ਹੈ, "ਬਹੁ ਸਾਸਤ੍ਰ ਬਹੁ ਸਿਮ੍ਰਤੀ ਪੇਖੇ ਸਰਬ ਢੰਢੋਲ॥" -ਗੁਰੂ ਅਰਜਨ ਦੇਵ।

ਅਖਾਣ ਹੈ, "ਬਹੁ ਪੁੱਤੀਂ ਬਹੁ ਬਿਹਣੇ ਮਿਹਣੇ, ਬਹੁ ਮੀਂਹੀਂ ਕਣ ਘਟ" ਮਤਲਬ ਬਹੁਤੀ ਔਲਾਦ 'ਚੋਂ ਕੋਈ ਭੈੜਾ ਨਿਕਲ ਆਏ ਤਾਂ ਕੁਲ ਨੂੰ ਕਲੰਕਤ ਕਰ ਦਿੰਦਾ ਹੈ, ਇਵੇਂ ਹੀ ਬਹੁਤਾ ਮੀਂਹ ਪੈਣ ਨਾਲ ਬੂਟਾ ਤਾਂ ਵਧ ਜਾਂਦਾ ਹੈ ਪਰ ਦਾਣਾ ਨਹੀਂ ਵਧਦਾ। ਬਹੁ ਦਾ ਇਕ ਲਹਿੰਦੀ ਰੂਪ ਹੈ, 'ਬਹੂੰ।' ਗੁਲਾਮ ਫਰੀਦ ਦੇ ਕਲਾਮ ਵਿਚ ਇਸ ਦੀ ਇਕ ਝਲਕ ਦੇਖੀਏ,

ਢੋਲਣ ਤੈਂਡੀ ਸਿਕ ਢੇਰ ਹਮ,
ਤਾਘਾਂ ਘਣੀਆ ਚਾਹੀਂ ਬਹੂੰ।
ਖਪ ਖਪ ਕਰਾਂ ਆਹੀਂ ਬਹੂੰ
ਤਪ ਤਪ ਉਠਣ ਭਾਈਂ ਬਹੂੰ।

'ਬਹੁ' ਦੀ ਅਗੇਤਰ ਵਜੋਂ ਬਹੁਤ ਵਰਤੋਂ ਹੁੰਦੀ ਹੈ ਜਿਸ ਵਿਚ ਅਨੇਕਤਾ ਦੇ ਭਾਵ ਹਨ ਜਿਵੇਂ ਬਹੁ-ਮਤ, ਬਹੁ-ਗਿਣਤੀ, ਬਹੁ-ਵਚਨ, ਬਹੁ-ਸੰਮਤੀ, ਬਹੁ-ਅਰਥਕ, ਬਹੁ-ਰੰਗੀ, ਬਹੁ-ਕਰੋੜੀ, ਬਹੁ-ਰੂਪੀਆ ਆਦਿ। ਬਹੁ-ਜਨ ਸ਼ਬਦ ਵੀ ਇਸੇ ਤੋਂ ਬਣਿਆ ਜਿਸ ਵਿਚ ਮੁਢਲੇ ਭਾਵ ਬਹੁਤੀ ਜਨ-ਸੰਖਿਆ ਵਾਲਾ ਹੈ। ਬਹੁਤਿਆਂ ਨੂੰ ਸ਼ਾਇਦ ਪਤਾ ਨਾ ਹੋਵੇ, ਇਕ ਹੋਰ ਆਮ ਵਰਤੀਂਦੇ ਸ਼ਬਦ ਵਿਚ ਇਹ ਅਗੇਤਰ ਵਜੋਂ ਆਇਆ ਹੈ। ਉਹ ਹੈ ਬਹੁਕਰ ਅਰਥਾਤ ਸੁੰਬਰਨ ਵਾਲੀ ਬੁਹਾਰੀ। ਬਹੁਕਰ ਦੇ ਸ਼ਾਬਦਿਕ ਅਰਥ ਹਨ ਬਹੁਤੇ ਕੰਮ ਕਰਨ ਵਾਲਾ, ਕਈ ਤਰ੍ਹਾਂ ਲਾਭਕਾਰੀ। ਝਾੜੂ ਦੇਣ ਵਾਲੇ ਕਈ ਫੁਟਕਲ ਕੰਮ ਕਰਿਆ ਕਰਦੇ ਸਨ। ਇਹ ਝਾੜੂ ਦੇ ਅਰਥਾਂ ਵਜੋਂ ਰੂੜ੍ਹ ਹੋ ਗਿਆ ਹੈ। ਦਰਅਸਲ ਤਾਂ ਬੁਹਾਰੀ ਸ਼ਬਦ ਵੀ ਬਹੁਕਰ ਦਾ ਹੀ ਵਿਕਿਸਤ ਰੂਪ ਹੈ। ਪ੍ਰਾਕ੍ਰਿਤ ਵਿਚ ਇਸ ਦਾ ਰੂਪ ਸੀ ਬੌਹਾਰੀ ਤੇ ਹਿੰਦੀ ਵਿਚ ਹੈ ਬਹਾਰੂ।

# ਤੇ ਰੋ ਰਹੀ ਸੀ ਮਾਂ ਵੀ

ਮਾਂ ਨੇ ਦੱਸਿਆ ਕਿ ਕੁਝ ਮਹੀਨੇ ਪਹਿਲਾਂ ਵੀ ਜੋਤੀ ਇਸੇ ਤਰ੍ਹਾਂ ਬਿਮਾਰ ਹੋਈ ਸੀ, ਤੇ ਉਸ ਨੂੰ ਡਾਕਟਰ ਨੇ ਟੀਕਾ ਲਾ ਦਿੱਤਾ ਅਤੇ ਅਗਲੇ ਦਿਨ ਵੀ ਲਿਆਉਣ ਲਈ ਕਿਹਾ ਪਰ ਜੋਤੀ ਮੁੜ ਕੇ ਜਾਣ ਲਈ ਰਾਜ਼ੀ ਨਾ ਹੋਈ। ਸੋ, ਉਸ ਨੂੰ ਹੁਣ ਤਕ ਯਾਦ ਸੀ ਕਿ ਬਿਮਾਰੀ ਵਿਚ ਉਸ ਨੂੰ ਘਰੋਂ ਬਾਹਰ ਲਿਜਾਣ ਦਾ ਮਤਲਬ ਟੀਕਾ ਲੁਆਉਣਾ ਹੀ ਹੋਵੇਗਾ। ਆਖ਼ਰ ਸਲੋਤਰੀ ਨੂੰ ਘਰ ਬੁਲਾ ਕੇ ਜੋਤੀ ਨੂੰ ਵਿਖਾਣਾ ਪਿਆ। ਉਸ ਨਿਰੀਖਣ ਕੀਤਾ, ਦਵਾਈ ਦਿੱਤੀ ਪਰ ਕਤੂਰੇ ਦੇ ਬਚਣ ਬਾਰੇ ਕੋਈ ਤਸੱਲੀ ਨਾ ਦਿੱਤੀ। ਉਹ ਤਾਂ ਬੱਸ ਕੁਝ ਘੜੀਆਂ ਦਾ ਹੀ ਮਹਿਮਾਨ ਜਾਪ ਰਿਹਾ ਸੀ।

'ਜੇ ਇਹ ਬੱਚਾ ਜੋਤੀ ਨੀਆਂ ਅੱਖਾਂ ਸਾਹਮਣੇ ਮੋਇਆ, ਤਾਂ ਉਹ ਦਿਲੇ ਨਾਲ ਲੈ ਲੈਸੀ, ਤੇ ਅੱਗੇ ਆਪੂੰ ਵੀ ਬਿਮਾਰ ਹੈ ਵਿਚਾਰੀ। ਬਾਕੀ ਕਤੂਰਿਆਂ ਨੀ ਪਰਵਰਿਸ਼ ਨਾ ਕੇ ਬਣਸੀ...।' ਮਾਂ ਬੜੀ ਫ਼ਿਕਰਮੰਦ ਹੋਈ।

ਜਦੋਂ ਵੀ ਜੋਤੀ ਸੂੰਦੀ, ਮਾਂ ਉਸ ਦੇ ਕਤੂਰਿਆਂ ਨੂੰ ਇਕ ਅੱਧ ਮਹੀਨਾ ਪਾਲ ਕੇ ਪਹਿਲਾਂ ਕੀਤੇ ਵਾਅਦਿਆਂ ਮੁਜਬ ਸਾਕਾਂ-ਮਿੱਤਰਾਂ ਵਿਚ ਵੰਡ ਦਿੰਦੀ ਸੀ। ਜੰਮਦੇ ਬੱਚਿਆਂ ਦਾ ਤਾਂ ਜੋਤੀ ਵਿਸਾਹ ਹੀ ਨਹੀਂ ਸੀ ਖਾਂਦੀ।

---

ਰਾਤ ਪੈਣ ਵਾਲੀ ਸੀ। ਜੋਤੀ ਇਕ-ਇਕ ਕਰ ਕੇ ਆਪਣੇ ਕਤੂਰੇ ਕਮਰੇ ਵਿਚ ਲਿਜਾਣ ਲੱਗੀ। ਇਹ ਸੋਚਦਿਆਂ ਕਿ ਰਾਤੀਂ ਹੀ ਉਸ ਦੀ ਲਾਸ਼ ਟਿਕਾਣੇ ਲਾ ਦਿਆਂਗੇ, ਮਾਂ ਨੇ ਅਛੋਪਲੇ ਹੀ ਉਹ ਬਿਮਾਰ ਕਤੂਰਾ ਗੁਸਲਖ਼ਾਨੇ ਵਿਚ ਬੰਦ ਕਰ ਦਿੱਤਾ। ਪੰਜਾਂ ਨੂੰ ਥਾਂ ਸਿਰ ਟਿਕਾ ਕੇ ਜੋਤੀ ਉਸ ਛੇਵੇਂ ਲਈ ਵਿਆਕੁਲ ਹੋਈ ਇਧਰ-ਉਧਰ ਭੱਜਣ ਲੱਗੀ।

'ਇਸ ਨੂੰ ਤਾਂ ਗਿਣਤੀ ਵੀ ਆਉਂਦੀ ਹੈ।' ਸੰਨੀ ਦੇ ਕਹਿਣ ਦੀ ਦੇਰ ਸੀ ਕਿ ਜੋਤੀ ਬਿਫਰ ਕੇ ਉਸ ਵੱਲ ਵਧਦੀ ਭੌਂਕਣ ਲੱਗੀ। ਮੈਂ ਸੰਨੀ ਨੂੰ ਆਪਣੇ ਨਾਲ ਘੁੱਟ ਲਿਆ। ਹੁਣ ਉਹ ਮੈਨੂੰ ਭੌਂਕਣ ਲੱਗੀ। ਬੇਜ਼ਾਰ! ਲਗਾਤਾਰ!

ਦੋਹਾਂ ਬੱਚਿਆਂ ਨੂੰ ਆਪਣੀਆਂ ਬਾਹਾਂ ਵਿਚ ਸਮੇਟੀ ਮੈਂ ਥਰ-ਥਰ ਕੰਬਣ ਲੱਗੀ। ਮਾਂ ਨੇ ਮੇਰੇ ਬੱਚਿਆਂ ਸਮੇਤ ਮੈਨੂੰ ਆਪਣੇ ਸਾਏ ਵਿਚ ਲੈ ਲਿਆ। ਸਭ ਸਹਿਮੇ ਸਹਿਮੇ ਖੂੰਜੇ ਲੱਗੇ। ਜੋਤੀ ਸ਼ੂਟ ਵੱਟ ਕੇ ਅੰਦਰ ਬਾਹਰ ਬੇਚੈਨ ਦੌੜਨ ਲੱਗੀ। ਉਹ ਕਦੇ ਕਿਸੇ ਇਕ ਕੋਨੇ ਨੂੰ ਸੁੰਘੇ, ਤੇ ਕਦੇ ਕਿਸੇ ਦੂਜੀ ਗੁੱਠ ਨੂੰ। ਫਿਰ ਜਿਵੇਂ ਉਸ ਨੂੰ ਅੰਦਰੋਂ ਹੀ ਸੁੱਝ ਗਈ ਹੋਵੇ, ਉਹ ਗੁਸਲਖਾਨੇ ਦੇ ਬੰਦ ਦਰਵਾਜ਼ੇ 'ਤੇ ਲੱਤਾਂ ਮਾਰ-ਮਾਰ ਕੇ ਭੌਂਕਣ ਲੱਗੀ।

ਅੰਦਰੋਂ ਮਾੜੀ ਜਿਹੀ ਚੂੰ-ਚੂੰ ਸੁਣਾਈ ਦਿੱਤੀ। ਹੁਣ ਤਾਂ ਜੋਤੀ ਮੇਰੀਆਂ ਬਾਹਾਂ ਵਿਚ ਸਿਮਟੇ ਸੰਨੀ ਤੇ ਦੀਪੀ ਵੱਲ ਉਲ੍ਹਰ-ਉਲ੍ਹਰ ਕੇ ਸ਼ੇਰਨੀ ਵਾਂਗ ਦਹਾੜਨ ਲੱਗੀ, ਮਾਨੋਂ ਮੈਨੂੰ ਆਖ ਰਹੀ ਹੋਵੇ, 'ਮੇਰਾ ਬੱਚਾ ਹਾਜ਼ਰ ਕਰ...ਨਹੀਂ ਤਾਂ ਤੇਰਿਆਂ ਦੀ ਖ਼ੈਰ ਨਹੀਂ।'

ਕੁਝ ਦੇਰ ਪਹਿਲਾਂ ਅਖ਼ਬਾਰ ਵਿਚ ਕਿਸੇ ਬਾਹਰਲੇ ਦੇਸ਼ ਦੀ ਖਬਰ ਪੜ੍ਹੀ ਹੋਈ ਮੈਨੂੰ ਚੇਤੇ ਆ ਗਈ। ਕਿਸੇ ਬਿਰਧ ਔਰਤ ਦੇ ਚਿਰਾਂ ਤੋਂ ਪਾਲੇ ਹੋਏ ਚਾਰ ਅਲਸੇਸ਼ੀਅਨ ਕੁੱਤਿਆਂ ਨੇ ਉਸ ਨੂੰ ਬੋਟੀ-ਬੋਟੀ ਵੇਤਰ ਕੇ ਮਾਰ ਛੱਡਿਆ ਸੀ। ਉਹ ਉਨ੍ਹਾਂ ਸਾਹਵੇਂ ਖਾਣੇ ਦੇ ਮੇਜ਼ 'ਤੇ ਬੈਠੀ ਮੁਰਗਾ ਚੱਬ ਰਹੀ ਸੀ ਕਿ ਉਹ ਚਾਰੇ ਉਸ ਉਤੇ ਟੁੱਟ ਪਏ। ਭੁੱਖ ਤੇ ਮਮਤਾ ਜੀਵ ਦੀਆਂ ਮੁੱਢਲੀਆਂ ਪ੍ਰੇਰਨਾਵਾਂ ਹਨ। ਉਨ੍ਹਾਂ ਦਾ ਸਤਾਇਆ ਹੋਇਆ ਉਹ ਕੁਝ ਵੀ ਕਰ ਸਕਦਾ ਹੈ। ਇਸ ਸੋਚ ਨਾਲ ਮੈਂ ਕੰਬ ਉਠੀ।

ਜੋਤੀ ਇਕ ਪਾਸੇ ਗੁਸਲਖਾਨੇ ਦੇ ਬੰਦ ਬੂਹੇ ਨਾਲ ਟੱਕਰਾਂ ਮਾਰੇ, ਤੇ ਦੂਜੇ ਪਾਸੇ ਮੇਰੇ ਉਤੇ ਉਲ੍ਹਰ-ਉਲ੍ਹਰ ਕੇ ਬੇਤਾਬ ਭੌਂਕੇ। ਮੇਰੀ ਗੋਦ ਵਿਚ ਸੁੰਗੜਿਆ ਦੀਪੀ ਡਰ ਨਾਲ ਚਿਚਲਾਅ ਉਠਿਆ। ਸੰਨੀ ਵੀ ਡਡਿਆ ਪਿਆ।

**ਅਚਾਨਕ ਪਤਾ ਨਹੀਂ ਕਿਹੜੀ ਦੈਵੀ ਸ਼ਕਤੀ ਨਾਲ ਮੈਂ ਆਪਣੀ ਥਾਂ ਤੋਂ ਉੱਠੀ, ਤੇ ਧਾ ਕੇ ਬੇਸੁਰਤ ਜਿਹੀ ਪਈ ਜੋਤੀ ਦੇ ਸਿਰ ਉਤੇ, ਪਿੰਡੇ ਉਤੇ ਹੱਥ ਫੇਰਨ ਲੱਗੀ। ਜੋਤੀ ਦੇ ਤਪਦੇ ਜਿਸਮ ਉਤੇ ਮੇਰੇ ਹੰਝੂ ਤ੍ਰਿਪ-ਤ੍ਰਿਪ ਡਿੱਗਣ ਲੱਗੇ। ਮੇਰੇ ਭਿੱਜੇ ਹੋਠ ਆਪ ਮੁਹਾਰੇ ਜੋਤੀ ਦਾ ਮੂੰਹ-ਮੱਥਾ ਚੁੰਮਣ ਲੱਗੇ।... 'ਜੋਤੀ... ਜੋਤੀ....।' ਮੈਂ ਡਸਕੋਰੇ ਭਰ ਰਹੀ ਸਾਂ। ਜੋਤੀ ਨੇ ਅੱਖਾਂ ਖੋਲ੍ਹੀਆਂ। ਉਹ ਕੁਝ ਦੇਰ ਮੇਰੀਆਂ ਅੱਖਾਂ ਵਿਚ ਤੱਕਦੀ ਰਹੀ। ਇਕ ਟੱਕ। ਜਿਵੇਂ ਪਛਾਣਨ ਦੀ ਕੋਸ਼ਿਸ਼ ਕਰ ਰਹੀ ਹੋਵੇ। ਫਿਰ ਆਪਣੀਆਂ ਦੋਵੇਂ ਅਗਲੀਆਂ ਲੱਤਾਂ ਲਮਿਆਰ ਕੇ ਉਸ ਆਕੜ ਭੰਨੀ ਅਤੇ ਇਕ ਵੇਰਾਂ ਫੇਰ ਜ਼ੋਰ ਨਾਲ ਚੰਘਾੜੀ।**



ਲੇਖਕਾ ਕਾਨਾ ਸਿੰਘ ਦੀ ਪੁਰਾਣੀ ਤਸਵੀਰ।

'ਮਾਂ ਜੀ ਬਚਾਓ, ਕੁਝ ਕਰੋ...।' ਮੈਂ ਚੀਕੀ।

ਮਾਂ ਨੇ ਦੌੜ ਕੇ ਗੁਸਲਖਾਨੇ ਦੀ ਕੁੰਡੀ ਖੋਲ੍ਹ ਦਿੱਤੀ। ਜੋਤੀ ਧਾਅ ਕੇ ਅੰਦਰ ਵੜ ਗਈ, ਤੇ ਆਖਰੀ ਦਮਾਂ 'ਤੇ ਸਾਹ ਲੈਂਦੇ ਛੇਵੇਂ ਕਤੂਰੇ ਨੂੰ ਬਾਹਰ ਕੱਢ ਲਿਆਈ। ਉਸ ਨੂੰ ਖੁੱਲ੍ਹੇ ਛੱਤ 'ਤੇ ਰੱਖ ਕੇ ਉਹ ਵਾਹੋਦਾਹੀ ਚੱਟਣ ਲਗੀ। ਉਹ ਕਤੂਰੇ ਦੇ ਮੂੰਹ ਨਾਲ ਮੂੰਹ ਜੋੜ ਕੇ ਇਸ ਤਰ੍ਹਾਂ ਫੂਕਾਂ ਮਾਰੇ ਜਿਸ ਤਰ੍ਹਾਂ ਕਿਸੇ ਡੁੱਬੇ ਬੰਦੇ ਨੂੰ ਪਾਣੀਉਂ ਬਾਹਰ ਕੱਢ ਕੇ ਮੂੰਹ ਰਾਹੀਂ ਆਕਸੀਜਨ ਦੇ ਰਹੇ ਹੋਈਏ।

ਪੰਜਵੇਂ ਛੇਵੇਂ ਸਾਹ ਉਤੇ ਹੀ ਕਤੂਰੇ ਦੇ ਪ੍ਰਾਣ ਪੰਖੇਰੂ ਉਡ ਗਏ। ਜੋਤੀ ਨੇ ਲੋਥ ਨੂੰ ਮੂੰਹ ਵਿਚ ਲੈ ਲਿਆ। ਫਿਰ ਭੁੰਜੇ ਰੱਖ ਦਿੱਤਾ। ਫਿਰ ਉਸ ਨੂੰ ਸੁੰਘਣ ਲੱਗੀ।

ਮਾਂ ਜੋਤੀ ਨੂੰ ਸਹਾਰਾ ਦੇਣ ਲਈ ਉਸ ਵਲ ਵਧੀ। ਜੋਤੀ ਮਾਂ ਨੂੰ ਬਿਫਰ ਕੇ ਪਈ। ਫਿਰ ਉਹ ਮੈਨੂੰ ਭੌਂਕਣ ਲੱਗੀ। ਬੜੀ ਭਿਅੰਕਰ ਭੌਂਕ!

ਮੈਨੂੰ ਆਪਣਾ ਅੰਤ ਸਾਹਮਣੇ ਨਜ਼ਰ ਆਇਆ। ਮੈਨੂੰ ਜਾਪਿਆ ਕਿ ਜੋਤੀ ਮੇਰੀ ਅਰਸੇ ਦੀ ਨਫਰਤ ਦਾ ਪੁੱਜ ਕੇ ਬਦਲਾ ਲੈਣ 'ਤੇ ਤੁਲ ਗਈ ਹੈ। ਮੈਂ ਦੀਪੀ ਨੂੰ ਹੋਰ ਆਪਣੇ ਨਾਲ ਘੁੱਟ ਲਿਆ। ਮੇਰੀਆਂ ਅੱਖਾਂ ਵਿਚ ਕਿਹੋ ਜਿਹਾ ਖ਼ੌਫ਼ ਹੋਵੇਗਾ ਕਿ ਸੰਨੀ ਮੇਰੇ ਨਾਲ ਲਿਪਟ ਕੇ ਦੁਹਰਾਉਣ ਲੱਗਾ, 'ਨਹੀਂ ਮਾਮਾ, ਨਾ ਡਰੋ। ਕੁਝ ਨਹੀਂ ਕਰੇਗੀ ਜੋਤੀ। ਪਲੀਜ਼ ਮਾਮਾ, ਪਲੀਜ਼ ਨਾ ਡਰੋ... ਨਹੀਂ ਜੋਤੀ ਨਹੀਂ... ਤੂੰ ਗੁੱਡ ਏਂ ਜੋਤੀ... ਵੈਰੀ ਗੁੱਡ, ਪਲੀਜ਼ ਜੋਤੀ...।'

ਸੰਨੀ ਇਕ ਪਾਸੇ ਮੈਨੂੰ ਸਹਾਰਾ ਦੇਈ ਜਾਵੇ ਤੇ ਦੂਜੇ ਪਾਸੇ ਜੋਤੀ ਦੀ ਮਿੰਨਤ ਕਰੀ ਜਾਵੇ। ਇਕ ਜ਼ੋਰ ਦੀ ਰੁਦਨ ਭਰੀ ਰੂੜ ਨਾਲ ਜੋਤੀ ਫਿਰ ਡਿੱਗ ਪਈ। ਮੂਧੀ, ਸਾਹ-ਸਤਹੀਣ, ਨਿਰਜਿੰਦ ਜਿਹੀ।

'ਕਿਧਰੇ ਮਰਨ ਤਾਂ ਨਹੀਂ ਲੱਗੀ?' ਮਾਂ ਘਬਰਾਈ।

'ਜੋਤੀ...ਜੋਤੀ।' ਮਾਂ ਉਸ ਦੇ ਕਤੂਰੇ ਫੜ-ਫੜ ਕੇ ਉਸ ਦੇ ਮੂੰਹ ਨਾਲ ਛੁਹਾਣ ਲੱਗੀ, ਪਰ ਉਹ ਉਸੇ ਤਰ੍ਹਾਂ ਪਈ ਰਹੀ। ਨਾ ਹਿੱਲੀ ਨਾ ਡੁੱਲੀ।

ਅਚਾਨਕ ਪਤਾ ਨਹੀਂ ਕਿਹੜੀ ਦੈਵੀ ਸ਼ਕਤੀ ਨਾਲ ਮੈਂ ਆਪਣੀ ਥਾਂ ਤੋਂ ਉਠੀ, ਤੇ ਧਾ ਕੇ ਬੇਸੁਰਤ ਜਿਹੀ ਪਈ ਜੋਤੀ ਦੇ ਸਿਰ ਉਤੇ, ਪਿੰਡੇ ਉਤੇ ਹੱਥ ਫੇਰਨ ਲੱਗੀ। ਜੋਤੀ ਦੇ ਤਪਦੇ ਜਿਸਮ ਉਤੇ ਮੇਰੇ ਹੰਝੂ ਤ੍ਰਿਪ-ਤ੍ਰਿਪ ਡਿੱਗਣ ਲੱਗੇ। ਮੇਰੇ ਭਿੱਜੇ ਹੋਠ ਆਪ ਮੁਹਾਰੇ ਜੋਤੀ ਦਾ ਮੂੰਹ-ਮੱਥਾ ਚੁੰਮਣ ਲੱਗੇ।

'ਜੋਤੀ...ਜੋਤੀ...।' ਮੈਂ ਡਸਕੋਰੇ ਭਰ ਰਹੀ ਸਾਂ।...ਜੋਤੀ ਨੇ ਅੱਖਾਂ ਖੋਲ੍ਹੀਆਂ। ਉਹ ਕੁਝ ਦੇਰ ਮੇਰੀਆਂ ਅੱਖਾਂ ਵਿਚ ਤੱਕਦੀ ਰਹੀ। ਇਕ ਟੱਕ। ਜਿਵੇਂ ਪਛਾਣਨ ਦੀ ਕੋਸ਼ਿਸ਼ ਕਰ ਰਹੀ ਹੋਵੇ। ਫਿਰ ਆਪਣੀਆਂ ਦੋਵੇਂ ਅਗਲੀਆਂ ਲੱਤਾਂ ਲਮਿਆਰ ਕੇ ਉਸ ਆਕੜ ਭੰਨੀ ਅਤੇ ਇਕ ਵੇਰਾਂ ਫੇਰ ਜ਼ੋਰ ਨਾਲ ਚੰਘਾੜੀ।

ਫ਼ਿਜ਼ਾ-ਕੰਬਵੀਂ ਦਰਦਨਾਕ ਚਿੰਘਾੜ!

ਹੁਣ ਜੋਤੀ ਦੀ ਬੂਥੀ ਮੇਰੇ ਹੱਥਾਂ ਵਿਚ ਸੀ, ਤੇ ਨੈਣ ਨੈਣਾਂ ਵਿਚ।... ਛਮ ਛਮ ਅਥਰੂ।... ਪਰਨਾਲੇ ਵਹਿ ਤੁਰੇ। ਜੋਤੀ ਰੋ ਰਹੀ ਸੀ।... ਮੈਂ ਰੋ ਰਹੀ ਸਾਂ।... ਤੇ...ਰੋ ਰਹੀ ਸੀ ਮਾਂ ਵੀ।

# ਵਲੈਤ ਦੇ ਭੱਠੇ

***ਪਹਿਲੀਆਂ ਵਿਚ ਪਰਦੇਸ ਪੁੱਜਣ ਵਾਲਿਆਂ ਨੂੰ ਬੇਅੰਤ ਮੁਸ਼ਕਿਲਾਂ ਵਿਚੋਂ ਗੁਜ਼ਰਨਾ ਪੈਂਦਾ ਸੀ। ਕੰਮ ਵੀ ਭਾਰਾ ਮਿਲਦਾ ਸੀ। ਆਲੇ-ਦੁਆਲੇ ਦੀਆਂ ਹੋਰ ਔਕੜਾਂ ਵੀ ਬਥੇਰੀਆਂ ਹੁੰਦੀਆਂ ਸਨ। ਅਜਿਹੀਆਂ ਮੁਸ਼ਕਿਲਾਂ ਦਾ ਖੁਲਾਸਾ ਸਾਧੂ ਸਿੰਘ ਧਾਮੀ ਨੇ ਆਪਣੇ ਨਾਵਲ 'ਮਲੂਕਾ' ਵਿਚ ਬਾਖੂਬ ਕੀਤਾ ਸੀ। ਵਲੈਤ ਵੱਸਦੇ ਸੁਖਦੇਵ ਸਿੱਧੂ ਨੇ ਇਸ ਲੇਖ ਵਿਚ ਵਲੈਤ ਦੇ ਭੱਠਿਆਂ ਅਤੇ ਉਥੇ ਕੰਮ ਕਰਦੇ ਦੇਸੀ-ਪਰਦੇਸੀ ਕਾਮਿਆਂ, ਤੇ ਉਨ੍ਹਾਂ ਦੀ ਮਾਨਸਿਕਤਾ ਬਾਰੇ ਬਹੁਤ ਬਾਰੀਕੀ ਨਾਲ ਲਿਖਿਆ ਹੈ। ਅਸੀਂ 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਇਹ ਲੇਖ ਦੋ ਕਿਸ਼ਤਾਂ ਵਿਚ ਛਾਪ ਰਹੇ ਹਾਂ। ਇਸ ਵਾਰ ਪਹਿਲੀ ਕਿਸ਼ਤ ਹਾਜ਼ਰ ਹੈ। -ਸੰਪਾਦਕ***

ਦੂਜੀ ਆਲਮੀ ਜੰਗ ਦੀ ਮਚਾਈ ਤਬਾਹੀ ਨਾਲ ਵਲੈਤ ਝੰਬਿਆ ਗਿਆ ਸੀ। ਕਾਮਿਆਂ ਦੀ ਭਾਰੀ ਤੋਟ ਆ ਗਈ ਸੀ। ਜੰਗ ਤੋਂ ਬਚ ਗਏ ਗੋਰੇ ਫੌਜੀ ਭੱਠਿਆਂ ਦਾ ਜਾਨ ਖੋਲਣ ਵਾਲਾ ਕੰਮ ਕਰਨ ਨੂੰ ਬਹੁਤੇ ਰਾਜ਼ੀ ਵੀ ਨਹੀਂ ਸੀ। ਕੁੱਲ ਵਲੈਤ ਵਿਚ ਹੀ ਮਜ਼ਦੂਰਾਂ ਦੀ ਘਾਟ ਹੋ ਗਈ ਸੀ। ਇਸੇ ਕਰ ਕੇ ਪਹਿਲੀਆਂ ਵਿਚ, ਸਿਰਫ਼ ਬੰਦਿਆਂ ਦੇ ਕਰਨ ਵਾਲੇ ਭਾਰੇ ਕੰਮਾਂ 'ਤੇ ਅੰਗਰੇਜ਼ ਔਰਤਾਂ ਨੂੰ ਵੀ ਕੰਮੀਂ ਲੱਗਣਾ ਪਿਆ ਸੀ। ਇਕ ਦੋ ਬੀਬੀਆਂ ਤਾਂ ਮੈਂ ਆਪ ਵੀ ਭੱਠਿਆਂ 'ਤੇ ਕੰਮ ਕਰਦੀਆਂ ਦੇਖੀਆਂ ਸਨ। ਕੁਝ ਜਾਨ ਮਾਰ ਕੇ ਕੰਮ ਕਰਨ ਵਾਲੀਆਂ ਵੀ ਸੀ। ਇਕ ਦੋ ਤਾਂ ਚੰਗੇ ਭਲੇ ਬੰਦਿਆਂ ਦੀਆਂ ਵੀ ਹੀਲਾਂ ਕਰਾ ਦੇਣ ਵਾਲੀਆਂ ਸਨ। ਗੱਲਾਂ ਸੁਣੀਆਂ ਨੇ ਕਿ ਆਪਣੇ ਭਾਈਬੰਦ ਵੀ ਉਨ੍ਹਾਂ ਨਾਲ ਕੰਮ ਕਰਨ ਤੋਂ ਕੰਨ ਭੰਨਦੇ ਜਾਂ ਸਿਰ ਸੁੱਟ ਕੇ ਹੇਠਾਂ ਲੱਗ ਕੇ ਕੰਮ ਕਰੀ ਜਾਂਦੇ।

ਭੱਠਿਆਂ 'ਤੇ ਲੇਬਰ ਦੀ ਥੋੜ ਦੇ ਹੱਲ ਲਈ ਪਹਿਲਾਂ ਗੋਰਿਆਂ ਨੇ ਇਟਾਲੀਅਨ, ਯੂਗੋਸਲਾਵੀਏ, ਪੋਲਿਸ਼, ਯੁਕਰੇਨੀਏ ਕਾਮਿਆਂ ਨੂੰ ਵਰਤਿਆ। ਇਹ ਨੇੜੇ ਦੇ ਵੀ ਸੀ, ਨਾਲੇ ਯੂਰਪੀਨ ਵੀ ਪਰ ਕੰਮ ਇਨ੍ਹਾਂ ਨੂੰ ਵੀ ਉਹੀ ਦਿੱਤਾ ਜਾਂਦਾ ਸੀ ਜਿਹੜਾ ਵਲੈਤ ਦੇ ਬਾਸ਼ਿੰਦੇ-ਗੋਰਿਆਂ ਦੇ ਨੱਕ ਹੇਠ ਨਾ ਆਉਂਦਾ। ਇਨ੍ਹਾਂ ਦੀ



**ਸੁਖਦੇਵ ਸਿੱਧੂ**
**ਫੋਨ +44-1234214170**


ਵੀ ਅਗਲੀ ਪੀੜ੍ਹੀ ਭੱਠਿਆਂ 'ਤੇ ਕੰਮ ਕਰਨ ਨੂੰ ਰਾਜ਼ੀ ਨਾ ਹੋਈ, ਤੇ ਉਪਰੋਂ ਨੇਟੋ ਤੇ ਵਾਰਸਾ ਪੈਕਟ ਦੀ ਨਿੱਤ ਤਿੱਖੀ ਹੁੰਦੀ ਖਿੱਚੋਤਾਣ ਨੇ ਸੋਵੀਅਤ ਬਲਾਕ ਦੀ ਲੇਬਰ ਬੰਦ ਕਰਵਾ ਦਿੱਤੀ ਸੀ। ਤਦ ਇਨ੍ਹਾਂ ਗੋਰਿਆਂ ਨੂੰ ਕਾਮਨਵੈਲਥ ਦਾ ਚੇਤਾ ਆ ਗਿਆ। ਜਾਣੋਂ, ਟੁੱਟੀ ਭੱਜੀ ਦਾ ਪੱਤਣ ਮੇਲਾ। ਕਾਮਨਵੈਲਥ ਮੁਲਕਾਂ ਵਿਚੋਂ ਵਾਊਚਰਾਂ ਤੇ ਬੰਦੇ ਸੱਦਣ ਲਈ ਵੱਡੇ ਵੱਡੇ ਸ਼ਹਿਰਾਂ ਵਿਚ ਨੁਮਾਇਸ਼ਾਂ ਲਾਈਆਂ ਗਈਆਂ ਸਨ। ਜਾਅਲੀ ਆਉਂਦੇ ਬੰਦਿਆਂ ਦੀਆਂ ਵੀ ਪੌਂ ਬਾਰਾਂ ਹੀ ਰਹੀਆਂ। ਨਾ ਕੋਈ ਪੁੱਛ ਨਾ ਪੜਤਾਲ। ਕਾਲੇ-ਭੂਸਲੇ ਬੰਦਿਆਂ ਦੇ ਧੜਾਧੜ ਗੋਰੀ ਧਰਤੀ 'ਤੇ ਆਉਣ ਤੋਂ ਬਾਅਦ ਵਿਚ ਹੀ ਈਨੋਕ ਪਾਵੇਲ ਨੇ ਵਲੈਤ ਦੀਆਂ ਗਲੀਆਂ ਵਿਚ 'ਲਹੂ ਦੀਆਂ ਨਦੀਆਂ' ਵਗਣ ਵਾਲੀ ਬਦਨਾਮ ਤਕਰੀਰ ਕੀਤੀ ਸੀ। ਬਹੁਤੇ ਗੋਰੇ ਭੱਠਿਆਂ ਦਾ ਭਾਰਾ ਕੰਮ ਟਿਕ ਕੇ ਨਹੀਂ ਸੀ ਕਰਦੇ; ਜਾਂ ਤਾਂ ਛੇਤੀ ਛੱਡ ਜਾਂਦੇ ਜਾਂ ਛੇਤੀ ਕਿਸੇ ਹੋਰ ਰਤਾ ਹਲਕੇ ਕੰਮ ਵਾਲੇ ਪਾਸੇ ਬਦਲੀ ਕਰਵਾ ਲੈਂਦੇ, ਤੇ ਜਾਂ ਮਸਾਂ ਆਪਣੇ ਤੋਰੀ ਫੁਲਕੇ ਜੋਗਾ ਹੀ ਕੰਮ ਕਰਦੇ। ਦਫ਼ਤਰੀ ਬਾਬੂ ਦੀ ਤਾਂ ਗੱਲ ਹੀ ਛੱਡੋ, ਟਰਾਂਸਪੋਰਟ ਤੇ ਮਕੈਨਿਕਾਂ ਦੀਆਂ ਸਭ ਨੌਕਰੀਆਂ ਗੋਰਿਆਂ ਲਈ ਹੀ ਰਾਖਵੀਆਂ ਸੀ। ਬੜੀ ਦੇਰ ਬਾਅਦ ਬੈਡਫੋਰਡ ਦੀ ਇੰਡੀਅਨ ਵਰਕਰਜ਼ ਐਸੋਸੀਏਸ਼ਨ (ਭਾਰਤੀ ਮਜ਼ਦੂਰ ਸਭਾ) ਦੀ ਬਰਾਂਚ ਦੇ ਹੰਭਲੇ ਨੇ ਇਹ ਰੀਤ ਤੋੜੀ।

ਲੇਬਰ ਦੀ ਏਨੀ ਤੰਗੀ ਸੀ ਕਿ ਮੈਨੇਜਰ ਕਈ ਬੰਦਿਆਂ ਨੂੰ ਕੰਮ ਤੋਂ ਛੁੱਟੀ ਦੇ ਕੇ ਹੋਰ ਕੰਮ ਕਰਨ ਵਾਲੇ ਬੰਦੇ ਲੱਭ ਕੇ ਲਿਆਉਣ ਲਈ ਸ਼ਹਿਰ ਭੇਜ ਦਿਆ ਕਰਦੇ ਸੀ। ਭੱਠੇ 'ਤੇ ਮੋਟੀ ਕਮਾਈ ਵਾਲ਼ਾ ਕੰਮ ਲੱਭਣ ਗਏ ਬੰਦਿਆਂ ਦੀਆਂ ਡਾਰਾਂ ਵਿਚੋਂ ਮੈਨੇਜਰ ਪਹਿਲਾਂ ਕਾਮਿਆਂ ਦੇ ਡੌਲ਼ੇ ਤੇ ਸਰੀਰ ਟੋਹ ਟੋਹ ਕੇ ਦੇਖਦੇ ਕਿ ਇਹ ਕੰਮ ਕਰਨ ਜੋਗੇ ਹੈਗੇ ਵੀ ਆ ਕਿ ਨਹੀਂ। ਮਾੜਕੂ ਸਰੀਰਾਂ ਵੱਲ ਤਾਂ ਉਹ ਝਾਕਦੇ ਵੀ ਨਾ। ਜਿਨ੍ਹਾਂ 'ਤੇ ਮੈਨੇਜਰਾਂ ਦੀ ਤਸੱਲੀ ਹੋ ਜਾਂਦੀ, ਉਨ੍ਹਾਂ ਨੂੰ ਇਹ ਕਹਿੰਦੇ: ਯੂ, ਯੂ, ਯੂ..., ਐਂਡ ਯੂ। ਬਾਕੀਆਂ ਨੂੰ ਪਤਾ ਲੱਗ ਜਾਂਦਾ ਕਿ ਉਨ੍ਹਾਂ ਦੀ ਐਤਕੀਂ ਗੱਲ ਨਹੀਂ ਬਣੀ। ਉਹ ਮੁੜ ਜਾਂਦੇ, ਤੇ ਅਗਲੇ ਹਫਤੇ ਫਿਰ ਆਉਂਦੇ। ਜੇ ਫਿਰ ਵੀ ਗੱਲ ਨਾ ਬਣਦੀ ਤਾਂ ਓਦੂੰ ਅਗਲੇ ਹਫਤੇ ਵੀ ਆਉਂਦੇ, ਤੇ ਫਿਰ ਵਿਚ ਵੀ ਆਈ ਜਾਂਦੇ ਜਿੰਨਾ ਚਿਰ ਗੱਲ ਨਾ ਬਣ ਜਾਂਦੀ। ਯੂ, ਯੂ...ਯੂ, ਯੂ... ਦਾ ਮਤਲਬ ਅਨਪੜ੍ਹ ਪੰਜਾਬੀਆਂ ਨੂੰ ਵੀ ਝੱਟ ਸਮਝ ਪੈ ਜਾਂਦਾ ਸੀ। ਇਹ ਖੁਸ਼ ਹੋ ਜਾਂਦੇ। ਮਨ ਵਿਚ ਪੁੱਠੀਆਂ ਛਾਲਾਂ ਮਾਰਦੇ। ਗੋਰਿਆਂ ਨੂੰ ਠੈਂਕੂ ਠੈਂਕੂ ਕਰਦੇ ਫਿਰਦੇ। ਬਹੁਤ ਸਾਰੇ ਕਾਮੇ ਪੰਜਾਬੀ ਸੀ-ਇੰਡੀਅਨ ਤੇ ਪਾਕਿਸਤਾਨੀ, ਜਾਂ ਇਟਾਲੀਅਨ। ਕੁਝ ਕਾਲੇ ਜਾਂ ਹੋਰ ਯੂਗੋਸਲਾਵੀਏ, ਪੋਲਿਸ਼, ਯੁਕਰੇਨੀ ਤੇ ਲੈਟਵੀਅਨ ਆਦਿ ਵੀ। ਭਾਰਤੀ ਤੇ ਪਾਕਿਸਤਾਨੀ ਤਾਂ ਦਿਸਣ ਨੂੰ ਵੀ ਇੱਕੋ ਜਿਹੇ ਹੀ ਸਨ। ਇਟਾਲੀਅਨ ਵੀ ਮਿਹਨਤੀ ਤੇ ਸਿਰੜੀ ਸਨ। ਗੋਰੇ ਤਾਂ ਹਿਸਾਬ ਦਾ ਹੀ ਕੰਮ ਕਰਦੇ-ਮਨ ਦੀ ਮੌਜ ਨਾਲ; ਬੱਸ ਲੋੜ ਜਿੰਨਾ ਹੀ। ਜਾਨ ਮਾਰ ਕੇ ਟੁੱਟ ਟੁੱਟ ਕੇ ਮਰਨ ਨੂੰ ਇੰਡੀਅਨ ਸੀ, ਇਕ ਅੱਧਾ ਪਾਕਿਸਤਾਨੀ ਜਾਂ ਕੁਝ ਕੁ ਇਟਾਲੀਅਨ ਸੀ।

ਦਸਾਂ ਨਹੁੰਆਂ ਦੀ ਕਿਰਤ ਦਾ ਫ਼ਲ ਹਫਤੇ ਦੇ ਅਖ਼ੀਰ 'ਤੇ ਮਿਲ ਜਾਂਦਾ ਸੀ। ਹੱਡ ਭੰਨਵੀਂ ਮਿਹਨਤ ਦਾ ਮੁੱਲ। ਰੂਹਾਂ ਖੁਸ਼ ਹੋ ਜਾਂਦੀਆਂ। ਹਫਤੇ ਭਰ ਦੀਆਂ ਸਭ ਥਕਾਵਟਾਂ ਉਡ ਪੁੱਡ ਜਾਂਦੀਆਂ। ਪੈਸਿਆਂ ਦੇ ਹੌਸਲੇ ਵਿਚ ਬੰਦੇ ਆਪ ਵੀ ਉਡੂੰ ਉਡੂੰ ਕਰਦੇ ਫਿਰਦੇ। ਕੰਮ ਏਨਾ ਭਾਰਾ ਸੀ ਕਿ ਭੱਠੇ 'ਤੇ ਭਾਰਾ ਕੰਮ ਕਰਨ ਵਾਲੇ ਕਈ ਕਾਮਿਆਂ ਦੀ ਪੈਨਸ਼ਨ ਹੋਣ ਤੋਂ ਸਾਲ ਦੋ ਸਾਲ ਪਹਿਲਾਂ ਜਾਂ ਸਾਲ ਦੋ ਸਾਲ ਬਾਅਦ ਹੀ ਫੂਕ ਨਿਕਲ ਜਾਂਦੀ ਸੀ। ਉਦੋਂ ਹੀ ਪਤਾ ਲਗਦਾ ਜਦੋਂ ਕੋਈ ਹੋਰ ਜਣਾ ਅਗਲੇ ਦਿਨ ਕੰਮ 'ਤੇ ਆ ਕੇ ਦੱਸਦਾ: ਲੈ ਬਈ, ਕੱਲ੍ਹ ਫਲਾਨਾ ਵੀ ਚੜ੍ਹਾਈ ਕਰ ਗਿਆ। ਚੰਗਾ ਭਲਾ ਸੀ; ਰਾਤ ਵਾਲ਼ੀ ਸ਼ਿਫਟ ਤੋਂ ਗਿਆ ਸੀ। ਠੀਕ ਠਾਕ ਤੰਦਰੁਸਤ ਸੀ; ਨਾ ਬਿਮਾਰ ਨਾ ਠਮਾਰ। ਬੱਸ ਸੁੱਤਾ ਮੁੜ ਕੇ ਉਠਿਆ ਹੀ ਨਹੀਂ। ਘਰਦਿਆਂ ਨੇ ਸ਼ਾਮ ਨੂੰ ਕੰਮਾਂ ਤੋਂ ਆ ਕੇ ਦੇਖਿਆ ਤਾਂ ਖੇਡ ਖਤਮ ਹੋਈ ਪਈ ਸੀ। ਕਈ ਕਈ ਵਾਰ ਤਾਂ ਸੋਚ ਕੇ ਏਦਾਂ ਵੀ ਲੱਗਣਾ ਕਿ ਭਲਾ ਹੱਡ ਮਾਸ ਦਾ ਇਹ ਪੁਤਲਾ ਆਦਮੀ, ਕਾਹਦੇ ਲਈ ਏਨੀ ਭੱਜ-ਦੌੜ ਕਰਦਾ ਫਿਰਦਾ ਹੈ ਪਰ ਤਮ੍ਹਾਂ ਤਾਂ ਬੰਦੇ ਵਿਚੋਂ ਕਦੇ ਨਹੀਂ ਮੁੱਕਦੀ; ਇਹੀ ਜੀਂਦੀ ਜਾਨ ਨੂੰ ਭਜਾਈ ਫਿਰਦੀ ਹੈ। ਲਾਲਚ ਵਿਚ ਪਤਾ ਹੀ ਨਾ ਲੱਗਦਾ। ਹਰ ਕੋਈ ਇਕ ਦੂਜੇ ਤੋਂ ਮੋਹਰੇ ਤੋਂ ਮੋਹਰੇ ਹੋ ਹੋ ਕੇ ਕੰਮ ਕਰਦੇ। ਸਾਰੀ ਉਮਰ ਕੰਮ ਕੰਮ ਵਿਚ ਹੀ ਨਿਕਲ ਜਾਂਦੀ। ਘਰੋਂ ਕੰਮ ਤੇ, ਕੰਮੋਂ ਘਰ, ਕੋਹਲੂ ਦੇ ਬੈਲ ਵਾਂਗੂੰ।

ਭੱਠਿਆਂ ਨਾਲ ਏਕੜਾਂ ਦੇ ਏਕੜ ਜ਼ਮੀਨ ਦੇ ਵੀ ਸੀ। ਇਸ ਇਲਾਕੇ ਦੀ ਚੀਕਣੀ ਮਿੱਟੀ ਇੱਟਾਂ ਲਈ ਮਸ਼ਹੂਰ ਸੀ ਔਕਸਫੋਰਡ ਕਲੇਅ। ਭੱਠਿਆਂ ਤੋਂ ਤਿੰਨ-ਤਿੰਨ, ਚਾਰ-ਚਾਰ ਮੀਲ ਦੂਰ ਕਰੇਨਾਂ, ਚੀਕਣੀ ਮਿੱਟੀ ਪੁੱਟ ਪੁੱਟ ਕੇ ਲਾਗੇ ਬਣਾਈ ਮਾਹਲ ਤੇ ਸੁੱਟੀ ਜਾਂਦੀਆਂ। ਇਸੇ ਛੱਤੀ ਹੋਈ ਮਾਹਲ ਤੋਂ ਮਿੱਟੀ ਦੇ ਢੇਲੇ ਵੱਡੇ ਵੱਡੇ ਕੋਹਲੂਆਂ ਵਿਚ ਆ ਆ ਕੇ ਪਈ ਜਾਂਦੇ। ਇਹ ਕੋਹਲੂ ਮਿੱਟੀ ਨੂੰ ਪੀਹ ਪੀਹ ਕੇ ਮੋਟੇ ਬੂਰੇ ਵਰਗੀ ਬਣਾਈ ਜਾਂਦੇ। ਪੀਹ ਹੁੰਦੀ ਮਿੱਟੀ ਵਿਚੋਂ ਵਿਚੋਂ ਨਿਕੰਮੇ ਪੱਥਰ ਬਾਹਰ ਕੱਢ ਦਿੱਤੇ ਜਾਂਦੇ। ਜਦੋਂ ਚਿਕਨਾਈ ਵਗੈਰਾ ਦੀ ਮਾਤਰਾ ਰੁਖ ਸਿਰ ਹੋ ਜਾਂਦੀ, ਤਾਂ ਇਹ ਅੱਗੇ ਵੱਡੇ ਢੇਰਾਂ ਵੱਲ ਨੂੰ ਘੱਲ ਦਿੱਤੀ ਜਾਂਦੀ। ਇਨ੍ਹਾਂ ਢੇਰਾਂ ਵਿਚੋਂ ਹੀ ਹੌਲੀ-ਹੌਲੀ ਇਹ ਮਿੱਟੀ ਇੱਟਾਂ ਬਣਾਉਣ ਵਾਲੀਆਂ ਪ੍ਰੈਸਾਂ ਨੂੰ ਛੱਡੀ ਜਾਂਦੀ ਸੀ। ਵੱਡੀਆਂ ਵੱਡੀਆਂ ਭਾਰੀ-ਭਰਕਮ ਪ੍ਰੈਸਾਂ, ਸੱਚੇ ਵਿਚ ਆਉਂਦੀ ਸਿੱਲ੍ਹੀ ਚੀਕਨੀ ਮਿੱਟੀ ਨੂੰ ਏਨੀ ਜ਼ੋਰ ਨਾਲ ਦਬਾ ਕੇ ਬਾਹਰ ਕੱਢਦੀਆਂ ਕਿ ਕੱਚੀਆਂ ਬਣੀਆਂ ਇੱਟਾਂ ਵੀ ਵਾਹਵਾ ਮਜ਼ਬੂਤ ਹੁੰਦੀਆਂ। ਇੰਨੀਆਂ ਸਖ਼ਤ ਕਿ ਮਾੜੇ-ਧੀੜੇ ਬੰਦੇ ਤੋਂ ਤਾਂ ਜ਼ੋਰ ਲਾਉਣ 'ਤੇ ਵੀ ਨਾ ਟੁੱਟਦੀਆਂ। ਕੱਚੀਆਂ ਇੱਟਾਂ ਅੱਗਿਉਂ ਮਾਹਲਾਂ 'ਤੇ ਆਉਂਦੀਆਂ, ਤੇ ਕਾਮੇ ਮਾਹਲਾਂ ਤੋਂ ਚੱਕ ਚੱਕ ਕੇ ਇਨ੍ਹਾਂ ਇੱਟਾਂ ਦੇ ਰੇੜ੍ਹੀਆਂ 'ਤੇ ਚੱਕੇ ਲਾਈ ਜਾਂਦੇ। ਸਾਰਾ ਦਿਨ ਚੱਕੇ 'ਤੇ ਚੱਕੇ ਲਾਈ ਜਾਂਦੇ। ਬਹੁਤੇ ਡੇਢ ਪ੍ਰੈਸ ਦੀਆਂ ਇੱਟਾਂ ਹੀ ਸਾਂਭਦੇ ਸੀ, ਤੇ ਕੋਈ ਤਕੜਾ ਦੋਂਹ ਦੀਆਂ ਵੀ ਚੱਕ ਲੈਂਦਾ। ਕੋਈ ਵਿਰਲਾ ਮਾਈ ਦਾ ਲਾਲ ਤਿੰਨਾਂ ਦੀਆਂ ਵੀ ਚੱਕਦਾ। ਤਿੰਨਾਂ ਪ੍ਰੈਸਾਂ ਦੀਆਂ ਇੱਟਾਂ ਸਾਂਭਣਾ ਮਸ਼ੀਨ ਨਾਲ ਮਸ਼ੀਨ ਹੋਣਾ ਸੀ, ਵੱਡੇ ਵੱਡੇ ਨਾਢੂ ਖਾਨਾਂ ਦੀ ਭੂਤਨੀ ਭੁਲਾਉਣ ਵਾਲਾ ਪਰ ਇਹ ਥੋੜ੍ਹੇ ਚਿਰ ਦਾ ਕੰਮ ਸੀ। ਬਹੁਤ ਵਾਰੀ ਨਾਲ ਦੇ ਸਾਥੀ ਨੂੰ ਸਾਹ ਦੁਆਉਣ ਲਈ ਹੀ ਜਾਂ ਸਿਗਰਟ ਬੱਤੀ ਦੀ ਬਰੇਕ ਲਈ ਪੰਜਾਂ ਸੱਤਾਂ ਮਿੰਟਾਂ ਲਈ ਹੀ ਕੀਤਾ ਜਾ ਸਕਦਾ ਸੀ। ਜਿਨ੍ਹਾਂ ਦੇ ਹੱਥੀਂ ਇਹ ਕੰਮ ਚੜ੍ਹ ਚੁੱਕਾ ਸੀ, ਉਹ ਤਾਂ ਮਸ਼ੀਨਾਂ ਵਾਂਗ ਚੱਲਦੇ। ਥੱਬੇ ਭਰ ਭਰ ਰੱਖੀ ਜਾਂਦੇ। ਕੱਚੀਆਂ ਇੱਟਾਂ ਦੇ ਚੱਕੇ, ਰੇੜ੍ਹੀਆਂ 'ਤੇ ਲੱਦ ਕੇ ਚੈਂਬਰਾਂ ਵਿਚ ਲੈ ਜਾਏ ਜਾਂਦੇ, ਜਿੱਥੇ ਇਨ੍ਹਾਂ ਨੂੰ ਹੇਠੋਂ ਗੈਸ ਦੀ ਅੱਗ ਚੜ੍ਹਾਈ ਜਾਂਦੀ ਤੇ ਉਤੋਂ ਭੁਰਪੁਰਾ ਕੋਲਾ ਪਾ ਕੇ ਅੱਗ ਦਿੱਤੀ ਜਾਂਦੀ।

ਹਫ਼ਤੇ ਬਾਅਦ ਇਹ ਇੱਟਾਂ ਪੱਕ ਜਾਂਦੀਆਂ ਟਣ ਟਣ ਕਰਦੀਆਂ, ਛਣਕਦੀਆਂ। ਬਾਹਰ ਕੱਢ ਕੇ ਇਨ੍ਹਾਂ ਇੱਟਾਂ ਦੇ ਫਿਰ ਚੱਕੇ ਲਾਏ ਜਾਂਦੇ ਤੇ ਇਹ ਮਕਾਨ ਬਣਾਉਣ ਲਈ ਤਿਆਰ ਹੋ ਜਾਂਦੀਆਂ। ਅੱਗੇ ਲਾਰੀਆਂ 'ਤੇ ਲੱਦ ਹੋ ਕੇ ਕਿਤੇ ਦੀ ਕਿਤੇ ਪਹੁੰਚ ਜਾਂਦੀਆਂ। ਸਾਫ਼ ਸਾਦੀਆਂ ਇੱਟਾਂ ਵੀ ਬਣਦੀਆਂ, ਤੇ ਪੰਦਰਾਂ ਵੀਹ ਕਿਸਮ ਦੀਆਂ ਰੰਗਦਾਰ ਇੱਟਾਂ ਵੀ। ਵਲੈਤ ਦੇ ਬਹੁਤ ਸਾਰੇ ਘਰਾਂ ਨੂੰ ਇਨ੍ਹਾਂ ਭੱਠਿਆਂ ਦੀਆਂ ਇੱਟਾਂ ਨੇ ਹੀ ਸਜਾਇਆ ਹੋਇਆ ਹੈ। ਕੱਚੀਆਂ ਦੇ ਵੀ, ਤੇ ਪੱਕੀਆਂ ਇੱਟਾਂ



*ਇਤਿਹਾਸ ਹੋ ਗਏ ਵਲੈਤੀ ਭੱਠੇ ਦੀ ਪੁਰਾਣੀ ਤਸਵੀਰ।*

ਦੇ ਵੀ ਚੱਕੇ ਲਾਉਣ ਵਿਚ ਵੀ ਸਾਡੇ ਪੰਜਾਬੀ ਭਾਈਬੰਦਾਂ ਦੀ ਹੀ ਝੰਡੀ ਰਹੀ। ਕੱਚੀਆਂ ਇੱਟਾਂ ਦਾ ਕੰਮ ਕੁਝ ਘੱਟ ਮਿੱਟੀ ਘੱਟੇ ਦਾ ਸੀ, ਪਰ ਪੱਕੀਆਂ ਇੱਟਾਂ ਦੇ ਚੱਕੇ ਲਾਉਣ-ਬੰਨ੍ਹਣ ਦਾ ਬਹੁਤ ਮਿੱਟੀ ਘੱਟੇ ਦਾ ਤਾਂ ਸੀ ਹੀ, ਨਾਲ ਇਹ ਬੰਦੇ ਦੀਆਂ ਚੂਲਾਂ ਢਿੱਲੀਆਂ ਕਰ ਦੇਣ ਵਾਲਾ ਵੀ ਸੀ।

ਜੈਲ, ਗੁਰਮੇਲ, ਪਰਗਾਸ਼ ਤੇ ਪੋਲੋ ਪਹਿਲੇ ਪੁਰਾਣੇ ਮੰਨੇ ਦੰਨੇ ਕਾਮੇ ਸੀ। ਨਿੰਦਰ, ਤਾਰ, ਬਿੱਲਾ ਤੇ ਗਿੱਲ ਬਹੁਤ ਛੋਹਲੇ ਕਾਮੇ ਸੀ। ਨਿੰਦਰ ਤਾਂ ਸੁਭਾਅ ਦਾ ਵੀ ਸਿਰੇ ਦਾ ਠੰਢਾ ਸੀ ਅਤੇ ਇਹ ਦੇਖਣ ਨੂੰ ਵੀ ਸਹਿਜੇ ਸਹਿਜੇ ਕੰਮ ਕਰਦਾ ਲਗਦਾ ਸੀ ਪਰ ਉਦੋਂ ਹੀ ਪਤਾ ਲੱਗਦਾ ਜਦ ਇਹ ਚੱਕੇ ਲਾਉਂਦਾ-ਬੰਨ੍ਹਦਾ ਕਿਤੇ ਦੀ ਕਿਤੇ ਨਿਕਲ ਜਾਂਦਾ। ਮੀਂਹ ਹਨੇਰੀ ਵੀ ਇਹਨੂੰ ਰੋਕ ਨਾ ਸਕਦੇ; ਬੱਸ ਦੱਬੀ ਜਾਂਦਾ। ਲੰਮਾ ਸਮਾਂ ਵੱਧ ਚੱਕੇ ਲਾਉਣ ਦੀ ਇਹਦੀ ਹਮੇਸ਼ਾ ਝੰਡੀ ਰਹੀ। ਸਾਢੇ ਕੁ ਛੇ ਫੁੱਟੇ ਦਰਮਿਆਨੇ, ਭਰਵੇਂ ਸਰੀਰ ਦੇ ਨਿੰਦਰ ਨੂੰ ਸੰਗੀ-ਸਾਥੀ ਤਿਹੁ ਨਾਲ ਲੰਮਾ ਆਖਦੇ ਸੀ। ਇਹਦੇ ਕੰਮ ਤੇ ਸੁਭਾਅ ਦੀ ਸਿਫ਼ਤ ਕਰਦੇ ਲੋਕ ਲਾਡ ਨਾਲ ਕਹਿੰਦੇ: ਜਿੰਦਣ ਨਿੰਦਰ ਜੰਮਿਆਂ, ਆਪਣੇ ਵਰਗੇ ਕਿਸੇ ਹੋਰ ਤਕੜੇ ਕਾਮੇ ਦੇ ਜੰਮਣ ਲਈ ਬੂਹਾ ਢੋਅ ਕੇ ਆ ਗਿਆ। ਸਭ ਇਹਦਾ ਲੋਹਾ ਵੀ ਮੰਨਦੇ ਰਹੇ, ਤੇ ਇਹਦੇ ਭਾਰੇ ਪੇ ਪੈਕਟ (ਤਨਖਾਹ) ਦੀਆਂ ਗੱਲਾਂ ਕਰਦੇ ਰਹੇ। ਦੂਸਰੇ ਜ਼ੋਰ ਲਾ ਕੇ ਕੰਮ ਕਰਨ ਵਾਲੇ ਸੀ ਪਰ ਨਿੰਦਰ ਸਹਿਜ ਨਾਲ ਕਰਦਾ।

ਹੋਰ ਵੀ ਕਈ ਛੋਹਲਾ ਕੰਮ ਕਰਦੇ ਸੀ ਪਰ ਉਹ ਕੰਮ ਤੋਂ ਸਿੱਕ (ਮੈਡੀਕਲ ਗੈਰਹਾਜ਼ਰੀ) ਵੀ ਮਾਰ ਲੈਂਦੇ ਸੀ। ਹੁਣ ਤਾਂ ਬੈਂਕਾਂ ਵਿਚ ਸਿੱਧੇ ਪੈਸੇ ਜਾਣ ਲੱਗ ਪਏ, ਪਹਿਲੀਆਂ ਵਿਚ ਹਫਤੇ ਦੀ ਹਫਤੇ ਸ਼ੁਕਰਵਾਰ ਵਾਲ਼ੇ ਦਿਨ ਤਨਖ਼ਾਹ ਦੇ ਭਰੇ ਲਿਫ਼ਾਫ਼ੇ ਮਿਲਦੇ ਹੁੰਦੇ ਸੀ। ਤਕੜੇ ਕਾਮਿਆਂ ਦੇ ਪੇਅ ਪੈਕਟ ਤੁੰਨ ਤੁੰਨ ਕੇ ਮਸਾਂ ਬੰਦ ਕੀਤੇ ਹੁੰਦੇ ਸੀ। ਆਪਣੇ ਭਾਈਬੰਦਾਂ ਵਿਚੋਂ ਕਈ ਹਫ਼ਤੇ ਦੀ ਥਕਾਵਟ ਲਾਹੁਣ ਲਈ ਕੰਮ ਤੋਂ ਹਟ ਕੇ ਸ਼ੁਕਰਵਾਰ ਨੂੰ ਸਿੱਧੇ ਬੀਅਰ ਪੀਣ ਜਾਂਦੇ। ਪੱਬਾਂ-ਕਲੱਬਾਂ ਵਿਚ ਬਹਿ ਕੇ ਜਦੋਂ ਇਹ ਤਨਖ਼ਾਹਾਂ ਵਾਲੇ ਪੈਕਟ ਖੋਲ੍ਹ ਕੇ ਬੀਅਰ ਦੇ ਪੈਸੇ ਦੇਣ ਲਗਦੇ, ਤਾਂ ਉਥੇ ਬੈਠੇ ਆਪਣੇ ਦੇਸੀ ਭਾਈਬੰਦ ਇਨ੍ਹਾਂ ਦੇ ਪੈਸਿਆਂ ਵਾਲੇ ਲਿਫਾਫੇ ਦੇਖ ਕੇ ਪੱਟੇ ਜਾਂਦੇ। ਕਈਆਂ ਦੀਆਂ ਕੌਡੀਆਂ ਹਿੱਲ ਜਾਂਦੀਆਂ। ਹਾਂਝ ਉਭਰਦੀ ਤਾਂ ਉਹ ਵੀ ਦਬਾ ਸੱਟ ਪੈਸਿਆਂ ਦੀ ਲੁੱਟ ਕਰਨ ਭੱਠਿਆਂ 'ਤੇ ਜਾ ਲਗਦੇ। ਕਈ ਮਸਾਂ ਦਿਹਾੜੀ ਹੀ ਕੱਢਦੇ, ਤੇ ਕਈ ਦੋ ਦਿਨ। ਕੁਝ ਤਾਂ ਸ਼ਰਮ ਦੇ ਮਾਰੇ ਦਿਹਾੜੀ ਜਾਂ ਦੋਹ ਦਿਨਾਂ ਦੇ ਪੈਸੇ ਵੀ ਲੈਣ ਨਾ ਜਾਂਦੇ।

ਸਿਰੜ ਨਾਲ ਜਾਨ ਤੋੜ ਕੇ ਕੰਮ ਕਰਨਾ ਹਰ ਕਿਸੇ ਦੇ ਵੱਸ ਦਾ ਰੋਗ ਨਹੀਂ ਹੁੰਦਾ। ਪੱਕੀਆਂ ਇੱਟਾਂ ਦੀ ਸ਼ਿਫਟ ਤਾਂ ਭਾਵੇਂ ਸਵੇਰੇ ਛੇ ਵਜੇ ਸ਼ੁਰੂ ਹੁੰਦੀ ਸੀ, ਪਰ ਕਈ ਲਾਲਚੀ ਵਾਹਵਾ ਮੂੰਹ ਹਨੇਰੇ ਵੀ ਜਾ ਲਗਦੇ ਸੀ। ਤੜਕੇ ਚਾਰ ਕੁ ਵਜੇ ਹੀ। ਵਧੀਆ ਇੱਟਾਂ ਸਾਂਭ ਲੈਂਦੇ; ਚੰਗੇ ਪੈਸੇ ਬਣਾ ਲੈਂਦੇ। ਫਿਰ ਜ਼ਿੱਦ ਜਾਂ ਲਾਲਚ ਵੱਸ ਹੋਰ ਕਈ ਅਗਲੇ ਦਿਨ ਇਨ੍ਹਾਂ ਨਾਲੋਂ ਵੀ ਤੜਕੇ ਜਾ ਲੱਗਦੇ। ਇਹ ਜ਼ਿਦੋ ਜ਼ਿਦੀ ਦਾ ਕੰਮ ਓਨਾ ਚਿਰ ਚਲਦਾ ਰਹਿੰਦਾ, ਜਿੰਨਾ ਚਿਰ ਮੈਨੇਜਰ ਸਖ਼ਤੀ ਕਰ ਕੇ ਇਨ੍ਹਾਂ ਨੂੰ ਨਾ ਡੱਕਦੇ। ਕਈ ਵਾਰ ਪੱਕੀਆਂ ਇੱਟਾਂ ਏਨੀਆਂ ਤੱਤੀਆਂ ਹੁੰਦੀਆਂ ਕਿ ਸਰਦੀਆਂ ਦੀ ਬਰਫ਼ਬਾਰੀ ਵਿਚ ਵੀ ਕਾਮੇ ਜੇਠ-ਹਾੜ੍ਹ ਵਾਂਗ ਮੁੜ੍ਹਕਿਓ-ਮੁੜ੍ਹਕੀ ਹੋ ਜਾਂਦੇ। ਕਈ ਠੰਢੇ-ਤੱਤੇ ਵੀ ਹੋ ਜਾਂਦੇ। ਕਾਹ਼ਲੀ ਕਾਹ਼ਲੀ ਚੱਕਦਿਆਂ ਕਈ ਵਾਰੀ ਦੋਂਹ ਇੱਟਾਂ ਵਿਚ ਉਂਗਲਾਂ ਜਾਂ ਨਹੁੰ ਆ ਜਾਂਦੇ। ਬੜਾ ਦਰਦ ਹੁੰਦਾ। ਉਂਗਲਾਂ ਟੱਸ ਟੱਸ ਕਰੀ ਜਾਂਦੀਆਂ। ਨਾ ਬੰਦਾ ਕੰਮ ਕਰਨ ਜੋਗਾ ਰਹਿੰਦਾ, ਨਾ ਬਹਿਣ ਜੋਗਾ। ਚੱਤੇ ਪਹਿਰ ਦੀ ਚੀਸ ਪ੍ਰੇਸ਼ਾਨ ਕਰਦੀ। ਨਹੁੰਆਂ ਵਿਚ ਲਹੂ ਜੰਮਣ ਲੱਗਦਾ, ਜਾਂ ਇਹ ਉਪਰੋਂ ਕਾਲੇ ਹੋ ਜਾਂਦੇ। ਫਿਰ ਹਸਪਤਾਲ ਜਾ ਕੇ ਨਹੁੰ ਵਿਚ ਦੋ ਛੇਕ ਕਰਵਾਉਣੇ ਪੈਂਦੇ। ਡਾਕਟਰ ਲੋਹੇ ਦੀ ਸੂਈ ਨੂੰ ਅੱਗ ਦੀ ਲਾਟ 'ਤੇ ਗਰਮ ਕਰਦਾ, ਤੇ ਲਾਲ ਸੁਰਖ਼ ਹੋਈ ਸੂਈ ਨੂੰ ਕਾਹਲੀ ਨਾਲ ਨਹੁੰ ਵਿਚ ਖੁਭੋ ਕੇ ਦੋ ਮੋਰੀਆਂ ਕਰ ਦਿੰਦਾ। ਇਉਂ ਜੰਮਿਆ ਖ਼ੂਨ ਨਿਕਲ ਜਾਂਦਾ, ਤਾਂ ਕਿਤੇ ਜਾ ਕੇ ਆਰਾਮ ਆਉਂਦਾ। ਨਹੀਂ ਤਾਂ ਇਹ ਟੱਸ ਟੱਸ ਮਹੀਨਾ ਭਰ ਝੱਲਣੀ ਪੈਂਦੀ। ਹਰ ਵੇਲੇ ਜਲੂੰਦ ਹੁੰਦੀ ਰਹਿੰਦੀ; ਨੀਂਦ ਨਾ ਆਉਣ ਦਿੰਦੀ। ਜਿੰਨਾ ਚਿਰ ਹੇਠੋਂ ਨਵਾਂ ਨਹੁੰ ਨਾ ਫੁੱਟ ਆਉਂਦਾ, ਇਹਦਾ ਬਚਾਅ ਰੱਖਣਾ ਪੈਂਦਾ ਪਰ ਦੁਖਦੇ ਥਾਂ 'ਤੇ ਸੱਟ ਆਹਟਾ ਲੱਗਦੀ। ਕਈ ਵਾਰੀ ਲੱਤਾਂ ਜਾਂ ਪੈਰਾਂ 'ਤੇ ਇੱਟਾਂ ਡਿੱਗ ਪੈਂਦੀਆਂ। ਹੋਰ ਕਈ ਤਰ੍ਹਾਂ ਦੀਆਂ ਸੱਟਾਂ ਫੇਟਾਂ ਵੀ ਲੱਗਦੀਆਂ ਰਹਿੰਦੀਆਂ। ਸਾਰਾ ਦਿਨ ਮੁੜ ਮੁੜ ਕੋਡੇ ਹੋ ਹੋ ਕੇ ਭਾਰ ਚੁੱਕਣਾ ਔਖਾ ਕੰਮ ਸੀ। ਲੰਮੇ ਬੰਦੇ ਲਈ ਹੋਰ ਵੀ ਔਖਾ ਹੁੰਦਾ ਸੀ। ਰੋਜ਼ ਦਿਹਾੜੀ ਦੇ ਇਸ ਕੰਮ ਨਾਲ ਕਾਮਿਆਂ ਦੇ ਤਿੰਗ ਦੁਖਣ ਲੱਗ ਪੈਂਦੇ, ਤੇ ਕਈ ਵਿਚਾਰਿਆਂ ਦੇ ਤਾਂ ਸਾਰੀ ਸਾਰੀ ਉਮਰ ਦੁਖਦੇ ਹੀ ਰਹਿੰਦੇ। ਕਈ ਲੱਤਾਂ ਧੂਹ ਧੂਹ ਕੇ ਤੁਰਦੇ। ਅੱਖਾਂ ਵਿਚ ਮਿੱਟੀ ਘੱਟਾ ਰੋੜ ਪੈਂਦੇ। ਦੀਦੇ ਖ਼ਰਾਬ ਹੋ ਜਾਂਦੇ। ਜਿੰਨਾ ਚਿਰ ਬੇਵਾਹ ਨਾ ਹੋ ਜਾਂਦੀ, ਸਾਡੇ ਭਾਈਬੰਦ ਕੰਮ ਨੂੰ ਦੱਬੀ ਜਾਂਦੇ। ਉਦੋਂ ਹੀ ਹਟਦੇ, ਜਦੋਂ ਨੱਕੋਂ ਚੋ ਕੇ ਮੂੰਹ ਨੂੰ ਆ ਪੈਂਦੀਂ।

ਨਸਲਵਾਦ ਉਦੋਂ ਜ਼ੋਰਾਂ 'ਤੇ ਸੀ। ਕਾਲੀ-ਭੂਸਲੀ ਚਮੜੀ ਵਾਲੇ ਬੰਦੇ ਗੋਰੇ ਵਸਾਰ ਰੰਗੇ ਨਸਲਵਾਦੀਆਂ ਨੂੰ ਨਾ ਭਾਉਂਦੇ। ਕੰਮਾਂ ਕਾਰਾਂ 'ਤੇ ਇਹ ਵਿਤਕਰਾ ਗੁੱਝੇ ਤੇ ਕਈ ਵਾਰੀ ਨੰਗੇ ਚਿੱਟੇ ਰੂਪ ਵਿਚ ਦਿਸ ਪੈਂਦਾ ਸੀ। ਭੱਠੇ 'ਤੇ ਬਹੁਤੇ ਬੰਦੇ ਅੰਗਰੇਜ਼ੀ ਤੋਂ ਕੋਰੇ ਸੀ। ਕਈਆਂ ਨੂੰ ਤਾਂ ਕੁਝ ਵੀ ਪਤਾ ਨਾ ਲੱਗਦਾ: ਇਹ ਮੋਹਰਿਓਂ, ਐਵੇਂ ਯਾਅ ਯਾਅ ਯਾਅ ਕਰੀ ਜਾਂਦੇ, ਤੇ ਕੁਝ ਯੂ ਨੋਅ ਮੀ

***(ਬਾਕੀ ਅਗਲੇ ਸਫੇ 'ਤੇ)***




*ਜੁਝਾਰੂ ਜਥੇਬੰਦੀ ਇੰਡੀਅਨ ਵਰਕਰਜ਼ ਐਸੋਸੀਏਸ਼ਨ ਨਾਲ ਸਬੰਧਤ ਤਸਵੀਰ।*

***ਭੱਠਿਆਂ 'ਤੇ ਲੇਬਰ ਦੀ ਥੋੜ ਦੇ ਹੱਲ ਲਈ ਪਹਿਲਾਂ ਗੋਰਿਆਂ ਨੇ ਇਟਾਲੀਅਨ, ਯੂਗੋਸਲਾਵੀਏ, ਪੋਲਿਸ਼, ਯੁਕਰੇਨੀਏ ਕਾਮਿਆਂ ਨੂੰ ਵਰਤਿਆ... ਬਹੁਤੇ ਗੋਰੇ ਭੱਠਿਆਂ ਦਾ ਭਾਰਾ ਕੰਮ ਟਿਕ ਕੇ ਨਹੀਂ ਸੀ ਕਰਦੇ; ਜਾਂ ਤਾਂ ਛੇਤੀ ਛੱਡ ਜਾਂਦੇ ਸੀ, ਜਾਂ ਛੇਤੀ ਕਿਸੇ ਹੋਰ ਰਤਾ ਹਲਕੇ ਕੰਮ ਵਾਲੇ ਪਾਸੇ ਬਦਲੀ ਕਰਵਾ ਲੈਂਦੇ ਸੀ, ਤੇ ਜਾਂ ਮਸਾਂ ਆਪਣੇ ਤੋਰੀ ਫੁਲਕੇ ਜੋਗਾ ਹੀ ਕੰਮ ਕਰਦੇ ਸੀ। ਦਫ਼ਤਰੀ ਬਾਬੂ ਦੀ ਤਾਂ ਗੱਲ ਹੀ ਛੱਡੋ, ਟਰਾਂਸਪੋਰਟ ਤੇ ਮਕੈਨਿਕਾਂ ਦੀਆਂ ਸਭ ਨੌਕਰੀਆਂ ਗੋਰਿਆਂ ਲਈ ਹੀ ਰਾਖਵੀਆਂ ਸੀ। ਬੜੀ ਦੇਰ ਬਾਅਦ ਬੈਡਫੋਰਡ ਦੀ ਇੰਡੀਅਨ ਵਰਕਰਜ਼ ਐਸੋਸੀਏਸ਼ਨ (ਭਾਰਤੀ ਮਜ਼ਦੂਰ ਸਭਾ) ਦੀ ਬਰਾਂਚ ਦੇ ਹੰਭਲੇ ਨੇ ਇਹ ਰੀਤ ਤੋੜੀ ਸੀ।***

# ਖ਼ੂਬ ਨੇ ਇਹ ਝਾਂਜਰਾਂ ਛਣਕਣ ਲਈ...

**ਪੰਜਾਬ ਲਈ ਹਾਕਾਂ**

ਪੰਜਾਬੀਆਂ ਨੂੰ ਖੁਸ਼ਦਿਲ ਤੇ ਨੱਚਣ-ਟੱਪਣ ਵਾਲੇ ਲੋਕਾਂ ਵਜੋਂ ਜਾਣਿਆ ਜਾਂਦਾ ਹੈ। ਇਹ ਹੈ ਵੀ ਠੀਕ। ਬੱਸਾਂ, ਕਾਰਾਂ ਅਤੇ ਬਜ਼ਾਰਾਂ ਵਿਚ ਇਹ 'ਚੱਕ ਲੋ ਚੱਕ ਲੋ' ਵਾਲੇ ਗੀਤ ਆਮ ਹੀ ਕੰਨੀਂ ਪੈ ਜਾਂਦੇ ਹਨ। ਇਹ ਗੁਣ ਪੰਜਾਬੀਆਂ ਦੇ ਹੀ ਹਿੱਸੇ ਆਇਆ ਹੈ ਕਿ ਉਹ 'ਸੈਡ ਸੌਂਗ' (ਉਦਾਸ ਗੀਤਾਂ) ਉਤੇ ਵੀ ਨੱਚ ਸਕਦੇ ਹਨ। ਖੈਰ, ਖਾਧੀ-ਪੀਤੀ ਵਿਚ ਤਾਂ ਅਸੀਂ ਜੈਨਰੇਟਰ ਦੀ ਆਵਾਜ਼ 'ਤੇ ਵੀ ਨੱਚ ਲੈਂਦੇ

**ਦਵਿੰਦਰ ਸਿੰਘ ਗਿੱਲ**
**ਫੋਨ: 91-98550-73018**

ਹਾਂ। ਅੱਜ ਕੱਲ੍ਹ ਤਾਂ ਸਾਰਾ ਪੰਜਾਬ ਹੀ ਨੱਚਣ ਗਾਉਣ 'ਤੇ ਹੋਇਆ ਪਿਆ ਹੈ। ਪੰਜਾਬ ਦਾ ਭਵਿੱਖ ਧੁੰਦਲਾ ਦਿਖਾਈ ਦੇ ਰਿਹਾ ਹੈ, ਪਰ ਪੰਜਾਬੀਆਂ ਨੂੰ ਇਸ ਦੀ ਕੋਈ ਬਹੁਤੀ ਪ੍ਰਵਾਹ ਨਹੀਂ ਹੈ। ਜਦੋਂ ਆਲੇ-ਦੁਆਲੇ ਦੇ ਹਾਲਾਤ ਨਾ-ਸਾਜ਼ ਹੋਣ ਤਾਂ ਨੱਚਣ ਦੀ ਦਲੇਰੀ ਕਰਨ ਵਾਲੇ ਨੂੰ ਸਲਾਮ ਕਰਨਾ ਤਾਂ ਬਣਦਾ ਹੀ ਹੈ।

ਨੱਚਣ ਗਾਉਣ ਵਾਲੇ ਪੰਜਾਬੀ, ਇਮਤਿਹਾਨਾਂ ਵਿਚ ਪੇਪਰ ਔਖਾ ਆਉਣ 'ਤੇ ਕਾਲਜ ਦੀਆਂ ਕੁਰਸੀਆਂ, ਖਿੜਕੀਆਂ ਤੇ ਦਰਵਾਜ਼ੇ ਤੋੜ ਕੇ ਆਪਣਾ ਪੱਖ ਰੱਖਦੇ ਹਨ। ਪੇਪਰ ਪਾਉਣ ਵਾਲਿਆਂ ਨੂੰ ਕੋਈ ਹੱਕ ਨਹੀਂ ਕਿ ਉਹ ਵਿਦਿਆਰਥੀਆਂ ਤੋਂ ਪੁੱਛੇ ਬਿਨਾਂ ਕੋਈ ਸਵਾਲ ਪੇਪਰ ਵਿਚ ਪਾਉਣ; ਬਲਕਿ ਚਾਹੀਦਾ ਤਾਂ ਇਹ ਹੈ ਕਿ ਵਿਦਿਆਰਥੀ ਖੁਦ ਹੀ ਪੇਪਰ ਸੈਟ ਕਰਨ ਅਤੇ ਖੁਦ ਹੀ ਚੈਕ ਕਰ ਲੈਣ। ਆਉਣ ਵਾਲੇ ਸਮੇਂ ਵਿਚ ਪੰਜਾਬ ਨੂੰ ਬੌਧਿਕ ਪੱਖੋਂ ਮਜ਼ਬੂਤ ਲੋਕਾਂ ਦੀ ਕੋਈ ਲੋੜ ਨਹੀਂ ਹੈ। ਜੇ ਸਾਡੀ ਖੇਤੀ ਪਰਵਾਸੀ ਮਜ਼ਦੂਰ ਸਾਂਭ ਸਕਦੇ ਹਨ ਤਾਂ ਬਚੀ-ਖੁਚੀ ਇੰਡਸਟਰੀ ਅਤੇ ਪ੍ਰਸ਼ਾਸਨਿਕ ਸੇਵਾਵਾਂ ਵੀ ਉਹ ਆਪੇ ਸਾਂਭ ਲੈਣਗੇ। ਅੱਜ ਤੋਂ ਪੰਦਰਾਂ-ਵੀਹ ਸਾਲ ਪਹਿਲਾਂ ਵਿਦਿਆਰਥੀਆਂ ਦੀ ਹਿੰਮਤ ਨਹੀਂ ਸੀ ਹੁੰਦੀ ਕਿ ਉਹ ਪੇਪਰ 'ਤੇ ਉਂਗਲ ਚੁੱਕ ਜਾਣ। ਇਹ ਸੱਚਾਈ ਹੈ ਕਿ ਆਮ ਤੌਰ 'ਤੇ ਪੇਪਰ ਸਿਲੇਬਸ ਵਿਚੋਂ ਹੀ ਹੁੰਦਾ ਹੈ, ਪਰ ਜਿਨ੍ਹਾਂ ਨੇ ਪੜ੍ਹਿਆ ਹੀ ਨਹੀਂ, ਉਨ੍ਹਾਂ ਨੂੰ ਹਰ ਸਵਾਲ ਸਿਲੇਬਸ ਦੇ ਬਾਹਰੋਂ ਹੀ ਲੱਗਦਾ ਹੈ। ਹੈਰਾਨੀ ਹੁੰਦੀ ਹੈ ਜਦੋਂ ਸਿਵਲ ਸੇਵਾਵਾਂ ਵਰਗੀ ਮਹੱਤਵਪੂਰਨ ਮੁਕਾਬਲੇ ਦੀ ਪ੍ਰੀਖਿਆ ਵਿਚ ਬੈਠਣ ਵਾਲੇ ਵੀ ਸੌਖੇ ਪੇਪਰ ਦੀ ਉਮੀਦ ਕਰਦੇ ਹਨ।

ਪੜ੍ਹੇ ਲਿਖੇ ਨੌਜਵਾਨ ਹੱਥਾਂ ਵਿਚ ਬੱਬਾ-ਬੱਬਾ ਡਿਗਰੀਆਂ ਚੁੱਕੀ ਫਿਰਦੇ ਹਨ ਪਰ ਕਿਧਰੇ ਕੋਈ ਕੰਮ ਨਹੀਂ ਮਿਲਦਾ। ਸਰਕਾਰ ਸਾਰਿਆਂ ਨੂੰ ਸਰਕਾਰੀ ਨੌਕਰੀ ਨਹੀਂ ਦੇ ਸਕਦੀ। ਉਦਯੋਗ ਪੰਜਾਬ ਵਿਚ ਨਾਂ-ਮਾਤਰ ਹਨ। ਸਾਡਾ ਸਮਾਜ ਵੀ ਇਸ ਵਿਚ ਬਰਾਬਰ ਦਾ ਕਸੂਰਵਾਰ ਹੈ। ਅਸੀਂ ਅੱਜ ਤੱਕ ਕੰਮ ਸਭਿਆਚਾਰ ਵਿਕਸਤ ਕਰ ਹੀ ਨਹੀਂ ਸਕੇ। ਸਿਰਫ ਨੌਜਵਾਨਾਂ ਨੂੰ ਗਾਲ੍ਹਾਂ ਕੱਢ ਕੇ ਅਤੇ ਨਾਲਾਇਕ ਕਹਿ ਕੇ ਜ਼ਿੰਮੇਵਾਰੀ ਤੋਂ ਹੱਥ ਨਹੀਂ ਝਾੜੇ ਜਾ ਸਕਦੇ। ਨੌਜਵਾਨਾਂ ਨੂੰ ਅਕਸਰ ਨਸ਼ੇੜੀ ਕਹਿ ਕੇ ਨਿੰਦਿਆ ਜਾਂਦਾ ਹੈ ਪਰ ਸੋਚਣ ਵਾਲੀ ਗੱਲ ਇਹ ਹੈ ਕਿ ਆਖਰ ਨੌਜਵਾਨ ਨਸ਼ਾ ਕਰਦੇ ਕਿਉਂ ਹਨ? ਇਸ 'ਕਿਉਂ' ਵੱਲ ਕੋਈ ਵੀ ਝਾਕ ਕੇ ਰਾਜ਼ੀ ਨਹੀਂ। ਇਹ ਕੌੜੀ ਸੱਚਾਈ ਹੈ ਕਿ ਬਹੁ-ਗਿਣਤੀ ਨੌਜਵਾਨਾਂ ਕੋਲ ਵਿੱਦਿਆ ਦੇ ਨਾਮ 'ਤੇ ਸਿਰਫ ਡਿਗਰੀਆਂ ਹਨ, ਉਹ ਕਿਸੇ ਵੀ ਤਕਨੀਕੀ ਜਾਂ ਹੋਰ ਕਾਬਲੀਅਤ ਤੋਂ ਕੋਰੇ ਹਨ, ਪਰ ਇਹ ਅੱਧਪੜ੍ਹੀ ਨਸਲ ਪੈਦਾ ਕਰਨ ਲਈ ਕਸੂਰਵਾਰ ਕੌਣ ਹੈ? ਨੌਜਵਾਨਾਂ ਦਾ ਬੇੜਾ ਗਰਕ ਕਰਨ ਵਿਚ ਬੇਹਿਸਾਬੇ ਅਤੇ ਬਿਨਾਂ ਕਿਸੇ ਵਿਉਂਤ ਦੇ ਖੁੱਲ੍ਹੇ ਇਨ੍ਹਾਂ ਅਖੌਤੀ ਤਕਨੀਕੀ ਕਾਲਜਾਂ ਦੀ ਵੀ ਅਹਿਮ ਭੂਮਿਕਾ ਹੈ।

ਘਟ ਰਹੀਆਂ ਜ਼ਮੀਨਾਂ ਅਤੇ ਕੰਮ ਦੀ ਅਣਹੋਂਦ ਵਾਲੇ ਦੌਰ ਵਿਚ ਨੌਜਵਾਨ ਆਖਰ ਕਿੱਧਰ ਜਾਣ? ਜਿਸ ਦੌਰ ਵਿਚ ਸਾਹਿਤ, ਰੰਗ-ਮੰਚ ਅਤੇ ਸਿਨੇਮਾ ਨੂੰ ਆਪਣੀ ਭੂਮਿਕਾ ਹੋਰ ਵੀ ਜ਼ੋਰਦਾਰ ਢੰਗ ਨਾਲ ਨਿਭਾਉਣੀ ਚਾਹੀਦੀ ਹੈ, ਸਾਡਾ ਸਿਨੇਮਾ ਕੁਰਾਹੇ ਪਿਆ ਹੋਇਆ ਹੈ। ਅਸਲ 'ਚ ਸਾਡਾ ਸਿਨੇਮਾ ਤਾਂ ਅਜੇ ਹੈ ਹੀ ਬਾਲ ਅਵਸਥਾ ਵਿਚ। ਗੱਲ ਕੌੜੀ ਲੱਗ ਸਕਦੀ ਹੈ ਪਰ ਅੱਜ ਦੇ ਸਮੇਂ ਵਿਚ ਰੰਗਮੰਚ ਤੋਂ ਬਿਨਾਂ ਹੋਰ ਕੋਈ ਵੀ ਮਾਧਿਅਮ ਆਪਣੀ ਜ਼ਿੰਮੇਵਾਰੀ ਠੀਕ ਢੰਗ ਨਾਲ ਨਹੀਂ ਨਿਭਾ ਰਿਹਾ। ਸਮਾਜ ਆਪਣੀ ਜ਼ਿੰਮੇਵਾਰੀ ਤੋਂ ਭੱਜ ਰਿਹਾ ਹੈ। ਸਰਕਾਰਾਂ ਬੇਵੱਸ ਹਨ। ਚੜ੍ਹਦੀ ਜਵਾਨੀ ਦਾ ਗੁੱਸਾ, ਤੋੜ-ਫੋੜ ਅਤੇ ਹੋਰ ਗੈਰ-ਸਮਾਜੀ ਕੰਮਾਂ ਦਾ ਖਮਿਆਜ਼ਾ ਆਖਰ ਸਮਾਜ ਨੂੰ ਹੀ ਭੁਗਤਣਾ ਪੈਂਦਾ ਹੈ। ਜਦੋਂ ਜਵਾਨੀ ਦਿਸ਼ਾਹੀਣ ਹੋ ਜਾਵੇ ਤਾਂ ਕਾਲੇ ਦੌਰ ਆਉਂਦੇ ਹਨ। ਕੁਝ ਨੌਜਵਾਨ ਭੰਨ-ਤੋੜ, ਚੋਰੀ-ਡਾਕੇ ਵੱਲ ਭੱਜਦੇ ਹਨ, ਤਾਂ ਕੁਝ ਦੀਨ-ਦੁਨੀਆਂ ਤੋਂ ਨਾਤਾ ਤੋੜ ਕੇ ਸੁਲਫੇ ਦੇ ਧੂੰਏਂ ਵਿਚ ਗਵਾਚ ਜਾਂਦੇ ਹਨ। ਜੇ ਹਾਲਾਤ ਇਹੀ ਰਹੇ ਤਾਂ ਦੇਰ ਨਹੀਂ ਕਿ ਸਾਨੂੰ ਸੜਕਾਂ ਉਤੇ ਘੁੰਗਰੂ ਬੰਨ੍ਹੀ ਨੱਚਦੇ ਹੋਏ ਨੌਜਵਾਨ ਦਿਸਿਆ ਕਰਨਗੇ।

ਸਾਹਿਤ ਨੂੰ ਸਮਾਜ ਦਾ ਸ਼ੀਸ਼ਾ ਕਿਹਾ ਜਾਂਦਾ ਹੈ, ਪਰ ਅੱਜ ਇਹ ਸ਼ੀਸ਼ਾ ਕਿਹੜੇ ਸਮਾਜ ਦੀ ਤਸਵੀਰ ਪੇਸ਼ ਕਰ ਰਿਹਾ ਹੈ? ਨੌਜਵਾਨ ਮਨਾਂ ਵਿਚ ਝਾਕਣ ਦੀ ਸਮਰੱਥਾ ਸ਼ਾਇਦ ਕਿਸੇ ਵੀ ਲੇਖਕ ਵਿਚ ਨਹੀਂ ਹੈ। ਬਹੁਤੇ ਲੇਖਕ ਅੱਜ ਵੀ ਸੰਤਾਲੀ (ਦੇਸ਼ ਵੰਡ) ਵਾਲੇ ਦੌਰ ਵਿਚ ਜੀਅ ਰਹੇ ਹਨ। ਦੇਸ਼ ਵੰਡ ਅਤੇ ਇਸਤਰੀ-ਪੁਰਸ਼ ਦੇ ਠਰਕੀ ਸਬੰਧਾਂ ਤੋਂ ਇਲਾਵਾ ਪੰਜਾਬੀ ਵਿਚ ਬਾਕੀ ਵਿਸ਼ਿਆਂ 'ਤੇ ਬਹੁਤ ਘੱਟ ਲਿਖਿਆ ਜਾ ਰਿਹਾ ਹੈ। ਪੰਜਾਬੀ ਕਵਿਤਾ ਖੁਦ ਲੇਖਕਾਂ ਦੀ ਵੀ ਸਮਝ ਤੋਂ ਬਾਹਰ ਹੈ। ਆਦਰਸ਼ਵਾਦੀ ਵਾਰਤਕ ਨੌਜਵਾਨਾਂ ਦੇ ਮੇਚ ਦੀ ਨਹੀਂ। ਅਜੋਕੇ ਸਮੇਂ ਵਿਚ ਨੌਜਵਾਨਾਂ ਕੋਲ ਕੋਈ 'ਨਾਇਕ' ਵੀ ਨਹੀਂ ਹੈ। ਸਾਹਿਤ, ਸਿਨੇਮਾ ਅਤੇ ਤਕਨਾਲੋਜੀ ਦਾ ਕਾਲਪਨਿਕ ਸੰਸਾਰ ਨੌਜਵਾਨਾਂ ਨੂੰ ਪੈਂਡੂਲਮ ਵਾਂਗ ਘੁਮਾਈ ਫਿਰਦਾ ਹੈ। ਅੰਤ ਜਵਾਨੀ ਦੀ ਹਾਲਤ ਖਲਾਅ ਵਿਚ ਟੁੱਟੇ ਤਾਰੇ ਵਰਗੀ ਹੋ ਜਾਂਦੀ ਹੈ।

ਪਿਛਲੇ ਦਿਨੀਂ ਪੰਜਾਬ ਦੇ ਕਿਸੇ ਵੱਡੇ ਕਾਲਜ ਵਿਚ ਕੋਈ ਗਾਇਕ ਗਾ ਰਿਹਾ ਸੀ। ਸੁਣਨ ਵਾਲੇ ਸਾਰੇ ਜਵਾਨ ਮੁੰਡੇ ਕੁੜੀਆਂ ਹੀ ਸਨ। ਫੁਕਰਪੁਣੇ ਦੀ ਸਿਖਰ ਕਰਦਾ ਹੋਇਆ ਉਹ ਸੁੱਕਾ ਗਾਇਕ ਚਾਰ-ਚਾਰ ਸਹੇਲੀਆਂ ਰੱਖਣ ਦੀਆਂ ਫੜ੍ਹਾਂ ਮਾਰ ਰਿਹਾ ਸੀ। ਆਪਣੇ ਗੀਤਾਂ ਅਤੇ ਸ਼ੇਅਰਾਂ ਵਿਚ ਉਹਨੇ ਕੁੜੀਆਂ ਦੀ ਮਿੱਟੀ ਰੱਜ ਕੇ ਪਲੀਤ ਕੀਤੀ, ਪਰ ਇਸ ਸਭ ਦੇ ਬਾਵਜੂਦ ਕੁੜੀਆਂ ਨੱਚ ਰਹੀਆਂ ਸਨ। ਉਂਜ ਤਾਂ ਕਿਸੇ ਦੇ ਨੱਚਣ 'ਤੇ ਇਤਰਾਜ਼ ਕਰਨਾ ਨਹੀਂ ਬਣਦਾ, ਪਰ ਇਹ ਸਭ ਸਾਡੀ ਬੌਧਿਕ ਕੰਗਾਲੀ ਦੀ 'ਲਾਈਵ' ਤਸਵੀਰ ਪੇਸ਼ ਕਰਦਾ ਹੈ। ਜੇ ਸਾਡੀਆਂ ਪੜ੍ਹੀਆਂ-ਲਿਖੀਆਂ ਕੁੜੀਆਂ ਨੇ ਇਸ ਵਰਤਾਰੇ ਨੂੰ ਮਨਜ਼ੂਰੀ ਦੇ ਦਿੱਤੀ ਹੈ ਤਾਂ ਬਾਕੀਆਂ ਨੂੰ ਵੀ ਚੁੱਪ ਕਰ ਕੇ ਬੇਸ਼ਰਮ ਹੋ ਜਾਣਾ ਚਾਹੀਦਾ ਹੈ। ਉਂਜ ਅੱਧੇ ਕੁ ਬੇਸ਼ਰਮ ਤਾਂ ਅਸੀਂ ਹੋ ਹੀ ਗਏ ਹਾਂ, ਹੋਰ ਅੱਠਾਂ-ਦਸਾਂ ਸਾਲਾਂ ਤੱਕ ਪੂਰੇ ਵੀ ਹੋ ਜਾਵਾਂਗੇ। ਬੇਸ਼ਰਮ ਹੋਣ ਦੇ ਆਪਣੇ ਫਾਇਦੇ ਹਨ। ਇੱਕ ਵਾਰ ਬੇਸ਼ਰਮ ਹੋਣ ਦੀ ਦੇਰ ਹੈ, ਪੂਰੀ ਦੁਨੀਆਂ ਹੁਸੀਨ ਲੱਗਣ ਲੱਗਦੀ ਹੈ।

ਸਾਡਾ ਵਿਰਸਾ ਸਿਰਫ ਗਿੱਧਾ-ਭੰਗੜਾ ਪਾਉਣਾ ਹੀ ਨਹੀਂ, ਖੰਡੇ ਖੜਕਾਉਣਾ ਵੀ ਹੈ। ਹਾਲਾਤ ਦਾ ਖਿੜੇ ਮੱਥੇ ਦਾ ਟਾਕਰਾ ਕਰਨ ਵਾਲੇ ਪੰਜਾਬੀ ਅੱਜ ਬੇਵੱਸ ਕਿਉਂ ਹੋ ਗਏ ਹਨ? ਨੌਜਵਾਨਾਂ ਦੇ ਵਿਗੜਨ ਵਿਚ ਤਕਨਾਲੋਜੀ ਨੂੰ ਵੀ ਦੋਸ਼ੀ ਕਿਹਾ ਜਾ ਰਿਹਾ ਹੈ, ਪਰ ਸੰਸਾਰ ਵਿਚ ਤਕਰੀਬਨ ਹਰ ਚੀਜ਼ ਦੇ ਚੰਗੇ ਅਤੇ ਮਾੜੇ-ਦੋ ਪੱਖ ਜ਼ਰੂਰ ਹੁੰਦੇ ਹਨ। ਇਸੇ ਤਕਨਾਲੋਜੀ ਨੂੰ ਸਹੀ ਢੰਗ ਨਾਲ ਵਰਤ ਕੇ ਜਵਾਨੀ ਨੂੰ ਸਹੀ ਰਾਹੇ ਵੀ ਪਾਇਆ ਜਾ ਸਕਦਾ ਹੈ। ਇਸ ਸਭ ਲਈ ਦ੍ਰਿੜ ਇੱਛਾ ਸ਼ਕਤੀ ਅਤੇ ਬੌਧਿਕ ਸਰਮਾਏ ਦੀ ਲੋੜ ਹੈ। ਸਾਨੂੰ ਆਪਣਾ ਵਿਰਸਾ ਵੀ ਨਵੇਂ ਪ੍ਰਸੰਗਾਂ ਵਿਚ ਮੁੜ ਤੋਂ ਖੰਘਾਲਣਾ ਪਵੇਗਾ।

ਅੱਜ ਮਲਟੀਨੈਸ਼ਨਲ ਕੰਪਨੀਆਂ ਮੀਡੀਆ ਰਾਹੀਂ ਸਾਨੂੰ ਚਕਾਚੌਂਧ ਕਰ ਰਹੀਆਂ ਹਨ। ਵੱਡੇ-ਵੱਡੇ 'ਮਾਲ' ਬਰੈਂਡਡ ਚੀਜ਼ਾਂ ਨਾਲ ਭਰੇ ਪਏ ਹਨ। ਸਾਡੇ ਸਾਹਮਣੇ ਅਜੀਬ ਸੁਪਨ ਸੰਸਾਰ ਸਿਰਜਿਆ ਜਾ ਰਿਹਾ ਹੈ। ਇਸ ਸੰਸਾਰ ਵਿਚ ਪ੍ਰਵੇਸ਼ ਕਰਨ ਲਈ ਢੇਰਾਂ ਦੇ ਢੇਰ ਪੈਸਾ ਚਾਹੀਦਾ ਹੈ। ਦਸਾਂ ਨਹੁੰਆਂ ਦੀ ਕਿਰਤ ਨਾਲ ਅੱਯਾਸ਼ੀ ਕਰ ਸਕਣਾ ਲੱਗਭਗ ਅਸੰਭਵ ਹੈ। ਨੌਜਵਾਨਾਂ ਲਈ ਸਥਿਤੀ ਧੰਦੂਕਾਰੇ ਵਾਲੀ ਬਣੀ ਹੋਈ ਹੈ।

ਪੰਜਾਬ ਦੇ ਨੌਜਵਾਨ ਹੀ ਨਹੀਂ; ਮਿੱਟੀ, ਪਾਣੀ ਅਤੇ ਹਵਾ ਵੀ ਨਸ਼ੇੜੀ ਅਤੇ ਜ਼ਹਿਰੀਲੇ ਹੋ ਚੁੱਕੇ ਹਨ। ਕੈਂਸਰ, ਕਾਲਾ ਪੀਲੀਆ ਅਤੇ ਹੋਰ ਕਈ ਭਿਆਨਕ ਰੋਗਾਂ ਨੇ ਪੰਜਾਬ 'ਤੇ ਹੱਲਾ ਬੋਲਿਆ ਹੋਇਆ ਹੈ। ਇਨ੍ਹਾਂ ਮੁਸੀਬਤਾਂ ਦਾ ਟਾਕਰਾ ਸਮੂਹ ਪੰਜਾਬੀਆਂ ਨੂੰ ਮਿਲ ਕੇ ਕਰਨਾ ਪੈਣਾ ਹੈ। ਵਾਢੀਆਂ ਦੇ ਦਿਨਾਂ ਵਿਚ ਵਾਤਾਵਰਨ ਪੱਖੋਂ ਪੰਜਾਬ ਦੀ ਹਾਲਤ ਬਦ ਤੋਂ ਬਦਤਰ ਹੋ ਜਾਂਦੀ ਹੈ। ਸਾਹ ਅਤੇ ਚਮੜੀ ਰੋਗਾਂ ਵਿਚ ਹੈਰਾਨੀਜਨਕ ਵਾਧਾ ਹੋ ਰਿਹਾ ਹੈ। ਕੁਝ ਕਰਨ ਦੀ ਚਾਹ ਰੱਖਣ ਵਾਲੇ ਨੌਜਵਾਨ ਧੜਾਧੜ ਬਾਹਰਲੇ ਦੇਸ਼ਾਂ ਨੂੰ ਭੱਜ ਰਹੇ ਹਨ। ਇਕੱਲੇ ਕਾਰੇ ਪੁੱਤ-ਧੀਆਂ ਬਾਹਰ ਤੋਰ ਕੇ ਪਿੱਛੇ ਮਾਪਿਆਂ ਦਾ ਬੁਰਾ ਹਾਲ ਹੋ ਜਾਂਦਾ ਹੈ। ਸਥਿਤੀ ਤੋਂ ਅੱਖਾਂ ਮੀਚ ਕੇ ਕਿੰਨੀ ਕੁ ਦੇਰ ਨੱਚਿਆ ਜਾ ਸਕਦਾ ਹੈ? ਅਸੀਂ ਭੁਲਾਵਿਆਂ ਵਿਚ ਜੀਅ ਰਹੇ ਹਾਂ।

ਲੇਖ ਦਾ ਸਿਰਲੇਖ ਪੰਜਾਬੀ ਕਵੀ ਸੁਰਜੀਤ ਪਾਤਰ ਦੇ ਸ਼ੇਅਰ ਦੀ ਇੱਕ ਸਤਰ ਹੈ। ਪੰਜਾਬੀਆਂ ਦੇ ਪੁਸਤਕ ਪ੍ਰੇਮੀ ਹੋਣ ਦੇ ਗੁਣ ਤੋਂ ਜਾਣੂ ਹੋਣ ਕਾਰਨ ਇਹ ਦਾਅਵੇ ਨਾਲ ਕਿਹਾ ਜਾ ਸਕਦਾ ਹੈ ਕਿ ਪੌਣੀ ਆਬਾਦੀ ਨੇ ਇਹ ਕਵਿਤਾ ਸ਼ਾਇਦ ਹੀ ਪੜ੍ਹੀ ਹੋਵੇ। ਸੋ, ਲੇਖ ਦੀ ਸਮਾਪਤੀ 'ਤੇ ਪੂਰਾ ਸ਼ੇਅਰ ਹਾਜ਼ਰ ਹੈ,

ਖ਼ੂਬ ਨੇ ਇਹ ਝਾਂਜਰਾਂ ਛਣਕਣ ਲਈ।
ਪਰ ਕੋਈ ਚਾਅ ਵੀ ਤਾਂ ਦੇ ਨੱਚਣ ਲਈ।


# ਵਲੈਤ ਦੇ ਭੱਠੇ

*(ਪਿਛਲੇ ਸਫੇ ਦੀ ਬਾਕੀ)*

ਨੌਅ ਕਰਨ ਜੋਗੇ ਵੀ ਸੀ। ਜਦੋਂ ਅੰਗਰੇਜ਼ੀ ਬੋਲਣ ਵਾਲਾ ਪਹਿਲਾ ਮੁੰਡਾ ਕੰਮ 'ਤੇ ਲੱਗਣ ਗਿਆ, ਤਾਂ ਕਿਸੇ ਭਲੇ ਗੋਰੇ ਨੇ ਕਿਹਾ: ਤੈਨੂੰ ਬਾਤ ਆਉਂਦੀ ਹੈ, ਤੂੰ ਮਸ਼ੀਨਾਂ ਵਾਲੀ ਵਰਕਸ਼ਾਪ ਵਿਚ ਅਪਰੈਂਟਿਸਸ਼ਿਪ ਕਰ ਲੈ। ਮੁੰਡੇ ਨੂੰ ਗੱਲ ਭਾ ਗਈ। ਉਹ ਮੰਨ ਗਿਆ, ਮਿੱਟੀ ਨਾਲ ਮਿੱਟੀ ਹੋਣ ਨਾਲੋਂ ਚੰਗਾ ਕੰਮ ਸੀ। ਸਾਫ ਸੁਥਰਾ। ਇਹਨੂੰ ਵਰਕਸ਼ਾਪ ਵੀ ਦਿਖਾ ਦਿੱਤੀ ਗਈ। ਅਗਲੇ ਦਿਨ ਕੰਮ 'ਤੇ ਲੱਗਣ ਲਈ ਵੀ ਕਹਿ ਦਿੱਤਾ ਗਿਆ। ਜਦੋਂ ਦੂਜੇ ਦਿਨ ਗਿਆ, ਤਾਂ ਕਹਿੰਦੇ ਇੱਥੇ ਵਾਲੀ ਜਗ੍ਹਾ ਤਾਂ ਹੋਰ ਕਿਸੇ ਨੂੰ ਦੇ ਦਿੱਤੀ ਹੈ, ਅਜੇ ਤੂੰ ਕੱਚੀਆਂ ਇੱਟਾਂ ਵਾਲੇ ਪਾਸੇ ਹੀ ਲੱਗ ਜਾਹ। ਮਗਰੋਂ ਪਤਾ ਲੱਗਾ ਕਿ ਇਹਦਾ ਭੂਸਲਾ ਰੰਗ ਦੇਖ ਕੇ ਵਰਕਸ਼ਾਪ ਦੇ ਗੋਰੇ ਸੁਪਰਵਾਈਜ਼ਰ ਨੇ ਮੈਨੇਜਰ ਨੂੰ ਕਹਿ ਦਿੱਤਾ ਸੀ ਕਿ ਜੇ ਤੂੰ ਇਹਨੂੰ ਇੱਥੇ ਲਾਉਣਾ ਹੈ, ਤਾਂ ਗੋਰੇ ਮਕੈਨਿਕਾਂ ਨੇ ਮੈਨੂੰ ਕਹਿ ਦਿੱਤਾ ਹੈ ਕਿ ਉਨ੍ਹਾਂ ਨੇ ਕੱਲ੍ਹ ਨੂੰ ਕੰਮ 'ਤੇ ਨਹੀਂ ਆਉਣਾ।

ਪੁਰਾਣੇ ਬੰਦੇ ਨਵਿਆਂ ਨੂੰ ਅਕਸਰ ਇਹੀ ਦੱਸਦੇ-ਸਮਝਾਉਂਦੇ ਕਿ ਭਾਈ, ਤੁਸੀਂ ਤਾਂ ਕੋਈ ਪੁੰਨ ਕੀਤਾ ਹੋਇਆ; ਹੁਣ ਤਾਂ ਕੰਮ ਬਹੁਤਾ ਹੀ ਸੁਖਾਲਾ ਹੋ ਗਿਆ ਹੈ। ਕਿਤੇ ਪਹਿਲਿਆਂ ਵਿਚ ਦੇਖਦੇ, ਫਿਰ ਤੁਹਾਨੂੰ ਵਲੈਤ ਦੇ ਰੰਗਾਂ ਦਾ ਪਤਾ ਲੱਗਦਾ। ਉਦੋਂ ਕੱਚੀਆਂ ਇੱਟਾਂ ਆਪ ਹੀ ਛੋਟੇ ਛੋਟੇ ਠੇਲ੍ਹਿਆਂ 'ਤੇ ਲਿਜਾ ਕੇ ਚੈਂਬਰਾਂ ਵਿਚ ਖੁਦ ਹੀ ਚਿਣਨੀਆਂ ਪੈਂਦੀਆਂ ਸੀ। ਪੱਕਣ 'ਤੇ ਏਦਾਂ ਆਪ ਹੀ ਅੰਦਰ ਜਾ ਕੇ ਤੰਦੂਰ ਵਾਂਗੂੰ ਤਪਦੇ ਭੱਠਿਆਂ (ਚੈਂਬਰਾਂ) ਵਿਚੋਂ ਬਾਹਰ ਕੱਢਣੀਆਂ ਪੈਂਦੀਆਂ ਸਨ। ਸਰਦੀਆਂ ਨੂੰ ਤਾਂ ਸਰ ਜਾਂਦਾ ਸੀ, ਕਿਉਂਕਿ ਬਾਹਰ ਠੰਢ ਹੁੰਦੀ ਸੀ। ਉਦੋਂ ਠੰਢ ਪੈਂਦੀ ਵੀ ਬਹੁਤ ਹੁੰਦੀ ਸੀ, ਪਰ ਗਰਮੀਆਂ ਨੂੰ ਬੜਾ ਔਖਾ ਹੁੰਦਾ ਸੀ। ਏਦਾਂ ਦੀਆਂ ਗਰਮੀਆਂ ਨੂੰ ਪੰਜਾਬ ਵਿਚ ਲੋਕਾਂ ਨੂੰ ਧੱਕੇ ਹੋ ਜਾਂਦੇ ਸਨ; ਜਿਨ੍ਹਾਂ ਤੋਂ ਡਰਦਿਆਂ ਲੋਕਾਂ ਦੇ ਸਾਧ ਹੋ ਜਾਣ ਦੀਆਂ ਗੱਲਾਂ ਬਣੀਆਂ-ਸੁਣੀਆਂ ਹੋਈਆਂ ਨੇ।

ਏਸੇ ਤਰ੍ਹਾਂ ਉਦੋਂ ਪੱਕੀਆਂ ਇੱਟਾਂ ਦੇ ਵੀ ਚੱਕੇ ਨਹੀਂ ਸੀ ਲਾਈਦੇ, ਸਿੱਧੀਆਂ ਹੀ ਮਾਲ ਗੱਡੀ ਦੀਆਂ ਵੈਗਨਾਂ 'ਤੇ ਲੱਦੀ ਦੀਆਂ ਸਨ। ਬਾਅਦ ਵਿਚ ਜਦੋਂ ਲਾਰੀਆਂ ਆ ਗਈਆਂ ਤਾਂ ਫਿਰ ਸਿੱਧੀਆਂ ਲਾਰੀਆਂ 'ਤੇ ਹੀ ਲੱਦਣ ਲੱਗ ਪਏ। ਕਦੇ ਕਦੇ ਲਾਰੀ ਇੱਟਾਂ ਤੋਂ ਦੂਰ ਖੜ੍ਹੀ ਹੁੰਦੀ ਸੀ, ਜਾਂ ਰਤਾ ਕੁ ਫਰਕ ਨਾਲ ਲਾਈ ਲਾਰੀ ਤੇ ਇੱਕ ਲੱਤ ਉਤੇ, ਤੇ ਇੱਕ ਥੱਲੇ ਹੋਣੀ ਤਾਂ ਕਈਆਂ ਦੇ ਚੱਡੇ ਖਿੱਚੇ ਜਾਂਦੇ। ਫਿਰ ਕਈ ਕਈ ਦਿਨ ਕਾਮਿਆਂ ਤੋਂ ਸਿੱਧਾ ਵੀ ਨਾ ਤੁਰਿਆ ਜਾਂਦਾ। ਹਵਾ ਵਗਦੀ ਹੋਣੀ ਤਾਂ



**ਬੋਤਲ ਦੇ ਗਲਮੇ ਦੇ ਆਕਾਰ ਦਾ ਇਕ ਵਲਾਇਤੀ ਭੱਠਾ।**

ਅੱਖਾਂ ਦੀ ਸ਼ਾਮਤ ਆ ਜਾਂਦੀ ਸੀ। ਲਾਲਚ ਵਿਚ ਲੋਕਾਂ ਅੱਖਾਂ ਚੁੰਨ੍ਹੀਆਂ ਕਰ ਕੇ ਹੀ ਬੁੱਤਾ ਸਾਰੀ ਜਾਣਾ। ਕਈ ਵਾਰੀ ਹੇਠੋਂ ਲਾਰੀ 'ਤੇ ਇੱਟਾਂ ਰੱਖਦੇ ਬੰਦੇ ਦੇ ਮੂੰਹ 'ਤੇ ਪਹਿਲੀਆਂ ਉਪਰ ਰੱਖੀਆਂ ਇੱਟਾਂ ਵਿਚੋਂ ਆ ਕੇ ਵੱਜਣੀ। ਬੜਾ ਚਿਰ ਹਾਲ ਪਾਹਰਿਆ ਹੋਣੀ, ਫਿਰ ਉਸੇ ਚਾਲੇ-ਚੱਲ ਸੋ ਚੱਲ। ਸਿਆਣਿਆਂ ਦੀ ਗੱਲਾਂ ਸੁਣ ਕੇ ਇਨ੍ਹਾਂ ਦੀ ਪਹਿਲੀ ਝੱਲੀ ਅੱਖ ਅੱਖਾਂ ਸਾਹਵੇਂ ਨਜ਼ਰ ਆਉਣ ਲੱਗ ਪੈਂਦੀ।

ਬਲੈਚਲੀ, ਰਿੱਜਮੌਂਟ, ਮਿੱਲਬਰੁਕ, ਲਿਡਲਿੰਗਟਨ, ਮਾਰਸਟਨ, ਸਟਿਓਟਰਬੀ, ਕੈਮਪਸਟੰਨ ਹਾਰਡਵਿਕ, ਐਲਸਟੋਅ, ਚਿਮਨੀ ਕਾਰਨਰ ਆਦਿਕ। ਭੱਠਿਆਂ ਦੇ ਇਹ ਸਭ ਨਾਂ ਨਾਲ ਲਗਦੇ ਪਿੰਡਾਂ ਦੇ ਨਾਂਵਾਂ 'ਤੇ ਹੀ ਰੱਖੇ ਹੋਏ ਸਨ। ਇਨ੍ਹਾਂ ਵਿਚੋਂ ਤਿੰਨ ਚਾਰ ਤਾਂ ਮੈਂ ਵੀ ਚਲਦੇ ਦੇਖੇ, ਤੇ ਤਿੰਨਾਂ 'ਤੇ ਕੰਮ ਵੀ ਕੀਤਾ। ਪਹਿਲੀਆਂ ਵਿਚ ਤਾਂ ਇਹ ਸਾਰੀਆਂ ਨਿੱਕੀਆਂ ਨਿੱਕੀਆਂ ਕੰਪਨੀਆਂ ਹੀ ਸਨ। ਫਿਰ ਇਨ੍ਹਾਂ ਵਿਚੋ ਦੋਹ ਨੇ ਰਲ ਕੇ ਵੱਡੀ ਲੰਡਨ ਬਰਿੱਕ ਕੰਪਨੀ ਬਣਾ ਲਈ। ਮਗਰੋਂ ਏਸੇ ਕੰਪਨੀ ਨੇ ਹੌਲੀ ਹੌਲੀ ਸਾਰੇ ਭੱਠੇ ਖਰੀਦ ਕੇ ਹੋਰ ਵੱਡੀ ਲੱਠਮਾਰ ਫਰਮ ਬਣਾ ਲਈ-ਇੱਟਾਂ ਦੀ ਸਰਦਾਰ ਕੰਪਨੀ। ਲਾਗੇ ਦੇ ਪੀਟਰਬਰੋਅ, ਆਰਲਸੀ ਤੇ ਕੈਲਵਰਟ ਹੋਰ ਭੱਠੇ ਖਰੀਦ ਕੇ ਭੱਠਿਆਂ ਦੀ ਮਾਲਕੀ ਦੀ ਕਲਗੀ ਵੀ ਸਜਾ ਲਈ। ਬਾਅਦ ਵਿਚ ਇਹੋ ਕੰਪਨੀ ਕਿਸੇ ਲਾਰਡ ਹੈਨਸਨ ਨੇ ਮੁੱਲ ਲੈ ਲਈ ਸੀ। ਕੰਪਨੀ ਦਾ ਪਸਾਰ ਏਨਾ ਵੱਡਾ ਸੀ ਕਿ ਹੈਨਸਨ ਨੇ ਹੌਲੀ-ਹੌਲੀ ਇਹਦੀ ਭੰਨ ਤੋੜ ਕਰ ਕੇ ਅੱਧ ਪਚੱਧੀ ਵੇਚ ਵੱਟ ਲਈ ਜਾਂ ਭੱਠੇ ਬੰਦ ਕਰ ਦਿੱਤੇ। ਨਵੀਂ ਤਕਨੀਕ ਦੇ ਮਕਾਨ ਬਣਨ ਨਾਲ ਇੱਟਾਂ ਦੀ ਖਪਤ ਵੀ ਘੱਟ ਹੋਣ ਲੱਗ ਪਈ ਸੀ। ਵਾਤਾਵਰਣ ਨੂੰ ਸਹੀ ਰੱਖਣ ਲਈ ਧੂੰਆਂ ਤੇ ਗੈਸ ਘਟਾਉਣ ਲਈ ਸਰਕਾਰੀ ਦਬਾਅ ਵੀ ਵਧਣਾ ਸ਼ੁਰੂ ਹੋ ਗਿਆ। ਨਹੀਂ ਤਾਂ ਭਾਰੀ ਜੁਰਮਾਨੇ ਹੋਣ ਦੇ ਆਸਾਰ ਵਧੀ ਜਾ ਰਹੇ ਸਨ। ਇਉਂ ਭੱਠੇ ਬੰਦ ਹੀ ਹੁੰਦੇ ਗਏ। ਬਾਅਦ ਵਿਚ ਤਾਂ ਨਾਂ ਨਿਸ਼ਾਨ ਵੀ ਮਿਟ ਗਿਆ। ਹੁਣ ਇੱਥੇ ਕੋਈ ਵੀ ਭੱਠਾ ਨਹੀਂ ਰਿਹਾ; ਪਰ ਦੇਸੀ ਭਾਈਬੰਦਾਂ ਲਈ ਇਹਦੀ ਅੱਲ ਅਜੇ ਵੀ ਭੱਠਿਆਂ ਵਾਲੇ ਬੈਡਫੋਰਡ ਦੀ ਹੀ ਹੈ।

ਬੈਡਫੋਰਡ ਤੋਂ ਬਲੈਚਲੀ ਤੀਕ, ਇਨ੍ਹਾਂ ਭੱਠਿਆਂ ਨੂੰ ਮੇਲਦੀ ਰੇਲਵੇ ਲਾਈਨ ਵੀ ਚਲਾਈ ਹੋਈ ਸੀ, ਜਿਹਦਾ ਪਹਿਲੀਆਂ ਵਿਚ ਤਾਂ ਮੁੱਖ ਮਕਸਦ ਭੱਠਿਆਂ ਤੋਂ ਇੱਟਾਂ ਚੁੱਕ ਕੇ ਅਗਾਂਹ ਹੋਰ ਸ਼ਹਿਰਾਂ ਪਹੁੰਚਦੀਆਂ ਕਰਨਾ ਹੀ ਹੁੰਦਾ ਸੀ; ਪਰ ਵਿਚ-ਵਿਚ, ਵਿਰਲੇ-ਵਿਰਲੇ ਸਵਾਰੀਆਂ ਢੋਣ ਲਈ ਟਾਈਮ ਵੀ ਲਾਏ ਹੋਏ ਸੀ। ਛੋਟੀ ਜਿਹੀ ਰੇਲ ਗੱਡੀ, ਸਿਰਫ ਦੋਹ ਡੱਬਿਆਂ ਦੀ ਏਧਰੋਂ ਓਧਰ ਨੱਠੀ ਭੱਜੀ ਫਿਰਦੀ। ਵਿਚੇ ਹੀ ਗਲ ਵਿਚ ਝੋਲਾ ਪਾਈ ਟਿਕਟਾਂ ਦੇਣ ਵਾਲਾ ਕੰਡਕਟਰ ਤੁਰਿਆ ਫਿਰਦਾ, ਪੰਜਾਬ ਦੀਆਂ ਬੱਸਾਂ ਵਾਂਗੂੰ। ਇਨ੍ਹਾਂ ਵਿਚ ਭੱਠਿਆਂ ਵਾਲੇ ਪਿੰਡਾਂ ਦੇ ਬਾਸ਼ਿੰਦੇ ਸਫਰ ਕਰਦੇ। ਕਦੇ ਕਦਾਈਂ ਕੰਮ ਕਰਨ ਵਾਲੇ ਵੀ ਸਫਰ ਕਰ ਲੈਂਦੇ। ਜਾਂ ਇਨ੍ਹਾਂ ਪਿੰਡਾਂ ਦੇ ਨਿਆਣੇ ਰੇਲ ਗੱਡੀ ਤੇ ਚੜ੍ਹ ਕੇ ਬੈਡਫੋਰਡ ਦੇ ਸਕੂਲੀਂ ਆਉਂਦੇ-ਜਾਂਦੇ। ਹੁਣ ਕਾਰਾਂ ਦਾ ਹੜ੍ਹ ਆ ਜਾਣ 'ਤੇ, ਅਤੇ ਭੱਠਿਆਂ ਦਾ ਨਾਂ ਨਿਸ਼ਾਨ ਮਿਟ ਜਾਣ ਦੇ ਬਾਵਜੂਦ ਇਹ ਰੇਲ ਗੱਡੀ ਮਾਰੋ ਮਾਰ ਚੱਲੀ ਜਾਂਦੀ ਹੈ; ਬੈਡਫੋਰਡ ਨੂੰ ਮਿਲਟਨ ਕੀਨਜ਼ ਨਾਲ ਮੇਲਦੀ।

ਪਹਿਲੀ ਪੀੜ੍ਹੀ ਦੇ ਪੁਰਾਣੇ ਬੰਦੇ ਮੋਟਰਵੇਅ ਤੋਂ ਘਰ ਆਉਣ ਦੀ ਨਿਸ਼ਾਨੀ ਵੀ ਭੱਠਿਆਂ ਦੀ ਹੀ ਰੱਖਦੇ ਸੀ। ਉੱਚੀਆਂ ਲੰਮੀਆਂ ਚਿਮਨੀਆਂ ਦਿਸ ਪੈਣੀਆਂ ਤਾਂ ਐਮ ਵੰਨ ਮੋਟਰਵੇਅ ਤੋਂ ਉਤਰ ਕੇ ਘਰ ਪਹੁੰਚ ਜਾਂਦੇ। ਪੁਰਾਣਿਆਂ ਵਿਚੋਂ ਬਹੁਤੇ ਭਾਈਬੰਦ ਅਧਪੜ੍ਹ ਸੀ, ਤੇ ਕਈ ਅੰਗੂਠਾ ਛਾਪ ਵੀ। ਸੜਕਾਂ 'ਤੇ ਲਿਖੇ ਸਾਈਨ ਉਠਾਲਣ ਜੋਗੇ ਵੀ ਨਹੀਂ ਸੀ। ਕਈਆਂ ਦੀ ਨਿਗ੍ਹਾ ਵੀ ਕਮਜ਼ੋਰ ਸੀ, ਪਰ ਪੈਸੇ ਬਚਾਉਣ ਦੇ ਲਾਲਚ ਵਿਚ ਜਾਂ ਤਾਂ ਐਨਕ ਹੀ ਨਹੀਂ ਸੀ ਲੁਆਉਂਦੇ ਜਾਂ ਸੁਸਤੀ ਕਰ ਕੇ ਇਹ ਮੁੜ ਕੇ ਅੱਪਡੇਟ ਨਹੀਂ ਸੀ ਕਰਵਾਉਂਦੇ। ਘੱਟ ਨਜ਼ਰ ਵਾਲਿਆਂ ਨੂੰ ਤਾਂ ਨਿਗ੍ਹਾ ਸਾਲ ਦੀ ਸਾਲ ਚੈਕ ਕਰਾਉਣ ਦੀ ਲੋੜ ਹੁੰਦੀ ਹੈ। ਉਦੋਂ ਸੜਕਾਂ 'ਤੇ ਟ੍ਰੈਫਿਕ ਵੀ ਘੱਟ ਸੀ, ਤੇ ਨਿਯਮ ਵੀ ਘੱਟ ਸਖਤ ਹੋਣ ਕਰ ਕੇ ਸਰਦਾ ਗਿਆ; ਅੱਜ ਕੱਲ੍ਹ ਹੁੰਦਾ ਤਾਂ ਬੜੀਆਂ ਦਿੱਕਤਾਂ ਆਉਣੀਆਂ ਸਨ। ਕਈ ਵਿਚਾਰੇ ਸਾਊਥਾਲ ਜਾਂ ਹੀਥਰੋ ਏਅਰਪੋਰਟ ਤੋਂ ਆਉਂਦੇ ਬਹੁਤੀ ਵਾਰ ਹਨੇਰੇ ਵਿਚ ਭੱਠਿਆਂ ਦੀਆਂ ਚਿਮਨੀਆਂ ਉਡੀਕਦੇ ਉਡੀਕਦੇ ਹੀ ਕਿਤੇ ਦੀ ਕਿਤੇ ਨਿਕਲ ਜਾਂਦੇ। ਕਈ ਗੱਲਾਂ ਕਰਦੇ ਕਰਦੇ ਅਗਾਂਹ ਹੀ ਚਲੇ ਜਾਂਦੇ। ਨੌਰਥਹੈਂਪਟਨ, ਕਵੈਂਟਰੀ ਜਾਂ ਲੈਸਟਰ ਤੋਂ ਫਿਰ ਪਿੱਛੇ ਨੂੰ ਮੁੜਦੇ। ਕਈ ਚੌਕਸੀ ਵਰਤਦਿਆਂ ਨਾਲਦਿਆਂ ਨੂੰ ਪਹਿਲਾਂ ਹੀ ਕਹਿ ਦਿੰਦੇ: ਬਈ ਭੱਠੇ ਆਉਣ ਤੋਂ ਪੰਜ ਸੱਤ ਮਿੰਟ ਪਹਿਲਾਂ ਹੀ ਮੈਨੂੰ ਖ਼ਬਰਦਾਰ ਕਰ ਦਿਓ, ਕਿਤੇ 'ਗਾਂਹ ਹੀ ਨਾ ਨਿਕਲ ਜਾਈਏ।

*(ਬਾਕੀ ਅਗਲੇ ਅੰਕ ਵਿਚ)*

**ਮਿੰਨੀ ਕਹਾਣੀ**

## ਪਿੰਡ ਦਾ ਵਿਕਾਸ

ਸਾਡੇ ਇਲਾਕੇ ਦਾ ਮੰਤਰੀ ਕੰਨ ਨੂੰ ਫੋਨ ਲਾ ਕੇ ਚਿੱਟੀ ਕਾਰ ਵਿਚੋਂ ਬਾਹਰ ਉਤਰਿਆ। ਹਥਿਆਰਾਂ ਦੀ ਛਾਂ ਥੱਲੇ ਤੇਜ਼ ਕਦਮਾਂ ਨਾਲ ਉਹ ਪੱਕੇ ਦਰਵਾਜ਼ੇ ਦੀਆਂ ਪੌੜੀਆਂ ਚੜ੍ਹ ਰਿਹਾ ਸੀ। ਲੋਕਾਂ ਦੇ ਇਕੱਠ ਨੇ ਤਾੜੀਆਂ ਮਾਰ ਕੇ ਸਵਾਗਤ ਕੀਤਾ। ਪਿੰਡ ਦੇ ਪਤਵੰਤੇ ਸੱਜਣਾਂ ਨੇ ਮੰਤਰੀ ਦੇ ਗਲ ਫੁੱਲਾਂ ਦੇ ਹਾਰ ਪਾਏ। ਚੌਕੀਦਾਰ ਨੇ ਪਾਣੀ ਦਾ ਜੱਗ ਤੇ ਗਲਾਸ ਮੇਜ਼ ਉਤੇ ਲਿਆ ਕੇ ਰੱਖ ਦਿੱਤੇ। ਪਿੰਡ ਦੇ ਸਰਪੰਚ ਨੇ ਮੰਤਰੀ ਦੇ ਸਵਾਗਤ ਵਿਚ ਚਾਰ ਸ਼ਬਦ ਬੋਲੇ ਅਤੇ ਮਾਈਕ ਮੰਤਰੀ ਦੇ ਹੱਥ ਫੜਾ ਦਿੱਤਾ। ਮੰਤਰੀ ਨੇ ਜਿਉਂ ਹੀ ਮਾਈਕ ਫੜਿਆ, ਉਸ ਦੇ ਗੰਨਮੈਨਾਂ ਨੇ ਉਸ ਨੂੰ ਘੇਰਦਿਆਂ ਲੋਕਾਂ ਨੂੰ ਆਪਣੀਆਂ ਅੱਖਾਂ ਨਾਲ ਘੂਰਨਾ ਸ਼ੁਰੂ ਕਰ ਦਿੱਤਾ।


ਮੰਤਰੀ ਜੀ ਬੋਲੇ, "ਮੈਨੂੰ ਬੜੇ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਇਹ ਪਿੰਡ ਨੀਲੀਆਂ ਪੱਗਾਂ ਵਾਲਿਆਂ ਦਾ ਹੈ, ਤੇ ਤੁਹਾਡਾ ਇਕੱਠ ਬੁੱਢੇ ਬੰਦੇ ਦੇ ਭੋਗ ਜਿੰਨਾ ਵੀ ਨਹੀਂ ਹੈ। ਚਿੱਟੀ ਕਾਰ ਉਤੇ ਲਾਲ ਬੱਤੀ ਮਿਲਣ ਤੋਂ ਪਹਿਲਾਂ ਵੀ ਮੈਂ ਇਸ ਪਿੰਡ ਦਾ ਹਰ ਦੁੱਖ-ਸੁੱਖ ਵੰਡਾਉਂਦਾ ਰਿਹਾ ਹਾਂ। ਮੈਂ ਆਪਣੀ ਸਰਕਾਰ ਤੋਂ ਸਾਰਿਆਂ ਨਾਲੋਂ ਵੱਧ ਗਰਾਂਟਾਂ ਇਸ ਪਿੰਡ ਨੂੰ ਦਿੱਤੀਆਂ। ਅੱਜ ਤੁਹਾਨੂੰ ਹਰ ਸਹੂਲਤ ਪਿੰਡੋਂ ਹੀ ਮਿਲ ਜਾਂਦੀ ਹੈ। ਤੁਹਾਡੇ ਪਿੰਡ ਦਾ ਵਿਕਾਸ ਸਭ ਨਾਲੋਂ ਵੱਧ ਹੋਇਆ ਹੈ। ਤੁਹਾਨੂੰ ਕੋਈ ਚੀਜ਼ ਲੈਣ ਵਾਸਤੇ ਸ਼ਹਿਰ ਨਹੀਂ ਜਾਣਾ ਪੈਂਦਾ।"

ਮੰਤਰੀ ਬੋਲੀ ਜਾ ਰਿਹਾ ਸੀ ਤੇ ਮੈਂ ਸੋਚਾਂ ਦੇ ਸਮੁੰਦਰ ਵਿਚ ਡੁੱਬਦਾ ਜਾ ਰਿਹਾ ਸਾਂ ਕਿ 'ਭਗਵਾਨ! ਤੇਰੀ ਕ੍ਰਿਪਾ ਨਾਲ ਸਾਡੇ ਪਿੰਡ ਸ਼ਰਾਬ ਦੇ ਦੋ ਠੇਕੇ ਖੁੱਲ੍ਹ ਗਏ। ਚਾਰ ਬਿਊਟੀ ਪਾਰਲਰ ਤੇ ਚਾਰ ਕੇਸ ਕਤਲ ਦੇ ਹੋ ਗਏ। ਪਿੰਡ ਦੇ ਚਾਰਾਂ ਖੂੰਜਿਆਂ 'ਤੇ ਬੱਸ ਅੱਡੇ ਹੀ ਨਹੀਂ ਬਣਾਏ, ਸਗੋਂ ਆਸ਼ਕੀ ਦੇ ਅੱਡੇ ਬਣਾ ਦਿੱਤੇ ਹਨ ਜਿੱਥੇ ਪਿੰਡ ਦੇ ਨੌਜਵਾਨ ਆਪਣੇ ਪਿੰਡ ਦੀਆਂ ਧੀਆਂ-ਭੈਣਾਂ ਨੂੰ ਆਸਾਨੀ ਨਾਲ ਛੇੜ ਸਕਦੇ ਹਨ। ਪਿੰਡ ਵਿਚ ਅੱਜ ਤੱਕ ਸਿਗਰੇਟ ਬੀੜੀ ਬੰਦ ਸੀ ਪਰ ਤੂੰ ਤਾਂ ਹੁਣ ਇਹ ਸਾਰੀਆਂ ਹੱਟੀਆਂ 'ਤੇ ਸਜਾ ਦਿੱਤੀਆਂ। ਪਿੰਡ ਦਾ ਬਹੁਤ ਵਿਕਾਸ ਕੀਤਾ ਹੈ। ਇਸੇ ਤਰ੍ਹਾਂ ਸਾਰਿਆਂ ਪਿੰਡਾਂ ਦਾ ਵਿਕਾਸ ਹੋ ਗਿਆ। ਫਿਰ ਵੋਟਾਂ ਮੰਗਣ ਕਿੱਥੇ ਜਾਇਆ ਕਰੋਗੇ ਕਿਉਂਕਿ ਤੁਹਾਡੇ ਵਿਕਾਸ ਰੂਪੀ ਜ਼ਹਿਰ ਨੇ ਪਿੰਡ ਵਿਚ ਕੋਈ ਨੌਜਵਾਨ ਜਿਉਂਦਾ ਛੱਡਣਾ ਹੀ ਨਹੀਂ।'

*-ਮੇਜਰ ਕੁਲਾਰ ਬੋਪਾਰਾਏ ਕਲਾਂ*
*ਫੋਨ: 916-273-2856*

# ਕੱਛੂ ਤੇ ਖਰਗੋਸ਼

***ਹਿੰਦੀ ਦੇ ਉਮਦਾ ਕਥਾਕਾਰ ਰਮੇਸ਼ ਉਪਾਧਿਆਏ ਦੀ ਕਹਾਣੀ ‘ਕੱਛੂ ਤੇ ਖ਼ਰਗੋਸ਼’ ਵਿਚ ਲੋਹੜੇ ਦਾ ਵਿਅੰਗ ਅਤੇ ਨਾਲ ਹੀ ਸਿਰੇ ਦਾ ਸੁਨੇਹਾ ਹੈ। ਇਸੇ ਕਰ ਕੇ ਇਸ ਕਹਾਣੀ ਦੇ ਅਰਥ ਇਕਹਿਰੇ ਨਹੀਂ, ਇਹ ਕਹਾਣੀ ਬਹੁ-ਅਰਥੀ ਬਣ ਗਈ ਹੈ। ਕਹਾਣੀ ਵਿਚ ਬਾਤਾਂ ਵਾਲਾ ਰਸ ਹੈ। ਜਿਸ ਚਾਲ ਨਾਲ ਕਹਾਣੀ ਤੁਰਦੀ ਹੈ, ਪਾਠਕ ਦਾ ਦਿਲ ਚਾਹੁੰਦਾ ਹੈ ਕਿ ਇਹ ਕਹਾਣੀ ਅਜੇ ਮੁੱਕੇ ਨਾ। ਕਥਾਕਾਰ ਨੇ ਬੱਚਿਆਂ ਲਈ ਚਿਰਾਂ ਤੋਂ ਚਲੀ ਆ ਰਹੀ ‘ਬਾਲ ਕਹਾਣੀ’ ਨੂੰ ਨਵੇਂ ਅਤੇ ਵਿਰਾਟ ਅਰਥਾਂ ਵਿਚ ਬੰਨ੍ਹ ਦਿੱਤਾ ਹੈ। ਇਸ ਕਹਾਣੀ ਦਾ ਤਰਜਮਾ ਮਹਿੰਦਰ ਬੇਦੀ ਜੈਤੋ (ਫੋਨ: 91-94177-30600) ਨੇ ਕੀਤਾ ਹੈ। -ਸੰਪਾਦਕ***



**ਰਮੇਸ਼ ਉਪਾਧਿਆਏ**

ਕੱਛੂਆਂ ਨੂੰ ਉਹ ਕਹਾਣੀ ਬੜੀ ਪਸੰਦ ਸੀ ਜਿਸ ਵਿਚ ਉਨ੍ਹਾਂ ਦਾ ਇਕ ਵਡੇਰਾ, ਖ਼ਰਗੋਸ਼ ਨਾਲ ਦੌੜ ਵਿਚ ਜਿੱਤ ਗਿਆ ਸੀ। ਉਸ ਨੇ ਆਪਣੀ ਧੀਮੀ ਚਾਲ ਦੇ ਬਾਵਜੂਦ ਤੇਜ਼ੀ ਨਾਲ ਦੌੜਨ ਵਾਲੇ ਖ਼ਰਗੋਸ਼ ਨੂੰ ਹਰਾ ਦਿੱਤਾ ਸੀ। ਕੱਛੂ ਬੜੇ ਮਾਣ ਨਾਲ ਇਹ ਕਹਾਣੀ ਆਪਣੇ ਬੱਚਿਆਂ ਨੂੰ ਸੁਣਾਉਂਦੇ ਸਨ, “ਸੁਣੋ ਬੱਚਿਓ, ਕਿਸੇ ਜ਼ਮਾਨੇ ਵਿਚ ਇਕ ਕੱਛੂ ਸੀ। ਸਾਡੇ ਵਰਗਾ ਹੀ ਧੀਰ, ਗੰਭੀਰ, ਧੀਮੀ ਚਾਲ ਨਾਲ ਚੱਲਣ ਵਾਲਾ, ਨਿਯਮ ਅਨੁਸਾਰ ਕੰਮ ਕਰਨ ਵਾਲਾ, ਖ਼ਤਰਾ ਤਾੜਦਿਆਂ ਹੀ ਖੋਪੜੀ ਤੇ ਹੱਥ ਪੈਰ ਸਮੇਟ ਕੇ ਆਪਣੇ ਮਜ਼ਬੂਤ ਖੋਲ ਵਿਚ ਬੰਦ ਹੋ ਜਾਣ ਵਾਲਾ, ਪਰ ਕਿਤੇ ਪਹੁੰਚਣ ਦੀ ਠਾਣ ਲਏ ਤਾਂ ਬਿਨਾਂ ਰੁਕੇ, ਬਿਨਾਂ ਥੱਕੇ ਆਪਣੀ ਮੰਜ਼ਿਲ ਵਲ ਵਧਦਾ ਹੋਇਆ ਲਗਾਤਾਰ ਅੱਗੇ ਈ ਅੱਗੇ ਵਧਦਾ ਜਾਣ ਵਾਲਾ।... ਤੇ ਉਸੇ ਜ਼ਮਾਨੇ ਵਿਚ ਇਕ ਖ਼ਰਗੋਸ਼ ਸੀ; ਖ਼ਰਗੋਸ਼ਾਂ ਵਾਂਗੂੰ ਚੰਚਲ ਸੁਭਾਅ, ਤੇਜ਼ ਦੌੜਨ ਵਾਲਾ, ਕਿਸੇ ਨਿਯਮ ਕਾਇਦੇ ਦੀ ਪ੍ਰਵਾਹ ਨਾ ਕਰਨ ਵਾਲਾ। ਥੋੜ੍ਹਾ ਆਲਸੀ, ਥੋੜ੍ਹਾ ਚਤੁਰ ਚਲਾਕ, ਪਰ ਹੱਦ ਦਰਜੇ ਦਾ ਘੁਮੰਡੀ। ਉਸ ਨੂੰ ਆਪਣੀ ਤੇਜ਼ ਦੌੜਨ ਦੀ ਸ਼ਕਤੀ ਉਤੇ ਬੜਾ ਘਮੰਡ ਸੀ। ਸੋ ਧੀਮੀ ਚਾਲ ਚੱਲਣ ਵਾਲੇ ਕੱਛੂਆਂ ਦਾ ਮਖ਼ੌਲ ਉਡਾਉਂਦਾ ਹੁੰਦਾ ਸੀ ਉਹ।

ਇਕ ਦਿਨ ਉਸ ਨੇ ਸਾਡੇ ਉਸ ਵਡੇਰੇ ਕੱਛੂ ਦਾ ਮਜ਼ਾਕ ਉਡਾਉਂਦਿਆਂ ਕਿਹਾ, “ਮੇਰੇ ਨਾਲ ਦੌੜ ਲਾਵੇਂਗਾ?” ਕੱਛੂ ਨੇ ਖ਼ਰਗੋਸ਼ ਦੇ ਮੰਦੇ ਗੁਣਾਂ ਨੂੰ ਧਿਆਨ ਵਿਚ ਰੱਖਦਿਆਂ ਕਿਹਾ, “ਬੋਲ ਕਿੱਥੋਂ ਤੀਕ ਦੌੜਨਾ ਈ?”

“ਓਏ, ਕੋਈ ਬਹੁਤੀ ਦੂਰ ਤੱਕਰ ਨਹੀਂ...ਅਹੁ ਸਾਹਮਣੇ ਜਿਹੜਾ ਬੋਹੜ ਦਾ ਵੱਡਾ ਰੁੱਖ ਏ ਨਾ, ਉਹੀ ਸਾਡੀ ਹੱਦ ਹੋਏਗੀ। ਦੇਖਦੇ ਹਾਂ, ਕਿਹੜਾ ਪਹਿਲਾਂ ਪਹੁੰਚਦਾ ਏ?”

ਕੱਛੂ ਨੇ ਕੁਝ ਸੋਚ ਕੇ ਕਿਹਾ, “ਚੱਲ ਠੀਕ ਏ। ਕਿੱਥੋਂ ਸ਼ੁਰੂ ਕਰੀਏ?”

ਖ਼ਰਗੋਸ਼ ਨੇ ਜ਼ਮੀਨ ਉਤੇ ਲਕੀਰ ਖਿੱਚੀ ਤੇ ਬੋਲਿਆ, “ਆ, ਇਥੋਂ ਸ਼ੁਰੂ ਕਰਦੇ ਆਂ।” ਦੋਵੇਂ ਉਸ ਲਕੀਰ ਉਤੇ ਖੜ੍ਹੇ ਹੋ ਗਏ ਤੇ ਇਕੱਠੇ ਬੋਲੇ, “ਇਕ...ਦੋ...ਤਿੰਨ...।” ਤਿੰਨ ਬੋਲਦਿਆਂ ਹੀ ਖ਼ਰਗੋਸ਼ ਦੌੜ ਪਿਆ ਤੇ ਜਦ ਤਕ ਕੱਛੂ ਦੋ-ਚਾਰ ਕਦਮ ਚੱਲਦਾ, ਉਹ ਲਗਭਗ ਅੱਧੀ ਦੂਰੀ ਪਾਰ ਕਰ ਗਿਆ। ਉਸ ਨੇ ਮੁੜ ਕੇ ਪਿੱਛੇ ਦੇਖਿਆ ਕਿ ਕੱਛੂ ਕਾਫੀ ਪਿੱਛੇ ਰਹਿ ਗਿਆ ਹੈ। ਉਸ ਨੇ ਸੋਚਿਆ ਕਿ ‘ਏਨੀ ਮੱਠੀ ਚਾਲ ਨਾਲ ਤਾਂ ਕੱਛੂ ਇੱਥੇ ਦੁਪਹਿਰ ਤਕ ਨਹੀਂ ਪਹੁੰਚ ਸਕਦਾ, ਤਦ ਤੀਕ ਕਿਉਂ ਨਾ ਮੈਂ ਕੁਝ ਖਾ-ਪੀ ਕੇ, ਇੱਥੇ ਹਰੀ ਘਾਹ ਉਤੇ, ਸੁਨਹਿਰੀ ਧੁੱਪ ਵਿਚ ਲੇਟ ਕੇ ਕੁਝ ਆਰਾਮ ਈ ਕਰ ਲਵਾਂ? ਜਦ ਕੱਛੂ ਇੱਥੇ ਤੀਕ ਪਹੁੰਚੇਗਾ, ਮੈਂ ਫਿਰ ਦੌੜਨਾ ਸ਼ੁਰੂ ਕਰ ਦਿਆਂਗਾ ਤੇ ਇਕੋ ਹੱਲੇ ਵਿਚ ਨਿਸ਼ਾਨੇ ‘ਤੇ ਪਹੁੰਚ ਕੇ ਜਿੱਤ ਜਾਵਾਂਗਾ’। ਪਰ ਹੋਇਆ ਇੰਜ ਕਿ ਖ਼ਰਗੋਸ਼ ਉਥੇ ਲੇਟਦਿਆਂ ਹੀ ਆਲਸ ਵੱਸ ਸੌਂ ਗਿਆ। ਉਹ ਵੀ ਏਨੀ ਗੂੜ੍ਹੀ ਨੀਂਦ ਤੇ ਏਨੀ ਦੇਰ ਤੀਕ ਕਿ ਸੁਸਤ ਤੋਰ ਤੁਰਨ ਵਾਲਾ ਕੱਛੂ ਉਸ ਦੇ ਬਰਾਬਰ ਆ ਗਿਆ। ਉਸ ਨੇ ਦੇਖਿਆ, ਖ਼ਰਗੋਸ਼ ਸੁੱਤਾ ਹੋਇਆ ਹੈ ਤਾਂ ਉਹ ਮੁਸਕਰਾਇਆ ਤੇ ਉਥੇ ਰੁਕੇ ਬਿਨਾਂ ਅੱਗੇ ਵਧ ਗਿਆ। ਇੰਜ ਖ਼ਰਗੋਸ਼ ਸੁੱਤਾ ਹੀ ਰਹਿ ਗਿਆ, ਤੇ ਕੱਛੂ ਬੜੇ ਆਰਾਮ ਨਾਲ ਬੋਹੜ ਦੇ ਵੱਡੇ ਰੁੱਖ ਤੀਕ ਉਸ ਤੋਂ ਪਹਿਲਾਂ ਪਹੁੰਚ ਕੇ ਦੌੜ ਜਿੱਤ ਗਿਆ।”

ਕੱਛੂ ਇਹ ਕਹਾਣੀ ਪਤਾ ਨਹੀਂ ਕਿੰਨੀਆਂ ਪੀੜ੍ਹੀਆਂ ਤੋਂ ਆਪਣੇ ਬੱਚਿਆਂ ਨੂੰ ਸੁਣਾਉਂਦੇ ਆ ਰਹੇ ਸਨ, ਪਰ ਹੁਣ ਸਮਾਂ ਬਦਲ ਗਿਆ ਸੀ। ਬੱਚੇ ਹੁਣ ਪਹਿਲਾਂ ਵਰਗੇ ਬੱਚੇ ਨਹੀਂ ਸੀ ਰਹੇ ਕਿ ਉਨ੍ਹਾਂ ਨੂੰ ਕੁਝ ਵੀ ਸੁਣਾ ਦਿਓ, ਤੇ ਉਹ ਉਸ ਉਤੇ ਵਿਸ਼ਵਾਸ ਕਰ ਲੈਣਗੇ। ਹੁਣ ਤਾਂ ਬੱਚੇ ਪੈਦਾ ਹੁੰਦੇ ਹੀ ਮਾਂ-ਪਿਉ ਨੂੰ ਪੁੱਛਣ ਲੱਗ ਪੈਂਦੇ ਨੇ, “ਸਾਡੀ ਮਰਜ਼ੀ ਤੋਂ ਬਿਨਾਂ ਤੁਸੀਂ ਸਾਨੂੰ ਦੁਨੀਆਂ ਵਿਚ ਲਿਆਉਣ ਵਾਲੇ ਕੌਣ ਓ?” ਸੋ ਕੱਛੂ ਤੇ ਖ਼ਰਗੋਸ਼ ਵਾਲੀ ਇਹ ਕਹਾਣੀ ਸੁਣ ਕੇ ਉਹ ਸੁਣਾਉਣ ਵਾਲੇ ਨਾਲ ਬਹਿਸ ਕਰਨ ਲਗਦੇ। ਕਹਿੰਦੇ, “ਕੈਸੀ ਊਲ-ਜਲੂਲ ਕਹਾਣੀ ਏ। ਦੌੜ ਦੇ ਕੁਝ ਨਿਯਮ ਹੁੰਦੇ ਨੇ। ਪਹਿਲੀ ਗੱਲ ਇਹ ਕਿ ਦੌੜ ਬਰਾਬਰ ਦੇ ਪ੍ਰਤੀਯੋਗੀਆਂ ਵਿਚਕਾਰ ਹੋਣੀ ਚਾਹੀਦੀ ਏ, ਜਿਵੇਂ ਕੱਛੂਆਂ ਵਿਚਕਾਰ ਜਾਂ ਖ਼ਰਗੋਸ਼ਾਂ ਵਿਚਕਾਰ। ਕੱਛੂ ਤੇ ਖ਼ਰਗੋਸ਼ ਵਿਚਕਾਰ ਦੌੜ ਕਿੰਜ ਹੋ ਸਕਦੀ ਹੈ!...ਤੇ ਉਸ ਵਿਚ ਮਜ਼ਾ ਵੀ ਕੀ ਆਵੇਗਾ? ਉਸ ਵਿਚ ਤਾਂ ਪਹਿਲਾਂ ਹੀ ਸਭ ਨੂੰ ਪਤਾ ਹੋਵੇਗਾ ਕਿ ਕੱਛੂ ਹਾਰੇਗਾ ਤੇ ਖ਼ਰਗੋਸ਼ ਜਿੱਤੇਗਾ...।”

“ਬੱਚਿਓ! ਇਹੀ ਤਾਂ ਇਸ ਕਹਾਣੀ ਦੀ ਖ਼ੂਬੀ ਏ, ਇਸ ਵਿਚ ਕੱਛੂ ਜਿੱਤਦਾ ਏ, ਤੇ ਖ਼ਰਗੋਸ਼ ਹਾਰਦਾ ਏ।”

“ਪਰ ਬਜ਼ੁਰਗੋ ਇਸ ਕਹਾਣੀ ਵਿਚ ਦੌੜ ਹੋਈ ਹੀ ਕਦੋਂ ਸੀ? ਦੌੜ ਦੇ ਨਾਂ ‘ਤੇ ਮਜ਼ਾਕ ਹੋਇਆ ਸੀ ਜਿਹੜਾ ਖ਼ਰਗੋਸ਼ ਨੇ ਕੱਛੂ ਨਾਲ ਕੀਤਾ। ਚਲੋ, ਗੱਲ ਕਰਨ ਲਈ ਮੰਨ ਵੀ ਲਈਏ ਕਿ ਦੌੜ ਹੋਈ, ਤੇ ਕੱਛੂ ਜਿੱਤਿਆ ਤਾਂ ਸਵਾਲ ਉਠਦਾ ਹੈ ਕਿ ਕੀ ਕੱਛੂ ਆਪਣੀ ਕਿਸੇ ਖ਼ੂਬੀ ਕਾਰਨ ਜਿੱਤਿਆ? ਨਹੀਂ। ਉਹ ਜਿੱਤ ਖ਼ਰਗੋਸ਼ ਦੇ ਘਮੰਡ, ਲਾਪ੍ਰਵਾਹੀ ਤੇ ਆਰਾਮ-ਪਸੰਦੀ ਕਾਰਨ ਹੋਈ। ਸੋਚੋ, ਕੱਛੂ ਨੇ ਜਿੱਤਣ ਲਈ ਕੀ ਕੀਤਾ? ਕੁਝ ਵੀ ਨਹੀਂ। ਉਹ ਤਾਂ ਬਸ ਆਪਣੀ ਚਾਲੇ ਚਲਦਾ ਰਿਹਾ, ਜੇ ਖ਼ਰਗੋਸ਼ ਰਸਤੇ ਵਿਚ ਰੁਕ ਕੇ ਸੌਂ ਨਾ ਗਿਆ ਹੁੰਦਾ, ਤਾਂ ਕੀ ਕੱਛੂ ਉਸ ਤੋਂ ਜਿੱਤ ਜਾਂਦਾ?...ਕਦੀ ਵੀ ਨਹੀਂ।”

“ਬੱਚਿਓ! ਸਮਝਣ ਦੀ ਕੋਸ਼ਿਸ਼ ਕਰੋ। ਇਹ ਕਹਾਣੀ ਤੁਹਾਨੂੰ ਇਹੀ ਸਿੱਖਿਆ ਦੇਣ ਲਈ ਸੁਣਾਈ ਜਾਂਦੀ ਏ ਕਿ ਸਾਨੂੰ ਖ਼ਰਗੋਸ਼ ਵਾਂਗ ਘਮੰਡੀ, ਲਾਪ੍ਰਵਾਹ ਤੇ ਆਰਾਮ-ਪਸੰਦ ਨਹੀਂ ਹੋਣਾ ਚਾਹੀਦਾ। ਖ਼ਰਗੋਸ਼ ਆਪਣੇ ਇਨ੍ਹਾਂ ਔਗੁਣਾਂ ਕਾਰਨ ਉਸ ਦੌੜ ਵਿਚ ਹਾਰਿਆ। ਕੱਛੂ ਵਿਚ ਇਹ ਔਗੁਣ ਨਹੀਂ ਸਨ, ਇਸ ਲਈ ਉਹ ਉਸ ਦੌੜ ਵਿਚ ਜਿੱਤਿਆ। ਇਸ ਕਹਾਣੀ ਤੋਂ ਸਾਨੂੰ ਇਹ ਸਿੱਖਿਆ ਮਿਲਦੀ ਹੈ ਕਿ ਘਮੰਡ, ਲਾਪ੍ਰਵਾਹੀ ਤੇ ਆਰਾਮ-ਪ੍ਰਸਤੀ ਤੋਂ ਬਚ ਕੇ ਤੁਸੀਂ ਬਿਨਾਂ ਥੱਕੇ, ਬਿਨਾਂ ਰੁਕੇ, ਲਗਾਤਾਰ ਤੁਰਦੇ ਰਹੋਗੇ ਤਾਂ ਆਪਣੀ ਧੀਮੀ ਚਾਲ ਦੇ ਬਾਵਜੂਦ ਤੇਜ਼ ਚਾਲ ਵਾਲਿਆਂ ਤੋਂ ਅੱਗੇ ਨਿਕਲ ਜਾਓਗੇ।”

“ਬਜ਼ੁਰਗੋ! ਤੁਸੀਂ ਜੇ ਕੋਈ ਸਿੱਖਿਆ ਹੀ ਲੈਣੀ ਏ ਤਾਂ ਇਸ ਕਹਾਣੀ ਤੋਂ ਕਿਉਂ ਲੈਂਦੇ ਓ, ਆਪਣੀ ਜ਼ਿੰਦਗੀ ਤੋਂ ਕਿਉਂ ਨਹੀਂ ਲੈਂਦੇ! ਆਪਣੀ ਜ਼ਿੰਦਗੀ ਵਿਚ ਤੁਸੀਂ ਕਿਸੇ ਕੱਛੂ ਨੂੰ ਖ਼ਰਗੋਸ਼ ਤੋਂ ਅੱਗੇ ਨਿਕਲਦਿਆਂ ਵੇਖਿਆ ਏ? ਖ਼ਰਗੋਸ਼ ਭਾਵੇਂ ਕਿੰਨੇ ਘਮੰਡੀ, ਲਾਪ੍ਰਵਾਹ ਤੇ ਆਰਾਮ-ਪ੍ਰਸਤ ਹੋਣ, ਕੱਛੂਆਂ ਨਾਲੋਂ ਹਮੇਸ਼ਾ ਅੱਗੇ ਈ ਰਹਿੰਦੇ ਨੇ। ਦੂਜੇ ਪਾਸੇ ਕੱਛੂ ਭਾਵੇਂ ਕਿੰਨੇ ਹੀ ਨਿਮਰ, ਸਾਵਧਾਨ ਤੇ ਕਸ਼ਟ ਸਹਿਣ ਵਾਲੇ ਹੋਣ, ਖ਼ਰਗੋਸ਼ ਤੋਂ ਹਮੇਸ਼ਾ ਪਿੱਛੇ ਹੀ ਰਹਿੰਦੇ ਨੇ।”

ਬਜ਼ੁਰਗ ਲੋਕ ਬੱਚਿਆਂ ਦੀ ਗੱਲ ਕਦ ਸੁਣਦੇ ਨੇ? ਕੱਛੂ ਵੀ ਨਹੀਂ ਸੁਣਦੇ ਸਨ, ਹਾਲਾਂਕਿ ਉਹ ਚੰਗੀ ਤਰ੍ਹਾਂ ਜਾਣਦੇ ਸਨ ਕਿ ਅਸਲ ਵਿਚ ਜੇ ਕੱਛੂਆਂ ਤੇ ਖ਼ਰਗੋਸ਼ਾਂ ਦੀ ਦੌੜ ਹੋਈ, ਤਾਂ ਉਸ ਵਿਚ ਖ਼ਰਗੋਸ਼ ਨਹੀਂ ਕੱਛੂ ਹੀ ਹਾਰਨਗੇ...ਫਿਰ ਵੀ ਖ਼ਰਗੋਸ਼ ਉਤੇ ਕੱਛੂ ਦੀ ਜਿੱਤ ਦੀ ਉਹ ਕਹਾਣੀ ਉਨ੍ਹਾਂ ਨੂੰ ਏਨੀ ਪਸੰਦ ਸੀ ਕਿ ਉਸ ਨੂੰ ਉਹ ਆਪਣੇ ਬੱਚਿਆਂ ਨੂੰ ਸੁਣਾਉਂਦੇ ਸਨ, ਸਕੂਲਾਂ ਵਿਚ ਪੜ੍ਹਾਉਂਦੇ ਸਨ, ਸੁੰਦਰ-ਸੁੰਦਰ ਤਸਵੀਰਾਂ ਬਣਾ ਕੇ ਪੁਸਤਕਾਂ, ਰਸਾਲਿਆਂ ਤੇ ਅਖ਼ਬਾਰਾਂ ਵਿਚ ਵਾਰੀ-ਵਾਰੀ ਛਾਪਦੇ ਰਹਿੰਦੇ ਸਨ ਤੇ ਉਸ ਨੂੰ ਨਾਟਕਾਂ, ਫ਼ਿਲਮਾਂ, ਰੇਡੀਓ, ਟੈਲੀਵਿਜ਼ਨ ਦੇ ਪ੍ਰੋਗਰਾਮਾਂ ਆਦਿ ਦੇ ਵੱਖਰੇ-ਵੱਖਰੇ ਰੂਪ ਵਿਚ ਦਿਨ-ਰਾਤ ਪ੍ਰਕਾਸ਼ਿਤ ਤੇ ਪ੍ਰਸਾਰਿਤ ਕਰਦੇ ਰਹਿੰਦੇ ਸਨ।



‘ਕੱਛੂ-ਕਵੀਆਂ’ ਨੇ ਉਸ ਕਹਾਣੀ ਉਤੇ ਸੈਂਕੜੇ ਮਹਾਕਾਵਿ, ਹਜ਼ਾਰਾਂ ਕਾਵਿ-ਪੁਸਤਕਾਂ, ਲੱਖਾਂ ਖੁੱਲ੍ਹੀਆਂ ਕਵਿਤਾਵਾਂ ਰਚੀਆਂ। ‘ਕੱਛੂ-ਕਥਾ-ਲੇਖਕਾਂ’ ਨੇ ਉਸ ਕਹਾਣੀ ਉਤੇ ਸੈਂਕੜੇ ਨਾਵਲ, ਹਜ਼ਾਰਾਂ ਕਹਾਣੀਆਂ ਤੇ ਲੱਖਾਂ ਮਿੰਨੀ-ਕਹਾਣੀਆਂ ਲਿਖੀਆਂ ਸਨ। ‘ਕੱਛੂ-ਨਾਟਕਕਾਰਾਂ’ ਨੇ ਉਸ ਕਹਾਣੀ ਉਤੇ ਸੈਂਕੜੇ ਨਾਟਕ, ਹਜ਼ਾਰਾਂ ਇਕਾਂਗੀ ਤੇ ਲੱਖਾਂ ਓਪੇਰੇ ਲਿਖ ਕੇ ਖਿਡਵਾਏ ਸਨ। ਉਸ ਕਹਾਣੀ ਉਤੇ ਅਣਗਿਣਤ ਫ਼ਿਲਮਾਂ ਬਣ ਚੁੱਕੀਆਂ ਸਨ, ਅਣਗਿਣਤ ਟੀ.ਵੀ. ਸੀਰੀਅਲ ਬਣ ਚੁੱਕੇ ਸਨ। ਇੱਥੋਂ ਤਕ ਕਿ ਸਰਕਾਰੀ ਪ੍ਰਚਾਰ ਵਾਲੇ ‘ਸਪਾਟਸ’ ਤੇ ਪ੍ਰਾਈਵੇਟ ਕੰਪਨੀਆਂ ਦੇ ਵਪਾਰਕ ਪ੍ਰਚਾਰ ਵਾਲੇ ਇਸ਼ਤਿਹਾਰਾਂ ਵਿਚ ਵੀ ਉਸ ਕਹਾਣੀ ਨੂੰ ਵਾਰ-ਵਾਰ ਤੇ ਲਗਾਤਾਰ ਇਸਤੇਮਾਲ ਕੀਤਾ ਗਿਆ ਸੀ ਤੇ ਹੁਣ ਹਾਲਤ ਇਹ ਸੀ ਕਿ ‘ਸਲੋ’, ‘ਵਿਨ’ ਤੇ ‘ਰੇਸ’ ਆਦਿ ਨਾਂਵਾਂ ਵਾਲੇ ਸੈਂਕੜੇ ਚੈਨਲ ਸੈਟੇਲਾਈਟ ਦੀ ਮਦਦ ਨਾਲ ਦਿਨ-ਰਾਤ ਉਸ ਕਹਾਣੀ ਨੂੰ ਅੱਡਰੇ-ਵੱਖਰੇ ਰੂਪਾਂ ਵਿਚ ਦੁਨੀਆਂ ਭਰ ਦੇ ਕੱਛੂਆਂ ਤਕ ਪਹੁੰਚਾ ਰਹੇ ਸਨ।

ਇਧਰ ਇੰਟਰਨੈਟ ‘ਤੇ ਵੀ ਇਹ ਕਹਾਣੀ ਵੱਖ-ਵੱਖ ਤਰ੍ਹਾਂ ਦੀ ਚਿੱਤਰ ਸ਼ੈਲੀ ਤੇ ਵਿਚਿੱਤਰ ਰੂਪਾਂ ਵਿਚ ਹਾਜ਼ਰ-ਨਾਜ਼ਰ ਸੀ। ਆਪਣੀ ਜਾਤੀ ਦੀ ਵਿਜੈ-ਗਾਥਾ ਦੇ ਇੰਜ ਸੌਖਿਆਂ ਉਪਲਬਧ ਹੋ ਜਾਣ ਉਤੇ ਦੁਨੀਆਂ ਭਰ ਦੇ ਕੱਛੂ ਖ਼ੁਸ਼ ਸਨ। ਏਨੇ ਖ਼ੁਸ਼ ਕਿ ਅਸਲ ਜੀਵਨ ਵਿਚ ਖ਼ਰਗੋਸ਼ ਤੋਂ ਹਮੇਸ਼ਾ, ਵਾਰ-ਵਾਰ ਤੇ ਲਗਾਤਾਰ ਹਾਰਦੇ ਰਹਿਣ ਦੇ ਬਾਵਜੂਦ ਉਹ ਖ਼ਰਗੋਸ਼ ਨੂੰ ਘਮੰਡੀ, ਲਾਪ੍ਰਵਾਹ ਤੇ ਆਰਾਮ-ਪ੍ਰਸਤ ਤੇ ਖ਼ੁਦ ਨੂੰ ਨਿਮਰ, ਸਾਵਧਾਨ ਤੇ ਸਮਝਦਾਰ ਮੰਨ ਕੇ ਚੱਲਦੇ ਸਨ। ਉਹ ਖ਼ਰਗੋਸ਼ਾਂ ਦੇ ਤੇਜ਼ ਚੱਲਣ ਨੂੰ ਭਾਰੀ ਔਗੁਣ ਤੇ ਆਪਣੀ ਸੁਸਤ ਚਾਲ ਨੂੰ ਬੜਾ ਸਦਗੁਣ ਸਮਝਦੇ ਸਨ। ਉਨ੍ਹਾਂ ਦਾ ਕਹਿਣਾ ਸੀ ਕਿ ਕੱਛੂਆਂ ਨੂੰ ਆਪਣੀ ਚਾਲ ਨਾਲ ਹੀ ਚੱਲਣਾ ਚਾਹੀਦਾ ਹੈ, ਉਸ ਉਤੇ ਸ਼ਰਮਿੰਦਾ ਹੋਣ ਦੀ ਬਜਾਏ ਮਾਣ ਕਰਨਾ ਚਾਹੀਦਾ ਹੈ, ਤੇ ਖ਼ਰਗੋਸ਼ਾਂ ਨੂੰ ਵੀ ਚਾਹੀਦਾ ਹੈ ਕਿ ਉਹ ਤੇਜ਼ ਚਾਲ ਚੱਲਣ ਵਾਲੇ ਔਗੁਣ ਨੂੰ ਤਿਆਗ ਕੇ ਸੁਸਤ ਚਾਲ ਚੱਲਣ ਦਾ ਸਦਗੁਣ ਅਪਨਾਉਣ। ਵਾਹ, ਇੰਜ ਹੋ ਗਿਆ ਤਾਂ ਇਸ ਦੁਨੀਆਂ ਦੇ ਕੱਛੂ-ਖ਼ਰਗੋਸ਼ ਵਾਲੇ ਭੇਦ-ਭਾਵ ਮਿਟ ਜਾਣਗੇ ਤੇ ਦੁਨੀਆਂ ਸਵਰਗ ਬਣ ਜਾਏਗੀ।...ਪਰ ਕੱਛੂਆਂ ਦੇ ਬੱਚੇ ਜਿਹੜੇ ਨਵੇਂ ਜ਼ਮਾਨੇ ਦੇ ਸੀ, ਤੇ ਆਪਣੇ ਬਜ਼ੁਰਗਾਂ ਨਾਲੋਂ ਵੱਧ ਸੂਝ-ਬੂਝ ਵਾਲੇ ਬੱਚੇ ਸਨ, ਉਸ ਕਹਾਣੀ ‘ਤੇ ਵਿਸ਼ਵਾਸ ਹੀ ਨਹੀਂ ਸੀ ਕਰਦੇ। ਜਿਉਂ-ਜਿਉਂ ਉਹ ਵੱਡੇ ਹੋ ਰਹੇ ਸਨ, ਉਨ੍ਹਾਂ ਦੇ ਸ਼ੱਕ ਤੇ ਅਵਿਸ਼ਵਾਸ ਵਧ ਰਹੇ ਸਨ। ਹੁਣ ਬਜ਼ੁਰਗਾਂ ਨਾਲ ਉਨ੍ਹਾਂ ਦੀਆਂ ਬਹਿਸਾਂ ਕੁਝ ਇਸ ਤਰ੍ਹਾਂ ਦੀਆਂ ਹੁੰਦੀਆਂ ਸਨ, “ਬਜ਼ੁਰਗੋ! ਇਕ ਗੱਲ ਦੱਸੋ, ਕਹਾਣੀ ਵਿਚ ਕੱਛੂ ਤੇ ਖ਼ਰਗੋਸ਼ ਦੀ ਜਿਸ ਦੌੜ ਦਾ ਵਰਣਨ ਹੈ, ਕੀ ਉਸ ਪਿੱਛੋਂ ਕੋਈ ਹੋਰ ਦੌੜ ਵੀ ਹੋਈ?”

“ਪਤਾ ਨਹੀਂ।”

“ਯਾਨਿ ਇਤਿਹਾਸ ਵਿਚ ਅਜਿਹੀ ਕਿਸੇ ਹੋਰ ਦੌੜ ਦਾ ਵਰਣਨ ਨਹੀਂ ਮਿਲਦਾ?”

“ਨਹੀਂ।”

“ਅੱਛਾ, ਜਿਸ ਦੌੜ ਦੀ ਕਹਾਣੀ ਤੁਸੀਂ ਸੁਣਾਉਂਦੇ ਓ, ਉਹ ਕਿਸ ਨਗਰ ਖੇੜੇ ਦੇ ਇਤਿਹਾਸ ਵਿਚ ਲਿਖੀ ਏ?”

“ਪਤਾ ਨਹੀਂ।”

“ਇਸ ਦਾ ਮਤਲਬ ਇਹ ਕਿ ਇਹ ਇਤਿਹਾਸਕ ਘਟਨਾ ਨਹੀਂ। ਸਿਰਫ ਪੌਰਾਣਿਕ ਕਥਾ ਹੈ, ਯਾਨਿ ਮਿਥਕ ਭਾਵ ਕਾਲਪਨਿਕ ਕਹਾਣੀ!”

“ਪਤਾ ਨਹੀਂ।”

“ਪਤਾ ਨਹੀਂ! ਪਤਾ ਨਹੀਂ! ਜਦ ਤੁਹਾਨੂੰ ਕੁਛ ਪਤਾ ਈ ਨਹੀਂ, ਤਾਂ ਇਸ ਕਹਾਣੀ ਨੂੰ ਸੁਣਾ ਕੇ ਸਾਡੇ ਮਨਾਂ ਵਿਚ ਇਹ ਕਿਉਂ ਵਾੜਦੇ ਰਹਿੰਦੇ ਓ ਕਿ ਅਸੀਂ ਆਪਣੀ ਧੀਮੀ ਚਾਲ ਨਾਲ ਹਮੇਸ਼ਾ ਤੁਰਦੇ ਰਹੀਏ, ਤਾਂ ਤੇਜ਼ ਦੌੜਨ ਵਾਲੇ ਖ਼ਰਗੋਸ਼ਾਂ ਨਾਲੋਂ ਅੱਗੇ ਨਿਕਲ ਕੇ ਜਿੱਤ ਜਾਵਾਂਗੇ?”

“ਖ਼ਾਮੋਸ਼, ਬਦਤਮੀਜ਼ੋ! ਵੱਡਿਆਂ ਨਾਲ ਇੰਜ ਗੱਲ ਕਰੀਦੀ ਏ? ਆਪਣੀ ਜਾਤੀ ਦੀ ਵਿਜੈ-ਗਾਥਾ ਉਪਰ ਸ਼ੱਕ-ਸ਼ੰਕੇ ਕਰਨ ਵਾਲੇ ਨਾਸਤਕੋ! ਤੁਹਾਡਾ ਇਹੀ ਹਾਲ ਰਿਹਾ ਤਾਂ ਤੁਸੀਂ ਕਦੀ ਖ਼ਰਗੋਸ਼ਾਂ ਨਾਲੋਂ ਅੱਗੇ ਨਹੀਂ ਨਿਕਲ ਸਕੋਗੇ।”

ਬਜ਼ੁਰਗਾਂ ਦੀ ਝਾੜ ਖਾ ਕੇ ਬੱਚੇ ਹਮੇਸ਼ਾ ਚੁੱਪ ਹੋ ਜਾਂਦੇ, ਪਰ ਸ਼ੰਕੇ ਕਰਨਾ ਬੰਦ ਨਹੀਂ ਸੀ ਕਰਦੇ। ਉਹ ਆਪਸ ਵਿਚ ਇਕ ਦੂਜੇ ਨੂੰ ਕਹਿੰਦੇ, “ਜੇ ਕੱਛੂ ਤੇ ਖ਼ਰਗੋਸ਼ ਵਾਲੀ ਕਹਾਣੀ ਸੱਚੀ ਹੈ, ਤਾਂ ਹੁਣ ਕੱਛੂਆਂ ਤੇ ਖ਼ਰਗੋਸ਼ਾਂ ਦੀ ਦੌੜ ਕਿਉਂ ਨਹੀਂ ਹੁੰਦੀ?”

“ਅਜਿਹੀ ਦੌੜ ਕਰਵਾਏਗਾ ਕੌਣ ਜਿਸ ਵਿਚ ਪਹਿਲਾਂ ਹੀ ਪਤਾ ਹੋਵੇ ਕਿ ਕੌਣ ਜਿੱਤੇਗਾ?”

**ਹਿੰਦੀ ਕਹਾਣੀ**

“ਕੱਛੂ ਆਪ ਹੀ ਕਰਵਾ ਲੈਣ!”

“ਤਦ ਤਾਂ ਉਨ੍ਹਾਂ ਨੂੰ ਅਜਿਹੇ ਘਮੰਡੀ, ਲਾਪ੍ਰਵਾਹ ਤੇ ਆਰਾਮ-ਪ੍ਰਸਤ ਖ਼ਰਗੋਸ਼ ਲੱਭ ਕੇ ਲਿਆਉਣੇ ਪੈਣਗੇ ਜਿਹੜੇ ਦੌੜ ਦੌਰਾਨ ਸੌਂ ਜਾਣ!” ਬੱਚੇ ਹੱਸਣ ਲੱਗਦੇ।

“ਕਿਉਂ, ਫਿਕਸਿੰਗ ਵੀ ਤਾਂ ਕੀਤੀ ਜਾ ਸਕਦੀ ਏ!” ਦੂਜੇ ਬੱਚੇ ਹੱਸਦੇ, “ਪਹਿਲਾਂ ਹੀ ਪੈਸੇ ਖੁਆ ਕੇ ਖ਼ਰਗੋਸ਼ਾਂ ਨੂੰ ਕਿਹਾ ਜਾ ਸਕਦਾ ਹੈ ਕਿ ਦੌੜ ਦੌਰਾਨ ਸੌਂ ਕੇ ਤੁਸੀਂ ਕੱਛੂਆਂ ਤੋਂ ਹਾਰ ਜਾਣਾ!” ਦਰਅਸਲ ਕੱਛੂਆਂ ਦੇ ਬੱਚਿਆਂ ਨੂੰ ਇਹ ਦੇਖ ਕੇ ਹੈਰਾਨੀ ਹੁੰਦੀ ਸੀ ਕਿ ਖ਼ਰਗੋਸ਼ਾਂ ਦੇ ਬੱਚਿਆਂ ‘ਤੇ ਹੀ ਨਹੀਂ, ਉਨ੍ਹਾਂ ਦੇ ਬਜ਼ੁਰਗਾਂ ਉਤੇ ਵੀ ਆਪਣੀ ਇਸ ਇਤਿਹਾਸਕ ਹਾਰ ਦੀ ਕਥਾ ਦਾ ਕੋਈ ਪ੍ਰਭਾਵ ਨਜ਼ਰ ਨਹੀਂ ਸੀ ਆਉਂਦਾ। ਉਹ ਸੋਚਦੇ, ਜਿਸ ਤਰ੍ਹਾਂ ਇਹ ਕਹਾਣੀ ਸਾਡੇ ਬਜ਼ੁਰਗਾਂ ਨੂੰ ਜਿੱਤ ਦੇ ਮਾਣ ਨਾਲ ਭਰ ਦਿੰਦੀ ਹੈ, ਓਵੇਂ ਹੀ ਇਹ ਕਹਾਣੀ ਖ਼ਰਗੋਸ਼ਾਂ ਨੂੰ ਹਾਰ ਦੀ ਸ਼ਰਮਿੰਦਗੀ ਨਾਲ ਭਰ ਦਿੰਦੀ ਹੋਏਗੀ। ਜਿਸ ਤਰ੍ਹਾਂ ਅਸੀਂ ਆਪਣੇ ਵਿਜੇਤਾ ਵੱਡੇ-ਵਡੇਰਿਆਂ ਦੇ ਸਦਗੁਣਾਂ ਦੀ ਪ੍ਰਸ਼ੰਸਾ ਕਰਦੇ ਹਾਂ, ਉਸੇ ਤਰ੍ਹਾਂ ਖ਼ਰਗੋਸ਼ ਆਪਣੇ ਉਸ ਹਾਰੇ ਹੋਏ ਵਡੇਰੇ ਦੇ ਔਗੁਣ ਦੀ ਨਿੰਦਾ ਕਰਦੇ ਹੋਣਗੇ, ਪਰ ਖ਼ਰਗੋਸ਼ ਅਜਿਹਾ ਕੁਝ ਕਰਦੇ ਦਿਖਾਈ ਨਹੀਂ ਸੀ ਦਿੰਦੇ। ਉਲਟਾ, ਉਹ ਤਾਂ ਇਸ ਕਹਾਣੀ ਨੂੰ ਪੜ੍ਹ ਕੇ, ਸੁਣ ਕੇ ਜਾਂ ਟੀ.ਵੀ. ਵਗ਼ੈਰਾ ‘ਤੇ ਵੇਖ ਕੇ ਕੱਛੂਆਂ ਵਾਂਗ ਹੀ ਖ਼ੁਸ਼ ਹੁੰਦੇ ਸਨ। ਇੰਜ ਕਿਉਂ?

ਕੱਛੂ ਬੱਚਿਆਂ ਦੇ ਮਨ ਵਿਚ ਸਵਾਲ ਉਠਦਾ ਸੀ, ਪਰ ਉਨ੍ਹਾਂ ਨੂੰ ਉਸ ਦਾ ਕੋਈ ਉਤਰ ਨਹੀਂ ਸੀ ਮਿਲਦਾ।

ਉਧਰ ਖ਼ਰਗੋਸ਼ਾਂ ਦੀ ਦੁਨੀਆਂ ਵਿਚ ਵੀ ਬੱਚਿਆਂ ਦੇ ਮਨ ਵਿਚ ਨਵੇਂ ਜ਼ਮਾਨੇ ਅਨੁਸਾਰ ਨਵੇਂ-ਨਵੇਂ ਸਵਾਲ ਉਠਦੇ ਸਨ।

ਇਕ ਦਿਨ ਇਕ ਖ਼ਰਗੋਸ਼ ਮਾਂ ਨੇ ਆਪਣੇ ਖ਼ਰਗੋਸ਼ ਬੱਚੇ ਨੂੰ ਪਹਿਲੀ ਵਾਰੀ ਕੱਛੂ ਤੇ ਖ਼ਰਗੋਸ਼ ਵਾਲੀ ਕਹਾਣੀ ਸੁਣਾਈ, ਤੇ ਬੱਚੇ ਨੇ ਪੁੱਛਿਆ, “ਮਾਂ ਕੱਛੂ ਤਾਂ ਇਸ ਕਹਾਣੀ ਨੂੰ ਸੁਣ ਕੇ ਬੜੇ ਖ਼ੁਸ਼ ਹੁੰਦੇ ਹੋਣਗੇ?”

“ਹਾਂ, ਬੇਟਾ!”

“ਤੇ ਖ਼ਰਗੋਸ਼ਾਂ ਨੂੰ ਸ਼ਰਮ ਆਉਂਦੀ ਹੋਏਗੀ?”

“ਨਹੀਂ, ਬੇਟਾ।”

“ਕਿਉਂ ਮਾਂ?”

“ਇਹ ਭੇਤ ਕਿਸੇ ਕੱਛੂ ਨੂੰ ਨਾ ਦੱਸੀਂ ਪੁੱਤਰ, ਪਰ ਤੂੰ ਜਾਣ ਲੈ ਕਿ ਇਹ ਕਹਾਣੀ ਖ਼ਰਗੋਸ਼ਾਂ ਨੇ ਹੀ ਬਣਾ ਕੇ ਕੱਛੂਆਂ ਵਿਚ ਫੈਲਾਈ ਹੈ।”

“ਕਿਉਂ ਮਾਂ ?”

“ਇਹ ਅਜੇ ਨਾ ਪੁੱਛ, ਵੱਡਾ ਹੋ ਕੇ ਤੂੰ ਖ਼ੁਦ ਹੀ ਸਮਝ ਜਾਏਂਗਾ।”

## *ਮਿੰਨੀ ਕਹਾਣੀਆਂ*

### ਕੋਈ ਮਿਲ ਜਾਵੇ

ਰੋਜ਼ ਵਾਂਗ ਜੈਬਾ ਸ਼ਰਾਬ ਵਿਚ ਟੁੰਨ ਹੋ ਕੇ ਝੂਮਦਾ ਆ ਰਿਹਾ ਸੀ, ਅੰਦਰ ਵੜਦਿਆਂ ਹੀ ਦੇਹਲੀ ਦੀ ਠੋਕਰ ਖਾ ਕੇ ਮੂੰਧੇ ਮੂੰਹ ਡਿੱਗਿਆ। “ਧੜੰਮ” ਦੀ ਅਵਾਜ਼ ਸੁਣ ਕੇ ਸੰਤੀ ਭੱਜੀ ਭੱਜੀ ਆਈ ਤੇ ਜੈਬੇ ਨੂੰ ਸੰਭਾਲਦੀ ਉਚੀ ਅਵਾਜ਼ ਵਿਚ ਬੋਲੀ, “ਅੱਜ ਫਿਰ ਡੱਫ ਆਇਆਂ, ਤੈਨੂੰ ਸ਼ਰਮ ਹੈ ਕਿ ਨਹੀ?”

“ਓ ਸੰ-ਤੀ-ਏ..., ਅੱਜ ਕੋਈ ਮਿਲ ਗਿਆ ਸੀ।”

“ਤੈਨੂੰ ਤਾਂ ਰੋਜ਼ ਹੀ ਕੋਈ ਮਿਲ ਜਾਂਦੈ।”

“ਓ ਨਹੀਂ...ਅੱਜ ਤਾਂ ਕੋਈ ਖਾਸ ਹੀ ਮਿਲ ਗਿਆ ਸੀ।”

ਥੋੜੇ ਜਿਹੇ ਖਿਲਰੇ ਸੌਦਿਆਂ ਨੂੰ ਸੰਭਾਲ ਕੇ ਸੰਤੀ ਬੁੜ-ਬੁੜ ਕਰਦੀ ਅੰਦਰ ਚਲੀ ਗਈ।

ਦੂਸਰੇ ਦਿਨ ਸ਼ਾਮ ਵੇਲੇ ਜਦੋਂ ਜੈਬਾ ਘਰ ਆਇਆ ਤਾਂ ਉਸ ਦੀ ਹਾਲਤ ਰੋਜ਼ ਨਾਲੋਂ ਕਾਫੀ ਖਰਾਬ ਸੀ, ਬਸ ਮਸਾਂ ਹੀ ਤੁਰਦਾ ਸੀ। ਅੱਜ ਉਸ ਦੇ ਪਾਸ ਕੋਈ ਸੌਦਾ-ਪੱਤਾ ਨਹੀਂ ਸੀ। ਸੰਤੀ ਇਹ ਦੇਖ ਕੇ ਅੱਗੇ ਨਾਲੋਂ ਬਹੁਤੀ ਭੜਕੀ, “ਓ ਅੱਜ ਤੂੰ ਸੌਦੇ ਵੀ ਨਹੀਂ ਲਿਆਇਆ।”

“ਕੀ ਕਰਦਾ ਸੰ-ਤੀ-ਏ ਅੱਜ ਕੋਈ ਮਿ-ਲਿ-ਆ ਹੀ ਨਹੀਂ।”

“ਓ ਫਿਰ ਤਾਂ ਚੰਗਾ ਸੀ।”

“ਨ-ਹੀਂ ਅੱ-ਜ...ਮੈਨੂੰ ਕੱਲੇ ਨੂੰ ਪੈਸੇ ਖਰਚਣੇ ਪਏ ਤੇ ਸੌਦਿਆਂ ਵਾਸਤੇ ਪੈਸਾ ਬਚਿਆ ਹੀ ਨਹੀਂ।”

ਦੂਸਰੇ ਦਿਨ ਸਵੇਰੇ ਜਦੋਂ ਜੈਬਾ ਦਿਹਾੜੀ ਲਈ ਘਰੋਂ ਨਿਕਲਿਆ ਤਾਂ ਸੰਤੀ ਮਨ ਹੀ ਮਨ ਕਹਿ ਰਹੀ ਸੀ, ‘ਰੱਬ ਕਰੇ, ਇਹਨੂੰ ਅੱਜ ਕੋਈ ਮਿਲ ਜਾਵੇ।’

### ਇੱਜ਼ਤ

ਸਵੇਰੇ ਮੈਂ ਘਰੋਂ ਸੈਰ ਨੂੰ ਨਿਕਲਿਆ ਤਾਂ ਥੋੜੀ ਜਿਹੀ ਦੂਰ 5-6 ਵਰਿਆਂ ਦਾ ਇਕ ਬੱਚਾ ਰਸਤੇ ਵਿਚ ਮਿੱਟੀ ਵਿਚ ਹੱਥ ਫੇਰੀ ਜਾਂਦਾ ਸੀ। ਮੈਂ ਕੁਝ ਚਿਰ ਉਸ ਨੂੰ ਨਿਹਾਰਦਾ ਰਿਹਾ, ਫਿਰ ਮੈਥੋਂ ਪੁੱਛੇ ਬਿਨਾ ਰਿਹਾ ਨਾ ਗਿਆ, “ਓ ਕਾਕਾ ਕੀ ਲੱਭਦਾ ਪਿਆ ਏਂ, ਕੁਛ ਗੁਆਚ ਗਿਆ ਤੇਰਾ?”

“ਹਾਂ, ਅੰਕਲ ਜੀ।”

“ਕੀ?”

“ਰਾਤੀਂ ਪਾਪਾ ਨਾ, ਮੰਮੀ ਨਾਲ ਲੜਦਾ ਕਹਿ ਰਿਹਾ ਸੀ, ਤੈਂ ਮੇਰੀ ਇਜ਼ਤ ਮਿੱਟੀ ਵਿਚ ਰੋਲ ਦਿੱਤੀ, ਉਸ ਨੂੰ ਭਾਲਦਾ ਪਿਆ ਸੀ ਸ਼ਾਇਦ ਇਥੇ ਹੀ ਮਿੱਟੀ ਵਿਚ ਰੁਲ ਨਾ ਗਈ ਹੋਵੇ।”

*-ਨਾਇਬ ਸਿੰਘ ਸੈਂਪਲੇ*

*ਫੋਨ: 91-98724-05203*

**ਮਾਂ ਦਿਵਸ 'ਤੇ ਵਿਸ਼ੇਸ਼**

# ਮਾਂ ਨੂੰ ਪਹਿਲ

*'ਮਾਂ ਦਿਵਸ' (ਮਦਰ'ਜ਼ ਡੇਅ) ਹਰ ਵਰ੍ਹੇ ਮਈ ਦੇ ਦੂਜੇ ਐਤਵਾਰ ਸੰਸਾਰ ਦੇ ਬਹੁਤ ਸਾਰੇ ਮੁਲਕਾਂ ਵਿਚ ਮਨਾਇਆ ਜਾਂਦਾ ਹੈ। ਇਸ ਵਾਰ ਅਸੀਂ ਆਪਣੇ ਪਾਠਕਾਂ ਲਈ ਬਿਲਕੁਲ ਵੱਖਰੀ ਜਿਹੀ ਰਚਨਾ ਪੇਸ਼ ਕਰ ਰਹੇ ਹਾਂ। ਇਹ ਰਚਨਾ ਮਨਜੀਤ ਕੌਰ ਸੇਖੋਂ ਦੀ ਹੈ ਜਿਸ ਵਿਚ ਉਨ੍ਹਾਂ ਆਪਣੀ ਮਾਂ ਨਾਲ ਗੱਲਾਂ ਕੀਤੀਆਂ ਹਨ। ਇਨ੍ਹਾਂ ਗੱਲਾਂ ਵਿਚ ਔਰਤ ਹੋਣ ਦਾ ਦਰਦ ਸਮੋਇਆ ਪਿਆ ਹੈ। ਇਨ੍ਹਾਂ ਗੱਲਾਂ ਵਿਚੋਂ ਹੀ ਪੰਜਾਬ ਦਾ ਉਹ ਜਗੀਰੂ ਯੁੱਗ ਬੋਲਦਾ ਸੁਣਦਾ ਹੈ ਜਿਸ ਨੇ ਔਰਤ ਨਾਲ ਬਹੁਤ ਵਧੀਕੀਆਂ ਕੀਤੀਆਂ। ਇਸ ਲੇਖ ਵਿਚ ਲੇਖਕਾ ਨੇ ਆਪਣੀ ਮਾਂ ਦੇ ਬਹਾਨੇ ਸ਼ਾਇਦ ਪੂਰੀ ਔਰਤ ਜਾਤ ਦੀਆਂ ਭਾਵਨਾਵਾਂ ਦੀ ਪੂਣੀ ਕੱਤ ਲਈ ਹੈ। -ਸੰਪਾਦਕ*

**ਮਨਜੀਤ ਕੌਰ ਸੇਖੋਂ**
ਫੋਨ: 916-690-2379

ਮਾਂ ਅੱਜ ਆਖ਼ਰੀ ਹਿੱਸਾ ਵੀ ਦੁਨੀਆਂ ਤੋਂ ਟੁਰ ਗਈ ਸੀ। ਮੈਂ ਆਪਣੇ ਹੱਥੀਂ ਉਹਨੂੰ ਵਿਦਾ ਕੀਤਾ। ਮਾਂ ਦਾ ਸਾਰਾ ਜੀਵਨ ਮੇਰੇ ਨੈਣਾਂ ਸਾਹਮਣੇ ਫ਼ਿਲਮ ਵਾਂਗ ਉਧੜ ਰਿਹਾ ਹੈ। ਮਾਂ ਕਿਵੇਂ ਟੁਕੜੇ-ਟੁਕੜੇ ਹੋ ਕੇ ਦੁਨੀਆਂ ਤੋਂ ਗਈ। ਮਾਂ-ਬਾਪ, ਹੁਸਨ ਤੇ ਜਵਾਨੀ-ਆਂਹਦੇ ਨੇ, ਜ਼ਿੰਦਗੀ ਵਿਚ ਇਕੋ ਵਾਰੀ ਮਿਲਦੇ ਨੇ, ਪਰ ਤਾਂ ਵੀ ਮੈਨੂੰ ਸਕੂਨ ਏ... ਚੰਗਾ ਹੋਇਆ ਵਿਚਾਰੀ ਟੁਰ ਗਈ, ਕੋਈ ਹੋਰ ਦੁਖਾਂਤ ਦੇਖਣ ਤੋਂ ਪਹਿਲਾਂ-ਪਹਿਲਾਂ। ਜ਼ਿੰਦਗੀ 'ਚ ਕੀ ਪਤਾ, ਕਿਹੜੇ ਵੇਲੇ ਕੀ ਹੋ ਜਾਣਾ! ਮਾਂ ਨੂੰ ਤਾਂ ਬਿਧ ਮਾਤਾ ਨੇ ਜਿਵੇਂ ਜਨਮ ਵੇਲੇ ਹੀ ਸਰਾਪ ਦੇ ਦਿੱਤਾ ਸੀ ਕਿ ਜ਼ਿੰਦਗੀ ਵਿਚ ਬੱਸ ਭੋਰਾ-ਭੋਰਾ ਮੁੱਕੇਂਗੀ, ਪੋਟਾ-ਪੋਟਾ, ਕਤਰਾ-ਕਤਰਾ। ਹਰ ਵਾਰੀ ਜਦੋਂ ਮਾਂ ਕਿਸੇ ਨਜ਼ਦੀਕੀ ਦੇ ਸਸਕਾਰ ਤੋਂ ਆਉਂਦੀ, ਉਸ ਵੱਲ ਵੇਖ ਕੇ ਮੈਨੂੰ ਜਾਪਦਾ, ਅੱਜ ਮਾਂ ਦਾ ਕੁਝ ਹਿੱਸਾ ਮਰਨ ਵਾਲੇ ਦੇ ਨਾਲ ਹੀ ਮਰ ਗਿਆ। ਤੇ ਇੰਜ ਹੌਲੀ-ਹੌਲੀ ਗਿੱਲੇ ਮੁੱਢ ਵਾਂਗ ਸਾਰੀ ਜ਼ਿੰਦਗੀ ਧੁਖ-ਧੁਖ ਕੇ ਮਾਂ ਵਿਛੋੜੇ ਦੀ ਅੱਗ ਵਿਚ ਸੜਦੀ ਰਹੀ ਤੇ ਸੁੱਕਦੀ ਰਹੀ।

ਮਾਂ ਦੇ ਦੱਸਣ ਮੁਤਾਬਕ ਅੰਞਾਣੀ ਜਿਹੀ ਦਾ ਹੀ ਵਿਆਹ ਹੋ ਗਿਆ ਸੀ। ਤੇਰਾ ਕੁ ਸਾਲ ਦੀ ਸੀ ਜਦੋਂ ਭੂਆ ਆਪਣੇ ਦਿਉਰ ਵਾਸਤੇ ਮੰਗ ਕੇ ਰਿਸ਼ਤਾ ਲੈ ਗਈ ਸੀ। ਆਂਹਦੇ ਨੇ, ਦੇਖਣ ਤਾਂ ਮਾਂ ਦੀ ਵੱਡੀ ਭੈਣ ਨੂੰ ਗਏ ਸੀ ਜੋ ਉਸ ਤੋਂ ਸਾਲ ਕੁ ਵੱਡੀ ਸੀ, ਪਰ ਉਹ ਤਾਂ ਵੀਰ ਵਹੁਟੀ ਜਿਹੀ ਸ਼ਰਮਾਈ ਬੈਠੀ ਸੀ। ਬਾਲੜੀ ਜਿਹੀ ਮਾਂ, ਭੈਣ ਨੂੰ ਵੇਖਣ ਆਏ ਪ੍ਰਾਹੁਣਿਆਂ ਦੇ ਚਾਅ 'ਚ ਤਿਤਲੀ ਵਾਂਗ ਉਡੀ ਫ਼ਿਰਦੀ ਸੀ, ਚਾਹ-ਪਾਣੀ ਤੇ ਮਿਠਾਈ ਦੀ ਸੇਵਾ ਕਰਦੀ। ਤੇ ਫਿਰ ਮਾਂ ਦੀ ਨਣਾਨ ਨੂੰ ਚੁੱਪ ਕੀਤੀ ਬੈਠੀ ਵੀਰ ਵਹੁਟੀ ਵਰਗੀ ਕੁੜੀ ਦੀ ਥਾਂ, ਉਡਦੀ ਫਿਰਦੀ ਤਿਤਲੀ ਪਸੰਦ ਆ ਗਈ, ਤੇ ਉਨ੍ਹਾਂ ਦੀ ਥਾਂ ਛੋਟੀ ਦਾ ਰਿਸ਼ਤਾ ਮੰਗ ਕੇ ਲੈ ਗਿਆ। ਭੂਆ ਆਂਹਦੀ ਸੀ, ਸਾਡਾ ਵੱਡਾ ਘਰ, ਵੱਡੇ ਪੱਧਰ ਦੀ ਖੇਤੀ...ਛੋਟੀ ਉਥੇ ਜ਼ਿਆਦਾ ਕਾਮਯਾਬ ਰਹਿ ਸਕਦੀ ਏ।

ਇੰਜ ਮਾਂ ਦਾ ਭਗਤ ਜਿਹੇ ਪਿਤਾ ਨਾਲ ਵਿਆਹ ਹੋ ਗਿਆ। ਮਾਂ ਬਾਲੜੀ ਸੀ ਤੇ ਸ਼ੁਕੀਨ ਵੀ। ਵਿਆਹ ਬਾਅਦ ਜਦੋਂ ਸਜ-ਸੰਵਰ ਕੇ ਬੈਠੀ ਤਾਂ ਪਿਤਾ ਜੀ ਨੇ ਆਖ ਦਿਤਾ ਕਿ ਉਨ੍ਹਾਂ ਨੂੰ ਸਾਦਗੀ ਪਸੰਦ ਹੈ। ਫਿਰ ਮਾਂ ਨੇ ਸਾਰਾ ਹਾਰ-ਸ਼ਿੰਗਾਰ ਤੇ ਗਹਿਣੇ ਉਤਾਰ ਕੇ ਹਾਲਾਤ ਨਾਲ ਸਮਝੌਤਾ ਕਰ ਲਿਆ। ਇਹ ਸ਼ਾਇਦ ਮਾਂ ਦਾ ਸਮਝੌਤੇ ਦੇ ਮਾਰਗ 'ਤੇ ਤੁਰਨ ਦਾ ਪਹਿਲਾ ਕਦਮ ਸੀ।

ਦਿੱਲੀ-ਅੰਬਾਲੇ ਵਰਗੇ ਵੱਡੇ ਸ਼ਹਿਰਾਂ 'ਚ ਜੰਮੀ-ਪਲੀ ਸਟੇਸ਼ਨ ਮਾਸਟਰ ਦੀ ਧੀ ਦਾ ਵਿਆਹ ਵੱਡੇ ਪੱਧਰ ਦੀ ਖੇਤੀ ਵਾਲਿਆਂ ਦੇ ਹੋ ਗਿਆ ਜਿਨ੍ਹਾਂ ਦੀ ਜ਼ਮੀਨ ਵੀ ਚਾਰ-ਪੰਜ ਪਿੰਡਾਂ ਵਿਚ ਖਿੰਡੀ ਹੋਈ ਸੀ। ਸ਼ਹਿਰਨ ਜਿਹੀ ਮਾਂ ਨੇ ਆਪਣੇ-ਆਪ ਨੂੰ ਉਦਾਂ ਹੀ ਢਾਲ ਲਿਆ। ਮਾਂ ਨੇ ਸਾਰੀ ਜ਼ਿੰਦਗੀ 'ਚ ਇਕੋ ਹੀ ਬਗਾਵਤ ਕੀਤੀ ਸੀ ਜਿਹਦੇ ਲਈ ਉਹ ਸਾਰੀ ਜ਼ਿੰਦਗੀ ਪਛਤਾਉਂਦੀ ਰਹੀ। ਆਖਦੀ ਸੀ, ਉਸ ਦੇ ਪਿਤਾ ਨੇ ਉਹਨੂੰ ਤੇ ਵੱਡੀ ਭੈਣ ਨੂੰ ਸਿੱਧਵਾਂ ਹੋਸਟਲ ਵਿਚ ਪੜ੍ਹਨ ਲਈ ਛੱਡ ਦਿਤਾ ਪਰ ਦੋਹਾਂ ਭੈਣਾਂ ਨੇ ਬਗਾਵਤ ਕਰ ਦਿਤੀ ਕਿ ਉਹ ਪਿਤਾ ਬਿਨਾਂ ਨਹੀਂ ਜੀਅ ਸਕਦੀਆਂ, ਤੇ ਹੋਸਟਲ ਛੱਡ ਕੇ ਆ ਗਈਆਂ। ਮੁੜ ਸਾਰੀ ਜ਼ਿੰਦਗੀ ਮਾਂ ਨੂੰ ਪੜ੍ਹਨ ਦਾ ਪਛਤਾਵਾ ਰਿਹਾ। ਆਂਹਦੀ ਸੀ, ਵਿਆਹ ਬਾਅਦ ਉਹ ਕੁੜੀਆਂ ਦੇ ਹਾਈ ਸਕੂਲ ਦਾਖਲ ਹੋ ਗਈ ਸੀ, ਤੇ ਬਾਹਰਵਾਰ ਦੀ ਸੜਕ ਤੋਂ ਘੁੰਡ ਕੱਢ ਕੇ ਸਕੂਲ ਜਾਂਦੀ ਰਹੀ, ਪਰ ਦਸਵੀਂ ਦਾ ਇਮਤਿਹਾਨ ਨਹੀਂ ਦੇ ਸਕੀ ਸੀ, ਕਿਉਂਕਿ ਉਸ ਦੇ ਵੱਡੇ ਬੇਟੇ ਦਾ ਜਨਮ ਹੋਣਾ ਸੀ। ਉਸ ਤੋਂ ਬਾਅਦ ਉਸ ਨੇ ਤਹੱਈਆ ਕਰ ਲਿਆ ਕਿ ਉਹ ਆਪਣੀਆਂ ਧੀਆਂ ਨੂੰ ਜ਼ਰੂਰ ਪੜ੍ਹਾ-ਲਿਖਾ ਦੇ ਨੌਕਰੀ ਦੇ ਕਾਬਿਲ ਕਰ ਕੇ ਵਿਆਹੇਗੀ।

ਫਿਰ ਪਿਤਾ ਜੀ ਦੇ ਅਫ਼ਰੀਕਾ ਸੈਟਲ ਹੋਣ ਕਰ ਕੇ ਮਾਂ ਨੂੰ ਅਫ਼ਰੀਕਾ ਜਾਣਾ ਪੈ ਗਿਆ। ਵਰ੍ਹਿਆਂ ਦੇ ਵਰ੍ਹੇ ਮਾਂ ਨੇ ਅਫ਼ਰੀਕਾ ਦੀ ਧਰਤੀ 'ਤੇ ਗੁਜ਼ਾਰੇ। ਉਥੇ ਤਿੰਨ ਬੱਚੇ ਪੈਦਾ ਹੋਏ। ਇਹ ਉਹ ਧਰਤੀ ਸੀ ਜਿਥੇ ਮਾਂ ਨੇ ਟਰੈਕਟਰ ਵੀ ਚਲਾਇਆ ਤੇ ਬੰਦੂਕ ਦੀ ਗੋਲੀ ਵੀ। ਕਦੀ-ਕਦੀ ਲਗਦਾ, ਮਾਂ ਦਾ ਮਰਦਾਂ ਵਾਲਾ ਜੇਰਾ ਸੀ। ਇਕ ਦਿਨ ਲੈਂਡਰੋਵਰ ਚਲਾਉਣ ਦੀ ਕੋਸ਼ਿਸ਼ ਕਰਨ ਲੱਗੀ। ਪਿਤਾ ਜੀ ਆਪਣੀ ਛੋਟੀ ਭੈਣ ਕੋਲ ਦਾਰਾਸਲਾਮ ਗਏ ਸਨ। ਸੋਚਿਆ, ਗੱਡੀ ਚਲਾਉਣ ਵੇਲੇ ਬੱਚੇ ਦੌੜ ਕੇ ਅੱਗੇ ਨਾ ਆ ਜਾਣ, ਉਹ ਵੀ ਨਾਲ ਹੀ ਬਿਠਾ ਲਏ ਤੇ ਗੱਡੀ ਸਟਾਰਟ ਕਰ ਲਈ। ਸਰਵੈਂਟ ਕੁਆਰਟਰਜ਼ ਵਿਚੋਂ 'ਬੋਈ' ਦੌੜ ਕੇ ਆਏ 'ਬਾਨਾ' (ਮਾਲਿਕਾ) ਤਾਂ ਘਰ ਨਹੀਂ, ਗੱਡੀ ਕਿਹਨੇ ਚਲਾਈ। ਗੱਡੀ ਸਟਾਰਟ ਤਾਂ ਕਰ ਲਈ, ਬੰਦ ਕਰਨੀ ਨਹੀਂ ਆਈ। ਇੰਨੇ ਨੂੰ ਸਾਮਹਣੇ ਟੋਏ 'ਚ ਜਾ ਡਿੱਗੇ। 'ਬੋਈਜ਼' ਨੇ ਬੜੀ ਮਿਹਨਤ ਨਾਲ ਉਨ੍ਹਾਂ ਨੂੰ ਟੋਏ ਵਿਚੋਂ ਕੱਢਿਆ। ਉਦਾਂ ਮਾਂ ਉਨ੍ਹਾਂ ਨਾਲ ਉਨ੍ਹਾਂ ਦੀ ਬੋਲੀ 'ਸਵਾਹੇਲੀ' ਬੜੀ ਪ੍ਰਬਨੀਤਾ ਨਾਲ ਬੋਲ ਲੈਂਦੀ ਸੀ।

ਮਾਂ ਆਂਹਦੀ ਇਕ ਬੋਈ ਜ਼ਿਦ ਪੈ ਗਿਆ, ਜਦੋਂ ਵੀ ਪਤਾ ਲੱਗਣਾ 'ਬਾਨਾ' (ਮਾਲਕ) ਵਾਂਢੇ ਗਿਆ, ਤਾਂ ਘਰ ਵਿਚੋਂ ਜ਼ਰੂਰ ਲੰਘਣਾ। ਫ਼ਾਰਮ ਹਾਊਸ ਹੋਣ ਕਰ ਕੇ ਖੁੱਲ੍ਹਾ-ਡੁੱਲ੍ਹਾ ਘਰ ਸੀ, ਚਾਰ-ਦੀਵਾਰੀ ਨਹੀਂ ਸੀ। ਮਾਂ ਆਖਦੀ, ਮੈਂ ਬੰਦੂਕ ਲੈ ਕੇ ਹਵਾਈ ਫ਼ਾਇਰ ਕਰ ਦੇਣਾ। ਇੰਜ ਉਹਦੇ 'ਤੇ ਦਹਿਸ਼ਤ ਪੈ ਗਈ ਕਿ ਇਹ ਔਰਤ ਡਰਨ ਵਾਲੀ ਨਹੀਂ। ਫਿਰ ਉਹ ਆਪੇ ਹੀ ਖਹਿੜਾ ਛੱਡ ਗਿਆ।

ਮਾਂ ਜਦੋਂ ਇੰਡੀਆ ਤੋਂ ਵਾਪਸ ਆਈ ਤਾਂ ਪਾਣੀ ਵਾਲੇ ਜਹਾਜ਼ ਵਿਚ ਆਈ ਸੀ। ਲੰਚ ਟਾਈਮ 'ਤੇ ਆਪਣੇ ਬੱਚਿਆਂ ਨੂੰ ਲੈ ਕੇ ਬਾਹਰ ਥੜ੍ਹੇ ਜਿਹੇ 'ਤੇ ਬੈਠੀ ਸੀ ਕਿ ਭੀੜ ਨਿਕਲ ਲਵੇ, ਬਾਅਦ 'ਚ ਆਰਾਮ ਨਾਲ ਬੱਚਿਆਂ ਨੂੰ ਖਾਣਾ ਖਿਲਾ ਲਵੇਗੀ। ਉਹਦੇ ਸਾਹਮਣੇ ਇਕ ਕਾਮਾ ਜਹਾਜ਼ ਨੂੰ ਪੇਂਟ ਕਰ ਰਿਹਾ ਸੀ, ਪੌੜੀ 'ਤੇ ਖੜ੍ਹਾ ਸੀ। ਮਾਂ ਦੇ ਦੇਖਦਿਆਂ ਉਹ ਫਿਸਲ ਕੇ ਡਿੱਗ ਪਿਆ, ਤੇ ਥਾਏਂ ਮਰ ਗਿਆ। ਡਿੱਗਦੇ ਸਾਰ ਉਹਦੇ ਸਿਰ 'ਚ ਲੋਹੇ ਦਾ ਪਾਈਪ ਵੱਜ ਗਿਆ ਸੀ। ਉਹਦੀ ਮੌਤ ਦੀ ਗਵਾਹ ਮਾਂ ਹੀ ਸੀ। ਕਈ ਗੁਜਰਾਤੀ ਅਤੇ ਹੋਰ ਯਾਤਰੂਆਂ ਨੇ ਸਲਾਹ ਦਿਤੀ ਕਿ ਮਾਂ ਗਵਾਹੀ ਨਾ ਦੇਵੇ, ਕਿਉਂ ਰਾਹ ਜਾਂਦੀ ਬਲਾ ਗਲ ਪਾਉਣੀ ਹੈ? ਇਹੋ ਜਿਹੇ ਝਮੇਲੇ ਤੋਂ ਅੱਖਾਂ ਮੀਟੀਆਂ ਚੰਗੀਆਂ ਪਰ ਮਾਂ ਨੇ ਕਿਸੇ ਦੀ ਨਹੀਂ ਸੁਣੀ। ਕਹਿੰਦੀ, ਮੈਂ ਤਾਂ ਜੋ ਦੇਖਿਆ, ਇੰਨ-ਬਿੰਨ ਉਦਾਂ ਹੀ ਦੱਸਾਂਗੀ। ਕੰਮ 'ਤੇ ਮੌਤ ਹੋਈ ਹੈ, ਉਹਦੇ ਬੀਵੀ-ਬੱਚਿਆਂ ਨੂੰ ਕੋਈ ਇਵਜਾਨਾ ਮਿਲ ਜਾਵੇਗਾ। ਫਿਰ ਉਸ ਕਾਮੇ ਦੀ ਲਾਸ਼ ਸਾਡੇ ਸਾਹਮਣੇ ਹੀ ਭਾਰੇ ਜਿਹੇ ਗਦੈਲੇ ਵਿਚ ਲਪੇਟ ਕੇ ਸਮੁੰਦਰ 'ਚ ਪ੍ਰਵਾਹ ਕ ਦਿੱਤੀ ਗਈ। ਤੇ ਇਹ ਗਵਾਹੀ ਵਾਲੀ ਗੱਲ ਮਾਂ ਦੇ ਪਾਸਪੋਰਟ 'ਤੇ ਵੀ ਲਿਖ ਦਿੱਤੀ ਗਈ ਸੀ।

ਮਾਂ ਜਦੋਂ ਇੰਡੀਆ ਆਈ ਤਾਂ ਉਸ ਦੇ ਪਿਤਾ ਦੀ ਮੌਤ ਹੋ ਚੁੱਕੀ ਸੀ। ਰਿਟਾਇਰ ਹੋ ਕੇ ਘਰ ਆਏ ਤਾਂ ਪਹਿਲੀ ਪੈਨਸ਼ਨ ਵੀ ਲੈਣੀ ਨਸੀਬ ਨਾ ਹੋਈ। ਵਰ੍ਹਿਆਂ ਤੋਂ ਵਿਛੜੀ ਮਾਂ ਦਾ ਬਾਪ ਨਾਲ ਮੇਲ ਨਾ ਹੋ ਸਕਿਆ। ਮਾਂ ਪੇਕਿਆਂ ਦੀਆਂ ਬਰੂਹਾਂ 'ਤੇ ਜਾ ਧਾਹੀਂ ਰੋਂਦੀ, ਜਿਵੇਂ ਮਾਂ ਦਾ ਕੁਝ ਹਿੱਸਾ ਉਸ ਦੇ ਬਾਪ ਦੀ ਮੌਤ ਸੁਣ ਕੇ ਮੁੱਕ ਗਿਆ ਸੀ। ਮਾਂ ਹੁਣ ਪਰਿਵਾਰ ਸਣੇ ਇੰਡੀਆ ਸੈਟ ਹੋ ਗਈ। ਪਾਸਪੋਰਟ ਤਾਂ ਸਭ ਨੂੰ ਬ੍ਰਿਟਿਸ਼ ਮਿਲੇ ਸਨ, ਨਾਲ ਦੇ ਸਭ ਸੰਗੀ-ਸਾਥੀ ਇੰਗਲੈਂਡ ਜਾ ਕੇ ਸੈਟਲ ਹੋ ਗਏ ਸਨ। ਮਾਂ ਨੂੰ ਵੀ ਅੰਦਰੋਂ ਇੰਗਲੈਂਡ ਜਾਣ ਦਾ ਸ਼ੌਕ ਸੀ, ਪਰ ਪਿਤਾ ਨੇ ਹਾਮੀ ਨਹੀਂ ਭਰੀ। ਕਹਿੰਦੇ ਲੋਕ ਉਥੇ ਬੀਫ਼ ਖਾਂਦੇ ਨੇ, ਬੱਚੇ ਮੀਟ ਖਾਣ ਲੱਗ ਜਾਣਗੇ। ਇਉਂ ਮਾਂ ਨੇ ਇਕ ਸਮਝੌਤਾ ਹੋਰ ਕਰ ਲਿਆ।

ਫਿਰ ਮਾਂ ਭਈਆਂ, ਦਿਹਾੜੀਦਾਰਾਂ ਦੀਆਂ ਰੋਟੀਆ ਦੇ ਪੂਰਾਂ ਦੇ ਪੂਰ ਪਕਾਉਂਦੀ ਰਹੀ, ਕਦੀ ਤਲਖੀ 'ਚ ਨਹੀਂ ਆਈ। ਉਂਜ ਮਜ਼ਾਜਣ ਬੜੀ ਸੀ, ਬਹੁਤਾ ਨਾ ਕਿਸੇ ਦੇ ਘਰ ਜਾਂਦੀ ਸੀ ਤੇ ਨਾ ਕਿਸੇ ਰਿਸ਼ਤੇਦਾਰੀ ਵਿਚ। ਪੇਕਿਆਂ ਦੇ ਘਰ ਵੀ ਕਦੀ-ਕਦੀ ਇਕ-ਅੱਧ ਰਾਤ ਜਾਂਦੀ। ਕਿਲ੍ਹੇ ਵਰਗੀ ਹਵੇਲੀ ਸੀ ਜਿਹਦੇ 'ਚ ਧੁੱਪ ਹੀ ਕਰਮਾਂ ਨਾਲ ਆਉਂਦੀ ਸੀ। ਉਚੀਆਂ-ਉਚੀਆਂ ਕੰਧਾਂ, ਉਚੀਆਂ ਛੱਤਾਂ। ਅੰਦਰ ਠੰਢੇ ਪਾਣੀ ਦੀ ਖੂਹੀ ਸੀ। ਪਿੰਡਾਂ 'ਚ ਬਿਜਲੀ ਤਾਂ ਬਹੁਤੀ ਵਾਰੀ ਗਈ ਹੁੰਦੀ। ਆਢਣਾਂ-ਗੁਆਢਣਾਂ ਠੰਢੇ ਪਾਣੀ ਦੇ ਬਹਾਨੇ ਆ ਕੇ ਬਹਿ ਜਾਂਦੀਆਂ। ਹਵੇਲੀਨੁਮਾ ਘਰ ਵੀ ਠੰਢਾ ਹੁੰਦਾ, ਆ ਕੇ ਸਾਹ ਲੈਂਦੀਆਂ ਤੇ ਗੱਲਾਂ-ਬਾਤਾਂ ਕਰ ਲੈਂਦੀਆਂ। ਕਈ ਸੱਸਾਂ ਦੇ ਰਾਜ਼, ਕਈ ਨੂੰਹਾਂ ਦੇ ਦੁੱਖ-ਸੁੱਖ ਉਹਨੇ ਆਪਣੇ ਅੰਦਰ ਸਮੋਏ ਹੋਏ ਸੀ। ਮਾਂ ਦੀ ਭੂਆ ਦਾ ਪੁੱਤਰ ਕਦੀ-ਕਦਾਈਂ ਪੀ ਲੈਂਦਾ, ਤੇ ਜਦੋਂ ਵੀ ਆ ਕੇ ਭੈਣ ਕੋਲੋਂ ਥੋੜ੍ਹੇ-ਬਹੁਤ ਪੈਸੇ ਮੰਗਦਾ, ਮਾਂ ਕਦੀ ਨਾਂਹ ਨਾ ਕਰਦੀ; ਹੌਲੀ ਕੁ ਦੇਣੇ ਸਭ ਦੀ ਅੱਖ ਬਚਾ ਕੇ ਦੇ ਜਾਂਦੀ।

ਮਾਂ ਦਿਲ ਦਰਿਆ ਵੀ ਬੜੀ ਸੀ, ਪਰ ਉਸੇ ਵਕਤ ਕਿਫ਼ਾਇਤੀ ਵੀ ਸੀ। ਘਰ ਆਏ ਮਹਿਮਾਨ ਨੂੰ ਰੱਬ ਵਰਗਾ ਸਮਝ ਕੇ ਸੇਵਾ ਕਰਦੀ। ਨੌਕਰਾਂ-ਚਾਕਰਾਂ, ਸਾਂਝੀਆਂ ਨੂੰ ਵਧੀਆ ਰੋਟੀ-ਪਾਣੀ ਦਿੰਦੀ, ਪਰ ਜਦੋਂ ਸਬਜ਼ੀ ਕੱਟਣ ਬੈਠਦੀ, ਤਾਂ ਆਲੂ ਦਾ ਛਿਲਕਾ ਇੰਨਾ ਪਤਲਾ ਉਤਾਰਦੀ ਕਿ ਆਲੂ ਦਾ ਭੋਰਾ ਨਾਲ ਨਾ ਚਲਾ ਜਾਵੇ। ਇਸੇ ਲਈ ਕਿਸੇ ਤੋਂ ਕਰਵਾਇਆ ਕੰਮ ਪਸੰਦ ਨਹੀਂ ਆਉਂਦਾ, ਕਿਉਂਕਿ ਅਸੀਂ ਇੰਨੀ ਬਰੀਕੀ ਨਾਲ ਨਹੀਂ ਸੀ ਕਰਦੇ। ਕੱਪੜੇ ਧੋਣ ਲਈ ਕੁੜੀ ਰੱਖੀ, ਪਰ ਉਹਨੂੰ ਲੱਗਦਾ ਰਹਿੰਦਾ ਸੀ, ਉਹ ਸਾਬਣ ਜ਼ਿਆਦਾ ਘਿਸਾਉਂਦੀ ਏ। ਉਹਦੇ ਕੱਪੜੇ ਧੋਂਦੀ ਦੇ ਸਿਰ 'ਤੇ ਖੜ੍ਹੀ ਰਹਿੰਦੀ।

ਮਾਂ ਦੇ ਘਰ ਸਮਾਲ ਸੇਵਿੰਗ ਵਾਲਿਆਂ ਦਾ ਦਫ਼ਤਰ ਸੀ। ਮਹੀਨੇ ਵਿਚ ਇਕ ਦਿਨ ਕਲਰਕ ਕੁੜੀਆਂ ਲੁਧਿਆਣੇ ਤੋਂ ਆਉਂਦੀਆਂ ਤੇ ਬੈਂਕ ਲਾਉਂਦੀਆਂ। ਪਿੰਡ ਦੀਆਂ ਤ੍ਰੀਮਤਾਂ ਦਾ ਓਦਣ ਘਰ ਵਿਚ ਤਾਂਤਾ ਲੱਗਿਆ ਰਹਿੰਦਾ। ਦਸ-ਵੀਹ ਰੁਪਏ ਜਮ੍ਹਾਂ ਕਰਵਾਉਣ/ਕਢਵਾਉਣ ਵਾਲੀਆਂ ਦੀ ਰੌਣਕ ਲੱਗੀ ਰਹਿੰਦੀ। ਮਾਂ ਸਾਰਾ ਦਿਨ ਦੂਰੋਂ-ਨੇੜਿਉਂ ਆਈਆਂ ਦੀ ਚਾਹ, ਰੋਟੀ-ਪਾਣੀ ਨਾਲ ਵਿਤ ਮੂਜਬ ਸੇਵਾ ਕਰਦੀ ਰਹਿੰਦੀ। ਸਿਲਾਈ ਸੈਂਟਰ ਵਾਲੀਆਂ ਦਾ ਬਸਤਾ ਵੀ ਮਾਂ ਦੇ ਘਰ ਸੀ। ਹਰ ਮਹੀਨੇ ਉਹ ਵੀ ਆ ਕੇ ਕਾਗ਼ਜ਼ੀ ਕਾਰਵਾਈ ਕਰਦੀਆਂ ਰਹਿੰਦੀਆਂ।

ਸੱਤਰਵਿਆਂ ਦੇ ਪਹਿਲੇ ਅੱਧ ਵਿਚ ਪੰਜਾਬ ਸਟੂਡੈਂਟਸ ਯੂਨੀਅਨ ਦੀਆਂ ਸਰਗਰਮੀਆਂ ਜ਼ੋਰਾਂ 'ਤੇ ਸਨ। ਨੈਕਸਲਾਈਟ ਲਹਿਰ ਦਾ ਵੀ ਜ਼ੋਰ ਸੀ। ਇਕ ਦਿਨ ਮਾਂ ਦਾ ਪੁੱਤਰ ਸਰਕਾਰ ਵਲੋਂ ਜ਼ਬਤ ਕੀਤੇ ਮੈਗਜ਼ੀਨ 'ਹੇਮ ਜਯੋਤੀ' ਦੀਆਂ ਕਾਪੀਆਂ ਲਈ ਜਾਂਦਾ ਪੁਲਿਸ ਦੇ ਅੜਿੱਕੇ ਚੜ੍ਹ ਗਿਆ। ਉਦੋਂ ਹੀ ਪੰਜਾਬ ਪੁਲਿਸ ਵਲੋਂ ਮੋਗੇ ਦੇ ਦੋ ਮੁੰਡੇ ਮਾਰੇ ਜਾਣ 'ਤੇ ਦੀਵਾਲੀ ਦੀ ਰਾਤ ਸਾਰੇ ਪਿੰਡ ਦੇ ਦੀਵੇ ਬੁਝਾ ਆਇਆ। ਮਸਾਣਾਂ, ਗੁਰਦੁਆਰਿਆਂ 'ਚ ਜਾ ਕੇ ਵੀ ਦੀਵੇ ਬੁਝਾ ਦਿਤੇ। ਆਂਹਦਾ, ਜਿਥੇ ਹਰਜੀਤ, ਜਗਤਾਰ ਦੀਵੇ ਬੁਝ ਗਏ ਤਾਂ ਦੀਵਾਲੀ ਦੇ ਕੀ ਅਰਥ? ਕੁਝ ਦੇਰ ਬਾਅਦ ਮਾਂ ਦਾ ਇਹ ਪੁੱਤਰ ਅਣਹੋਣੀ ਮੌਤ ਮਰ ਗਿਆ, ਤਾਂ ਇਕ ਹਿੱਸਾ ਮਾਂ ਹੋਰ ਮਰ ਗਈ। ਸਾਲ ਭਰ ਗੁਰਮੀਤ ਦੇ ਕਮਰੇ ਦਾ ਦਰਵਾਜ਼ਾ ਖੜਕਾ ਕੇ ਕਾਲਜ ਜਾਣ ਲਈ ਜਗਾਉਂਦੀ ਰਹੀ, ਤੇ ਧਾਹੀਂ ਰੋਂਦੀ ਰਹੀ।

ਹੌਲੀ-ਹੌਲੀ ਮਾਂ ਨੇ ਹਾਲਾਤ ਨਾਲ ਰਾਜ਼ੀਨਾਮਾ ਕਰ ਲਿਆ, ਪਰ ਇਕ ਗੰਢ ਉਹਦੇ ਦਿਲ ਵਿਚ ਬਣੀ ਰਹੀ ਕਿ ਉਹ ਪੜ੍ਹ ਕੇ ਨੌਕਰੀ ਕਿਉਂ ਨਾ ਲੱਗੀ। ਇਕ ਦਿਨ ਮਾਂ ਚੁੱਪ-ਚਾਪ 'ਪ੍ਰੇਮਜੀਤ ਮੈਮੋਰੀਅਲ ਹਸਪਤਾਲ' ਸੁਧਾਰ ਵਿਖੇ 'ਮਿੱਡ ਵਾਇਫਰੀ' ਦੀ ਟ੍ਰੇਨਿੰਗ ਲੈਣ ਚਲੀ ਗਈ। ਪਤਾ ਲੱਗਾ ਤਾਂ ਬੱਚਿਆਂ ਨੇ ਮਾਂ ਨਾਲ ਮੋਰਚਾ ਲਾ ਲਿਆ ਕਿ ਅਸੀਂ ਨਾ ਤੁਹਾਨੂੰ ਟ੍ਰੇਨਿੰਗ ਕਰਨ ਦੇਣੀ ਹੈ, ਤੇ ਨਾ ਨੌਕਰੀ। ਮਾਂ ਫੇਰ ਚੁੱਪ-ਚਾਪ ਮਨ ਨੂੰ ਸਮਝਾ ਕੇ ਬੈਠ ਗਈ। ਆਂਹਦੇ, ਟੇਲਰ ਮਾਸਟਰ ਤਾਂ ਭੂਆ ਜੀ ਨੂੰ ਘਰ ਸਿਲਾਈ ਸਿਖਾਉਣ ਆਉਂਦਾ। ਉਨ੍ਹਾਂ ਨੂੰ ਤਾਂ ਸਿਲਾਈ ਆਈ ਨਾ, ਮਾਂ ਨੇ ਨੇੜੇ ਫਿਰਦੀ ਨੇ ਦੇਖ-ਦੇਖ ਕੇ ਸਿੱਖ ਲਈ ਸੀ। ਸਾਰੀ ਉਮਰ ਪਰਿਵਾਰ ਨੇ ਮਾਂ ਦੇ ਸਿਲਾਈ ਕੀਤੇ ਕੱਪੜੇ ਪਾਏ। ਪਿਤਾ ਜੀ ਦੀਆਂ ਪੈਂਟਾਂ ਵੀ ਮਾਂ ਨੇ ਸਿਲਾਈ ਕੀਤੀਆਂ ਹੁੰਦੀਆਂ। ਬੱਚਿਆਂ ਦੀਆਂ ਫਰਾਕਾਂ ਇੰਨੇ ਸੋਹਣੇ ਫੁੱਲ, ਝਾਲਰਾਂ ਲਾ ਕੇ ਬਣਾਉਂਦੀ। ਵੱਡੇ ਭੈਣ ਜੀ ਦੀਆਂ ਸਹੇਲੀਆਂ ਪੁੱਛਦੀਆਂ, ਤੁਸੀਂ ਫਰਾਕਾਂ ਕਿਹੜੇ ਗਾਰਮੈਂਟਸ ਸਟੋਰ ਤੋਂ ਖਰੀਦਦੇ ਹੋ? ਮਠਿਆਈਆਂ, ਨਮਕੀਨ ਸਭ ਘਰ ਬਣਾ ਲੈਂਦੀ। ਅਫ਼ਰੀਕਾ 'ਚ ਗੁਜਰਾਤੀਆਂ ਦੇ ਗੁਆਂਢ ਰਹੀ ਹੋਣ ਕਰ ਕੇ ਗੁਜਰਾਤੀ ਖਾਣੇ ਵੀ ਬਣਾ ਲੈਂਦੀ। ਗੁਜਰਾਤੀ ਬੋਲ ਵੀ ਬੜੀ ਸੋਹਣੀ ਲੈਂਦੀ।

ਫਿਰ ਮਾਂ ਦਾ ਇਕੋ ਇਕ ਭਰਾ 35-40 ਸਾਲ ਦੀ ਉਮਰ ਵਿਚ ਤੁਰ ਗਿਆ। ਲੁਧਿਆਣੇ ਆਪਣੇ ਬਿਮਾਰ ਥਾਣੇਦਾਰ ਚਾਚਾ ਜੀ ਦੀ ਸੇਵਾ ਵਾਸਤੇ ਗਿਆ, ਪਰ ਉਨ੍ਹਾਂ ਤੋਂ ਪਹਿਲਾਂ ਦਿਲ ਦੇ ਦੌਰੇ ਨਾਲ ਆਪ ਹੀ ਦੋ ਬਾਲੜੀਆਂ ਛੱਡ ਕੇ ਟੁਰ ਗਿਆ। ਮਾਂ ਲਈ ਪੇਕਿਆਂ ਦੀਆਂ ਜੂਹਾਂ ਸੁੰਨੀਆਂ ਹੋ ਗਈਆਂ। ਭਾਈ ਦਾ ਸਸਕਾਰ ਕਰ ਕੇ ਆਈ ਮਾਂ ਇਕ ਹਿੱਸਾ ਹੋਰ ਮਰ ਗਈ। ਹੁਣ ਤਾਂ ਮਾਂ ਦੇ ਮੂੰਹ ਤੋਂ ਰੌਣਕਾਂ ਹੀ ਉਡ ਗਈਆਂ। ਕਾਫ਼ੀ ਉਦਾਸ ਰਹਿਣ ਲੱਗੀ, ਪਰ ਦੜ ਵੱਟ ਕੇ ਗ੍ਰਹਿਸਥੀ ਦੇ ਫ਼ਰਜ਼ ਨਿਭਾਈ ਗਈ।

ਮਾਂ ਦੀਆਂ ਦੋ ਧੀਆਂ ਤਾਂ ਸਹੁਰੇ ਚਲੇ ਗਈਆਂ ਸਨ, ਤੀਜੀ ਦਾ ਵਿਆਹ ਧਰਿਆ ਹੋਇਆ ਸੀ ਤਾਂ ਬੜੇ ਚਾਅ ਨਾਲ ਕਹਿੰਦੀ, "ਐਤਕੀਂ ਧੀ-ਜੁਆਈ ਨੂੰ ਸ਼ਗਨ ਦੇਣ ਵੇਲੇ ਮੈਂ ਗੋਟੇ ਵਾਲੀ ਗੁਲਾਬੀ ਚੁੰਨੀ ਲੈਣੀ ਹੈ।" ਭਗਤ ਜਿਹੇ ਪਿਤਾ ਨਾਲ ਸ਼ਾਦੀ ਹੋਣ ਕਰ ਕੇ ਜੁਰਅਤ ਉਹਦੇ ਬੋਲਾਂ ਵਿਚ ਆ ਹੀ ਗਈ। ਕਿਸੇ ਨੇ ਵੀ ਉਸ ਦੀ ਜੁਰਅਤ ਦਾ ਵਿਰੋਧ ਨਾ ਕੀਤਾ। ਉਸ ਚੁੰਨੀ ਤਿਆਰ ਕਰ ਲਈ।

ਬੇਟੀ ਦੀਆਂ ਲਾਵਾਂ ਤੋਂ ਤਿੰਨ ਕੁ ਦਿਨ ਪਹਿਲਾਂ ਉਹਦਾ ਭਗਤ ਜਿਹਾ ਸਿਰ ਦਾ ਸਾਈਂ ਤੁਰ ਗਿਆ। ਪਿਤਾ ਦੇ ਸਸਕਾਰ 'ਤੇ ਗਈ ਮਾਂ ਸਿਵਿਆਂ ਵਿਚ ਆਪਣਾ ਕੁੱਝ ਹਿੱਸਾ ਸਤੀ ਕਰ ਆਈ। ਵਿਆਹ ਤਾਂ ਫਿਰ ਵੀ ਕੀਤਾ ਗਿਆ, ਪਰ ਦਲੇਰ ਮਾਂ ਨੇ ਧੀ ਦੇ ਸਾਹਮਣੇ ਅੱਖ ਨਹੀਂ ਭਰੀ। ਆਂਹਦੀ, ਮੇਰੀ ਧੀ ਦੀ ਬਦਸ਼ਗਨੀ ਨਾ ਹੋਵੇ, ਪਰ ਮਾਂ ਦੀ ਚੁੰਨੀ ਦਾ ਰੰਗ ਬਦਲ ਗਿਆ। ਮਾਂ ਚਿੱਟੀ ਚੁੰਨੀ ਲੈ ਕੇ ਦੂਰ ਖੜ੍ਹੀ ਆਪਣੀ ਧੀ ਦਾ ਸ਼ਗਨ ਵੇਂਹਦੀ ਰਹੀ, ਤੇ ਗੁਆਂਢਣ ਮਾਸੀ ਨੇ ਸ਼ਗਨ ਦੀ ਰਸਮ ਕੀਤੀ, ਕਿਉਂਕਿ ਇਹ ਰਸਮ ਸੁਹਾਗਣਾਂ ਕਰਦੀਆਂ ਨੇ। ਮੇਰੇ ਦਿਲ ਵਿਚੋਂ ਦੁਆ ਉਠੀ-ਰੱਬਾ! ਦੁਨੀਆਂ ਭਰ ਦੀਆਂ ਔਰਤਾਂ ਪਹਿਲਾਂ ਟੁਰ ਜਾਇਆ ਕਰਨ, ਕਿਉਂਕਿ ਮਰਦ ਨੂੰ ਵਿਆਹ ਦੀਆਂ ਰਸਮਾਂ ਕਰਨ 'ਚ ਸਮਾਜ ਵਲੋਂ ਕੋਈ ਬੰਧਨ ਨਹੀਂ ਹੁੰਦਾ।

ਫਿਰ ਧੀ ਦੇ ਸੱਦੇ 'ਤੇ ਮਾਂ ਕੈਨੇਡਾ ਆ ਗਈ। ਬਿਨਾਂ ਕਿਸੇ ਸ਼ਿਕਾਇਤ ਦੇ ਬੇਸਮੈਂਟ ਵਿਚ ਰਹਿਣਾ ਪਿਆ, ਉਥੇ ਰਹਿ ਲਈ। ਅਮਰੀਕਾ ਵਾਲੀ ਧੀ ਨੇ ਬੱਚਿਆਂ ਕਰ ਕੇ ਅਮਰੀਕਾ ਸੱਦ ਲਿਆ, ਉਥੇ ਟੁਰ ਗਈ। ਜਾਬ ਕਰਨ ਦਾ ਸ਼ੌਕ ਅਧੂਰਾ ਹੀ ਰਿਹਾ, ਕਿਉਂਕਿ ਹੁਣ ਸਿਹਤ ਵੱਲ ਨਹੀਂ ਸੀ ਰਹਿੰਦੀ। ਮਾਂ ਦੀ ਇੰਡੀਆ ਵਾਲੀ ਨੂੰਹ ਬਿਮਾਰ ਹੋ ਗਈ। ਡਾਕਟਰ ਤੋਂ ਸਰਜਰੀ ਵੇਲੇ ਕੋਈ ਗਲਤੀ ਹੋ ਗਈ, ਤੇ ਵਿਚਾਰੀ ਡੇਢ ਮਹੀਨਾ ਹਸਪਤਾਲ ਪੈ ਕੇ ਟੁਰ ਗਈ। ਮਾਂ ਤੋਂ ਇਹ ਗੱਲ ਛੁਪਾ ਲਈ ਗਈ, ਤੇ ਬਿਮਾਰ ਦਾ ਬਹਾਨਾ ਲਾ ਕੇ ਹੀ ਜਵਾਈ ਇੰਡੀਆ ਲੈ ਗਿਆ। ਇੰਡੀਆ ਘਰ ਪਹੁੰਚ ਕੇ ਮਾਂ ਵਾਰ-ਵਾਰ ਕਹੀ ਜਾਵੇ, ਚਲੋ ਪਹਿਲਾਂ ਹਸਪਤਾਲ ਜਸਵੀਰ ਨੂੰ ਮਿਲ ਆਈਏ, ਚਾਹ ਆ ਕੇ ਪੀ ਲਵਾਂਗੇ। ਉਹਨੂੰ ਕੀ ਪਤਾ ਸੀ ਕਿ ਨੂੰਹ ਰਾਣੀ ਦੀ ਤਾਂ ਮਿੱਟੀ ਵੀ ਮਾਂ ਦੇ ਦਰਸ਼ਨਾਂ ਲਈ ਨਹੀਂ ਸਾਂਭੀ ਜਾ ਸਕੀ। ਆਖ਼ਰ ਮਾਂ ਨੂੰ ਦੱਸਣਾ ਤਾਂ ਪੈਣਾ ਸੀ। ਇਹ ਖ਼ਬਰ ਸੁਣ ਕੇ ਮਾਂ ਇਕ ਹਿੱਸਾ ਹੋਰ ਮਰ ਗਈ। ਮੁਰਦਾ ਲਾਸ਼ ਵਾਂਗ ਹੀ ਉਹ ਨੂੰਹ ਦੀ ਅੰਤਮ ਅਰਦਾਸ ਵਿਚ ਸ਼ਾਮਲ ਹੋਈ। ਉਦੋਂ ਹੀ ਉਹਨੂੰ ਪਾਰਕਿਨਸਨ ਦੀ ਨਾਮੁਰਾਦ ਬੀਮਾਰੀ ਨੇ ਘੇਰ ਲਿਆ। ਉਸ ਬਾਅਦ ਇਹੀ ਵਿਰਾਗ ਕਰਦੀ ਰਹੀ, ਜੇ ਮੈਂ ਉਹ ਦੇ ਜਿਉਂਦੀ ਜਿਉਂਦੀ ਉਹਦੇ ਕੋਲ ਚਲੀ ਜਾਂਦੀ, ਤਾਂ ਉਹਨੇ ਨਹੀਂ ਮਰਨਾ ਸੀ। ਆਪਣੇ ਪੁੱਤਰ ਦੀ ਜਵਾਨ ਉਮਰ ਵੱਲ ਵੇਖ ਕੇ ਉਹਦਾ ਹਾਉਕਾ ਨਿਕਲ ਜਾਂਦਾ। ਉਹਦੇ ਜਵਾਨ ਹੋ ਰਹੇ ਬੱਚਿਆਂ ਵੱਲ ਵੇਖ ਕੇ ਸਬਰ ਦਾ ਘੁੱਟ ਭਰ ਲੈਂਦੀ।

ਫਿਰ ਮਾਂ ਕੈਨੇਡਾ ਵਾਪਸ ਆਈ ਤਾਂ ਬੱਚਿਆਂ ਲਈ ਅਰਦਾਸ ਕਰਦੀ ਕਿ ਕਿਵੇਂ ਨਾ ਕਿਵੇਂ ਕੈਨੇਡਾ ਆ ਜਾਣ। ਫਿਰ ਰੱਬ ਨੇ ਉਹਦੀ ਖਾਮੋਸ਼ ਦੁਆ ਨੇੜੇ ਹੋ ਕੇ ਸੁਣ ਲਈ, ਤੇ ਦੋਵੇਂ ਬੱਚੇ ਕੈਨੇਡਾ ਆ ਕੇ ਸੈਟਲ ਹੋ ਗਏ। ਮਾਂ ਰਹਿੰਦੀ ਤਾਂ ਛੋਟੀ ਨੂੰਹ ਨਾਲ ਸੀ, ਪਰ ਗੱਲਾਂ ਵੱਡੀ ਦੀਆਂ ਕਰਦੀ ਰਹਿੰਦੀ। ਉਸ ਬਾਅਦ ਮਾਂ ਤਾਂ ਜਾਣੀ ਆਪਣੇ ਬੀਤੇ 'ਚ ਹੀ ਜਿਉਂਦੀ ਰਹੀ। ਟੁਰ ਗਈਆਂ ਦਾ ਕੋਈ ਕਾਲਪਨਿਕ ਚਿੱਤਰ ਸਿਰਜ ਲੈਂਦੀ, ਤੇ ਉਨ੍ਹਾਂ ਨਾਲ ਜਿਉਣ ਦੀ ਕੋਸ਼ਿਸ਼ ਕਰਦੀ ਰਹਿੰਦੀ। ਕੋਈ ਮਿਲਣ ਜਾਂਦਾ ਤਾਂ ਉਹਦਾ ਢੇਰ ਸਾਰੀਆਂ ਗੱਲਾਂ ਕਰਨ ਦਾ ਜੀਅ ਕਰਦਾ। ਮਾਂ ਦੀਆਂ ਤਾਂ ਗੱਲਾਂ ਵੀ ਕਹਾਣੀਆਂ ਵਾਂਗ ਹੁੰਦੀਆਂ ਸਨ। ਬੱਸ, ਲਿਖਤ ਵਿਚ ਹੀ ਨਹੀਂ ਸਨ। ਇਕ ਵਾਰੀ ਅਮਰੀਕਾ ਆਈ ਨੇ (88-89) ਦੇ ਪੰਜਾਬ ਦੇ ਹਾਲਾਤ ਦੀਅ ਗੱਲਾਂ ਸੁਣਾਈਆਂ, ਤੇ ਸਾਡੇ ਗਰਾਂ 'ਚ ਹੋਏ ਨੌਜਵਾਨ 'ਚੰਡੀ' ਅਤੇ ਪੁਲਿਸ ਮੁਕਾਬਲੇ ਦਾ ਬਿਰਤਾਂਤ ਉਸ ਨੇ ਇੰਜ ਸੁਣਾਇਆ, ਜਿਵੇਂ ਅੱਖੀਂ ਹੀ ਦੇਖ ਲਿਆ। ਦ੍ਰਿਸ਼ ਵਰਣਨ 'ਚ ਬੜੀ ਮਾਹਿਰ ਸੀ। ਅੱਜ ਤੱਕ ਕਈ ਵਾਰੀ ਮੈਨੂੰ ਇਹ ਵਖਰੇਵਾਂ ਨਹੀਂ ਕਰ ਹੁੰਦਾ ਕਿ ਉਹ ਦ੍ਰਿਸ਼ ਮੈਂ ਅੱਖੀਂ ਦੇਖਿਆ ਸੀ, ਜਾਂ ਮਾਂ ਤੋਂ ਸੁਣਿਆ ਸੀ।

ਸ਼ਾਇਦ ਆਲੋਚਕ ਨਹੀਂ ਜਾਣਦੇ, ਮਾਂ ਨੇ ਕਹਾਣੀ ਦੀ ਜੰਮਣ-ਘੁੱਟੀ ਦਿੱਤੀ ਸੀ। ਉਹ ਆਖਦੇ ਨੇ, ਨਵੀਂ ਕਹਾਣੀਕਾਰ ਹੈ। ਮਾਂ, ਇਹ ਤੇਰੀ ਦੇਣ ਏ, ਤੂੰ ਹੱਥ ਕਲਮ ਫੜਾ ਗਈ ਏਂ!

ਅੱਜ ਮੇਰੀ ਕਲਮ ਦੀ ਪ੍ਰੇਰਨਾ ਸ੍ਰੋਤ ਮਾਂ, ਆਖਰੀ ਹਿੱਸਾ ਵੀ ਟੁਰ ਗਈ। ਚੌਦਾਂ ਮੁਲਕਾਂ ਦੀ ਧਰਤੀ 'ਤੇ ਪੈਰ ਟਿਕਾਉਣ ਵਾਲੀ ਮਾਂ ਅੱਜ ਲੱਕੜੀ ਦੇ ਬਕਸੇ ਵਿਚ ਸਿਮਟ ਕੇ ਟੁਰ ਗਈ ਏ। ਅੱਜ ਮਾਂ ਜਦੋਂ ਤੇਰਾ ਜਨਾਜਾ ਚੈਪਲ ਵਿਚੋਂ ਫਿਊਨਲ ਹੋਮ ਵੱਲ ਗਿਆ, ਤਾਂ ਚੈਪਲ ਵਾਲੇ ਗੋਰੇ ਨੇ ਇਕ ਪਾਸੇ ਹੱਥ ਦੇ ਕੇ ਸ਼ਹਿਰ ਦਾ ਟ੍ਰੈਫ਼ਿਕ ਰੋਕ ਰੱਖਿਆ ਸੀ ਤਾਂ ਜੁ ਸਭ ਤੋਂ ਮੂਹਰੇ ਮਾਂ ਵਾਲੀ ਲਿਮੋਜ਼ੀਨ ਵਰਗੀ ਕਾਰ ਅਤੇ ਦੁੱਖ 'ਚ ਸ਼ਰੀਕ ਪਰਿਵਾਰਾਂ ਦੀ ਲੰਬੀ ਕਤਾਰ ਪਹਿਲਾਂ ਜਾ ਸਕੇ। ਅੱਜ ਮਾਂ ਤੇਰੇ ਲਈ ਬਿਗਾਨੇ ਦੇਸ਼ ਦਾ ਟ੍ਰੈਫਿਕ ਵੀ ਰੁਕ ਗਿਆ। ਜ਼ਿੰਦਗੀ 'ਚ ਸਦਾ ਦੂਜਿਆਂ ਨੂੰ ਪਹਿਲ ਦਿੰਦੀ ਮਾਂ ਨੂੰ ਅੱਜ ਪਹਿਲੀ ਵਾਰੀ 'ਪਹਿਲ' ਮਿਲ ਰਹੀ ਸੀ।

## ਹੈਪੀ ਹੈਪੀ ਮਦਰ'ਜ਼ ਡੇਅ

ਰੱਬਾ ਜੁਗ-ਜੁਗ ਜੀਵਣ ਮਾਂਵਾਂ,
ਉਹ ਮਾਂਵਾਂ ਜੋ ਠੰਢੀਆਂ ਛਾਂਵਾਂ।
ਮਾਂਵਾਂ ਵਰਗਾ ਕੋਈ ਨਾ ਰਿਸ਼ਤਾ,
ਮਾਂਵਾਂ ਜਿਹਾ ਨਾ ਕੋਈ ਫਰਿਸ਼ਤਾ।
ਹੈਪੀ ਹੈਪੀ ਮਦਰਜ਼ ਡੇਅ।

ਮਾਂ ਨੇ ਪੂਰੇ ਨੌਂ ਮਹੀਨੇ,
ਰੱਖਿਆ ਨਾਲ ਲਗਾ ਕੇ ਸੀਨੇ।
ਲਲਾ-ਲਲਾ ਲੋਰੀ ਗਾਵੇ,
ਚੰਨ ਤੋਂ ਸੋਹਣਾ ਆਖ ਬੁਲਾਵੇ।
ਹੈਪੀ ਹੈਪੀ ਮਦਰਜ਼ ਡੇਅ।

ਸੁੱਕੇ ਥਾਂ ਚੂਰੀ ਕੁੱਟ ਮੇਰੇ ਮੂੰਹ ਪਾਵੇ,
ਆਪੂੰ ਸੁੱਕੀ ਰੋਟੀ ਖਾਵੇ।
ਉਂਗਲੀ ਲਾ ਕੇ ਤੁਰਨ ਸਿਖਾਇਆ,
ਫੇਰ ਸਕੂਲੇ ਪੜ੍ਹਨੇ ਪਾਇਆ।
ਹੈਪੀ ਹੈਪੀ ਮਦਰਜ਼ ਡੇਅ।

ਮਾਂ ਹੁੰਦੀ ਏ ਮਾਂ ਵੇ ਲੋਕੋ,
ਮਾਂ ਹੁੰਦੀ ਏ ਛਾਂ ਵੇ ਲੋਕੋ।
ਮਾਂ ਸਵਰਗਾਂ ਜਿਹੀ ਥਾਂ ਵੇ ਲੋਕੋ,
ਮਾਂ ਦਾ ਰੱਬ ਜਿਹਾ ਨਾਂ ਵੇ ਲੋਕੋ।
ਹੈਪੀ ਹੈਪੀ ਮਦਰਜ਼ ਡੇਅ।

ਮਾਂ ਦੀ ਮਮਤਾ ਜੱਗ ਤੋਂ ਨਿਆਰੀ,
ਮਾਂ ਤੋਂ ਸਦ ਜਾਈਏ ਬਲਿਹਾਰੀ।
ਮਾਂ ਦਾ ਕੁਝ 'ਤੇ ਕਰਜ਼ ਚੁਕਾਈਏ,
ਆਪਣੇ ਵੀ ਕੁਝ ਫਰਜ਼ ਨਿਭਾਈਏ।
ਹੈਪੀ ਹੈਪੀ ਮਦਰਜ਼ ਡੇਅ।

ਪੀੜਾਂ ਦੇ ਨਾਲ ਭਰਦੀਆਂ ਹਾਵਾਂ,
ਫਿਰ ਵੀ ਸਾਨੂੰ ਦੇਣ ਦੁਆਵਾਂ।
ਮਾਂ ਹੀ ਰੱਬ ਦਾ ਰੂਪ ਹੈ ਦੂਜਾ,
ਆਓ ਕਰੀਏ ਮਾਂ ਦੀ ਪੂਜਾ।
ਹੈਪੀ ਹੈਪੀ ਮਦਰਜ਼ ਡੇਅ।

ਮਾਂ ਦਾ ਰੱਜ ਸਤਿਕਾਰ ਵੀ ਕਰੀਏ,
ਮਾਂ ਨੂੰ ਰੱਜ ਕੇ ਪਿਆਰ ਵੀ ਕਰੀਏ।
ਮਾਂ ਨੂੰ ਸਜਦੇ ਕਰਨ ਸਿਤਾਰੇ,
ਮੈਂ 'ਸੁਰਜੀਤ' ਜਾਵਾਂ ਬਲਿਹਾਰੇ।
ਹੈਪੀ ਹੈਪੀ ਮਦਰਜ਼ ਡੇਅ।

*-ਬੀਬੀ ਸੁਰਜੀਤ ਕੌਰ, ਸੈਕਰਾਮੈਂਟੋ*

# ਮਰ ਜਾਣੇ ਮਾਨ ਦੀ ਦਸਤਕ



ਗੁਰਦਾਸ ਮਾਨ ਤੇ ਨੀਰੂ ਬਾਜਵਾ

## ਚਾਰ ਸਾਲ ਬਾਅਦ 'ਦਿਲ ਵਿਲ ਪਿਆਰ ਵਿਆਰ' ਨਾਲ ਹਾਜ਼ਰੀ


ਬਹੁ-ਪੱਖੀ ਪ੍ਰਤਿਭਾ ਦਾ ਮਾਲਕ ਅਤੇ ਸਾਫ-ਸੁਥਰੇ ਪੰਜਾਬੀ ਗਾਇਨ ਨਾਲ ਚਿਰਾਂ ਤੋਂ ਜੁੜਿਆ ਗੁਰਦਾਸ ਮਾਨ ਤਕਰੀਬਨ ਚਾਰ ਸਾਲ ਬਾਅਦ ਆਪਣੀ ਨਵੀਂ ਫਿਲਮ 'ਦਿਲ ਵਿਲ ਪਿਆਰ ਵਿਆਰ' ਲੈ ਕੇ ਹਾਜ਼ਰ ਹੋਇਆ ਹੈ। ਪੰਜਾਬੀ ਗਾਇਨ ਵਾਂਗ ਪੰਜਾਬੀ ਫਿਲਮਾਂ ਦੇ ਖੇਤਰ ਵਿਚ ਵੀ ਗੁਰਦਾਸ ਨੇ ਸਦਾ ਚੰਗੀਆਂ, ਮਿਆਰੀ ਅਤੇ ਸੁਨੇਹਾ ਵੰਡਦੀਆਂ ਫਿਲਮਾਂ ਪੰਜਾਬੀ ਦਰਸ਼ਕਾਂ ਨੂੰ ਦਿੱਤੀ ਹਨ। ਇਸ ਪੱਖ ਤੋਂ ਗੁਰਦਾਸ ਮਾਨ ਸੱਚਮੁੱਚ ਪੰਜਾਬੀ ਦਾ ਮਾਣ ਹੈ। 'ਦਿਲ ਵਿਲ ਪਿਆਰ ਵਿਆਰ' ਵੀ ਅਜਿਹੀ ਹੀ ਪਰਿਵਾਰਕ ਫਿਲਮ ਹੈ। ਇਸ ਫਿਲਮ ਦੀ ਨਾਇਕਾ ਨੀਰੂ ਬਾਜਵਾ ਹੈ ਅਤੇ ਇਸ ਫਿਲਮ ਵਿਚ ਰਾਜ ਝਿੰਜਰ, ਜੱਸੀ ਗਿੱਲ, ਮਾਨਵ ਵਿਜ, ਰਾਜੀਵ ਠਾਕੁਰ, ਮਿਹਰ ਵਿਜ, ਖੁਸ਼ਦੀਦ ਮਾਨ ਤੇ ਸ਼ਰੁਤੀ ਸੋਢੀ ਆਦਿ ਕਲਾਕਾਰ ਹਨ।

ਇਸ ਫਿਲਮ ਦੇ ਨਿਰਦੇਸ਼ਨ ਦੀ ਕਮਾਨ ਪਹਿਲੀ ਵਾਰ ਗੁਰਦਾਸ ਮਾਨ ਦੀ ਪਤਨੀ ਮਨਜੀਤ ਮਾਨ ਨੇ ਸੰਭਾਲੀ ਹੈ। ਖੌਰੇ ਇਸੇ ਕਰ ਕੇ ਫਿਲਮ ਵਿਚੋਂ ਗੁਰਦਾਸ ਦਾ ਸਮੁੱਚਾ ਗਾਇਨ ਅਤੇ ਫਿਲਮ ਕਰੀਅਰ ਵਾਰ-ਵਾਰ ਝਾਤੀਆਂ ਮਾਰਦਾ ਹੈ। ਫਿਲਮ ਦਾ ਇਕ ਪਾਤਰ ਤਾਂ ਗੁਰਦਾਸ ਮਾਨ ਦੇ ਗਾਏ ਗੀਤਾਂ ਦੇ ਮੁਖੜੇ ਗਾਈ ਜਾਂਦਾ ਹੈ। ਇਨ੍ਹਾਂ ਗੀਤ-ਮੁਖੜਿਆਂ ਨੂੰ ਮਨਜੀਤ ਮਾਨ ਨੇ ਫਿਲਮ ਦੀ ਸਿਚੂਏਸ਼ਨ ਦੇ ਹਿਸਾਬ ਬਹੁਤ ਚੰਗੇ ਤਰੀਕੇ ਨਾਲ ਅਤੇ ਹਾਲਾਤ ਉਤੇ ਟਕੋਰ ਕਰਨ ਲਈ ਵਰਤਿਆ ਹੈ। ਇਸ ਫਿਲਮ ਦਾ ਖਿਆਲ ਬੜਾ ਉਮਦਾ ਹੈ, ਕਹਾਣੀ ਬਹੁਤ ਚੰਗੀ ਹੈ, ਇਸੇ ਇਸੇ ਹਿਸਾਬ ਨਾਲ ਫਿਲਮ ਦਾ ਨਿਰਦੇਸ਼ਨ ਵੀ ਸੋਨੇ ਉਤੇ ਸੁਹਾਗੇ ਵਾਲਾ ਕੰਮ ਕਰ ਗਿਆ ਹੈ। ਉਂਝ ਕਿਤੇ-ਕਿਤੇ ਜਾਪਦਾ ਹੈ ਜਿਵੇਂ ਮਨਜੀਤ ਮਾਨ ਨੂੰ ਜਿਵੇਂ ਕਹਾਣੀ ਭਜਾਉਣ ਦੀ ਕਾਹਲ ਪਈ ਹੋਈ ਹੈ। ਇਸ ਲਈ ਕੁਝ ਥਾਵਾਂ ਉਤੇ ਸਮੇਂ ਅਤੇ ਸਥਾਨ ਦੀਆਂ ਜੋ ਛਾਲਾਂ ਚੁਕਾਈਆਂ ਗਈਆਂ ਹਨ, ਉਹ ਰਤਾ ਕੁ ਰੜਕਦੀਆਂ ਹਨ। ਇਹ ਫਿਲਮ ਦੀ ਸਹਿਜ ਚਾਲ ਨੂੰ ਵੀ ਧੱਫਾ ਜਿਹਾ ਮਾਰ ਜਾਂਦੀਆਂ ਹਨ। ਗੁਰਦਾਸ ਮਾਨ ਅਤੇ ਫਿਲਮ ਦੀ ਨਾਇਕਾ ਨੀਰੂ ਬਾਜਵਾ ਦੀ ਉਮਰ ਦੇ ਵੱਡੇ ਪਾੜੇ ਬਾਰੇ ਵੀ ਸਾਰੇ ਦਰਸ਼ਕਾਂ ਦੀ ਬੜੀ ਉਤਸਕਤਾ ਸੀ। ਇਸ ਪੱਖ ਤੋਂ ਫਿਲਮ ਵਿਚ ਗੁਰਦਾਸ ਦੀ ਜੂਹੀ ਚਾਵਲਾ ਨਾਲ ਬਣਾਈ ਜੋੜੀ ਬੜੀ ਚੰਗੀ ਲਗਦੀ ਹੈ, ਪਰ ਜਦੋਂ ਗੁਰਦਾਸ ਅਤੇ ਨੀਰੂ ਦੀ ਜੋੜੀ ਦੀ ਗੱਲ ਆਉਂਦੀ ਹੈ ਤਾਂ ਦਰਸ਼ਕ ਦੇ ਮਨ ਵਿਚ ਰਤਾ ਕੁ ਭਰਮ ਜਿਹਾ ਪੈਂਦਾ ਹੈ। ਗੁਰਦਾਸ ਹੁਣ ਮੁੰਡਾ-ਖੁੰਡਾ ਨਹੀਂ। ਇਸ ਮੁਸੀਬਤ ਤੋਂ ਬਚਣ ਲਈ ਗੁਰਦਾਸ ਦੇ ਕਿਰਦਾਰ ਵਿਚ ਉਮਰ ਦੇ ਪੱਖ ਤੋਂ ਕੁਝ ਕੁ ਤਬਦੀਲੀ ਕੀਤੀ ਜਾ ਸਕਦੀ ਸੀ ਅਤੇ ਇਹ ਸੰਭਵ ਵੀ ਸੀ, ਨਿਰੇਦਸ਼ਕ ਨੇ ਸ਼ਾਇਦ ਅਜਿਹਾ ਕਰਨ ਦਾ ਯਤਨ ਵੀ ਕੀਤਾ, ਪਰ ਗੱਲ ਪੂਰੀ ਤਰ੍ਹਾਂ ਬਣੀ ਨਹੀਂ। ਜਦੋਂ-ਜਦੋਂ ਵੀ ਗੁਰਦਾਸ ਮਾਨ ਦਾ ਕਲੋਜ਼ਅੱਪ ਆਉਂਦਾ ਹੈ, ਦਰਸ਼ਕ ਕਹਿੰਦਾ ਲੱਗਦਾ ਹੈ- ਮਾਨ ਸਾਹਿਬ, ਬੱਸ ਕਰੋ ਹੁਣ! ਫਿਰ ਵੀ ਕਹਾਣੀ ਇੰਨੀ ਰਵਾਨੀ ਵਾਲੀ ਹੈ ਕਿ ਦਰਸ਼ਕ ਇਸ ਬਾਬੇ ਗੁਰਦਾਸ ਨੂੰ ਵੀ ਸਵੀਕਾਰ ਕਰ ਲੈਂਦਾ ਹੈ।



'ਦਿਲ ਵਿਲ ਪਿਆਰ ਵਿਆਰ' ਦੀ ਝਲਕ।


ਗੁਰਦਾਸ ਮਾਨ ਦਾ ਕਹਿਣਾ ਹੈ ਕਿ ਪੰਜਾਬੀ ਫਿਲਮ ਸਨਅਤ ਵਿਚ ਚੰਗੀਆਂ ਤੇ ਮਿਆਰੀ ਪਟਕਥਾਵਾਂ ਦੀ ਬੜੀ ਘਾਟ ਹੈ। ਬੁਨਿਆਦੀ ਢਾਂਚਾ ਵੀ ਕੋਈ ਬਹੁਤਾ ਚੰਗਾ ਨਹੀਂ। ਇਸ ਹਿਸਾਬ ਨਾਲ ਹਿੰਦੀ ਅਤੇ ਹੋਰ ਖੇਤਰੀ ਭਾਸ਼ਾਵਾਂ ਦੀਆਂ ਫਿਲਮਾਂ ਦੇ ਮੁਕਾਬਲੇ ਪੰਜਾਬੀ ਫਿਲਮਾਂ ਅਜੇ ਬਹੁਤ ਪਿੱਛੇ ਹਨ। ਉਨ੍ਹਾਂ ਦੱਖਣੀ ਫਿਲਮਾਂ ਦਾ ਹਵਾਲਾ ਦਿੰਦਿਆਂ ਕਿਹਾ ਕਿ ਪੰਜਾਬੀ ਫਿਲਮਾਂ ਦੱਖਣੀ ਸਿਨੇਮਾ ਦੇ ਮੁਕਾਬਲੇ ਤਾਂ ਕਿਤੇ ਵੀ ਨਹੀਂ ਖੜ੍ਹਦੀਆਂ। ਉਹ ਫਿਲਮਾਂ ਕਮਾਈ ਦੇ ਨਾਲ-ਨਾਲ ਚੰਗੀਆਂ ਫਿਲਮਾਂ ਵਜੋਂ ਵੀ ਚਰਚਾ ਵਿਚ ਆਉਂਦੀਆਂ ਹਨ। ਇਸ ਦਾ ਅੰਦਾਜ਼ਾ ਇਸ ਤੱਥ ਤੋਂ ਵੀ ਲਗਾਇਆ ਜਾ ਸਕਦਾ ਹੈ ਕਿ ਬਹੁਤ ਸਾਰੀਆਂ ਦੱਖਣੀ ਫਿਲਮਾਂ ਜਾਂ ਤਾਂ ਹਿੰਦੀ ਵਿਚ ਡੱਬ ਕੀਤੀਆਂ ਗਈਆਂ ਹਨ ਜਾਂ ਉਨ੍ਹਾਂ ਦੇ ਰੀਮੇਕ ਰਿਲੀਜ਼ ਕੀਤੇ ਗਏ ਹਨ। ਫਿਰ ਇਹ ਡੱਬ ਕੀਤੀਆਂ ਅਤੇ ਰੀਮੇਕ ਵਾਲੀ ਫਿਲਮਾਂ ਵੀ ਦੱਖਣ ਜਿੰਨੀਆਂ ਹੀ ਕਾਮਯਾਬ ਹੁੰਦੀਆਂ ਰਹੀਆਂ। ਪੰਜਾਬੀ ਵਿਚ ਇਸ ਤਰ੍ਹਾਂ ਦਾ ਕ੍ਰਿਸ਼ਮਾ ਹੋਣਾ ਅਜੇ ਬਾਕੀ ਹੈ। ਉਸ ਨੂੰ ਯਕੀਨ ਹੈ ਕਿ ਇਸ ਤਰ੍ਹਾਂ ਦਾ ਕ੍ਰਿਸ਼ਮਾ ਇਕ ਦਿਨ ਹੋਵੇਗਾ ਜ਼ਰੂਰ!



ਗੁਰਦਾਸ ਮਾਨ ਦੀ ਪੁਰਾਣੀ ਤਸਵੀਰ

ਗੁਰਦਾਸ ਮਾਨ ਮੁਤਾਬਕ ਹਿੰਦੀ ਅਤੇ ਦੱਖਣੀ ਫਿਲਮ ਸਨਅਤ ਵਾਲਿਆਂ ਕੋਲ ਬੜੇ ਵਿਸ਼ਾਲ ਸਟੂਡੀਓ ਹਨ ਜਿੱਥੇ ਬਹੁਤ ਵੱਡੇ ਸੈੱਟ ਲਗਦੇ ਹਨ। ਇਸੇ ਲਈ ਵਿਰਾਟ ਦ੍ਰਿਸ਼ਾਂ ਵਾਲੀਆਂ ਫਿਲਮਾਂ ਬਣਦੀਆਂ ਹਨ। ਇਸ ਦੇ ਮੁਕਾਬਲੇ ਪੰਜਾਬੀ ਲਈ ਅਜਿਹਾ ਕੋਈ ਢਾਂਚਾ ਨਹੀਂ ਹੈ। ਪੈਸਾ ਵੱਧ ਲੱਗ ਜਾਂਦਾ ਹੈ। ਇਹੀ ਕਾਰਨ ਹੈ ਕਿ ਚੰਗੀਆਂ ਅਤੇ ਮਿਆਰੀ ਫਿਲਮਾਂ ਵੀ ਕਮਾਈ ਪੱਖੋਂ ਅਸਫਲ ਹੋ ਕੇ ਰਹਿ ਗਈਆਂ ਅਤੇ ਪੰਜਾਬੀ ਫਿਲਮ ਨਿਰਮਾਤਾ ਫਿਰ ਅਜਿਹੀਆਂ ਫਿਲਮਾਂ ਕਰਨ ਦਾ ਹੀਆ ਨਹੀਂ ਕਰਦੇ। ਉਨ੍ਹਾਂ ਕਿਹਾ ਕਿ ਪੰਜਾਬੀ ਫਿਲਮ ਸਨਅਤ ਅਜੇ ਜੱਦੋ-ਜਹਿਦ ਵਾਲੇ ਪੜਾਅ ਵਿਚੋਂ ਹੀ ਲੰਘ ਰਹੀ ਹੈ ਪਰ ਉਹ ਦਿਨ ਆਵੇਗਾ ਜਦੋਂ ਪੰਜਾਬੀ ਸਿਨੇਮਾ ਵੀ ਦੇਸ਼ ਪੱਧਰ ਉਤੇ ਆਪਣੀ ਚਰਚਾ ਕਰਵਾਏਗਾ।

# ਦੀਆ ਤੇ ਸਾਹਿਲ ਦੀ ਮੰਗਣੀ



ਸਾਹਿਲ ਸੰਘਾ



ਦੀਆ ਮਿਰਜ਼ਾ

ਫਿਲਮ ਅਦਾਕਾਰਾ ਦੀਆ ਮਿਰਜ਼ਾ ਨੇ ਆਪਣੇ ਸਖ਼ੇ ਅਤੇ ਕਾਰੋਬਾਰੀ ਭਾਈਵਾਲ ਸਾਹਿਲ ਸੰਘਾ ਨਾਲ ਮੰਗਣੀ ਕਰਵਾ ਲਈ ਹੈ। ਉਨ੍ਹਾਂ ਦਾ ਵਿਆਹ ਇਸੇ ਸਾਲ ਹੋਵੇਗਾ। ਦੋਹਾਂ ਦੀ ਸਾਂਝ ਚਿਰਾਂ ਤੋਂ ਚੱਲ ਰਹੀ ਹੈ ਅਤੇ ਇਨ੍ਹਾਂ ਨੇ ਰਲ ਕੇ 'ਬੋਰਨ ਫ੍ਰੀ ਇੰਟਰਟੈਨਮੈਂਟ' ਨਾਂ ਦੀ ਕੰਪਨੀ ਵੀ ਬਣਾਈ ਹੋਈ ਹੈ। ਇਸ ਕੰਪਨੀ ਦੀ ਪਹਿਲੀ ਫਿਲਮ 'ਲਵ ਬਰੇਕਅਪਸ ਜ਼ਿੰਦਗੀ' 2011 ਵਿਚ ਆਈ ਸੀ। ਇਸ ਫਿਲਮ ਦਾ ਡਾਇਰੈਕਟਰ ਖ਼ੁਦ ਸਾਹਿਲ ਸੰਘਾ ਸੀ ਅਤੇ ਇਸ ਫਿਲਮ ਵਿਚ ਲੀਡ ਰੋਲ ਦੀਆ ਮਿਰਜ਼ਾ ਦਾ ਹੀ ਸੀ।

ਕੰਪਨੀ ਦੀ ਦੂਜੀ ਫਿਲਮ 'ਬੌਬੀ ਜਸੂਸ' ਇਸੇ ਸਾਲ 4 ਜੁਲਾਈ ਵਿਚ ਰਿਲੀਜ਼ ਹੋ ਰਹੀ ਹੈ। ਇਹ ਫਿਲਮ ਸਮਰ ਸ਼ੇਖ਼ ਨੇ ਡਾਇਰੈਕਟ ਕੀਤੀ ਹੈ ਅਤੇ ਇਸ ਵਿਚ ਵਿੱਦਿਆ ਬਾਲਨ ਬਤੌਰ ਹੀਰੋਇਨ ਕਿਰਦਾਰ ਅਦਾ ਕਰ ਰਹੀ ਹੈ। ਇਹ ਫਿਲਮ ਪਹਿਲਾਂ ਅਗਸਤ ਵਿਚ ਰਿਲੀਜ਼ ਕੀਤੀ ਜਾਣੀ ਸੀ, ਪਰ ਫਿਰ ਇਸ ਫਿਲਮ ਦਾ ਰਿਲੀਜ਼ ਸ਼ਡਿਊਲ ਬਦਲ ਕੇ ਜੁਲਾਈ ਕਰ ਦਿੱਤਾ ਗਿਆ। ਹੁਣ ਬਾਕਸ ਆਫਿਸ 'ਤੇ ਇਸ ਫਿਲਮ ਦਾ ਸਿੱਧਾ ਭੇੜ ਦੀਪਿਕਾ ਪਾਦੂਕੋਣ ਦੀ ਫਿਲਮ 'ਫਾਈਂਡਿੰਗ ਫੈਨੀ' ਨਾਲ ਹੋਵੇਗਾ ਜੋ ਉਸੇ ਦਿਨ ਰਿਲੀਜ਼ ਹੋ ਰਹੀ ਹੈ। ਉਂਝ ਦੀਆ ਮਿਰਜ਼ਾ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਫਿਲਮ ਦਾ ਕਿਸੇ ਨਾਲ ਕੋਈ ਮੁਕਾਬਲਾ ਨਹੀਂ ਹੈ, ਪਰ ਉਨ੍ਹਾਂ ਦੀ ਕੋਸ਼ਿਸ਼ ਹੈ ਕਿ ਉਹ ਆਪਣੀ ਫਿਲਮ ਬਾਰੇ ਵੱਧ ਤੋਂ ਵੱਧ ਪ੍ਰਚਾਰ ਕਰਨ ਤਾਂ ਕਿ ਫਿਲਮ ਦੀ ਆਮਦ ਬਾਰੇ ਆਮ ਦਰਸ਼ਕਾਂ ਨੂੰ ਪਤਾ ਲੱਗ ਸਕੇ। ਉਹਨੇ ਮੰਨਿਆਂ ਕਿ ਅੱਜ ਕੱਲ੍ਹ ਫਿਲਮਾਂ ਦੀ ਮਸ਼ਹੂਰੀ ਵੱਲ ਸਾਰਿਆਂ ਨੂੰ ਹੀ ਬੇਹੱਦ ਜ਼ਿਆਦਾ ਧਿਆਨ ਦੇਣਾ ਪੈ ਰਿਹਾ ਹੈ। ਦੀਆ ਮਿਰਜ਼ਾ ਨੇ ਆਪਣੇ ਫਿਲਮੀ ਕਰੀਅਰ ਦੀ ਸ਼ੁਰੂਆਤ 'ਰਹਿਨਾ ਹੈ ਤੇਰੇ ਦਿਲ ਮੇ' ਨਾਲ 2001 ਵਿਚ ਸ਼ੁਰੂ ਕੀਤੀ ਸੀ। ਉਸੇ ਸਾਲ ਉਸ ਦੀ ਇਕ ਹੋਰ ਫਿਲਮ 'ਦੀਵਾਨਾਪਨ' ਆਈ। ਉਸ ਤੋਂ ਬਾਅਦ ਉਸ ਨੇ ਤਹਿਜ਼ੀਬ, ਦਮ, ਬਲੈਕਮੇਲ, ਪਰਿਣੀਤਾ, ਦਸ, ਫਿਰ ਹੇਰਾ ਫੇਰੀ, ਲਗੇ ਰਹੋ ਮੁਨਾ ਭਾਈ, ਹਨੀਮੂਨ ਟਰੈਵਲਜ਼ ਪ੍ਰਾਈਵੇਟ ਲਿਮਿਟਡ, ਸ਼ੂਟਆਊਟ ਐਟ ਲੋਖੰਡਵਾਲਾ, ਕਿਸਾਨ, ਪੰਚ ਅਧਿਆਇ ਵਰਗੀਆਂ ਫਿਲਮਾਂ ਵਿਚ ਕੰਮ ਕੀਤਾ। ਉਹ ਮਿਸ ਏਸ਼ੀਆ ਪੈਸਿਫਿਕ ਇੰਟਰਨੈਸ਼ਨਲ ਰਹਿ ਚੁੱਕੀ ਹੈ। ਹੈਦਰਾਬਾਦ ਵਿਚ ਜਨਮੀ ਦਿਆ ਮਿਰਜ਼ਾ ਦਾ ਪਿਤਾ ਫਰੈਂਕ ਹੈਂਡਰਿਕ ਜਰਮਨ ਗ੍ਰਾਫਿਕ ਡਿਜ਼ਾਇਨਰ ਹੈ ਅਤੇ ਉਸ ਦੀ ਮਾਂ ਦੀਪਾ ਇੰਟੀਰੀਅਰ ਡਿਜ਼ਾਇਨਰ ਹੈ। ਦੋਹਾਂ ਨੇ ਆਪਣੀ ਧੀ ਨੂੰ ਆਪਣੀ ਮਰਜ਼ੀ ਮੁਤਾਬਿਕ ਕੰਮ ਕਰਨ ਦਾ ਪੂਰਾ ਮੌਕਾ ਦਿੱਤਾ। ਦੀਆ ਜਾਨਵਰਾਂ ਦੀ ਸੁਰੱਖਿਆ ਲਈ ਸਰਗਰਮ ਜਥੇਬੰਦੀ 'ਪੇਟਾ' ਤੇ ਬੱਚਿਆਂ ਦੀ ਭਲਾਈ ਲਈ ਕੰਮ ਕਰਦੀ ਜਥੇਬੰਦੀ 'ਕਰਾਈ' ਲਈ ਕੰਮ ਕਰਦੀ ਰਹੀ ਹੈ ਅਤੇ ਹੋਰ ਵੀ ਕਈ ਲੋਕ ਭਲਾਈ ਕਾਰਜਾਂ ਨਾਲ ਜੁੜੀ ਹੋਈ ਹੈ। ਦਿਆ ਮਿਰਜ਼ਾ ਨੇ ਅਮੀਰ ਖਾਨ ਨਾਲ ਰਲ ਕੇ ਨਰਮਦਾ ਬਚਾਓ ਅੰਦੋਲਨ ਲਈ ਵੀ ਸਰਗਰਮੀ ਕੀਤੀ ਸੀ। ਇਸ ਤੋਂ ਭਾਰਤੀ ਜਨਤਾ ਪਾਰਟੀ ਇਨ੍ਹਾਂ ਦੋਹਾਂ ਨਾਲ ਬਹੁਤ ਨਾਰਾਜ਼ ਹੋ ਗਈ ਸੀ ਅਤੇ ਦੋਹਾਂ ਨੂੰ ਰੋਸ ਵਿਖਾਵਿਆਂ ਦਾ ਸਾਹਮਣਾ ਵੀ ਕਰਨਾ ਪਿਆ ਸੀ, ਪਰ ਉਨ੍ਹਾਂ ਨੇ ਭਾਰਤੀ ਜਨਤਾ ਪਾਰਟੀ ਦੀ ਇਸ ਬੁਰਛਾਗਰਦੀ ਦੀ ਉਕਾ ਹੀ ਪ੍ਰਵਾਹ ਨਹੀਂ ਸੀ ਕੀਤੀ।



# Dhillon Truck Stop
## Dhillon Road Service

Interstate 40, exit 356, San Jon, NM

ਗਿੱਲ ਮੰਜ ਗੁਰਦਾਸਪੁਰ ਵਾਲੇ

ਪੰਜਾਬੀ ਢਾਬਾ



ਡੀਜ਼ਲ ਅਤੇ ਰੋਡ ਸਰਵਿਸ

New & Used Tires
Oil Change

ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ

Ph:575-576-4111, 575-815-8536



# The Anu Attorney Immigration Law Firm
## Law offices of Anu Peshawaria

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



**US IMMIGRATION**
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

*Anu Peshawaria*
*Attorney at Law*
*Licensed to practice Immigration & Bankruptcy in all 50 states.*
More than 20 year experience in US immigration & Indian law

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

**FAMILY LAW**
*Divorce *Annulment
*International Custody

**INCORPORATIONS**
*International Contracts, Mergers
*Attorney Supreme Court of India
*Bankruptcy Consultation & Filing

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801, Pine Street, # 24 C, Seattle, Washington 98101
Offices: Seattle, WA *Fremont, CA *UK *Canada *India

Weekends & Evening Appointments Available






28523 Ford Road, Garden City, MI 48135 - e-mail: DICECDJ@GMAIL.COM - www.thedjdice.com



# Clay Oven



**We Cater!**
For all occasions
Up to 10,000 people
All live cooking on the spot.

Lunch Buffet
11am-3pm
$7.95

*Dinner 20% off*

ਕੈਟਰਿੰਗ ਲਈ ਸਾਨੂੰ ਕਾਲ ਕਰੋ

Call for packages today
Ph: 847-219-7432

ਅਸੀਂ ਮਿਡਵੈਸਟ ਦੀਆਂ ਸਾਰੀਆਂ ਸਟੇਟਾਂ ਵਿਚ ਕੈਟਰਿੰਗ ਕਰਦੇ ਹਾਂ

855 East Schaumburg Rd., Schaumburg, IL 60194
Ph: 847-524-3007



# Syan Video Production, Inc.

ਵਿਆਹ-ਸ਼ਾਦੀ ਹੋਵੇ, ਖੁਸ਼ੀ ਦਾ ਕੋਈ ਵੀ ਮੌਕਾ ਜਾਂ ਫਿਰ ਯਾਦਗਾਰੀ ਪਲ-ਆਪਣੀਆਂ ਯਾਦਾਂ ਨੂੰ ਬਿਹਤਰੀਨ ਤਰੀਕੇ ਨਾਲ ਸਾਂਭਣ ਲਈ ਸੇਵਾ ਦਾ ਮੌਕਾ ਦਿਓ

ਮਿਸ਼ੀਗਨ, ਇੰਡੀਆਨਾ, ਇਲੀਨਾਏ, ਓਹਾਇਓ, ਆਇਓਆ

*Professional HD Video & Digital Photo Production*

Multiple Camera shooting/Digital Still Photography
(with flush mount album)
Live Video Display With Large Screens
DJ Service with Laser Lights



ਰਾਜਿੰਦਰ ਸਿੰਘ

Call Toll Free:
1-800-RAJ-SYAN
*(with 17 years Experienced)*

Call:734-261-0936
734-890-1767

e-mail: raj@syanvideo.com
visit at: www.syanvideo.com


DISH BRINGS LIVE GURBANI TO YOUR HOME
Watch live Gurbani from the Golden Temple and enjoy your favorite shows like Artist Specials, Ek Omkar and many more.
$24.99/mo.
BEST PUNJABI PROGRAMMING
Add the Hindi Elite Pack and enjoy the best DESI entertainment
FREE for 3 months!
Requires 24-month commitment, credit qualification, and subscription to qualifying American programming. Receive $34.99/mo. credit for 3 months.
Requires HD receiver to view International programming available in HD. Must subscribe to a qualifying American HD package to qualify for HD receiver.
LIMITED TIME OFFER.
ORDER NOW!
1-888-570-7674
dish
Important Terms and Conditions: Hindi 3 Months Free: Valid for activation and installation of qualifying DISH service between 3/13/14 and 7/13/14. Requires subscription to a qualifying American or DishLATINO package in addition to qualifying Hindi package. You will receive a monthly credit of $34.99 for the first 3 months. You will be responsible for any monthly or upfront costs beyond the value of the credit. After 3 months, then-current everyday monthly price will apply unless you downgrade. Promotional Offers: Requires activation of new qualifying DISH service. All prices, fees, charges, packages, programming, features, functionality and offers subject to change without notice. ETF: If you cancel service during first 24 months, early termination fee of $20 for each month remaining applies. Activation fee may apply.
Additional Requirements: Installation/Equipment Requirements: Free Standard Professional Installation only. Certain equipment is leased and must be returned to DISH upon cancellation or unreturned equipment fees apply. Upfront and additional monthly fees may apply.
Miscellaneous: Offers available for new and qualified former customers, and subject to terms of applicable Promotional and Residential Customer agreements. State reimbursement charges may apply. Additional restrictions and taxes may apply. Offers end 6/12/14.
© 2014 DISH Network L.L.C. All rights reserved.